**Book Online**
WWW.123GOAIR.COM
123GoAir
Cheap Airline tickets to India and Worldwide.
Fares to India starting at $625*
**Call: 1-844-234-6247**
Email: info@123goair.com
*RT Fare Incl. Taxes Conditions Apply
95-81 114 street, Richmond Hill, NY 11419

**Real Estate Services**
BUY, SELL or RENT
Queens, Long Island & Manhattan

Sunny Singh
Ph: 917-679-0029
E-mail: sunny.singhre@gmail.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 28, July 14, 2018 — 20451 N. Plum Grove Rd., Palatine, IL 60074 — Ph:847-359-0746, Fax:847-705-9388

# ਪੁਲਿਸ ਅਫਸਰਾਂ ਤੱਕ ਸੀਮਤ ਹੋਈ ਨਸ਼ਿਆਂ ਖਿਲਾਫ ਕਾਰਵਾਈ

## ਕੁੜਿੱਕੀ ਵਿਚ ਫਸੀ ਕੈਪਟਨ ਸਰਕਾਰ ਨੂੰ ਪਏ ਲੈਣੇ ਦੇ ਦੇਣੇ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਨਾਲ ਨਿੱਤ ਦਿਨ ਹੋ ਰਹੀਆਂ ਮੌਤਾਂ ਕਾਂਗਰਸ ਸਰਕਾਰ ਲਈ ਨਮੋਸ਼ੀ ਬਣ ਗਈਆਂ ਹਨ। ਸਭ ਤੋਂ ਵੱਡੀ ਨਮੋਸ਼ੀ ਇਸ ਗੋਰਖਧੰਦੇ ਵਿਚ ਪੁਲਿਸ ਦੇ ਉਚ ਅਫਸਰਾਂ ਦੀ ਮਿਲੀਭੁਗਤ ਸਾਹਮਣੇ ਆਉਣ ਪਿੱਛੋਂ ਬਣੀ ਹੋਈ ਹੈ। ਇਹੀ ਕਾਰਨ ਹੈ ਕਿ ਸਰਕਾਰ ਨੇ ਤਕਰੀਬਨ ਡੇਢ ਹਫਤੇ ਵਿਚ ਐਸ.ਐਸ.ਪੀ. ਤੇ ਡੀ.ਐਸ.ਪੀ. ਸਮੇਤ ਤਕਰੀਬਨ 13 ਪੁਲਿਸ ਅਫਸਰਾਂ ਦੀ ਛੁੱਟੀ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਇਹ ਸਿਰਫ ਸ਼ੁਰੂਆਤ ਹੈ, ਇਸ ਧੰਦੇ ਵਿਚ ਵਿਚ ਅਜੇ ਵੱਡੇ ਖੁਲਾਸੇ ਹੋਣੇ ਬਾਕੀ ਹਨ। ਸਭ ਤੋਂ ਵੱਧ ਚਰਚਾ ਐਸ.ਐਸ.ਪੀ. ਰਾਜਜੀਤ ਖਿਲਾਫ ਕਾਰਵਾਈ ਦੀ ਹੈ।




ਪੰਜਾਬ ਵਿਜੀਲੈਂਸ ਨੇ ਰਾਜਜੀਤ ਸਿੰਘ ਖਿਲਾਫ ਮਾਮਲਾ ਦਰਜ ਕਰਨ ਤੋਂ ਤਿੰਨ ਸਾਲ ਬਾਅਦ ਕਾਰਵਾਈ ਸ਼ੁਰੂ ਕੀਤੀ ਹੈ। ਉਹ ਵੀ ਉਦੋਂ ਜਦੋਂ ਨਸ਼ਿਆਂ ਦਾ ਮੁੱਦਾ ਕੈਪਟਨ ਸਰਕਾਰ ਦੇ ਗਲੇ ਦੀ ਹੱਡੀ ਬਣ ਗਿਆ। ਐਸ.ਐਸ.ਪੀ. ਰਾਜਜੀਤ ਸਿੰਘ ਖਿਲਾਫ ਨਾ ਤਾਂ ਅਕਾਲੀ ਦਲ ਦੀ ਸਰਕਾਰ ਵੇਲੇ ਕਾਰਵਾਈ ਹੋਈ ਤੇ ਨਾ ਹੀ ਕੈਪਟਨ ਸਰਕਾਰ ਵੇਲੇ ਕੋਈ ਹਿਲਜੁਲ ਹੋਈ। ਇਸ ਲਈ ਹੁਣ ਸਵਾਲ ਉਠ ਰਹੇ ਹਨ ਕਿ ਕੈਪਟਨ ਸਰਕਾਰ ਪਹਿਲਾਂ ਇਸ ਬਾਰੇ ਖਾਮੋਸ਼ ਕਿਉਂ ਸੀ? ਇੰਸਪੈਕਟਰ ਇੰਦਰਜੀਤ ਸਿੰਘ ਖਿਲਾਫ਼ ਪੰਜਾਬ ਵਿਜੀਲੈਂਸ ਨੇ 2015 ਵਿਚ ਮਾਮਲਾ ਦਰਜ ਕੀਤਾ ਸੀ। ਇਸ ਦੀ ਤਫਤੀਸ਼ ਵਿਚ ਰਾਜਜੀਤ ਦਾ ਨਾਮ ਵੀ ਸਾਹਮਣੇ ਆਇਆ ਸੀ।

ਇਸੇ ਤਰ੍ਹਾਂ ਇਕ ਔਰਤ ਨੂੰ ਨਸ਼ੇ 'ਚ ਧੱਕਣ ਦੇ ਦੋਸ਼ ਹੇਠ ਡੀ.ਐਸ.ਪੀ. ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਤੇ ਇਕ-ਦੋ ਰੰਗੇ ਹੱਥੀਂ ਫੜੇ ਪੁਲਿਸ ਕਰਮਚਾਰੀ ਵੀ ਇਸ ਦੀ ਲਪੇਟ ਵਿਚ ਆ ਗਏ, ਜਿਸ ਪਿੱਛੋਂ ਉਠੇ ਰੋਹ ਕਾਰਨ ਸਰਕਾਰ ਨੂੰ ਰਾਜਜੀਤ ਸਿੰਘ ਵਰਗੇ ਵੱਡੇ ਅਧਿਕਾਰੀ ਨੂੰ ਹੱਥ ਪਾਉਣਾ ਪਿਆ। ਨਸ਼ੇ ਖਤਮ ਕਰਨ ਲਈ ਬਣਾਈ ਵਿਸ਼ੇਸ਼ ਟੀਮ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ, ਈ.ਡੀ. ਦੇ ਡਿਪਟੀ ਡਾਇਰੈਕਟਰ ਨਰਿੰਜਨ ਸਿੰਘ ਅਤੇ ਡੀ.ਜੀ.ਪੀ. ਐਸ. ਚਟੋਉਪਾਧਿਆ ਵੱਲੋਂ ਤਿਆਰ ਕੀਤੀਆਂ ਤੇ ਹਾਈ ਕੋਰਟ 'ਚ ਦਿੱਤੀਆਂ ਜਾਂਚ ਪੜਤਾਲਾਂ ਵੱਲ ਸਰਕਾਰ ਅੱਖ ਕਰਨ ਨੂੰ ਵੀ ਤਿਆਰ ਨਹੀਂ ਸੀ। ਇਸੇ ਤਰ੍ਹਾਂ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਵੱਲੋਂ ਗ੍ਰਿਫਤਾਰੀ ਸਮੇਂ ਨਸ਼ਾ ਤਸਕਰੀ 'ਚ ਸ਼ਾਮਲ ਬਹੁਤ ਸਾਰੇ ਪੁਲਿਸ ਤੇ ਪ੍ਰਸ਼ਾਸਨਿਕ ਹੀ ਨਹੀਂ ਸਗੋਂ ਨਿਆਇਕ ਅਧਿਕਾਰੀਆਂ ਤੇ ਰਾਜਸੀ ਹਸਤੀਆਂ ਬਾਰੇ ਕੀਤੇ ਇੰਕਸ਼ਾਫ ਵੀ ਚਰਚਾ ਦਾ ਵਿਸ਼ਾ ਰਹੇ ਹਨ ਤੇ ਮੁੱਖ ਮੰਤਰੀ ਵੱਲੋਂ ਇਸ ਵੱਡੀ ਗ੍ਰਿਫਤਾਰੀ ਦੀ ਅੱਗੋਂ ਜਾਂਚ ਰੋਕ ਦੇਣ ਬਾਰੇ ਵੀ ਹਮੇਸ਼ਾ ਚਰਚਾ ਰਹੀ ਹੈ।

ਕੈਪਟਨ ਸਰਕਾਰ ਲਈ ਸਭ ਤੋਂ ਵੱਡਾ ਸਵਾਲ ਇਸ ਧੰਦੇ ਵਿਚ ਲੱਗੇ ਸਿਆਸੀ ਆਗੂਆਂ ਨੂੰ ਹੱਥ ਪਾਉਣ ਬਾਰੇ ਕੀਤਾ ਜਾ ਰਿਹਾ ਹੈ, ਜਿਥੇ ਉਨ੍ਹਾਂ ਦਾ ਜਵਾਬ ਫਿਲਹਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਾਲਾ ਹੀ ਹੈ ਕਿ ਜਾਂਚ ਜਾਰੀ ਹੈ ਤੇ ਕਾਨੂੰਨ ਆਪਣਾ ਕੰਮ ਕਰੇਗਾ। ਮੁੱਖ ਮੰਤਰੀ

*(ਬਾਕੀ ਸਫਾ 6 ਉਤੇ)*

# ਡੋਪ ਟੈਸਟ ਦੇ ਰੌਲੇ ਨਾਲ ਅਸਲ ਮੁੱਦਾ ਪਿਛੇ ਪਿਆ

ਚੰਡੀਗੜ੍ਹ: ਪੰਜਾਬ ਵਿਚ ਸਿਆਸੀ ਆਗੂਆਂ ਦੇ ਡੋਪ ਟੈਸਟ ਉਤੇ ਸਿਆਸਤ ਗਰਮਾਈ ਹੋਈ ਹੈ। ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਇਕ-ਦੂਜੇ ਨੂੰ ਡੋਪ ਟੈਸਟ ਕਰਾਉਣ ਲਈ ਵੰਗਾਰਿਆ ਜਾ ਰਿਹਾ ਹੈ। ਹੁਣ ਸਵਾਲ ਇਹ ਉਠ ਰਿਹਾ ਹੈ ਕਿ ਕਿਤੇ ਡੋਪ ਟੈਸਟ ਦਾ ਰੌਲਾ-ਗੌਲਾ ਨਸ਼ਿਆਂ ਦੇ ਮੁੱਦੇ ਨੂੰ ਰੋਲਣ ਲਈ ਤਾਂ ਨਹੀਂ ਕਿਉਂਕਿ ਇਸ ਦਾ ਸਬੰਧ ਨਸ਼ਿਆਂ ਨੂੰ ਰੋਕਣ ਨਾਲ ਬਿਲਕੁਲ ਨਹੀਂ।

ਬੁੱਧੀਜੀਵੀ ਵਰਗ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਤੇ ਸਿਆਸੀ ਪਾਰਟੀਆਂ ਵਾਕਿਆ ਹੀ ਨਸ਼ਿਆਂ ਦੇ ਕਹਿਰ ਨੂੰ ਰੋਕਣ ਲਈ ਗੰਭੀਰ ਹਨ ਤਾਂ ਉਨ੍ਹਾਂ ਪੂਰੀ ਇਮਾਨਦਾਰੀ ਨਾਲ ਇਸ ਮੁੱਦੇ ਉਤੇ ਇਕਜੁਟ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਡੋਪ ਟੈਸਟ 'ਤੇ ਸਿਆਸਤ ਨਾਲ ਨਸ਼ਿਆਂ ਨੂੰ ਰੋਕਣ ਵਿਚ ਕੋਈ ਸਹਾਇਤਾ ਨਹੀਂ ਮਿਲੇਗੀ। ਇਹ ਨਿਰੋਲ ਸਿਆਸਤ ਹੈ। ਇਸ ਬਾਰੇ ਕਾਂਗਰਸੀ ਵਿਧਾਇਕ ਪਰਗਟ ਸਿੰਘ ਦਾ ਕਹਿਣਾ ਹੈ ਕਿ ਲੀਡਰਾਂ ਦੇ ਡੋਪ ਟੈਸਟ ਕਰਵਾਉਣ ਦੇ ਮੁੱਦੇ ਨੂੰ ਸਭ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਭਾਰਿਆ ਸੀ। ਇਹ ਮੁੱਦਾ ਉਭਰਨ ਨਾਲ ਅਸਲ ਮੁੱਦੇ ਤੋਂ ਧਿਆਨ ਭਟਕ ਗਿਆ ਹੈ। ਖਿਡਾਰੀਆਂ ਦਾ ਡੋਪ ਟੈਸਟ ਅਚਾਨਕ ਹੀ ਕੀਤਾ ਜਾਂਦਾ ਹੈ, ਨਾ ਕਿ ਲੀਡਰਾਂ ਵਾਂਗ ਆਪ ਡੋਪ ਟੈਸਟ ਕਰਵਾਉਣ ਲਈ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਅਸਲ ਮੁੱਦਾ ਤਾਂ ਨਸ਼ਿਆਂ ਦੇ ਮਾਮਲੇ ਵਿਚ ਪੁਲਿਸ ਤੇ ਰਾਜਸੀ ਲੀਡਰਾਂ ਦੇ ਗੱਠਜੋੜ ਨੂੰ ਬੇਨਕਾਬ ਕਰਨ ਦਾ ਹੈ। ਡੋਪ ਟੈਸਟ ਦੇ ਰੌਲੇ ਨਾਲ ਇਹ ਮੁੱਦਾ ਰੁਲਦਾ ਨਜ਼ਰ ਆ ਰਿਹਾ ਹੈ।


ਚੋਣਾਂ ਤੋਂ ਪਹਿਲਾਂ ਕਾਂਗਰਸ ਲੋਕਾਂ ਨਾਲ ਇਹ ਵਾਅਦਾ ਕਰ ਕੇ ਆਈ ਸੀ ਕਿ ਉਹ ਡਰੱਗ ਮਾਫੀਆ ਤੇ ਰਾਜਨੀਤਕ ਲੀਡਰਾਂ ਦੇ ਗੱਠਜੋੜ ਨੂੰ ਲੋਕਾਂ ਸਾਹਮਣੇ ਲਿਆਏਗੀ, ਪਰ ਡੋਪ ਟੈਸਟ ਕਰਾਉਣ ਲਈ ਹੁਣ ਰਾਜਨੀਤਕ ਲੀਡਰ ਇਕ-ਦੂਜੇ ਦੇ ਪੈਰ ਮਿੱਧ ਕੇ ਅੱਗੇ ਲੰਘ ਰਹੇ ਹਨ।





ਵਿਰੋਧੀ ਧਿਰਾਂ ਇਕ ਦੂਜੇ ਦੇ ਆਗੂਆਂ ਵੱਲ ਉਂਗਲ ਕਰਨ ਲੱਗੀਆਂ ਹਨ। ਇਸ ਮਾਮਲੇ ਵਿਚ ਹਰਸਿਮਰਤ ਕੌਰ ਬਾਦਲ ਨੇ ਤਾਂ ਗੱਲ ਹੀ ਸਿਰੇ ਲਾ ਦਿੱਤੀ। ਉਸ ਨੇ ਇਸ ਕੰਮ ਵਿਚ ਪਹਿਲ ਕਰਨ ਲਈ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਸੱਦਾ ਦੇ ਦਿੱਤਾ। ਹਰਸਿਮਰਤ ਨੇ ਤਰਕ ਦਿੱਤਾ ਕਿ ਰਾਹੁਲ ਨੇ 70 ਫੀਸਦੀ ਪੰਜਾਬੀ ਲੋਕਾਂ ਨੂੰ ਨਸ਼ਈ ਦੱਸਿਆ ਸੀ। ਇਸ ਲਈ ਪਹਿਲਾ ਟੈਸਟ ਰਾਹੁਲ ਦਾ ਹੋਵੇ। ਸਭ ਤੋਂ ਵੱਡੀ ਚਰਚਾ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹੈ। ਜਦੋਂ ਉਨ੍ਹਾਂ ਨੂੰ ਟੈਸਟ ਬਾਰੇ ਪੁੱਛਿਆ ਗਿਆ ਤਾਂ ਉਹ ਵੀ ਇਹੀ ਆਖ ਕੇ ਤੁਰਦੇ ਬਣੇ ਕਿ ਕੈਪਟਨ ਸਰਕਾਰ ਨੇ ਡੋਪ ਟੈਸਟ ਬਾਰੇ ਚੰਗਾ ਐਲਾਨ ਕੀਤਾ ਹੈ।

**Ad Space Available**
**Please Call,**
**Ph: 847-359-0746**


Harpreet Singh
WorldWide Travel
www.fly2world.com
866 66 INDIA
46342
Special Sale 2018
ਅੰਮ੍ਰਿਤਸਰ $975
ਦਿੱਲੀ $855
ਟੈਕਸ ਸਮੇਤ


734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit for departure between Sep 5th and Dec 8th. Fare may change without notice, please call for more details. Other conditions

**Tanya`s Beauty Salon**

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832

# ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੂੰ ਸ਼੍ਰੋਮਣੀ ਪੰਥ ਰਤਨ ਸਨਮਾਨ

**ਪਟਨਾ:** ਕਲਗੀਧਰ ਟਰੱਸਟ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਦੇ ਪ੍ਰਧਾਨ ਬਾਬਾ ਇਕਬਾਲ ਸਿੰਘ ਨੂੰ ਸ਼੍ਰੋਮਣੀ ਪੰਥ ਰਤਨ ਦੇ ਖਿਤਾਬ ਨਾਲ ਨਿਵਾਜਿਆ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਖਾਲਸਾ ਵੱਲੋਂ ਦਿੱਤਾ ਗਿਆ। ਬਾਬਾ ਇਕਬਾਲ ਸਿੰਘ ਨੂੰ ਇਹ ਸਨਮਾਨ ਦਸ ਗੁਰੂ ਸਾਹਿਬਾਨ ਦੁਆਰਾ ਦਰਸਾਏ ਰੂਹਾਨੀਅਤ ਦੇ ਮਾਰਗ ਨੂੰ ਗੁਣਵੱਤਾ ਭਰਪੂਰ ਸਿੱਖਿਆ ਦੇ ਮਾਧਿਅਮ ਨਾਲ ਪ੍ਰਚਾਰਨ ਤੇ ਪ੍ਰਸਾਰਨ ਲਈ ਦਿੱਤਾ ਗਿਆ ਹੈ। ਇਸ ਸਬੰਧੀ ਤਖਤ ਪਟਨਾ ਸਾਹਿਬ ਵਿਖੇ ਕਰਵਾਏ ਇਕ ਸਮਾਗਮ ਮੌਕੇ ਐਸ.ਜੀ.ਪੀ.ਸੀ. ਮੈਂਬਰ ਕਰਨੈਲ ਸਿੰਘ ਪੰਜੋਲੀ, ਤਖਤ ਦੀ ਪ੍ਰਬੰਧਕੀ ਕਮੇਟੀ ਤੇ ਬੜੂ ਸਾਹਿਬ ਟਰੱਸਟ ਨਾਲ ਸਬੰਧਤ ਹੋਰ ਅਹਿਮ ਸ਼ਖ਼ਸੀਅਤਾਂ ਹਾਜ਼ਰ ਸਨ।



ਦੱਸਣਯੋਗ ਹੈ ਕਿ ਸ਼੍ਰੋਮਣੀ ਪੰਥ ਰਤਨ ਸਨਮਾਨ ਤਖਤਾਂ ਵੱਲੋਂ ਸਿੱਖ ਧਰਮ ਦੀ ਪ੍ਰਫੁੱਲਤਾ ਲਈ ਕੀਤੀਆਂ ਜਾਂਦੀਆਂ ਸੇਵਾਵਾਂ ਬਦਲੇ ਦਿੱਤਾ ਜਾਣ ਵਾਲਾ ਸਭ ਤੋਂ ਵੱਡਾ ਸਨਮਾਨ ਹੈ। ਬਾਬਾ ਨਿਰਮਲ ਸਿੰਘ ਸੰਨ 1986 ਵਿਚ ਹਿਮਾਚਲ ਪ੍ਰਦੇਸ਼ ਦੇ ਡਾਇਰੈਕਟਰ ਖੇਤੀਬਾੜੀ ਵੱਜੋਂ ਸੇਵਾ ਮੁਕਤ ਹੋਏ ਸਨ। ਇਸ ਤੋਂ ਬਾਅਦ ਉਨ੍ਹਾਂ ਬੜੂ ਸਾਹਿਬ 'ਚ ਸਿਰਫ ਪੰਜ ਬੱਚਿਆਂ ਨੂੰ ਲੈ ਕੇ ਇਕ ਸਕੂਲ ਦੀ ਸ਼ੁਰੂਆਤ ਕੀਤੀ। ਸਕੂਲ ਲਈ ਰੂਹਾਨੀ ਸਿੱਖਿਆ ਤੇ ਸੰਸਾਰਕ ਕਦਰਾਂ-ਕੀਮਤਾਂ ਦੇ ਮਿਸ਼ਰਣ ਵਾਲਾ ਇਕ ਵਿਲੱਖਣ ਸਿਲੇਬਸ ਤਿਆਰ ਕੀਤਾ ਗਿਆ।

ਇਸ ਤੋਂ ਬਾਅਦ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਵਧਦੀ ਚਲੀ ਗਈ। ਮੌਜੂਦਾ ਸਮੇਂ ਟਰੱਸਟ ਵੱਲੋਂ ਪੇਂਡੂ ਖੇਤਰਾਂ ਵਿਚ 129 ਸਕੂਲ ਚਲਾਏ ਜਾ ਰਹੇ ਹਨ ਤੇ ਟਰੱਸਟ ਦੀਆਂ ਵਿਦਿਅਕ ਸੰਸਥਾਵਾਂ ਵਿਚ 70,000 ਵਿਦਿਆਰਥੀ ਸਿੱਖਿਆ ਗ੍ਰਹਿਣ ਕਰ ਰਹੇ ਹਨ।

## 'ਦਿ ਇੰਗਲਿਸ਼ ਪੇਸ਼ੈਂਟ' ਨੂੰ ਗੋਲਡਨ ਮੈਨ ਬੁੱਕਰ ਪੁਰਸਕਾਰ

**ਲੰਡਨ:** ਸ੍ਰੀਲੰਕਾ ਵਿਚ ਜੰਮੇ ਕੈਨੇਡੀਅਨ ਸਾਹਿਤਕਾਰ ਮਾਈਕਲ ਓਂਦਾਤੇ (74) ਦੇ ਨਾਵਲ 'ਦਿ ਇੰਗਲਿਸ਼ ਪੇਸ਼ੈਂਟ' ਨੂੰ ਵਿਸ਼ੇਸ਼ ਗੋਲਡਨ ਮੈਨ ਬੁੱਕਰ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

ਇਹ ਨਾਵਲ ਦੂਜੀ ਵਿਸ਼ਵ ਜੰਗ ਦੌਰਾਨ ਪਿਆਰ ਅਤੇ ਟਕਰਾਅ ਦੀ ਕਹਾਣੀ ਉਤੇ ਅਧਾਰਤ ਹੈ। ਬੁੱਕਰ ਪੁਰਸਕਾਰ ਦੀ 50 ਵਰ੍ਹੇ ਗੰਢ ਮੌਕੇ ਇਹ ਇਨਾਮ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ।

# ਭਾਰਤ ਨੇ ਮਤਾਲਾ ਹਵਾਈ ਅੱਡੇ ਦਾ ਕੰਟਰੋਲ ਆਪਣੇ ਹੱਥ ਲਿਆ

**ਕਲੰਬੋ:** ਸ੍ਰੀਲੰਕਾ 'ਚ ਸਿਆਸੀ ਦ੍ਰਿਸ਼ਟੀਕੋਣ ਤੋਂ ਅਹਿਮ ਬੰਦਰਗਾਹ ਸ਼ਹਿਰ ਹੰਬਨਟੋਟਾ ਦੇ ਹਵਾਈ ਅੱਡੇ ਦਾ ਸੰਚਾਲਨ ਭਾਰਤ ਕਰੇਗਾ। ਇਹ ਅੱਡਾ ਘਾਟੇ 'ਚ ਹੈ ਪਰ ਹੰਬਨਟੋਟਾ ਬੰਦਰਗਾਹ ਦਾ ਪਟਾ ਚੀਨ ਕੋਲ ਹੈ ਤੇ ਇਸ ਦੀ ਅਹਿਮੀਅਤ ਹੈ।

ਸ੍ਰੀਲੰਕਾ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਿਮਲ ਸ਼੍ਰੀਪਾਲ ਡੀ ਸਿਲਵਾ ਨੇ ਸੰਸਦ 'ਚ ਬੀਤੇ ਦਿਨ ਕਿਹਾ ਕਿ ਘਾਟੇ 'ਚ ਚੱਲ ਰਹੇ ਮਤਾਲਾ ਰਾਜਾਪਾਕਸ਼ਾ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਭਾਰਤ ਦੋਵੇਂ ਦੇਸ਼ਾਂ ਵਿਚਕਾਰ ਇਕ ਸੰਯੁਕਤ ਉੱਦਮ ਦੇ ਰੂਪ 'ਚ ਚਲਾਏਗਾ। ਸਾਂਝੇ ਉੱਦਮ 'ਚ ਭਾਰਤ ਵੱਡਾ ਹਿੱਸੇਦਾਰ ਹੋਵੇਗਾ। ਇਹ ਹਵਾਈ ਅੱਡਾ ਰਾਜਧਾਨੀ ਕਲੰਬੋ ਤੋਂ 241 ਕਿਲੋਮੀਟਰ ਦੱਖਣੀ ਪੂਰਵ 'ਚ ਹੈ। ਇਸ ਨੂੰ 21 ਕਰੋੜ ਡਾਲਰ ਦੀ ਲਾਗਤ ਨਾਲ ਬਣਾਇਆ ਗਿਆ ਹੈ ਪਰ ਉਥੋਂ ਜ਼ਿਆਦਾ ਉਡਾਣਾਂ ਨਾ ਹੋਣ ਕਾਰਨ ਇਹ ਘਾਟੇ 'ਚ ਹੈ। ਇਸ ਨੂੰ ਸੰਸਾਰ ਦੇ ਸਭ ਤੋਂ ਖਾਲੀ ਹਵਾਈ ਅੱਡਾ ਕਿਹਾ ਜਾਂਦਾ ਹੈ।

## ਮਲੇਸ਼ੀਆ ਵੱਲੋਂ ਨਾਇਕ ਨੂੰ ਭਾਰਤ ਭੇਜਣ ਤੋਂ ਕੋਰਾ ਜਵਾਬ

**ਮਲੇਸ਼ੀਆ:** ਮਲੇਸ਼ਿਆਈ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਕਿਹਾ ਕਿ ਵਿਵਾਦਤ ਭਾਰਤੀ ਇਸਲਾਮੀ ਪ੍ਰਚਾਰਕ ਜ਼ਾਕਿਰ ਨਾਇਕ ਨੂੰ ਭਾਰਤ ਨਹੀਂ ਭੇਜਿਆ ਜਾਵੇਗਾ। ਉਹ ਭਾਰਤ ਵਿਚ ਦਹਿਸ਼ਤੀ ਗਤੀਵਿਧੀਆਂ ਦੇ ਸਿਲਸਿਲੇ 'ਚ ਲੋੜੀਂਦਾ ਹੈ।

ਜ਼ਿਕਰਯੋਗ ਹੈ ਕਿ ਟੈਲੀਵਿਜ਼ਨ ਉਤੇ ਕੱਟੜਪੰਥੀ ਪ੍ਰਚਾਰ ਕਰਨ ਵਾਲਾ ਨਾਇਕ 2016 'ਚ ਭਾਰਤ ਤੋਂ ਵਿਦੇਸ਼ ਚਲਿਆ ਗਿਆ ਸੀ। ਬਾਅਦ ਵਿਚ ਉਹ ਮਲੇਸ਼ੀਆ ਆ ਗਿਆ ਜਿਥੇ ਉਸ ਨੂੰ ਪੱਕੇ ਤੌਰ 'ਤੇ ਰਹਿਣ ਦੀ ਮਨਜ਼ੂਰੀ ਦੇ ਦਿੱਤੀ ਗਈ ਸੀ। ਭਾਰਤੀ ਮੀਡੀਆ ਦੀਆਂ ਖਬਰਾਂ ਅਨੁਸਾਰ ਭਾਰਤ ਨੇ ਜਨਵਰੀ 'ਚ ਨਾਇਕ ਨੂੰ ਭਾਰਤ ਹਵਾਲੇ ਕਰਨ ਦੀ ਬੇਨਤੀ ਕੀਤੀ ਸੀ।


Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ





*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



ਚਾਰ ਰੋਜ਼ਾ ਦੂਖ ਨਿਵਾਰਨ ਕੈਂਪ
19, 20, 21, 22 ਜੁਲਾਈ 2018
ਦੁਪਹਿਰ 2 ਵਜੇ ਤੋਂ ਸ਼ਾਮ 7 ਵਜੇ ਤੱਕ

ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਲਈ ਕੈਂਪ ਲੱਗੇਗਾ। ਸਮੂਹ ਸੰਗਤ ਨੂੰ ਖੁੱਲ੍ਹਾ ਸੱਦਾ ਹੈ ਕਿ ਆਓ ਅਤੇ ਗੁਰਬਾਣੀ ਸ਼ਬਦਾਂ ਦਾ ਜਾਪ ਕਰਕੇ ਆਪਣੇ ਦੁੱਖਾਂ-ਰੋਗਾਂ ਤੋਂ ਛੁਟਕਾਰਾ ਪਾਓ।
ਇਸ ਕੈਂਪ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਹਾਜ਼ਰ ਹੋਣਗੇ।


ਭਾਈ ਹਰਦਿਆਲ ਸਿੰਘ
ਸੇਵਾ ਮੁਕਤ ਆਈ.ਏ.ਐਸ.

ਸ਼ਬਦ ਜਾਪ ਅਤੇ ਵਿਚਾਰ
2 ਤੋਂ 4:15 ਵਜੇ ਤੱਕ
ਚਾਹ-ਪਾਣੀ ਤੇ ਲੰਗਰ
4:15 ਤੋਂ 4:45 ਵਜੇ ਤੱਕ
ਸ਼ਬਦ ਜਾਪ, ਵਿਚਾਰ ਤੇ ਸਵਾਲ-ਜਵਾਬ
4:45 ਤੋਂ 7 ਵਜੇ ਤੱਕ


ਪ੍ਰੋ. ਸਰਬਜੀਤ ਸਿੰਘ
ਗੋਬਿੰਦਪੁਰੀ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸੁਖਜਿੰਦਰ ਸਿੰਘ ਗਿੱਲ, ਫੋਨ: 510-224-6630
ਰਾਮ ਸਿੰਘ ਮਠਾੜੂ, ਫੋਨ: 707-365-1368
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ, ਫੋਨ: 646-464-1818

Guru Nanak Sikh Temple, Fairfield
2948 Rockville Road, Fairfield, CA 94534

Camp organized by Servants of Humanity Inc.



Bhaura Transport LLC
Noblesville, IN

ਡਰਾਈਵਰਾਂ ਦੀ ਲੋੜ ਹੈ



*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .52 ਸੈਂਟ
*ਸਾਈਨ ਔਨ ਬੋਨਸ *ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ

ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ, ਫੋਨ: 317-403-0493

## ਥਾਈਲੈਂਡ ਦੀ ਗੁਫਾ 'ਚੋਂ ਸਾਰੇ ਬੱਚੇ ਸੁਰੱਖਿਅਤ ਕੱਢੇ

**ਨਵੀਂ ਦਿੱਲੀ:** ਥਾਈਲੈਂਡ ਦੀ ਗੁਫਾ ਵਿਚ ਫਸੇ ਸਾਰੇ ਬੱਚਿਆਂ ਤੇ ਉਨ੍ਹਾਂ ਦੇ ਕੋਚ ਨੂੰ ਬਚਾ ਲਿਆ ਗਿਆ ਹੈ। ਤਿੰਨ ਦਿਨ ਤੱਕ ਚੱਲੇ ਇਸ ਬਚਾਅ ਅਭਿਆਨ ਤੋਂ ਬਾਅਦ ਰਾਹਤ ਕਰਮੀਆਂ ਨੂੰ ਕਾਮਯਾਬੀ ਮਿਲ ਗਈ। ਥਾਈਲੈਂਡ ਦੇ ਉੱਤਰ ਵਿਚ ਚਿਆਂਗ ਰਾਈ ਇਲਾਕੇ ਦੀ ਇਕ ਗੁਫਾ ਵਿਚ 23 ਜੂਨ ਤੋਂ ਬੱਚਿਆਂ ਦੀ ਇਕ ਫੁੱਟਬਾਲ ਟੀਮ ਫਸ ਗਈ ਸੀ।

ਚਸ਼ਮਦੀਦ ਦੇ ਮੁਤਾਬਕ 9ਵੇਂ ਬੱਚੇ ਨੂੰ ਸਟ੍ਰੈਚਰ ਉੱਤੇ ਬਾਹਰ ਲਿਆਂਦਾ ਗਿਆ ਹੈ। ਗੁਫਾ ਵਿਚ 12 ਬੱਚਿਆਂ ਤੇ ਉਨ੍ਹਾਂ ਦਾ ਇਕ ਕੋਚ ਫਸ ਗਏ ਸਨ। 11 ਤੋਂ 16 ਸਾਲ ਤੱਕ ਦੇ ਇਹ ਸਾਰੇ ਬੱਚੇ ਤੇ ਉਨ੍ਹਾਂ ਦਾ ਕੋਚ ਗੁਫਾ ਦੇ ਦਰਵਾਜ਼ੇ ਤੋਂ ਚਾਰ ਕਿਲੋਮੀਟਰ ਅੰਦਰ ਇਕ ਸੁੱਕੀ ਜਗ੍ਹਾ ਉਤੇ ਫਸੇ ਸਨ ਪਰ ਗੁਫਾ ਕਾਫੀ ਲੰਬੀ ਹੈ ਤੇ ਉਸ ਦਾ ਰਸਤਾ ਉਚਾ ਨੀਵਾਂ ਸੀ।

ਅਜਿਹੇ ਵਿਚ ਉਥੇ ਕਈ ਥਾਂਵਾਂ 'ਤੇ ਪਾਣੀ ਭਰ ਭਰਿਆ ਹੋਇਆ ਹੈ ਜਿਸ ਕਾਰਨ ਉਪਰੇਸ਼ਨ ਵਿਚ ਕਾਫੀ ਮੁਸ਼ਕਲ ਆਈ। ਇਸ ਅਭਿਆਨ ਵਿਚ 90 ਲੋਕ ਸ਼ਾਮਲ ਹਨ ਜਿਨ੍ਹਾਂ ਵਿਚ 50 ਦੂਜੇ ਦੇਸ਼ਾਂ ਤੋਂ ਆਏ ਗੋਤਾਖੋਰਾਂ ਤੇ ਮਾਹਰ ਤੇ 40 ਥਾਈਲੈਂਡ ਦੇ ਸਨ। ਕੱਢੇ ਗਏ ਬੱਚਿਆਂ ਨੂੰ ਸਿੱਧੇ ਹਸਪਤਾਲ ਲਿਜਾਇਆ ਗਿਆ।

## ਤਾਜ ਮਹੱਲ ਨੂੰ 'ਹਾਸ਼ੀਏ' ਉਤੇ ਨਹੀਂ ਧੱਕ ਸਕਦੇ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਾਫ ਕਰ ਦਿੱਤਾ ਹੈ ਕਿ ਆਗਰਾ ਤੋਂ ਬਾਹਰਲੇ ਲੋਕਾਂ ਨੂੰ ਤਾਜ ਮਹੱਲ ਕੰਪਲੈਕਸ ਵਿਚ ਬਣੀ ਮਸਜਿਦ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਬੈਂਚ ਨੇ ਕਿਹਾ ਕਿ ਇਹ ਇਮਾਰਤ ਵਿਸ਼ਵ ਦੇ ਸੱਤ ਅਜੂਬਿਆਂ 'ਚ ਸ਼ੁਮਾਰ ਹੈ ਤੇ ਇਸ ਨੂੰ 'ਹਾਸ਼ੀਏ' ਉਤੇ ਨਹੀਂ ਧੱਕਣ ਦਿੱਤਾ ਜਾ ਸਕਦਾ। ਬੈਂਚ ਨੇ ਕਿਹਾ ਕਿ ਆਗਰਾ ਵਿਚ ਹੋਰ ਵੀ ਕਈ ਮਸਜਿਦਾਂ ਹਨ ਤੇ ਬਾਹਰਲੇ ਲੋਕ ਉਥੇ ਜਾ ਕੇ ਨਮਾਜ਼ ਅਦਾ ਕਰ ਸਕਦੇ ਹਨ।

# ਭਾਰਤ 'ਚ ਬੱਚੇ ਅਗਵਾ ਕਰਨ ਬਾਰੇ ਦਿਲ ਕੰਬਾਊ ਅੰਕੜੇ

**ਨਵੀਂ ਦਿੱਲੀ:** ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਬੱਚੇ ਅਗਵਾ ਕਰਨ ਦੀਆਂ ਘਟਨਾਵਾਂ ਵਿਚ ਕਾਫੀ ਵਾਧਾ ਦਰਜ ਕੀਤਾ ਗਿਆ ਹੈ। ਇਕ ਤਾਜ਼ਾ ਰਿਪੋਰਟ ਮੁਤਾਬਕ ਅਜਿਹੀਆਂ ਘਟਨਾਵਾਂ ਪਿਛਲੇ ਵਰ੍ਹੇ ਨਾਲੋਂ 30 ਫੀਸਦੀ ਵਧੀਆਂ ਹਨ। ਦੇਸ਼ ਭਰ ਵਿਚ 2016 ਦੌਰਾਨ ਤਕਰੀਬਨ 55,000 ਬੱਚਾ ਚੁੱਕਣ ਦੀ ਘਟਨਾਵਾਂ ਸਾਹਮਣੇ ਆਈਆਂ ਹਨ।

ਗ੍ਰਹਿ ਮੰਤਰਾਲੇ ਵੱਲੋਂ 2017-18 ਦੀ ਜਾਰੀ ਕੀਤੀ ਰਿਪੋਰਟ ਮੁਤਾਬਕ 2016 ਵਿਚ 54,723 ਬੱਚੇ ਅਗਵਾ ਕੀਤੇ ਗਏ ਪਰ ਚਾਰਜਸ਼ੀਟ ਸਿਰਫ 40.4 ਫੀਸਦੀ ਕੇਸਾਂ ਵਿਚ ਹੀ ਹੋਈ। ਇਸ ਤੋਂ ਪਹਿਲਾਂ ਸੰਨ 2015 ਵਿਚ 41,893 ਤੇ 2014 ਵਿਚ 37,854 ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਜਦਕਿ 2017 ਦੇ ਅੰਕੜੇ ਅਜੇ ਜਾਰੀ ਨਹੀਂ ਕੀਤੇ ਗਏ। ਬੱਚਾ ਅਗਵਾ ਕਰਨ ਦੀਆਂ ਘਟਨਾਵਾਂ ਵਿਚ ਸਜ਼ਾ ਹੋਣ ਦੀ ਫੀਸਦੀ ਮਾਤਰ 22.7 ਰਹੀ ਹੈ।

ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ ਕਿ ਹਾਲਾਂਕਿ ਸੋਸ਼ਲ ਮੀਡੀਆ ਉਤੇ ਬੱਚਾ ਅਗਵਾ ਹੋਣ ਦੀਆਂ ਫੈਲੀਆਂ ਅਫਵਾਹਾਂ ਤੋਂ ਬਾਅਦ ਹਜੂਮੀ ਕਤਲਾਂ ਦੇ ਕਈ ਮਾਮਲੇ ਸਾਹਮਣੇ ਆਏ ਹਨ ਪਰ ਫਿਰ ਵੀ ਅਜਿਹੇ ਮਾਮਲਿਆਂ ਵਿਚ ਵਾਧਾ ਹੀ ਦੇਖਿਆ ਜਾ ਰਿਹਾ।

ਰਿਪੋਰਟ ਵਿਚ ਬਹੁਤੇ ਕੇਸ ਪੇਂਡੂ ਖੇਤਰਾਂ ਵਿਚ ਵਾਪਰੇ ਦਰਜ ਕੀਤੇ ਗਏ ਹਨ। ਪਿਛਲੇ ਦੋ ਮਹੀਨਿਆਂ ਵਿਚ ਹੀ ਬੱਚਾ ਅਗਵਾ ਕਰਨ ਦੇ ਸ਼ੱਕ 'ਚ ਕਰੀਬ 20 ਲੋਕਾਂ ਦੀ ਹਜੂਮੀ ਹੱਤਿਆ ਕਰ ਦਿੱਤੀ ਗਈ ਹੈ। ਤਾਜ਼ਾ ਵਾਪਰੀਆਂ ਕਈ ਘਟਨਾਵਾਂ ਵਿਚ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਬੱਚਾ ਅਗਵਾ ਕਰਨ ਦੀਆਂ ਸੋਸ਼ਲ ਮੀਡੀਆ ਰਾਹੀਂ ਫੈਲੀਆਂ ਅਫਵਾਹਾਂ ਤੋਂ ਬਾਅਦ ਕਈ ਨਿਰਦੋਸ਼ਾਂ ਨੂੰ ਲੋਕਾਂ ਦੀ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਇਨ੍ਹਾਂ ਘਟਨਾਵਾਂ ਦਾ ਪੂਰੇ ਦੇਸ਼ ਵਿਚ ਸਮਾਜਿਕ ਤੇ ਸਿਆਸੀ ਹਲਕਿਆਂ ਨੇ ਵੱਡੇ ਪੱਧਰ ਅਤੇ ਵਿਰੋਧ ਕੀਤਾ ਹੈ।

## ਵਿਸ਼ਵ ਤਾਕਤਾਂ ਅੱਗੇ ਅਮਰੀਕਾ ਦੀ ਘੂਰੀ ਬੇਅਸਰ

**ਵਿਆਨਾ:** ਅਮਰੀਕਾ ਦੇ ਸਮਝੌਤੇ ਤੋਂ ਪਿੱਛੇ ਹਟਣ ਅਤੇ ਪਾਬੰਦੀਆਂ ਦੀ ਧਮਕੀ ਦੇ ਬਾਵਜੂਦ 2015 ਦੇ ਈਰਾਨ ਦੇ ਪਰਮਾਣੂ ਸਮਝੌਤੇ ਦੇ ਭਾਈਵਾਲ ਦੇਸ਼ਾਂ ਨੇ ਵਿਸ਼ਵ ਆਰਥਿਕਤਾ ਵਿਚ ਈਰਾਨ ਨੂੰ ਸ਼ਾਮਲ ਰੱਖਣ ਦਾ ਫੈਸਲਾ ਕੀਤਾ ਹੈ। ਰੂਸ, ਚੀਨ ਤੇ ਤਿੰਨ ਯੂਰਪੀ ਦੇਸ਼ਾਂ ਨੇ ਈਰਾਨ ਨਾਲ ਮੀਟਿੰਗ ਕਰ ਕੇ ਆਰਥਿਕ ਲਾਭ ਅਤੇ ਭਰੋਸੇ ਦਿੱਤੇ ਹਨ ਜਿਸ ਨਾਲ ਅਮਰੀਕਾ ਦੀਆਂ ਪਾਬੰਦੀਆਂ ਦਾ ਅਸਰ ਘਟ ਜਾਵੇਗਾ।

ਉਨ੍ਹਾਂ ਕਿਹਾ ਕਿ ਉਹ 2015 ਦੇ ਸਮਝੌਤੇ 'ਤੇ ਕਾਇਮ ਹਨ ਅਤੇ ਈਰਾਨ ਦੀ ਤੇਲ ਤੇ ਗੈਸ ਅਤੇ ਦੂਸਰੇ ਊਰਜਾ ਪਦਾਰਥਾਂ ਦੀ ਬਰਾਮਦ ਜਾਰੀ ਰੱਖਣ ਸਮੇਤ ਈਰਾਨ ਨਾਲ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨਗੇ। ਉਨ੍ਹਾਂ ਦੇ ਵਿਦੇਸ਼ ਮੰਤਰੀ ਵਿਆਨਾ ਵਿਚ ਸਾਂਝੇ ਨਿਸ਼ਾਨੇ ਲਈ 11 ਸੂਤਰੀ ਸੂਚੀ 'ਤੇ ਸਹਿਮਤ ਹੋ ਗਏ। ਇਥੇ ਤਿੰਨ ਸਾਲ ਪਹਿਲਾਂ ਈਰਾਨ ਨਾਲ ਸਮਝੌਤਾ ਕੀਤਾ ਗਿਆ ਸੀ। ਉਹ ਨਿਵੇਸ਼ ਤੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨਗੇ। ਈਰਾਨ ਦੇ ਮੁਹੰਮਦ ਜਾਵੇਦ ਜ਼ਰੀਫ ਅਤੇ ਦੂਸਰੇ ਚੋਟੀ ਦੇ ਕੂਟਨੀਤਕਾਂ ਨੇ ਸਮਝੌਤੇ ਅਤੇ ਇਸ ਦੇ ਈਰਾਨ ਲਈ ਆਰਥਿਕ ਲਾਭਅੰਸ਼ ਪ੍ਰਤੀ ਵਚਨਬੱਧਤਾ ਪ੍ਰਗਟ ਕੀਤੀ ਹੈ।


## Matrimonials

### ਵਰ ਦੀ ਲੋੜ ਹੈ

Parents seek suitable medico match for their dentist doctor daughter, US citizen, 34 yrs, 5'-4", attractive, never married, family oriented. Cast no bar. Pl. call or text, Ph: 916-254-6378 or E-mail: psmiles1212@gmail.com
27-34

Wanted suitable US or Canadian citizen boy for a Punjabi Jatt Sikh beautiful girl 23 yrs, 5'-5", M.Sc. physics, currently working in a reputable college as a lecturer in Punjab. Contact, Ph: 916-840-8023, 91-97794-38835 (India)
25-28

### ਲੜਕੀ ਦੀ ਲੋੜ ਹੈ

ਸੈਣੀ ਸਿੱਖ, ਉਮਰ 31 ਸਾਲ, 5'-8", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892
25-28

Wanted suitable US girl for Nai Sikh US citizen boy, Doctor of Pharmacy, 30, 5'10". The girl should be beautiful, tall, equally qualified. Cast No Bar. Serious inquires, email: kkaurusaca@gmail.com
24-27

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246
26-29

### ਜੀਵਨ ਸਾਥਣ ਦੀ ਲੋੜ

ਫਰਿਜ਼ਨੋ ਨਿਵਾਸੀ 53 ਸਾਲਾ ਤਲਾਕ-ਸ਼ੁਦਾ ਮਰਦ ਲਈ 45 ਤੋਂ 55 ਸਾਲਾ ਜੀਵਨ ਸਾਥਣ ਦੀ ਲੋੜ ਹੈ। ਸੰਪਰਕ ਕਰੋ, ਫੋਨ: 602-446-4643

*Visit us on the web punjabtimesusa.com*


# ਹਜੂਮੀ ਕਤਲਾਂ ਬਾਰੇ ਮੋਦੀ ਸਰਕਾਰ ਦੀ ਜਾਗ ਖੁੱਲ੍ਹੀ

**ਨਵੀਂ ਦਿੱਲੀ:** ਹਜੂਮੀ ਕਤਲਾਂ ਬਾਰੇ ਮੋਦੀ ਸਰਕਾਰ ਦੀ ਜਾਗ ਖੁੱਲ੍ਹ ਗਈ ਹੈ। ਕੇਂਦਰ ਨੇ ਸੂਬਾ ਸਰਕਾਰਾਂ ਅਤੇ ਕੇਂਦਰੀ ਪ੍ਰਦੇਸ਼ਾਂ ਨੂੰ ਕਿਹਾ ਹੈ ਕਿ ਸੋਸ਼ਲ ਮੀਡੀਆ ਉਤੇ ਬੱਚੇ ਚੁੱਕਣ ਬਾਰੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਕਾਰਨ ਹੋ ਰਹੀਆਂ ਜਨੂੰਨੀ ਹੱਤਿਆਵਾਂ ਰੋਕਣ ਲਈ ਕਦਮ ਚੁੱਕੇ ਜਾਣ। ਪਿਛਲੇ ਦੋ ਮਹੀਨਿਆਂ ਵਿਚ ਦੇਸ਼ ਵਿਚ ਬੱਚੇ ਚੁੱਕਣ ਦੀਆਂ ਅਫਵਾਹਾਂ ਕਾਰਨ ਤਕਰੀਬਨ 20 ਲੋਕ ਮਾਰੇ ਗਏ ਹਨ। ਹੁਣੇ ਹੁਣੇ ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ ਵਿਚ ਪੰਜ ਗਰੀਬ ਲੋਕਾਂ ਦੇ ਮਾਰੇ ਜਾਣ ਬਾਅਦ ਸਥਿਤੀ ਗੰਭੀਰ ਹੋ ਗਈ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਿਹਾ ਹੈ ਕਿ ਉਹ ਭੀੜ ਵੱਲੋਂ ਅਣਪਛਾਤੇ ਲੋਕਾਂ ਦੀਆਂ ਕੀਤੀਆਂ ਜਾਂਦੀਆਂ ਹੱਤਿਆਵਾਂ ਨੂੰ ਰੋਕਣ ਲਈ ਕਦਮ ਚੁੱਕਣ। ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ ਉਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ, ਲੋਕਾਂ ਵਿਚ ਜਾਗਰੂਕਤਾ ਫੈਲਾਉਣ ਲਈ ਕਦਮ ਚੁੱਕੇ ਜਾਣ ਅਤੇ ਲੋਕਾਂ ਦੇ ਵਿਚ ਵਿਸ਼ਵਾਸ ਕਾਇਮ ਕੀਤਾ ਜਾਵੇ। ਇਸ ਦੇ ਨਾਲ ਹੀ ਮੰਤਰਾਲੇ ਨੇ ਕਿਹਾ ਹੈ ਕਿ ਪੁਲਿਸ ਉਨ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਵੇ ਜਿਨ੍ਹਾਂ ਦੇ ਬੱਚੇ ਲਾਪਤਾ ਹਨ।

ਜ਼ਿਕਰਯੋਗ ਹੈ ਕਿ ਭੀੜ ਨੇ ਤ੍ਰਿਪੁਰਾ ਵਿਚ 28 ਜੂਨ ਨੂੰ ਦੋ ਲੋਕਾਂ ਨੂੰ ਮਾਰ ਦਿੱਤਾ ਸੀ ਅਤੇ ਇਸ ਤੋਂ ਪਹਿਲਾਂ ਅਸਾਮ ਵਿਚ ਪਿਛਲੇ ਮਹੀਨੇ ਦੋ ਲੋਕਾਂ ਨੂੰ ਮਾਰ ਦਿੱਤਾ ਸੀ ਅਤੇ ਇਸ ਦੌਰਾਨ ਹੀ ਭੀੜ ਨੇ ਇਕ ਜਾਗਰੂਕਤਾ ਫੈਲਾਉਣ ਵਾਲੇ ਵਰਕਰ ਨੂੰ ਵੀ ਮਾਰ ਦਿੱਤਾ ਸੀ। ਸੋਸ਼ਲ ਮੀਡੀਆ ਉਤੇ ਫੈਲ ਰਹੀਆਂ ਅਫਵਾਹਾਂ ਬਾਅਦ ਸਰਕਾਰ ਨੇ ਵੱਟਸ ਐਪ ਨੂੰ ਵੀ ਗੈਰ ਜ਼ਿੰਮੇਵਾਰ ਤੇ ਭੜਕਾਊ ਸੰਦੇਸ਼ ਪਹੁੰਚਾਉਣ ਤੋਂ ਰੋਕਣ ਦੇ ਲਈ ਕਦਮ ਚੁੱਕਣ ਲਈ ਹਦਾਇਤ ਕੀਤੀ ਹੈ ਅਤੇ ਵੱਟਸ ਐਪ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# ਮੋਦੀ ਨੇ ਹਰ ਦਸਵਾਂ ਦਿਨ ਵਿਦੇਸ਼ 'ਚ ਗੁਜ਼ਾਰਿਆ



**ਬਠਿੰਡਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਔਸਤਨ ਹਰ ਦਸਵਾਂ ਦਿਨ ਵਿਦੇਸ਼ 'ਚ ਗੁਜ਼ਾਰਿਆ ਜਦਕਿ ਉਨ੍ਹਾਂ ਦੇਸ਼ ਵਿਚ ਔਸਤਨ ਹਰ ਚੌਥਾ ਦਿਨ ਦੌਰੇ ਵਿਚ ਕੱਢਿਆ। ਚਾਰ ਵਰ੍ਹਿਆਂ ਦੌਰਾਨ ਮੋਦੀ ਨੇ ਦੇਸ਼ ਦੇ ਕੁੱਲ 298 ਦੌਰੇ ਕੀਤੇ ਹਨ ਜਿਨ੍ਹਾਂ 'ਚੋਂ 104 ਦੌਰੇ ਗੈਰ ਸਰਕਾਰੀ ਹਨ। ਪ੍ਰਧਾਨ ਮੰਤਰੀ ਨੇ ਕੁੱਲ 358 ਦਿਨ ਦੇਸ਼ ਦੇ ਦੌਰਿਆਂ ਦੇ ਲੇਖੇ ਲਾਏ ਹਨ ਜਿਨ੍ਹਾਂ 'ਚੋਂ 116 ਦਿਨ ਗੈਰ ਸਰਕਾਰੀ ਦੌਰਿਆਂ ਦੇ ਹਨ। ਸਰਕਾਰੀ ਦੌਰਿਆਂ ਉਤੇ ਨਜ਼ਰ ਮਾਰੀਏ ਤਾਂ ਮੋਦੀ ਨੇ ਦੇਸ਼ ਵਿਚ ਔਸਤਨ ਹਰ 16ਵੇਂ ਦਿਨ ਦੌਰਾ ਕੀਤਾ।

ਪ੍ਰਧਾਨ ਮੰਤਰੀ ਦਫਤਰ ਦੇ ਸਰਕਾਰੀ ਵੇਰਵਿਆਂ ਅਨੁਸਾਰ ਪ੍ਰਧਾਨ ਮੰਤਰੀ ਨੇ ਲੰਘੇ ਚਾਰ ਸਾਲਾਂ 'ਚ ਕੁੱਲ 40 ਵਿਦੇਸ਼ੀ ਦੌਰੇ ਕੀਤੇ ਹਨ ਜਿਨ੍ਹਾਂ ਦੌਰਾਨ ਉਹ ਕਰੀਬ 60 ਮੁਲਕਾਂ 'ਚ ਗਏ। ਉਨ੍ਹਾਂ ਵਿਦੇਸ਼ੀ ਧਰਤੀ ਉਤੇ ਇਸ ਦੌਰਾਨ 151 ਦਿਨ ਗੁਜ਼ਾਰੇ ਹਨ। ਪ੍ਰਧਾਨ ਮੰਤਰੀ ਦੇ 30 ਵਿਦੇਸ਼ ਦੌਰਿਆਂ ਦੌਰਾਨ ਇਕੱਲੀਆਂ ਹਵਾਈ ਉਡਾਣਾਂ ਉਤੇ 377.47 ਕਰੋੜ ਰੁਪਏ ਖਰਚ ਆਏ ਹਨ ਜਦਕਿ ਇਸ ਤੋਂ ਬਿਨਾਂ ਪੰਜ ਦੌਰਿਆਂ ਦੌਰਾਨ ਭਾਰਤੀ ਹਵਾਈ ਸੈਨਾ ਦੇ ਜਹਾਜ਼ ਦੀ ਵਰਤੋਂ ਹੋਈ ਹੈ। ਬਾਕੀ ਦੌਰਿਆਂ ਦੇ ਬਿੱਲ ਪ੍ਰਾਪਤ ਨਹੀਂ ਹੋਏ ਹਨ। ਸਾਬਕਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਨੇ ਆਪਣੇ ਕਾਰਜਕਾਲ ਦੇ ਪੰਜ ਵਰ੍ਹਿਆਂ ਦੌਰਾਨ 19 ਵਿਦੇਸ਼ੀ ਦੌਰੇ ਕੀਤੇ ਸਨ।

ਨਰਿੰਦਰ ਮੋਦੀ ਦੇ ਦੇਸ਼ ਦੇ ਦੌਰਿਆਂ 'ਤੇ ਨਜ਼ਰ ਮਾਰੀਏ ਤਾਂ ਮੋਦੀ ਨੇ ਔਸਤਨ ਹਰ ਅੱਠਵਾਂ ਦਿਨ ਗੈਰ ਸਰਕਾਰੀ ਦੌਰੇ 'ਚ ਕੱਢਿਆ ਜਦਕਿ ਹਰ 16ਵੇਂ ਦਿਨ ਸਰਕਾਰੀ ਦੌਰਾ ਕੀਤਾ। ਸਾਲ 2017 ਵਿਚ ਮੋਦੀ ਨੇ ਦੇਸ਼ ਦੌਰਿਆਂ ਦੇ ਰਿਕਾਰਡ ਤੋੜੇ ਤੇ ਇਸ ਇਕੋ ਵਰ੍ਹੇ ਦੌਰਾਨ ਉਨ੍ਹਾਂ 99 ਦਿਨਾਂ 'ਚ 85 ਦੌਰੇ ਕੀਤੇ। ਇਨ੍ਹਾਂ 'ਚੋਂ 38 ਦੌਰੇ ਗੈਰ ਸਰਕਾਰੀ ਰਹੇ। ਸ੍ਰੀ ਮੋਦੀ ਨੇ ਸਾਲ 2014 ਵਿਚ ਦੇਸ਼ ਦੇ 68 ਦੌਰੇ ਕੀਤੇ ਜਦਕਿ ਸਾਲ 2015 ਵਿਚ 55, ਸਾਲ 2016 ਵਿਚ 60 ਦੌਰੇ ਕੀਤੇ। ਚਾਲੂ ਸਾਲ ਦੌਰਾਨ ਮੋਦੀ ਵੱਲੋਂ ਹੁਣ ਤੱਕ 30 ਦੌਰੇ ਕੀਤੇ ਗਏ ਹਨ ਅਤੇ 35 ਦਿਨ ਦੇਸ਼ ਦੇ ਦੌਰਿਆਂ ਵਿਚ ਕੱਢੇ ਹਨ। ਨਰਿੰਦਰ ਮੋਦੀ ਦੇ ਦੇਸ਼ ਵਿਦੇਸ਼ ਦੇ ਗੇੜੇ ਖ਼ਜ਼ਾਨੇ 'ਤੇ ਭਾਰੂ ਪੈਂਦੇ ਹਨ।

### ਮੋਦੀ ਵੱਲੋਂ ਪੰਜਾਬ ਦੇ ਸੱਤ ਦੌਰੇ

ਪ੍ਰਧਾਨ ਮੰਤਰੀ ਹੁਣ ਤੱਕ ਪੰਜਾਬ ਦੇ ਸੱਤ ਦੌਰੇ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਤਿੰਨ ਦੌਰੇ ਗੈਰ ਸਰਕਾਰੀ ਸਨ। ਪ੍ਰਧਾਨ ਮੰਤਰੀ ਮੋਦੀ ਪੰਜਾਬ ਵਿਚ ਫਰੀਦਕੋਟ, ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਫ਼ਿਰੋਜ਼ਪੁਰ, ਬਠਿੰਡਾ ਤੇ ਸ੍ਰੀ ਆਨੰਦਪੁਰ ਸਾਹਿਬ ਦਾ ਦੌਰਾ ਕਰ ਚੁੱਕੇ ਹਨ ਤੇ ਸ੍ਰੀ ਆਨੰਦਪੁਰ ਸਾਹਿਬ ਦਾ 19 ਜੂਨ 2015 ਦਾ ਦੌਰਾ ਰੱਦ ਹੋ ਗਿਆ ਸੀ। ਪ੍ਰਧਾਨ ਮੰਤਰੀ ਵਜੋਂ ਮੋਦੀ ਨੇ 25 ਨਵੰਬਰ 2016 ਨੂੰ ਬਠਿੰਡਾ 'ਚ ਏਮਜ਼ ਦਾ ਨੀਂਹ ਪੱਥਰ ਰੱਖਿਆ ਸੀ। ਉਂਜ ਉਹ ਲੋਕ ਸਭਾ ਚੋਣਾਂ ਦੌਰਾਨ ਚੋਣ ਰੈਲੀ ਨੂੰ ਬਠਿੰਡਾ ਵਿਚ ਵੀ ਸੰਬੋਧਨ ਕਰ ਕੇ ਗਏ ਸਨ।

## 'ਤਾਰਿਕ ਮਹਿਤਾ' ਦੇ 'ਹਾਥੀ' ਦਾ ਦੇਹਾਂਤ

**ਮੁੰਬਈ:** ਸਬ ਟੀਵੀ ਉਤੇ ਪ੍ਰਸਾਰਤ ਹੁੰਦੇ ਸ਼ੋਅ 'ਤਾਰਿਕ ਮਹਿਤਾ ਕਾ ਉਲਟਾ ਚਸ਼ਮਾ' ਵਿਚ ਡਾ. ਹੰਸਰਾਜ ਹਾਥੀ ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਕਵੀ ਕੁਮਾਰ ਆਜ਼ਾਦ ਦਾ ਦੇਹਾਂਤ ਹੋ ਗਿਆ। ਅਦਾਕਾਰ ਨੂੰ ਦਿਲ ਦਾ ਦੌਰਾ ਪਿਆ, ਜੋ ਜਾਨ ਲੇਵਾ ਸਾਬਤ ਹੋਇਆ। ਸ਼ੋਅ ਦੇ ਨਿਰਮਾਤਾ ਅਸਿਤ ਕੁਮਾਰ ਮੋਦੀ ਨੇ ਇਕ ਬਿਆਨ 'ਚ ਕਿਹਾ ਕਿ ਆਜ਼ਾਦ ਨੇ ਆਖਰੀ ਸਾਹ ਮੀਰਾਰੋਡ ਵੋਕਹਾਰਡ ਹਸਪਤਾਲ ਵਿਚ ਲਏ।


**ਤੰਦੂਰੀਏ, ਕੁੱਕ ਤੇ ਵੇਟਰ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

27-

**Pantry For Sale**

**Kenosha, WI**

**Sales are great!**

**Old couple want to retire.**



*Only Interested buyers.*

**Contact, Ph: 262-488-0330 or 262-902-2072**

27-

# ਸਿਆਸੀ ਆਗੂਆਂ ਦੇ ਸਾਰੇ ਉਲਾਂਭੇ ਲਾਹੇਗੀ ਕੈਪਟਨ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਭ ਤੋਂ ਅਮੀਰ ਪਰਿਵਾਰਾਂ ਵਿਚ ਸ਼ੁਮਾਰ ਬਾਦਲ ਪਰਿਵਾਰ ਦੇ ਦੋ ਮੈਂਬਰਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਧਾਰਮਿਕ ਆਗੂਆਂ, ਸ਼ਿਵ ਸੈਨਾਵਾਂ ਦੇ ਬਹੁਤ ਸਾਰੇ ਅਹੁਦੇਦਾਰਾਂ, ਸੇਵਾ ਮੁਕਤ ਪੁਲਿਸ ਅਫਸਰਾਂ ਅਤੇ ਹਾਕਮ ਪਾਰਟੀ ਨਾਲ ਸਬੰਧਤ ਸਿਆਸਤਦਾਨਾਂ ਨੂੰ ਮੁਹੱਈਆ ਕਰਵਾਈ ਗਈ 'ਸਰਕਾਰੀ ਕਾਰ ਸੇਵਾ' ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ।

ਉਚ ਪੱਧਰੀ ਸੂਤਰਾਂ ਦਾ ਦੱਸਣਾ ਹੈ ਕਿ ਬਾਦਲ ਪਰਿਵਾਰ ਲਈ ਨਵੀਆਂ 2 ਮੌਂਟੈਰੋ ਬੁਲੇਟ ਪਰੂਫ 2 ਇਨੋਵਾ ਅਤੇ 6 ਜਿਪਸੀਆਂ ਖਰੀਦਣ ਸਬੰਧੀ ਪੁਲਿਸ ਵਿਭਾਗ ਵੱਲੋਂ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਇਸੇ ਤਰ੍ਹਾਂ ਮਨਿੰਦਰਜੀਤ ਸਿੰਘ ਬਿੱਟਾ, ਮਰਹੂਮ ਪੁਲਿਸ ਅਧਿਕਾਰੀ ਕੇ.ਪੀ.ਐਸ. ਗਿੱਲ ਦੇ ਪਰਿਵਾਰ ਨੂੰ ਵੀ ਨਵੀਆਂ ਬੁਲਿਟ ਪਰੂਫ ਗੱਡੀਆਂ ਦੇਣ ਦੀ ਯੋਜਨਾ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਦਾ ਦੱਸਣਾ ਹੈ ਕਿ ਪੰਜਾਬ ਪੁਲਿਸ ਵੱਲੋਂ ਨਵੀਆਂ ਕਾਰਾਂ ਦੀ ਖਰੀਦ ਸਬੰਧੀ ਪ੍ਰਸਤਾਵ ਵਿੱਤ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ। ਬਾਦਲਾਂ, ਸੇਵਾ ਮੁਕਤ ਪੁਲਿਸ ਅਫਸਰਾਂ ਅਤੇ ਧਾਰਮਿਕ ਆਗੂਆਂ ਨੂੰ ਦਿੱਤੀਆਂ ਗਈਆਂ ਗੱਡੀਆਂ ਦੀ ਹਾਲਤ ਖਸਤਾ ਮੰਨੀ ਜਾਂਦੀ ਹੈ। ਇਸ ਲਈ ਪੰਜਾਬ ਪੁਲਿਸ ਦੇ ਸੁਰੱਖਿਆ ਵਿੰਗ ਨੇ ਨਵੀਆਂ ਗੱਡੀਆਂ ਮੁਹੱਈਆ ਕਰਾਉਣ ਦਾ ਫੈਸਲਾ ਕੀਤਾ ਹੈ। ਪੁਲਿਸ ਦੀ ਇਸ ਸੂਚੀ ਤੋਂ ਕਈ ਨਵੇਂ ਧਾਰਮਿਕ ਚਿਹਰੇ ਵੀ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਸਰਕਾਰ ਨੇ ਕਾਰਾਂ ਅਤੇ ਤੇਲ ਦੇਣ ਦੀ ਖੁੱਲ੍ਹ ਦਿੱਤੀ ਹੋਈ ਹੈ। ਜਾਣਕਾਰੀ ਮੁਤਾਬਕ ਨਵੀਆਂ ਕਾਰਾਂ ਦੀ ਖਰੀਦ ਉਪਰ ਤਕਰੀਬਨ 9 ਕਰੋੜ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਵੱਲੋਂ ਭਾਜਪਾ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਲਈ ਵੀ ਇਸੇ ਸੂਚੀ ਵਿਚ ਨਵੀਂ ਬੁਲਿਟ ਪਰੂਫ ਕਾਰ ਖਰੀਦਣ ਦਾ ਪ੍ਰੋਗਰਾਮ ਹੈ ਜਦੋਂ ਕਿ ਭਾਜਪਾ ਦੇ ਸਾਬਕਾ ਸੂਬਾਈ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਕੁਮਾਰ ਸਾਂਪਲਾ ਨੂੰ ਵੀ ਕਾਰਾਂ ਦਿੱਤੀਆਂ ਹੋਈਆਂ ਹਨ। ਪੰਜਾਬ ਪੁਲਿਸ ਦੇ 9 ਪੰਨਿਆਂ ਦੇ ਪ੍ਰਸਤਾਵ ਮੁਤਾਬਕ ਜਿਨ੍ਹਾਂ ਵਿਸ਼ੇਸ਼ ਵਿਅਕਤੀਆਂ ਨੂੰ ਸਰਕਾਰੀ ਕਾਰ ਸੇਵਾ ਤਹਿਤ ਖਜ਼ਾਨੇ ਵਿਚੋਂ ਕਾਰਾਂ ਅਤੇ ਤੇਲ ਦੇਣ ਦੀ ਇਜਾਜ਼ਤ ਦਿੱਤੀ ਹੈ, ਉਨ੍ਹਾਂ ਨੂੰ ਨਵੀਆਂ ਗੱਡੀਆਂ ਦਿੱਤੇ ਜਾਣ ਦੀ ਜ਼ਰੂਰਤ ਹੈ। ਪੰਜਾਬ ਅਜਿਹਾ ਸੂਬਾ ਬਣ ਕੇ ਸਾਹਮਣੇ ਆਇਆ ਹੈ ਜਿਥੇ ਸੱਤਾ ਤੋਂ ਲੱਥੇ ਸਿਆਸਤਦਾਨਾਂ, ਧਾਰਮਿਕ ਆਗੂਆਂ ਤੇ ਰਿਟਾਇਰ ਪੁਲਿਸ ਅਫਸਰਾਂ ਨੂੰ ਜਨਤਾ ਦੇ ਖਜ਼ਾਨੇ ਵਿਚੋਂ ਕਾਰਾਂ ਤੇ ਤੇਲ ਮੁਹੱਈਆ ਕਰਾਇਆ ਜਾਂਦਾ ਹੈ।

ਪੰਜਾਬ ਸਰਕਾਰ ਵੱਲੋਂ 17 ਬੁਲਿਟ ਪਰੂਫ ਗੱਡੀਆਂ ਖਰੀਦਣ ਸਬੰਧੀ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਇਸ ਮੁਤਾਬਕ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਬਾਦਲ ਪਿਤਾ ਪੁੱਤਰ ਨੂੰ ਤਾਂ ਇਕ-ਇਕ ਮੌਂਟੈਰੋ ਖਰੀਦ ਕੇ ਦਿੱਤੀ ਜਾਣੀ ਹੈ। ਬੁਲਿਟ ਪਰੂਫ ਵਿਸ਼ੇਸ਼ ਸੁਰੱਖਿਆ ਵਾਹਨ ਹਾਸਲ ਕਰਨ ਵਾਲਿਆਂ ਵਿਚ ਕਾਂਗਰਸ ਨੇਤਾ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਕਰੀਬੀ ਰਿਸ਼ਤੇਦਾਰ ਹਰਮਿੰਦਰ ਸਿੰਘ ਜੱਸੀ ਵੀ ਸ਼ਾਮਲ ਹੈ। ਇਸੇ ਤਰ੍ਹਾਂ ਮਨਿੰਦਰਜੀਤ ਸਿੰਘ ਬਿੱਟਾ ਲਈ ਫਾਰਚਿਊਨਰ ਤੇ 2 ਜਿਪਸੀਆਂ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਲਈ ਅੰਬੈਸਡਰ ਕਾਰ, 2 ਜਿਪਸੀਆਂ, ਬਿੱਟਾ ਦੀ ਪਤਨੀ ਮਨਜੋਤੀ ਬਿੱਟਾ ਦਾ ਨਾਮ ਇਕ ਜਿਪਸੀ ਦੀ ਖਰੀਦ ਵਾਲੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਸਾਬਕਾ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦੇ ਪਰਿਵਾਰ ਲਈ ਜਿਹੜੀਆਂ 2 ਇਨੋਵਾ ਤੇ 3 ਜਿਪਸੀਆਂ ਦਿੱਤੀਆਂ ਹੋਈਆਂ ਹਨ, ਉਨ੍ਹਾਂ ਨੂੰ ਕੰਡਮ ਕਰਾਰ ਦੇ ਕੇ ਨਵੀਆਂ ਗੱਡੀਆਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਸਾਬਕਾ ਡੀ.ਜੀ.ਪੀ. ਇਜ਼ਹਾਰ ਆਲਮ ਲਈ ਵੀ ਬੁਲਿਟ ਪਰੂਫ ਫਾਰਚਿਊਨਰ ਹੀ ਖਰੀਦੀ ਜਾਣੀ ਹੈ। ਜਿਨ੍ਹਾਂ ਧਾਰਮਿਕ ਆਗੂਆਂ ਨੂੰ ਦਿੱਤੀਆਂ ਕਾਰਾਂ ਕੰਡਮ ਮੰਨੀਆਂ ਜਾਂਦੀਆਂ ਹਨ, ਉਨ੍ਹਾਂ ਵਿਚ ਯੋਗਰਾਜ ਸ਼ਰਮਾ ਰਾਜ ਪ੍ਰਮੁੱਖ ਸ਼ਿਵ ਸੈਨਾ ਪੰਜਾਬ, ਸ਼ਿਵ ਸੈਨਾ ਦੇ ਪ੍ਰਧਾਨ ਸੰਜੀਵ ਘਨੌਲੀ, ਅਤੇ ਸ਼ਿਵ ਸੈਨਾ ਦੇ ਚੇਅਰਮੈਨ ਰਾਜੀਵ ਟੰਡਨ ਨੂੰ ਦਿੱਤੀਆਂ ਬੁਲਿਟ ਪਰੂਫ ਅੰਬੈਸਡਰ ਕਾਰਾਂ ਸ਼ਾਮਲ ਹਨ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਲਈ ਇਕ ਜਿਪਸੀ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਲਈ ਦੋ ਜਿਪਸੀਆਂ, ਨਿਰਮਲ ਸਿੰਘ ਕਾਹਲੋਂ ਅਤੇ ਉਨ੍ਹਾਂ ਦੇ ਪੁੱਤਰ ਰਵੀਕਰਨ ਸਿੰਘ ਕਾਹਲੋਂ, ਬਾਬਾ ਪਿਆਰਾ ਸਿੰਘ ਭਨਿਆਰਾਂ ਲਈ ਅੰਬੈਸਡਰ ਕਾਰ ਤੇ ਜਿਪਸੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ, ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ, ਵਿਨੀਤ ਜੋਸ਼ੀ, ਰਾਜਿੰਦਰ ਮੋਹਨ ਸਿੰਘ ਛੀਨਾ, ਸ਼ਿਵ ਸੈਨਾ (ਬਾਲ ਠਾਕਰੇ) ਦੇ ਹਰਵਿੰਦਰ ਸੋਨੀ ਲਈ ਜਿਪਸੀ, ਸ਼ਿਵ ਸੈਨਾ ਅੰਮ੍ਰਿਤਸਰ ਤੇ ਚੇਅਰਮੈਨ ਸੁਧੀਰ ਸੂਰੀ ਲਈ ਜਿਪਸੀ, ਸ਼ਿਵ ਸੈਨਾ ਲੁਧਿਆਣਾ ਦੇ ਕੌਮੀ ਪ੍ਰਧਾਨ ਕਮਲੇਸ਼ ਭਾਰਦਵਾਜ ਲਈ ਜਿਪਸੀ, ਵਿਨੈ ਜਲੰਧਰੀ ਲਈ ਜਿਪਸੀ, ਸ਼ਿਵ ਸੈਨਾ ਕਾਰਕੁਨ ਕ੍ਰਿਸ਼ਨ ਲਾਲ ਸ਼ਰਮਾ ਲਈ ਜਿਪਸੀ, ਆਲ ਇੰਡੀਆ ਹਿੰਦੂ ਸਟੂਡੈਂਟਸ ਫੈਡਰੇਸ਼ਨ ਦੇ ਨਿਸ਼ਾਂਤ ਸ਼ਰਮਾ ਲਈ ਜਿਪਸੀ, ਸ਼ਿਵ ਸੈਨਾ ਹਿੰਦੋਸਤਾਨ ਤੇ ਪ੍ਰਧਾਨ ਪਵਨ ਕੁਮਾਰ ਗੁਪਤਾ ਲਈ ਜਿਪਸੀ, ਸ਼ਿਵ ਸੈਨਾ ਬਾਲ ਠਾਕਰੇ ਦੇ ਮੀਤ ਪ੍ਰਧਾਨ ਹਰੀਸ਼ ਸ਼ਰਮਾ ਲਈ ਜਿਪਸੀ, ਮੋਗਾ ਨਾਲ ਸਬੰਧਤ ਸ਼ਿਵ ਸੈਨਾ ਹਿੰਦੋਸਤਾਨ ਦੇ ਪ੍ਰਧਾਨ ਅਮਿਤ ਘਈ ਲਈ ਬੋਲੈਰੋ, ਸੰਜੀਵ ਭਾਜਦਵਾਜ ਲਈ ਜਿਪਸੀ, ਬਾਬਾ ਕਸ਼ਮੀਰਾ ਸਿੰਘ, ਬਾਬਾ ਨਿਰਮਲ ਦਾਸ ਅਤੇ ਬਾਬਾ ਅਰਜਨ ਸਿੰਘ ਦਾ ਨਾਮ ਵੀ ਇਸੇ ਸੂਚੀ ਵਿਚ ਸ਼ਾਮਲ ਹਨ।

## ਕੈਪਟਨ ਦੀ ਸਰਫਾ ਮੁਹਿੰਮ ਮਹਿਜ਼ ਖਾਨਾਪੂਰਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸਤਦਾਨਾਂ, ਡੇਰੇਦਾਰਾਂ, ਸ਼ਿਵ ਸੈਨਾ ਨਾਲ ਸਬੰਧਤ ਵਿਅਕਤੀਆਂ, ਧਾਰਮਿਕ ਆਗੂਆਂ ਅਤੇ ਅਫਸਰਾਂ ਨੂੰ ਸਰਕਾਰੀ ਖਜ਼ਾਨੇ ਵਿਚੋਂ ਕਾਰਾਂ ਅਤੇ ਮੁਫਤ ਤੇਲ ਦੀ ਸਹੂਲਤ ਸਬੰਧੀ ਵਧੀਕ ਮੁੱਖ ਸਕੱਤਰ (ਗ੍ਰਹਿ) ਨਿਰਮਲਜੀਤ ਸਿੰਘ ਕਲਸੀ ਦੀ ਅਗਵਾਈ ਹੇਠ ਬਣਾਈ ਸਮੀਖਿਆ ਕਮੇਟੀ ਮਹਿਜ਼ ਖਾਨਾਪੂਰਤੀ ਜਾਪ ਰਹੀ ਹੈ।

ਪੰਜਾਬ ਪੁਲਿਸ ਵੱਲੋਂ ਸਿਆਸਤਦਾਨਾਂ ਅਤੇ ਡੇਰੇਦਾਰਾਂ ਸਮੇਤ ਪੁਲਿਸ ਅਫਸਰਾਂ ਨੂੰ ਨਵੀਆਂ ਗੱਡੀਆਂ ਦੇਣ ਦੀ ਤਜਵੀਜ਼ ਨੇ ਵਿੱਤੀ ਸੰਕਟ 'ਚੋਂ ਲੰਘ ਰਹੇ ਪੰਜਾਬ ਦੇ ਖਜ਼ਾਨੇ ਨੂੰ ਨਿਰਦਈ ਤਰੀਕੇ ਨਾਲ ਉਡਾਉਣ ਦਾ ਨਵਾਂ ਰੂਪ ਸਾਹਮਣੇ ਲਿਆਂਦਾ ਹੈ। ਸੂਤਰਾਂ ਮੁਤਾਬਕ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 'ਸਰਕਾਰੀ ਕਾਰ ਸੇਵਾ' ਦੀ ਸਮੀਖਿਆ ਦੇ ਯਤਨ ਕੀਤੇ ਪਰ ਕਾਮਯਾਬੀ ਨਹੀਂ ਮਿਲੀ। ਮੁੱਖ ਮੰਤਰੀ ਨੇ ਆਪਣੇ ਪੱਧਰ ਉਤੇ ਸਮੀਖਿਆ ਦੇ ਹੁਕਮ ਦੇ ਦਿੱਤੇ ਪਰ ਕੋਈ ਸਮੀਖਿਆ ਨਹੀਂ ਹੋਈ, ਸਗੋਂ ਕਾਰ ਸੇਵਾ ਨੂੰ ਨਵਾਂ ਰੂਪ ਦਿੱਤਾ ਜਾਣ ਲੱਗਿਆ ਹੈ।



# ਸੁਖਬੀਰ ਬਾਦਲ ਦੀ ਪਾਣੀ ਵਾਲੀ ਬੱਸ 'ਡੋਬਣ' ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸੁਪਨਮਈ ਪ੍ਰੋਜੈਕਟ ਨੂੰ ਪੱਕੇ ਤੌਰ ਉਤੇ ਠੱਪ ਕਰਦਿਆਂ 'ਪਾਣੀ ਵਾਲੀ ਬੱਸ' ਦੀ ਨਿਲਾਮੀ ਕਰਨ ਦਾ ਫੈਸਲਾ ਕੀਤਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਕੰਪਟਰੋਲਰ ਜਨਰਲ (ਕੈਗ) ਦੀ ਤਾਜ਼ਾ ਰਿਪੋਰਟ ਮੁਤਾਬਕ ਇਹ ਪ੍ਰੋਜੈਕਟ ਪੂਰੀ ਤਰ੍ਹਾਂ ਘਾਟੇ ਦਾ ਸੌਦਾ ਹੈ ਤੇ ਸਾਬਕਾ ਅਕਾਲੀ-ਭਾਜਪਾ ਸਰਕਾਰ ਨੇ ਮਹਿਜ਼ ਸੁਖਬੀਰ ਸਿੰਘ ਬਾਦਲ ਦੀ ਜ਼ਿੱਦ ਪੁਗਾਉਣ ਲਈ 8.62 ਕਰੋੜ ਰੁਪਏ ਪਾਣੀ ਵਿਚ ਰੋੜ੍ਹ ਦਿੱਤੇ।

ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੀ ਰਿਪੋਰਟ ਨਹੀਂ ਲਈ ਗਈ, ਅਧਿਐਨ ਨਹੀਂ ਕੀਤਾ ਗਿਆ ਤੇ ਘਾਟੇ ਵਾਧੇ ਦਾ ਵੀ ਹਿਸਾਬ ਨਹੀਂ ਲਾਇਆ ਗਿਆ। ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨੇ ਕਿਹਾ ਕਿ ਦਰਅਸਲ ਸਾਲ 2015 ਦੇ ਆਰੰਭ ਵਿਚ ਜਦੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਬਠਿੰਡਾ ਵਿਖੇ ਸੜਕੀ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣ ਸਮੇਂ ਰੈਲੀ ਕੀਤੀ ਗਈ, ਇਸ ਮੌਕੇ ਕੇਂਦਰੀ ਮੰਤਰੀ ਨੇ ਪਾਣੀ ਰਾਹੀਂ ਟਰਾਂਸਪੋਰਟ ਸੇਵਾਵਾਂ ਦੀ ਗੱਲ ਕੀਤੀ ਸੀ।





ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਿਨ੍ਹਾਂ ਸੋਚੇ ਸਮਝੇ ਹੀ ਐਲਾਨ ਕਰ ਦਿੱਤਾ ਕਿ ਪੰਜਾਬ ਵਿਚ ਵੀ ਪਾਣੀ ਵਾਲੀਆਂ ਬੱਸਾਂ ਚੱਲਣਗੀਆਂ। ਉਨ੍ਹਾਂ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਸੀ ਕਿ ਮਲੋਟ ਤੋਂ ਬੱਸ ਪਾਣੀ ਰਾਹੀਂ ਕੋਟਕਪੂਰੇ ਆਵੇਗੀ ਅਤੇ ਇਥੋਂ ਸੜਕ ਉਤੇ ਚੱਲ ਪਵੇਗੀ।

ਸੁਖਬੀਰ ਬਾਦਲ ਦੇ ਇਸ ਐਲਾਨ ਨੂੰ ਪੂਰਾ ਕਰਨ ਲਈ ਦੋ ਸਾਲ ਬਾਅਦ ਹਰੀਕੇ ਪੱਤਣ ਵਿਚ ਪਾਣੀ ਵਾਲੀ ਬੱਸ ਚਲਾਉਣ ਦਾ ਫੈਸਲਾ ਕੀਤਾ ਗਿਆ। ਕੈਗ ਦੇ ਸੀਨੀਅਰ ਆਡੀਟਰ ਜਨਰਲ ਦੀ ਰਿਪੋਰਟ ਅਨੁਸਾਰ ਹਰੀਕੇ ਪੱਤਣ ਵਿਖੇ ਪ੍ਰੋਜੈਕਟ ਸ਼ੁਰੂ ਕਰਨ ਲਈ ਨਾ ਤਾਂ ਅਮਲੀ ਤੌਰ ਉਤੇ ਇਸ ਨੂੰ ਚਲਾਉਣ ਬਾਰੇ ਪੜਤਾਲ ਕੀਤੀ ਅਤੇ ਨਾ ਹੀ ਡਿਟੇਲ ਪ੍ਰੋਜੈਕਟ ਰਿਪੋਰਟ (ਡੀ.ਪੀ.ਆਰ.) ਤਿਆਰ ਕੀਤੀ ਅਤੇ ਨਾ ਹੀ ਲੋਕਾਂ ਦੇ ਹਿੱਤ ਦੇਖੇ ਗਏ। ਉਨ੍ਹਾਂ ਕਿਹਾ ਕਿ ਮਹਿਜ਼ ਸਿਆਸੀ ਲਾਹਾ ਲੈਣ ਲਈ ਸਰਕਾਰੀ ਖਜ਼ਾਨੇ ਨੂੰ ਬੇਦਰਦੀ ਨਾਲ ਚੂਨਾ ਲਾਇਆ ਗਿਆ ਤੇ ਯੂਰਪ ਤੋਂ ਬੱਸ ਖਰੀਦ ਕੇ ਹਰੀਕੇ ਪੱਤਣ ਲਿਆਂਦੀ। ਮੰਤਰੀ ਨੇ ਦੱਸਿਆ ਕਿ ਦਸੰਬਰ 2016 ਦੇ ਦੂਜੇ ਹਫਤੇ ਜਦੋਂ ਬੱਸ ਦਾ ਟਰਾਇਲ ਹੋਇਆ ਤਾਂ ਪਾਣੀ ਘੱਟ ਹੋਣ ਕਾਰਨ ਬੱਸ ਫਸ ਗਈ। ਫਿਰ ਬੱਸ ਚਲਾਉਣ ਲਈ ਭਾਖੜਾ ਡੈਮ ਤੋਂ ਸਤਲੁਜ ਨਹਿਰ ਵਿਚ ਪਾਣੀ ਛੱਡਿਆ ਗਿਆ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਤਲੁਜ ਵਿਚ ਪਾਣੀ ਛੱਡਣ ਕਾਰਨ ਫਿਰੋਜ਼ਪੁਰ ਜ਼ਿਲ੍ਹੇ ਦੇ ਕਿਸਾਨਾਂ ਦੀ ਦਰਿਆ ਨਾਲ ਲੱਗਦੀ ਸੈਂਕੜੇ ਏਕੜ ਫਸਲ ਪਾਣੀ ਵਿਚ ਡੁੱਬ ਗਈ। ਹਰੀਕੇ ਵਿਚ ਪਾਣੀ ਵਾਲੀ ਬੱਸ ਚਲਾਉਣ ਨਾਲ ਹਰੀਕੇ ਵੈਟਲੈਂਡ ਵਿਚ ਆਉਣ ਵਾਲੇ ਪਰਵਾਸੀ ਪੰਛੀਆਂ ਨੂੰ ਵੀ ਨੁਕਸਾਨ ਪੁੱਜਾ। ਇਥੋਂ ਤੱਕ ਕਿ ਬੱਸ ਚਲਾਉਣ ਦੇ ਡਰਾਈਵਰ ਕੋਲ 'ਇਨਲੈਂਡ ਵਾਟਰਵੇਅਜ਼ ਅਥਾਰਟੀ ਆਫ ਇੰਡੀਆ' ਦਾ ਬੱਸ ਚਲਾਉਣ ਦਾ ਲਾਇਸੈਂਸ ਵੀ ਨਹੀਂ ਸੀ। ਇਸ ਪ੍ਰੋਜੈਕਟ ਉਪਰ ਸਰਕਾਰ ਵੱਲੋਂ 8.62 ਕਰੋੜ ਰੁਪਏ ਖਰਚੇ ਗਏ ਅਤੇ ਕਮਾਈ ਸਿਰਫ 70 ਹਜ਼ਾਰ ਰੁਪਏ ਹੋਈ। ਉਨ੍ਹਾਂ ਕਿਹਾ ਕਿ ਤੱਥਾਂ ਨੂੰ ਘੋਖਣ ਤੋਂ ਬਾਅਦ ਵਿਭਾਗ ਨੇ ਇਸ ਘਾਟੇ ਦੇ ਪ੍ਰੋਜੈਕਟ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਬੱਸ ਦੀ ਨਿਲਾਮੀ ਕਰਨ ਦਾ ਫੈਸਲਾ ਕੀਤਾ ਗਿਆ। ਇਸ ਲਈ ਉਸਾਰੇ ਗਏ ਇਨਫਰਾਸਟੱਕਚਰ ਨੂੰ ਇਥੇ ਪੈਡਲ ਬੋਟ ਅਤੇ ਸ਼ਿਕਾਰੇ ਚਲਾਉਣ ਲਈ ਵਰਤਿਆ ਜਾਵੇਗਾ।

## ਸੁਖਬੀਰ ਤੋਂ ਘਾਟੇ ਦੀ ਭਰਪਾਈ ਹੋਵੇ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਹਰੀਕੇ ਪੱਤਣ 'ਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੁਰੂ ਕਰਵਾਈ ਗਈ ਜਲ ਬੱਸ ਨੂੰ ਘਾਟੇ ਦਾ ਸੌਦਾ ਦੱਸਣ ਅਤੇ ਨਿਲਾਮ ਕਰਨ ਦੇ ਫੈਸਲੇ ਨੂੰ ਦਰੁਸਤ ਕਰਾਰ ਦਿੰਦੇ ਹੋਏ ਕਿਹਾ ਕਿ ਉਹ (ਅਮਨ ਅਰੋੜਾ) ਅਤੇ ਉਨ੍ਹਾਂ ਦੀ ਆਮ ਆਦਮੀ ਪਾਰਟੀ ਪਹਿਲੇ ਦਿਨ ਤੋਂ ਕਹਿੰਦੀ ਆ ਰਹੀ ਹੈ ਕਿ ਜਲ ਬੱਸ ਦਾ ਪ੍ਰਾਜੈਕਟ ਸੁਖਬੀਰ ਸਿੰਘ ਬਾਦਲ ਦੇ ਮੂੰਹੋਂ ਨਿਕਲੇ ਇਕ 'ਜੁਮਲੇ' ਨੂੰ ਪੁਗਾਉਣ ਦੀ ਜ਼ਿੱਦ ਵਾਲਾ ਪ੍ਰੋਜੈਕਟ ਹੈ। ਇਸ ਲਈ ਪੰਜਾਬ ਦੇ ਖ਼ਜ਼ਾਨੇ 'ਤੇ ਕਰੋੜਾਂ ਰੁਪਏ ਦਾ ਬੇਵਜ੍ਹਾ ਬੋਝ ਪਾਉਣ ਲਈ ਇਸ ਨੁਕਸਾਨ ਦੀ ਭਰਪਾਈ ਸੁਖਬੀਰ ਕੋਲੋਂ ਕੀਤੀ ਜਾਵੇ।

# ਰਾਮੂਵਾਲੀਆ ਵੱਲੋਂ ਪੰਜਾਬ ਦੀ ਸਿਆਸਤ 'ਚ ਵਾਪਸੀ ਦੀ ਤਿਆਰੀ

**ਮੁਹਾਲੀ:** ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਆਖਰਕਾਰ ਮੁੜ ਤੋਂ ਪੰਜਾਬ ਵਿਚ ਆਪਣੀ 'ਲੋਕ ਭਲਾਈ ਪਾਰਟੀ' ਨੂੰ ਸਰਗਰਮ ਕਰਨ ਜਾ ਰਹੇ ਹਨ। ਹੁਣ ਉਹ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ਤੋਂ ਬਚਾਉਣ ਲਈ ਜਾਗਰੂਕਤਾ ਦਾ ਹੋਕਾ ਦੇਣ ਦੀ ਗੱਲ ਆਖ ਰਹੇ ਹਨ।

ਸ੍ਰੀ ਰਾਮੂਵਾਲੀਆ ਨੇ ਸਾਢੇ ਛੇ ਕੁ ਸਾਲ ਪਹਿਲਾਂ ਲੋਕ ਭਲਾਈ ਪਾਰਟੀ ਦਾ ਭੋਗ ਪਾ ਕੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਅਤੇ ਮੁਹਾਲੀ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉਤੇ ਚੋਣ ਲੜੀ ਸੀ। ਚੋਣ ਹਾਰਨ ਤੋਂ ਬਾਅਦ ਉਹ ਹਲਕਾ ਇੰਚਾਰਜ ਵਜੋਂ ਲੋਕਾਂ ਵਿਚ ਵਿਚਰਦੇ ਰਹੇ। ਇਸ ਦੌਰਾਨ ਉਨ੍ਹਾਂ ਆਪਣੀ ਬੇਟੀ ਅਮਨਜੋਤ ਕੌਰ ਰਾਮੂਵਾਲੀਆ ਨੂੰ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਵੀ ਲਗਵਾ ਲਿਆ ਸੀ, ਪਰ ਨਗਰ ਨਿਗਮ ਚੋਣਾਂ ਤੋਂ ਬਾਅਦ ਉਨ੍ਹਾਂ ਦੇ ਪੈਰ ਨਹੀਂ ਲੱਗੇ। ਆਖਰਕਾਰ ਉਹ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਜੇਲ੍ਹ ਮੰਤਰੀ ਬਣ ਗਏ।

ਸ੍ਰੀ ਰਾਮੂਵਾਲੀਆ ਹੁਣ ਆਪਣੀ ਪਾਰਟੀ ਨੂੰ ਮੁੜ ਸੁਰਜੀਤ ਕਰਨ ਦੇ ਰੌਂਅ ਵਿਚ ਹਨ। ਸ੍ਰੀ ਰਾਮੂਵਾਲੀਆ ਦਾ ਕਹਿਣਾ ਹੈ ਕਿ ਵਿਸ਼ਵ ਭਰ ਵਿਚ ਪੰਜਾਬ ਨੂੰ ਇਕ ਨੰਬਰ ਉਤੇ ਸੂਬਾ



ਮੰਨਿਆ ਜਾਂਦਾ ਸੀ, ਪਰ ਹੁਣ ਨਸ਼ਿਆਂ ਨੇ ਪੰਜਾਬ ਦੇ ਗੱਭਰੂਆਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਉਤਰ ਪ੍ਰਦੇਸ਼ ਦੇ ਸਿੱਖਾਂ ਤੇ ਹਿੰਦੂਆਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਹੈ ਕਿ ਉਹ ਲੋਕ ਭਲਾਈ ਪਾਰਟੀ ਨੂੰ ਮੁੜ ਤੋਂ ਸਰਗਰਮ ਕਰਕੇ ਪੰਜਾਬ 'ਚ ਨਸ਼ਿਆਂ ਖਿਲਾਫ਼ ਮੁਹਿੰਮ ਸ਼ੁਰੂ ਕਰਨ।

# ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਜਨਤਕ ਕਰਨ ਦੀ ਮੰਗ ਉਠੀ

**ਕੋਟਕਪੂਰਾ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਦੀਆਂ ਘਟਨਾਵਾਂ ਦੀ ਜਾਂਚ ਕਰਨ ਲਈ ਗਠਿਤ ਕੀਤੇ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਜਨਤਕ ਕਰਨ ਤੇ ਰਿਪੋਰਟ 'ਤੇ ਦਿੱਤੇ ਤੱਥਾਂ ਉਤੇ ਨਿਰਪੱਖ ਹੋ ਕੇ ਕਾਰਵਾਈ ਕਰਨ। ਇਹ ਮੰਗ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੀਤੀ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਮੁੱਖ ਮੰਤਰੀ ਪੰਜਾਬ ਦੇ ਲੋਕਾਂ ਨੂੰ ਸਹੀ ਜਾਣਕਾਰੀ ਨਹੀਂ ਦਿੰਦੇ ਉਦੋਂ ਤੱਕ ਪੰਥਕ ਧਿਰਾਂ ਤੇ ਸਿੱਖ ਸੰਗਤ ਸੰਤੁਸ਼ਟ ਨਹੀਂ ਹੋਵੇਗੀ।

ਸ੍ਰੀ ਮਾਨ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਬਰਗਾੜੀ 'ਚ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਸਜ਼ਾ ਕੱਟ ਚੁੱਕੇ ਸਿੱਖ ਆਗੂਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਧਰਨੇ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਉਨ੍ਹਾਂ ਆਖਿਆ ਕਿ ਜਥੇਦਾਰ ਮੰਡ ਵੱਲੋਂ ਸ਼ਾਂਤਮਈ ਮੋਰਚਾ ਲਾਇਆ ਗਿਆ ਹੈ ਤੇ ਉਹ ਅਮਨ ਪਸੰਦ ਤਰੀਕੇ ਨਾਲ ਚੱਲ ਰਹੇ ਹਨ। ਉਨ੍ਹਾਂ ਆਖਿਆ ਕਿ ਹੁਣ ਇਹ ਮੋਰਚਾ ਦਿਨੋਂ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਨੂੰ ਚਾਰੇ ਪਾਸਿਉਂ ਹਮਾਇਤ ਮਿਲ ਰਹੀ ਹੈ। ਉਨ੍ਹਾਂ ਆਖਿਆ ਕਿ ਅਫ਼ਗਾਨਿਸਤਾਨ ਵਿਚ 17 ਸਿੱਖਾਂ ਦੀ ਮੌਤ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੁਝ ਕਰਨਾ ਚਾਹੀਦਾ ਹੈ।

# ਨਾਮੀ ਗੈਂਗਸਟਰ ਦਿਲਪ੍ਰੀਤ ਬਾਬਾ ਚੜ੍ਹਿਆ ਪੁਲਿਸ ਦੇ ਧੱਕੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਚੰਡੀਗੜ੍ਹ ਪੁਲਿਸ ਦੇ ਸਹਿਯੋਗ ਨਾਲ ਖਤਰਨਾਕ ਗੈਂਗਸਟਰ ਬਾਬਾ ਦਿਲਪ੍ਰੀਤ ਸਿੰਘ ਢਾਹਾਂ ਨੂੰ ਸੈਕਟਰ 43 ਦੇ ਬੱਸ ਅੱਡੇ ਨੇੜਿਉਂ ਗ੍ਰਿਫਤਾਰ ਕਰ ਲਿਆ ਹੈ। ਉਸ ਨੇ ਦਾੜ੍ਹੀ ਅਤੇ ਕੇਸ ਕਟਾ ਕੇ ਆਪਣਾ ਰੂਪ ਬਦਲਿਆ ਹੋਇਆ ਸੀ ਪਰ ਪੱਕੀ ਸੂਹ ਲੱਗਣ ਕਾਰਨ ਉਹ ਪੁਲਿਸ ਦੀ ਅੱਖ ਤੋਂ ਨਹੀਂ ਬੱਚ ਸਕਿਆ।

ਚੰਡੀਗੜ੍ਹ ਅਤੇ ਪੰਜਾਬ ਪੁਲਿਸ ਦੀਆਂ ਟੀਮਾਂ ਨਾਲ ਮੁਕਾਬਲੇ ਦੌਰਾਨ ਗੈਂਗਸਟਰ ਦੇ ਪੱਟ ਉਪਰ ਗੋਲੀ ਲੱਗੀ ਹੈ। ਜ਼ਿਕਰਯੋਗ ਹੈ ਕਿ ਦਿਲਪ੍ਰੀਤ ਸੈਕਟਰ 38 ਵੈਸਟ ਦੇ ਗੁਰਦੁਆਰੇ ਦੇ ਬਾਹਰ ਹੁਸ਼ਿਆਰਪੁਰ ਦੇ ਇਕ ਪਿੰਡ ਦੇ ਸਰਪੰਚ ਸਤਨਾਮ ਸਿੰਘ ਦਾ ਸ਼ਰੇਆਮ ਕਤਲ ਕਰਨ ਦੇ ਮਾਮਲੇ ਵਿਚ ਚੰਡੀਗੜ੍ਹ ਪੁਲਿਸ ਨੂੰ ਲੋੜੀਂਦਾ ਸੀ। ਉਸ ਨੇ ਪੰਜਾਬੀ ਗਾਇਕ ਪਰਮੀਸ਼ ਵਰਮਾ ਨੂੰ ਗੋਲੀ ਵੀ ਮਾਰੀ ਸੀ ਅਤੇ ਕੁਝ ਦਿਨ ਪਹਿਲਾਂ ਗਾਇਕ ਤੇ ਅਭਿਨੇਤਾ ਗਿੱਪੀ ਗਰੇਵਾਲ ਨੂੰ ਮਾਰਨ ਦੀ ਧਮਕੀ ਵੀ ਦਿੱਤੀ ਸੀ। ਦਿਲਪ੍ਰੀਤ ਫੇਸਬੁੱਕ ਰਾਹੀਂ ਕਈ ਹਸਤੀਆਂ ਨੂੰ ਧਮਕੀਆਂ ਦੇ ਚੁੱਕਾ ਹੈ ਅਤੇ ਪੰਜਾਬ ਵਿਚ ਉਸ ਖਿਲਾਫ਼ 25 ਦੇ ਕਰੀਬ ਕੇਸ ਦਰਜ ਹਨ।

ਸੂਤਰਾਂ ਅਨੁਸਾਰ ਪੰਜਾਬ ਪੁਲਿਸ ਨੂੰ ਦਿਲਪ੍ਰੀਤ ਦੇ ਸੈਕਟਰ 43 ਸਥਿਤ ਅੰਤਰਰਾਜੀ ਬੱਸ ਅੱਡੇ ਨੇੜੇ ਪਹੁੰਚਣ ਦੀ ਸੂਹ ਮਿਲੀ ਸੀ। ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਤੇ ਜਲੰਧਰ ਦਿਹਾਤੀ ਪੁਲਿਸ ਦੀਆਂ ਟੀਮ ਚੰਡੀਗੜ੍ਹ ਵਿਚ ਸਰਗਰਮ ਸੀ। ਇਸ ਦੌਰਾਨ ਪੰਜਾਬ ਪੁਲਿਸ ਟੀਮ ਦੀ ਬੱਸ ਅੱਡੇ ਦੇ ਬਾਹਰ ਪਾਰਕਿੰਗ ਨੇੜੇ ਦੁਪਹਿਰ 12:25 ਵਜੇ ਦਿਲਪ੍ਰੀਤ ਦੀ ਕਾਰ ਉਪਰ ਨਜ਼ਰ ਪਈ। ਪੁਲਿਸ ਦੇ ਇਕ ਅਧਿਕਾਰੀ ਨੇ ਕਾਰ ਦੇ ਅਗਲੇ ਸ਼ੀਸ਼ੇ 'ਤੇ ਇੱਟ ਮਾਰੀ ਤਾਂ ਦਿਲਪ੍ਰੀਤ ਨੇ ਕਾਰ ਪਿੱਛੇ ਵੱਲ ਭਜਾ ਲਈ। ਉਥੇ ਪਹਿਲਾਂ ਹੀ ਚੰਡੀਗੜ੍ਹ ਦੀ ਅਪਰਾਧ ਸ਼ਾਖਾ ਦਾ ਇੰਸਪੈਕਟਰ ਅਮਨਜੋਤ ਸਿੰਘ ਨਿੱਜੀ ਫੋਰਚੂਨਰ ਗੱਡੀ ਵਿਚ ਟੀਮ ਸਮੇਤ ਤਾਇਨਾਤ ਸੀ ਅਤੇ ਉਸ ਨੇ ਗੱਡੀ ਦਿਲਪ੍ਰੀਤ ਦੀ ਬੈਕ ਆ ਰਹੀ ਕਾਰ ਵਿਚ ਮਾਰ ਦਿੱਤੀ। ਪੁਲਿਸ ਅਨੁਸਾਰ ਫਿਰ ਦਿਲਪ੍ਰੀਤ ਨੇ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ। ਇਸ ਦੇ ਜਵਾਬ 'ਚ ਪੰਜਾਬ ਪੁਲਿਸ ਨੇ ਵੀ ਗੋਲੀ ਚਲਾਈ ਜੋ ਦਿਲਪ੍ਰੀਤ ਦੇ ਪੱਟ ਉਪਰ ਲੱਗੀ ਅਤੇ ਪੁਲਿਸ ਨੇ ਉਸ ਨੂੰ ਦਬੋਚ ਲਿਆ। ਦਿਲਪ੍ਰੀਤ ਦੀ ਕਾਰ ਕੋਲ ਉਸ ਦਾ ਕਾਲੇ ਰੰਗ ਦਾ ਰਿਵਾਲਵਰ ਡਿੱਗਾ ਪਿਆ ਸੀ ਅਤੇ ਕਾਰ ਵਿਚ ਫੋਇਲ ਪੇਪਰ ਤੇ ਲਾਈਟਰ ਮਿਲਿਆ ਹੈ। ਕਾਰ ਦੀ ਡਿੱਕੀ ਵਿਚੋਂ 310 ਬੋਰ ਦੀ ਬੰਦੂਕ, 59 ਕਾਰਤੂਸ, 2 ਹਾਕੀਆਂ ਅਤੇ ਨਕਲੀ ਦਾੜ੍ਹੀ ਬਰਾਮਦ ਹੋਈ ਹੈ।



### ਆਤਮ ਸਮਰਪਣ ਕਰਨਾ ਚਾਹੁੰਦਾ ਸੀ ਦਿਲਪ੍ਰੀਤ ਸਿੰਘ

**ਕੀਰਤਪੁਰ ਸਾਹਿਬ:** ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਦੀ ਮਾਤਾ ਸੁਰਿੰਦਰ ਕੌਰ ਅਤੇ ਭੈਣ ਰਮਨਪ੍ਰੀਤ ਕੌਰ ਨੇ ਕਿਹਾ ਕਿ ਦਿਲਪ੍ਰੀਤ ਆਤਮ ਸਮਰਪਣ ਕਰਨਾ ਚਾਹੁੰਦਾ ਸੀ। ਪਰਿਵਾਰ ਵੱਲੋਂ ਮੀਡੀਆ ਜ਼ਰੀਏ ਦਿਲਪ੍ਰੀਤ ਨੂੰ ਆਤਮ ਸਮਰਪਣ ਕਰਨ ਦੀ ਵਾਰ-ਵਾਰ ਕੀਤੀ ਗਈ ਅਪੀਲ ਦਾ ਉਸ ਉਤੇ ਕਾਫੀ ਅਸਰ ਹੋਇਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਦਿਲਪ੍ਰੀਤ ਦੇ ਅਪਰਾਧ ਦੀ ਦੁਨੀਆਂ 'ਚ ਦਾਖਲ ਹੋਣ ਪਿੱਛੇ ਪਿੰਡ ਦੇ ਹੀ ਕੁਝ ਵਿਅਕਤੀਆਂ ਦੀ ਭੂਮਿਕਾ ਰਹੀ ਹੈ।

### ਇੰਜੀਨੀਅਰ ਬਣਨ ਦਾ ਸੁਪਨਾ ਵੇਖਣ ਵਾਲਾ ਦਿਲਪ੍ਰੀਤ ਇੰਜ ਪਿਆ ਜੁਰਮ ਦੇ ਰਾਹ

**ਚੰਡੀਗੜ੍ਹ:** ਇੰਜੀਨੀਅਰ ਬਣਨ ਦਾ ਸੁਪਨਾ ਵੇਖਣ ਵਾਲਾ ਦਿਲਪ੍ਰੀਤ ਬਾਬਾ ਕਿਵੇਂ ਨਾਮੀ ਗੈਂਗਸਟਰ ਬਣ ਗਿਆ, ਇਹ ਕਹਾਣੀ ਕਾਫੀ ਦਿਲਚਸਪ ਹੈ। ਦਿਲਪ੍ਰੀਤ ਨੂਰਪੁਰ ਬੇਦੀ ਦੇ ਧਾਹਾਂ ਪਿੰਡ ਦਾ ਵਸਨੀਕ ਹੈ। ਇਹ ਮਕੈਨੀਕਲ ਦਾ ਡਿਪਲੋਮਾ ਕਰ ਰਿਹਾ ਸੀ। ਪਿੰਡ 'ਚ ਗੈਂਗਸਟਰ ਪਰਮਿੰਦਰ ਪਿੰਦਰੀ ਨਾਲ ਉਸ ਦੀ ਪਹਿਲੀ ਲੜਾਈ ਹੋਈ।

ਇਹ ਝਗੜਾ ਖੇਤਾਂ ਨੂੰ ਪਾਣੀ ਲਾਉਣ ਦੇ ਮਸਲੇ ਉਤੇ ਸ਼ੁਰੂ ਹੋਇਆ। ਦੱਸਿਆ ਜਾਂਦਾ ਹੈ ਕਿ ਪਿੰਦਰੀ ਨੇ ਹੀ ਬਾਬਾ ਨੂੰ ਉਹ ਸੱਟਾਂ ਮਾਰੀਆਂ ਜਿਸ ਨੇ ਉਸ ਦੀ ਸ਼ੁਰੂਆਤੀ ਜ਼ਿੰਦਗੀ ਹਲਾ ਕੇ ਰੱਖ ਦਿੱਤੀ। ਬਾਬਾ ਨੂੰ ਮੋਟਰਸਾਈਕਲ ਉਤੇ ਘੜੀਸ ਕੇ ਲਹੂ ਲੁਹਾਨ ਵੀ ਕੀਤਾ ਗਿਆ ਅਤੇ ਗਰਲਜ਼ ਸਕੂਲ ਦੇ ਅੰਦਰ ਬੰਨ੍ਹ ਕੇ ਦਿਲਪ੍ਰੀਤ ਦੀਆਂ ਹੱਡੀਆਂ ਵੀ ਤੋੜੀਆਂ ਗਈਆਂ। ਇਸੇ ਦਾ ਬਦਲਾ ਲੈਣ ਲਈ ਦਿਲਪ੍ਰੀਤ ਨੇ ਹਥਿਆਰਾਂ ਨਾਲ ਯਾਰੀ ਪਾ ਲਈ।

ਅੱਜ ਦਿਲਪ੍ਰੀਤ ਪੰਜਾਬ ਸਮੇਤ ਕਈ ਸੂਬਿਆਂ ਦੀ ਪੁਲਿਸ ਲਈ ਵੱਡੀ ਸਿਰਦਰਦ ਬਣ ਚੁੱਕਿਆ ਸੀ। ਮਸ਼ਹੂਰ ਰਿੰਡਾ ਗੈਂਗ ਦੇ ਮੈਂਬਰ ਦਿਲਪ੍ਰੀਤ ਨੇ ਜੁਰਮ ਦੀਆਂ ਦੁਨੀਆਂ ਵਿਚ ਕਈ ਪੰਗੇ ਲਏ। 2016 ਵਿਚ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਣ ਮਗਰੋਂ 2 ਸਾਲ ਤੱਕ ਪੁਲਿਸ ਨੂੰ ਭਾਜੜਾਂ ਪਾਈ ਰੱਖੀਆਂ। ਦਿਲਪ੍ਰੀਤ ਬਾਬਾ ਅਤੇ ਉਸ ਦੇ ਸਾਥੀ ਗੋਲੀਆਂ ਚਲਾਉਣ ਦੇ ਅਜਿਹੇ ਸ਼ੌਕੀਨ ਸਨ ਕਿ ਪਹਿਲਾਂ 2016 ਵਿਚ ਉਨ੍ਹਾਂ ਇਕ ਗੈਂਗਸਟਰ ਵਿਵੇਕ ਸ਼ਰਮਾ ਉਤੇ ਗੋਲੀਆਂ ਚਲਾਈਆਂ। ਉਸ ਤੋਂ ਬਾਅਦ ਅਪਰੈਲ 2017 ਵਿਚ ਬਾਹਮਣ ਮਾਜਰਾ ਪਿੰਡ ਦੇ ਇਕ ਸ਼ਖਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਫਿਰ ਜਦ 2017 ਵਿਚ ਦਿਲਪ੍ਰੀਤ ਵੱਲੋਂ ਖੁਰਦ ਪਿੰਡ ਦੇ ਸਰਪੰਚ ਨੂੰ ਗੋਲੀਆਂ ਮਾਰ ਕੇ ਹਲਾਕ ਕੀਤਾ ਤਾਂ ਉਸ ਦੀਆਂ ਤਸਵੀਰਾਂ ਮੋਬਾਈਲ ਕੈਮਰੇ ਵਿਚ ਵੀ ਕੈਦ ਹੋ ਗਈਆਂ ਸਨ।

2018 ਵਿਚ ਪਰਮੀਸ਼ ਵਰਮਾ ਉਤੇ ਹਮਲਾ ਕਰਨ ਤੋਂ ਬਾਅਦ ਦਿਲਪ੍ਰੀਤ ਨੇ ਬਕਾਇਦਾ ਫੇਸਬੁੱਕ ਪੋਸਟ ਪਾ ਕੇ ਪੁਲਿਸ ਨੂੰ ਵੰਗਾਰਿਆ। ਸਿਲਸਿਲਾ ਇਥੇ ਹੀ ਨਹੀਂ ਰੁਕਿਆ, ਸਗੋਂ ਸਿੰਗਰ ਗਿੱਪੀ ਗਰੇਵਾਲ ਨੂੰ ਵੀ ਜਾਨੋਂ ਮਾਰਨ ਦੀ ਧਮਕੀ ਦੇ ਦਿੱਤੀ। ਅੱਜ ਦਿਲਪ੍ਰੀਤ ਬਾਬਾ ਉਤੇ ਕਤਲ ਅਤੇ ਲੁੱਟਾਂ-ਖੋਹਾਂ ਦੇ ਕਰੀਬ 16 ਮਾਮਲੇ ਦਰਜ ਹਨ। ਇਸ ਤੋਂ ਪਹਿਲਾਂ ਦਿਲਪ੍ਰੀਤ ਦੀ ਮਾਂ ਨੇ ਵੀ ਉਸ ਨੂੰ ਪੁਲਿਸ ਅੱਗੇ ਸਰੰਡਰ ਕਰਨ ਦੀ ਅਪੀਲ ਕੀਤੀ ਸੀ।

## ਗੈਂਗਸਟਰ ਮੁੰਨਾ ਬਜਰੰਗੀ ਦੀ ਜੇਲ੍ਹ 'ਚ ਹੱਤਿਆ

**ਬਾਗਪਤ:** ਖਤਰਨਾਕ ਗੈਂਗਸਟਰ ਪ੍ਰੇਮ ਪ੍ਰਕਾਸ਼ ਸਿੰਘ ਉਰਫ ਮੁੰਨਾ ਬਜਰੰਗੀ ਦਾ ਜੇਲ੍ਹ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਉਸ ਨੂੰ ਝਾਂਸੀ ਜੇਲ੍ਹ ਵਿਚੋਂ ਇਥੇ ਲਿਆਂਦਾ ਗਿਆ ਸੀ ਤੇ ਬਹੁਜਨ ਸਮਾਜ ਪਾਰਟੀ ਦੇ ਇਕ ਵਿਧਾਇਕ ਕੋਲੋਂ ਫਿਰੌਤੀ ਮੰਗਣ ਦੇ ਮਾਮਲੇ ਵਿਚ ਸਥਾਨਕ ਅਦਾਲਤ 'ਚ ਉਸ ਦੀ ਪੇਸ਼ੀ ਸੀ। ਬਜਰੰਗੀ ਨੂੰ ਸਾਬਕਾ ਭਾਜਪਾ ਵਿਧਾਇਕ ਕ੍ਰਿਸ਼ਨਾਨੰਦ ਰਾਏ ਦੀ ਹੱਤਿਆ ਦੇ ਮਾਮਲੇ ਵਿਚ ਵੀ ਨਾਮਜ਼ਦ ਕੀਤਾ ਗਿਆ ਸੀ।

ਬਜਰੰਗੀ ਦੀ ਹੱਤਿਆ ਕਰਨ ਵਾਲੇ ਦੀ ਪਛਾਣ ਸੁਨੀਲ ਰਾਠੀ ਵਜੋਂ ਦੱਸੀ ਗਈ ਹੈ, ਜੋ ਖੁਦ ਇਕ ਗੈਂਗਸਟਰ ਹੈ। ਉਹ ਪਿਛਲੇ ਸਾਲ 31 ਜੁਲਾਈ ਤੋਂ ਬਾਗਪਤ ਦੀ ਜੇਲ੍ਹ 'ਚ ਬੰਦ ਹੈ। ਰਾਠੀ ਨੂੰ ਹਿਰਾਸਤ ਵਿਚ ਲੈਣ ਮਗਰੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਯੋਗੀ ਆਦਿੱਤਿਅਨਾਥ ਨੇ ਕਤਲ ਦੀ ਇਸ ਵਾਰਦਾਤ ਨੂੰ ਗੰਭੀਰ ਦੱਸਦਿਆਂ ਜਾਂਚ ਦੇ ਹੁਕਮ ਦਿੱਤੇ ਹਨ। ਘਟਨਾ ਮਗਰੋਂ ਇਕ ਜੇਲ੍ਹ ਅਧਿਕਾਰੀ ਸਣੇ ਚਾਰ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਗਿਆ ਹੈ। ਗੈਂਗਸਟਰ ਦੀ ਪਤਨੀ



ਨੇ ਹਾਲ ਹੀ ਵਿਚ ਕੀਤੀ ਇਕ ਮੀਡੀਆ ਕਾਨਫਰੰਸ ਵਿਚ ਦੋਸ਼ ਲਾਇਆ ਸੀ ਕਿ ਉਸ ਦੇ ਪਤੀ ਦੀ ਹੱਤਿਆ ਦੀ ਸਾਜ਼ਿਸ਼ ਘੜੀ ਜਾ ਰਹੀ ਹੈ।

## ਨਸ਼ੇ ਛੱਡਣ ਵਾਲਿਆਂ ਨੂੰ ਮਿਲੇਗੀ ਸਰਕਾਰੀ ਨੌਕਰੀ

**ਪਟਿਆਲਾ:** ਨਸ਼ਿਆਂ ਦੇ ਮਾਮਲੇ ਵਿਚ ਮੁਲਾਜ਼ਮਾਂ ਦੇ ਡੋਪ ਟੈਸਟ ਨੂੰ ਲੈ ਕੇ ਨੁਕਤਾਚੀਨੀ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਨੇ ਹੁਣ



ਨਸ਼ਿਆਂ ਤੋਂ ਸੁਰਖਰੂ ਹੋਣ ਵਾਲੇ ਨੌਜਵਾਨਾਂ ਨੂੰ ਨੌਕਰੀਆਂ ਮੁਹੱਈਆ ਕਰਵਾਉਣ ਦਾ ਇਕ ਹੋਰ ਨਿਵੇਕਲਾ ਫੈਸਲਾ ਲਿਆ ਹੈ। ਇਹ ਐਲਾਨ ਸਿਹਤ ਅਤੇ ਪਰਿਵਾਰ ਭਲਾਈ ਤੇ ਮੈਡੀਕਲ ਖੋਜ ਤੇ ਸਿੱਖਿਆ ਮੰਤਰੀ ਬ੍ਰਹਮ ਮਹਿੰਦਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚਾਹੁੰਦੇ ਹਨ ਕਿ ਪੰਜਾਬ ਦਾ ਨੌਜਵਾਨ ਨਸ਼ੇ ਦੀ ਲਤ ਦਾ ਸ਼ਿਕਾਰ ਨਾ ਰਹੇ। ਨਸ਼ੇ 'ਚ ਗ੍ਰਸਤ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਕੇ ਹੁਨਰ ਵਿਕਾਸ ਰਾਹੀਂ ਉਨ੍ਹਾਂ ਦੇ ਮੁੜ ਵਸੇਬੇ ਲਈ ਸਰਕਾਰੀ ਤੇ ਗੈਰ ਸਰਕਾਰੀ ਖੇਤਰਾਂ 'ਚ ਨੌਕਰੀਆਂ ਦੇ ਮੌਕੇ ਵੀ ਮੁਹੱਈਆ ਕਰਵਾਏ ਜਾਣਗੇ।

ਸ੍ਰੀ ਮਹਿੰਦਰਾ ਨੇ ਕਿਹਾ ਕਿ ਨਸ਼ਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ ਨਫਰਤ ਦੀ ਨਜ਼ਰ ਨਾਲ ਦੇਖਣ ਦੀ ਥਾਂ, ਉਨ੍ਹਾਂ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਕੰਮ ਲਈ ਸਰਕਾਰ ਦੇ 88 ਨਸ਼ਾ ਮੁਕਤੀ ਕੇਂਦਰ ਸਥਾਪਤ ਹਨ। ਮੁੱਖ ਮੰਤਰੀ ਨੇ ਆਪਣੀ ਸਹੁੰ ਪੂਰੀ ਕਰਦਿਆਂ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਲਈ ਐਸ.ਟੀ.ਐਫ. ਦਾ ਗਠਨ ਕੀਤਾ ਹੈ। ਨਸ਼ਾ ਛੱਡਣ ਵਾਲੇ ਨੌਜਵਾਨਾਂ ਦੇ ਨਸ਼ਾ ਛੁਡਾਊ ਗੋਲੀਆਂ ਦੇ ਆਦੀ ਹੋ ਜਾਣ ਦੀ ਧਾਰਨਾ ਨੂੰ ਗਲਤ ਦੱਸਦਿਆਂ, ਉਨ੍ਹਾਂ ਕਿਹਾ ਕਿ ਇਸ ਲਈ ਸਿਹਤ ਵਿਭਾਗ 'ਜ਼ੀਰੋ ਟਾਲਰੈਂਸ' ਦੀ ਨੀਤੀ ਉਤੇ ਕੰਮ ਕਰ ਰਿਹਾ ਹੈ। ਇਸ ਨਾਲ ਨਾ ਸਿਰਫ ਨਸ਼ਿਆਂ ਦੀ ਮੰਗ ਖਤਮ ਹੋਵੇਗੀ ਬਲਕਿ ਇਸ ਦੇ ਚੰਗੇ ਨਤੀਜੇ ਆਉਣਗੇ।

# ਸਤਿਕਾਰ ਕਮੇਟੀ ਤੇ ਨਿਹੰਗਾਂ ਵਿਚਾਲੇ ਖੂਨੀ ਝੜਪ

**ਅੰਮ੍ਰਿਤਸਰ:** ਨਿਹੰਗ ਸਿੰਘਾਂ ਦੀਆਂ ਕੁਝ ਵੀਡੀਓਜ਼ ਸੋਸ਼ਲ ਮੀਡੀਆ ਉਤੇ ਪਾਏ ਜਾਣ ਦੇ ਵਿਰੋਧ ਕਾਰਨ ਇਥੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਕਾਰਕੁਨਾਂ ਅਤੇ ਨਿਹੰਗ ਜਥੇਬੰਦੀ ਦੇ ਮੈਂਬਰਾਂ ਵਿਚਾਲੇ ਸ਼ੁਰੂ ਹੋਈ ਤਕਰਾਰ ਖੂਨੀ ਝੜਪ ਵਿਚ ਬਦਲ ਗਈ ਜਿਸ ਵਿਚ ਦੋ ਨਿਹੰਗ ਜ਼ਖਮੀ ਹੋ ਗਏ। ਇਥੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਇਲਾਜ ਲਈ ਦਾਖਲ ਇਕ ਨਿਹੰਗ ਉਤੇ ਸਤਿਕਾਰ ਕਮੇਟੀ ਦੇ ਕਾਰਕੁਨਾਂ ਵੱਲੋਂ ਹਮਲਾ ਕੀਤਾ ਗਿਆ।

ਜ਼ਖ਼ਮੀ ਹੋਏ ਨਿਹੰਗਾਂ ਦੀ ਸ਼ਨਾਖਤ ਰਣਜੀਤ ਸਿੰਘ ਅਤੇ ਮਨਜੀਤ ਸਿੰਘ ਵਜੋਂ ਹੋਈ ਹੈ। ਰਣਜੀਤ ਸਿੰਘ ਪਹਿਲਾਂ ਹੀ ਜ਼ਖਮੀ ਸੀ ਅਤੇ ਇਥੇ ਜੇਰੇ ਇਲਾਜ ਸੀ। ਮਨਜੀਤ ਸਿੰਘ ਉਸ ਦਾ ਹਾਲ-ਚਾਲ ਪੁੱਛਣ ਲਈ ਆਇਆ ਸੀ ਕਿ ਇਸ ਦੌਰਾਨ ਕੁਝ ਵਿਅਕਤੀਆਂ ਨੇ ਇਨ੍ਹਾਂ ਉਤੇ ਹਮਲਾ ਕਰ ਦਿੱਤਾ। ਮੌਕੇ 'ਤੇ ਹਾਜ਼ਰ ਕੁਝ ਨਿਹੰਗ ਜਾਨ ਬਚਾਉਣ ਲਈ ਭੱਜ ਗਏ ਪਰ ਇਹ ਦੋਵੇਂ ਹਮਲਾਵਰਾਂ ਦੇ ਹੱਥੇ ਚੜ੍ਹ ਗਏ। ਹਮਲਾਵਰਾਂ ਨੇ ਹਸਪਤਾਲ ਦੇ ਵਾਰਡ ਵਿਚ ਭੰਨ ਤੋੜ ਵੀ ਕੀਤੀ। ਇਸ ਮਗਰੋਂ ਹਮਲਾਵਰ ਭੱਜ ਗਏ। ਦੱਸਣਯੋਗ ਹੈ ਕਿ ਦੋਵਾਂ ਧੜਿਆਂ ਵਿਚਾਲੇ ਇਹ ਝਗੜਾ ਪਿਛਲੇ ਕੁਝ ਦਿਨਾਂ ਤੋਂ ਚੱਲ ਰਿਹਾ ਸੀ। ਇਸ ਝਗੜੇ ਨੂੰ ਖਤਮ ਕਰਨ ਲਈ ਦੋਵਾਂ ਧੜਿਆਂ ਦੇ ਆਗੂਆਂ ਵੱਲੋਂ ਚੋਗਾਵਾਂ ਨੇੜੇ ਇਕ ਡੇਰੇ ਵਿਚ ਗੱਲਬਾਤ ਕਰਨ ਲਈ ਮੀਟਿੰਗ ਵੀ ਰੱਖੀ ਗਈ ਸੀ ਪਰ ਇਹ ਮੀਟਿੰਗ ਵੀ ਝਗੜੇ ਵਿਚ ਬਦਲ ਗਈ। ਸਤਿਕਾਰ ਕਮੇਟੀ ਦੇ ਇਕ ਆਗੂ ਰਣਜੀਤ ਸਿੰਘ ਦੀ ਨਿਹੰਗਾਂ ਵੱਲੋਂ ਕੁੱਟਮਾਰ ਕੀਤੀ ਗਈ। ਇਸ ਦੀ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੈ। ਵੀਡੀਓ ਵਿਚ ਨਿਹੰਗਾਂ ਵੱਲੋਂ ਕੀਤੀ ਕੁੱਟਮਾਰ ਤੋਂ ਰਣਜੀਤ ਸਿੰਘ (ਸਤਿਕਾਰ ਕਮੇਟੀ) ਨੂੰ ਪੁਲਿਸ ਵੱਲੋਂ ਬਚਾਅ ਕੇ ਲਿਆਂਦਾ ਗਿਆ ਹੈ।

ਇਸ ਦੌਰਾਨ ਗੁਰੂ ਨਾਨਕ ਦੇਵ ਹਸਪਤਾਲ ਵਿਚ ਜੇਰੇ ਇਲਾਜ ਨਿਹੰਗਾਂ ਉਤੇ ਕੁਝ ਵਿਅਕਤੀਆਂ ਨੇ ਹਮਲਾ ਕਰ ਦਿੱਤਾ, ਜਿਸ ਬਾਰੇ ਨਿਹੰਗ ਸਿੰਘ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਜਥੇਦਾਰ ਬਾਬਾ ਨਰੈਣ ਸਿੰਘ ਨੇ ਦੋਸ਼ ਲਾਇਆ ਕਿ ਇਹ ਹਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਕਾਰਕੁਨਾਂ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਕਾਰਕੁਨ ਤੇਜ਼ਧਾਰ ਹਥਿਆਰਾਂ ਨਾਲ ਲੈਸ ਸਨ ਅਤੇ ਇਨ੍ਹਾਂ ਨੇ ਨਿਹੰਗਾਂ ਉਤੇ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕਰ ਦਿੱਤਾ ਹੈ। ਦੂਜੇ ਪਾਸੇ ਸਤਿਕਾਰ ਕਮੇਟੀ ਦੇ ਆਗੂ ਬਲਬੀਰ ਸਿੰਘ ਮੁੱਛਲ ਨੇ ਹਮਲੇ ਬਾਰੇ ਅਗਿਆਨਤਾ ਪ੍ਰਗਟ ਕਰਦਿਆਂ ਆਖਿਆ ਕਿ ਉਨ੍ਹਾਂ ਦੇ ਇਕ ਸਾਥੀ ਨੇ ਨਿਹੰਗਾਂ ਨੂੰ ਘਰ-ਘਰ ਜਾ ਕੇ ਮੰਗਣ ਤੋਂ ਰੋਕਿਆ ਸੀ। ਇਸ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਇਸੇ ਕਾਰਨ ਨਿਹੰਗ ਜਥੇਬੰਦੀਆਂ ਇਤਰਾਜ਼ ਪ੍ਰਗਟਾ ਰਹੀਆਂ ਸਨ। ਇਸ



ਮਾਮਲੇ ਨੂੰ ਗੱਲਬਾਤ ਰਾਹੀ ਖਤਮ ਕਰਨ ਲਈ ਲੋਪੋਕੇ ਚੋਗਾਵਾਂ ਵਿਚ ਮੀਟਿੰਗ ਰੱਖੀ ਗਈ ਸੀ ਪਰ ਮੀਟਿੰਗ ਤੋਂ ਬਾਅਦ ਉਨ੍ਹਾਂ ਦੇ ਸਾਥੀ ਰਣਜੀਤ ਸਿੰਘ (ਸਤਿਕਾਰ ਕਮੇਟੀ) ਆਦਿ ਦੀ ਕੁੱਟਮਾਰ ਕੀਤੀ ਗਈ ਅਤੇ ਉਸ ਨੂੰ ਬੰਦੀ ਵੀ ਬਣਾਇਆ ਗਿਆ।

## ਕਠੂਆ ਕੇਸ ਦੇ ਮੁਲਜ਼ਮਾਂ ਨੂੰ ਗੁਰਦਾਸਪੁਰ ਜੇਲ੍ਹ 'ਚ ਤਬਦੀਲ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਠੂਆ ਸਮੂਹਿਕ ਜਬਰ ਜਨਾਹ ਤੇ ਕਤਲ ਕੇਸ ਦੇ ਮੁਲਜ਼ਮਾਂ ਨੂੰ ਜੰਮੂ ਤੇ ਕਸ਼ਮੀਰ ਦੀ ਕਠੂਆ ਜੇਲ੍ਹ ਤੋਂ ਪੰਜਾਬ ਦੇ ਗੁਰਦਾਸਪੁਰ ਜੇਲ੍ਹ ਵਿਚ ਤਬਦੀਲ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਜੰਮੂ ਤੇ ਕਸ਼ਮੀਰ ਪੁਲਿਸ ਨੂੰ ਹੁਕਮ ਕੀਤੇ ਹਨ ਕਿ ਉਹ ਇਸ ਮਾਮਲੇ ਵਿਚ ਅੱਠ ਹਫਤਿਆਂ ਦੇ ਅੰਦਰ ਸਪਲੀਮੈਂਟਰੀ ਚਾਰਜਸ਼ੀਟ ਦਾਖਲ ਕਰੇ। ਸਿਖਰਲੀ ਅਦਾਲਤ ਨੇ ਕੇਸ ਦੇ ਲਿਟੀਗੈਂਟਸ (ਵਾਦੀਆਂ) ਨੂੰ ਕਿਹਾ ਕਿ ਜੇਕਰ ਉਹ ਟਰਾਇਲ ਕੋਰਟ ਦੇ ਹੁਕਮਾਂ ਤੋਂ ਸੰਤੁਸ਼ਟ ਨਹੀਂ ਤਾਂ ਉਨ੍ਹਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਜਾਣ ਦੀ ਪੂਰੀ ਖੁੱਲ੍ਹ ਹੈ।

## ਏ. ਐਸ. ਆਈ. ਨੂੰ ਮੰਤਰੀ ਦੇ ਗੋਡੀਂ ਪੈਣਾ ਪਿਆ ਮਹਿੰਗਾ

**ਬਟਾਲਾ:** ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਪੁਲਿਸ ਮੁਲਾਜ਼ਮ ਨੂੰ ਕੈਬਨਿਟ ਮੰਤਰੀ ਦੇ ਪੈਰੀਂ ਹੱਥ ਲਾਉਣ ਉਤੇ ਮੁਅੱਤਲ ਕੀਤਾ ਗਿਆ ਹੋਵੇ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਹੁਕਮਾਂ ਉਤੇ ਥਾਣਾ ਫਤਿਹਗੜ੍ਹ ਚੂੜੀਆਂ ਦੇ ਏ.ਐਸ.ਆਈ. ਪਲਵਿੰਦਰ ਸਿੰਘ ਨੂੰ ਉਨ੍ਹਾਂ ਦੇ ਗੋਡੀਂ ਹੱਥ ਲਾਉਣ ਉਤੇ ਮੁਅੱਤਲ ਕਰ ਕੇ ਲਾਈਨ ਹਾਜ਼ਰ ਕੀਤਾ ਗਿਆ ਹੈ।

ਏ.ਐਸ.ਆਈ. ਪਲਵਿੰਦਰ ਸਿੰਘ ਜੋ ਕਿ ਬਤੌਰ ਤਫਤੀਸ਼ੀ ਅਫਸਰ ਥਾਣਾ ਫਤਿਹਗੜ੍ਹ ਚੂੜੀਆਂ ਵਿਚ ਤਾਇਨਾਤ ਹੈ, ਅਧਿਕਾਰੀਆਂ ਦੀ ਮਨਜ਼ੂਰੀ ਤੋਂ ਬਿਨਾਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਉਨ੍ਹਾਂ ਦੀ ਰਿਹਾਇਸ਼ ਕਾਦੀਆਂ ਮਿਲਣ ਗਏ ਸਨ। ਪੁਲਿਸ ਵਰਦੀ ਵਿਚ ਮੰਤਰੀ ਦੀ ਕੋਠੀ ਪਹੁੰਚ ਕੇ ਲੋਕਾਂ ਦੀ ਹਾਜ਼ਰੀ ਵਿਚ ਹੀ ਉਨ੍ਹਾਂ ਦੇ ਗੋਡਿਆਂ ਨੂੰ ਹੱਥ ਲਾ ਦਿੱਤੇ। ਮੰਤਰੀ ਨੇ ਹੀ ਸੀਨੀਅਰ ਅਧਿਕਾਰੀਆਂ ਨੂੰ ਇਸ ਬਾਰੇ ਜਾਣਕਾਰੀ ਦੇ ਕੇ ਕਾਰਵਾਈ ਕਰਨ ਲਈ ਕਿਹਾ ਸੀ। ਦੱਸਣਯੋਗ ਹੈ ਕਿ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਾਦੀਆਂ ਸਥਿਤ ਆਪਣੀ ਰਿਹਾਇਸ਼ ਤੇ ਚੰਡੀਗੜ੍ਹ ਸਥਿਤ ਦਫਤਰ ਤੇ ਰਿਹਾਇਸ਼ ਵਿਚ ਵਿਸ਼ੇਸ਼ ਨੋਟਿਸ ਲਗਾਏ ਹਨ ਕਿ ਮਿਲਣ ਵਾਲੇ ਸੱਜਣ ਉਨ੍ਹਾਂ ਦੇ ਪੈਰੀਂ ਹੱਥ ਲਾ ਕੇ ਸ਼ਰਮਿੰਦਾ ਨਾ ਕਰਨ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਵੱਲੋਂ ਖੱਟਰ ਦੀ ਟ੍ਰਾਈਸਿਟੀ ਯੋਜਨਾ ਦੀ ਤਜਵੀਜ਼ ਰੱਦ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਚੰਡੀਗੜ੍ਹ ਤੇ ਨਾਲ ਲੱਗਦੇ ਸ਼ਹਿਰਾਂ ਪੰਚਕੂਲਾ ਤੇ ਮੁਹਾਲੀ ਲਈ ਟ੍ਰਾਈਸਿਟੀ ਯੋਜਨਬੰਦੀ ਬੋਰਡ ਸਥਾਪਤ ਕਰਨ ਦੇ ਸੁਝਾਅ ਨੂੰ ਮੁੱਢੋਂ ਰੱਦ ਕਰਦਿਆਂ ਆਖਿਆ ਕਿ ਚੰਡੀਗੜ੍ਹ ਯਕੀਨੀ ਤੌਰ 'ਤੇ ਪੰਜਾਬ ਦਾ ਹਿੱਸਾ ਹੈ।

ਇਸ ਮੁੱਦੇ ਉਤੇ ਮੁੱਖ ਮੰਤਰੀ ਨੇ ਸਖਤ ਸਟੈਂਡ ਲੈਂਦਿਆਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਪ੍ਰਸਤਾਵ ਨਾਲ ਸਹਿਮਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਮਾਮਲੇ ਉਤੇ ਪੰਜਾਬ ਦੇ ਰਾਜਪਾਲ ਵੀ.ਪੀ.ਐਸ. ਬਦਨੌਰ ਨੇ ਵੀ ਇਹ ਕਹਿੰਦਿਆਂ ਹਮਾਇਤ ਕੀਤੀ ਕਿ ਤਿੰਨਾਂ ਸ਼ਹਿਰਾਂ ਦੇ ਵਿਕਾਸ ਨਾਲ ਸਬੰਧਤ ਮਾਮਲਿਆਂ ਉਤੇ ਪਹਿਲਾਂ ਹੀ ਤਾਲਮੇਲ ਹੁੰਦਾ ਰਹਿੰਦਾ ਹੈ। ਰਾਜਪਾਲ ਨੇ ਇਹ ਨੁਕਤਾ ਉਭਾਰਿਆ ਕਿ ਇਹ ਖਿੱਤਾ ਚੁਫੇਰਿਉਂ ਘਿਰਿਆ ਹੋਣ ਕਰਕੇ ਚੰਡੀਗੜ੍ਹ ਦਾ ਵਿਸਥਾਰ ਹੋਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਤੌਰ ਉਤੇ ਕਿਹਾ ਕਿ ਪੰਜਾਬ ਦੇਸ਼ ਦਾ ਇਕੋ ਇਕ ਸੂਬਾ ਹੈ ਜਿਸ ਕੋਲ ਆਪਣੀ ਰਾਜਧਾਨੀ ਨਹੀਂ ਹੈ ਤੇ ਇਸ ਦਾ ਚੰਡੀਗੜ੍ਹ 'ਤੇ ਇਤਿਹਾਸਕ ਹੱਕ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਵੱਖ ਵੱਖ ਇਕਰਾਰਨਾਮਿਆਂ ਵਿਚ ਚੰਡੀਗੜ੍ਹ, ਪੰਜਾਬ ਨੂੰ ਦਿੱਤਾ ਗਿਆ ਪਰ ਬਦਕਿਸਮਤੀ ਨਾਲ ਇਸ ਨੂੰ ਅਮਲੀ ਰੂਪ ਨਹੀਂ ਮਿਲਿਆ। ਕੈਪਟਨ ਅਤੇ ਸ੍ਰੀ ਬਦਨੌਰ ਨੇ ਟ੍ਰਾਈਸਿਟੀ ਨੂੰ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਵਜੋਂ ਨੈਸ਼ਨਲ ਕੈਪੀਟਲ ਰਿਜ਼ਨ (ਐਨ.ਸੀ.ਆਰ.) ਵਾਂਗ ਗਰੇਟਰ ਚੰਡੀਗੜ੍ਹ ਮੈਟਰੋਪੋਲੀਟਨ ਰਿਜ਼ਨ ਬਣਾਉਣ ਦੇ ਸੁਝਾਅ ਨੂੰ ਵੀ ਰੱਦ ਕਰ ਦਿੱਤਾ।

ਕੈਪਟਨ ਨੇ ਕਿਹਾ ਕਿ ਹੋਰ ਮੁੱਦੇ ਚੁੱਕਣ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਦਰਮਿਆਨ ਖੇਤਰੀ ਅਤੇ ਪਾਣੀਆਂ ਦੇ ਮੁੱਦੇ ਹੱਲ ਹੋਣੇ ਚਾਹੀਦੇ ਹਨ। ਹਰਿਆਣਾ ਕੋਲ ਦੋਵਾਂ ਸੂਬਿਆਂ ਦੀ ਸਿਰਫ 40 ਫੀਸਦੀ ਜ਼ਮੀਨ ਹੋਣ ਦੇ ਬਾਵਜੂਦ ਵੱਧ ਪਾਣੀ ਹੈ। ਉਨ੍ਹਾਂ ਨੇ ਯੂਨੀਵਰਸਿਟੀ ਨੂੰ ਚਲਾਉਣ ਲਈ ਸ੍ਰੀ ਖੱਟਰ ਵੱਲੋਂ ਯੋਗਦਾਨ ਪਾਉਣ ਦੀ ਕੀਤੀ ਪੇਸ਼ਕਸ਼ ਵੀ ਠੁਕਰਾ ਦਿੱਤੀ। ਮੁੱਖ ਮੰਤਰੀ ਨੇ ਚੰਡੀਗੜ੍ਹ ਯੂ.ਟੀ. ਵੱਲੋਂ ਪ੍ਰਸ਼ਾਸਨ ਵਿਚ ਪੰਜਾਬ ਦੀ 60% ਹਿੱਸੇਦਾਰੀ ਨੂੰ ਖੋਰਾ ਲਾ ਕੇ ਆਪਣਾ ਕਾਡਰ ਕਾਇਮ ਕਰਨ ਦਾ ਮੁੱਦਾ ਵੀ ਚੁੱਕਿਆ।

# ਪਾਕਿਸਤਾਨ ਦੇ ਪਹਿਲੇ ਪੁਲਿਸ ਸਿੱਖ ਅਫਸਰ ਨੂੰ ਘਰੋਂ ਕੱਢਿਆ

**ਜਲੰਧਰ:** ਪਾਕਿਸਤਾਨ ਦੇ ਪਹਿਲੇ ਸਿੱਖ ਟਰੈਫਿਕ ਪੁਲਿਸ ਅਫ਼ਸਰ ਗੁਲਾਬ ਸਿੰਘ ਸ਼ਾਹੀਨ, ਉਸ ਦੀ ਪਤਨੀ ਤੇ ਤਿੰਨ ਬੱਚਿਆਂ ਨੂੰ ਲਾਹੌਰ ਦੇ ਬਾਹਰਵਾਰ ਪਿੰਡ ਡੇਰਾ ਚਾਹਲ ਵਿਚਲੇ ਉਨ੍ਹਾਂ ਦੇ ਘਰ ਵਿਚੋਂ ਪੰਜਾਬ (ਪਾਕਿਸਤਾਨ) ਪੁਲਿਸ ਤੇ ਪਾਕਿਸਤਾਨ ਅਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਦੇ 100 ਅਫਸਰਾਂ ਦੇ ਦਸਤੇ ਨੇ 'ਗੈਰਕਾਨੂੰਨੀ' ਢੰਗ ਨਾਲ ਬੇਦਖਲ ਕਰ ਦਿੱਤਾ ਹੈ।

ਗੁਲਾਬ ਸਿੰਘ ਦੇ 70 ਸਾਲਾਂ ਤੋਂ ਇਸ ਘਰ ਨੂੰ ਬਿਨਾਂ ਕਿਸੇ ਨੋਟਿਸ ਜਾਂ ਇਤਲਾਹ ਤੋਂ ਪੁਲਿਸ ਅਤੇ ਬੋਰਡ ਦੇ ਅਧਿਕਾਰੀਆਂ ਨੇ ਤਾਲਾ ਲਗਵਾ ਦਿੱਤਾ ਹੈ ਤੇ ਇਸ ਮੌਕੇ ਹੋਈ ਖਿੱਚ-ਧੂਹ ਦੌਰਾਨ ਗੁਲਾਬ ਸਿੰਘ ਦੀ ਪੱਗ ਲਹਿ ਗਈ ਜੋ ਅਧਿਕਾਰੀ ਜਬਰੀ ਨਾਲ ਲੈ ਗਏ। ਪੀੜਤ ਨੇ ਦੋਸ਼ ਲਾਇਆ ਕਿ ਇਸ ਕਾਂਡ ਪਿੱਛੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਸਾਬਕਾ ਪ੍ਰਧਾਨ ਦਾ ਹੱਥ ਹੈ।

ਗੁਲਾਬ ਸਿੰਘ ਨੇ ਕਿਹਾ ਕਿ ਉਸ ਦੇ ਕੇਸ ਪੁੱਟੇ ਗਏ ਅਤੇ ਪਤਨੀ ਪਰਮਜੀਤ ਕੌਰ ਅਤੇ ਪੁੱਤਰਾਂ- ਗੁਰਪ੍ਰੀਤ ਸਿੰਘ, ਹਰਚਰਨਪ੍ਰੀਤ ਸਿੰਘ ਤੇ ਜਗਤਾਰ ਸਿੰਘ ਦੀ ਮੌਜੂਦਗੀ ਵਿਚ ਉਸ ਨੂੰ ਘਰੋਂ ਧੂਹਿਆ ਗਿਆ। ਗੁਲਾਬ ਸਿੰਘ 2006 ਵਿਚ ਉਦੋਂ ਸੁਰਖੀਆਂ ਵਿਚ ਆਏ ਸਨ ਜਦੋਂ ਉਹ ਪਾਕਿਸਤਾਨ ਦੀ ਟਰੈਫਿਕ ਪੁਲਿਸ ਲਈ ਚੁਣੇ ਗਏ ਸਨ ਤੇ ਇਸ ਅਹੁਦੇ ਉਤੇ ਨਿਯੁਕਤ ਹੋਣ ਵਾਲਾ ਉਹ ਪਾਕਿਸਤਾਨ ਦਾ ਪਹਿਲਾ ਸਿੱਖ ਸੀ।

ਬਾਅਦ ਵਿਚ ਉਸ ਨੂੰ ਲਾਹੌਰ ਦੇ ਮੁਗ਼ਲਪੁਰਾ ਵਿਚ ਸਬ-ਇੰਸਪੈਕਟਰ (ਟਰੈਫਿਕ ਵਾਰਡਨ) ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 4 ਅਪਰੈਲ ਨੂੰ ਪੀ.ਈ.ਟੀ.ਪੀ.ਬੀ. ਦੇ ਅਫਸਰਾਂ ਨੇ ਉਸ ਨੂੰ ਘਰ 'ਚੋਂ ਬੇਦਖਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਉਦੋਂ ਮਾਰ ਕੁੱਟ ਵਿਚ ਗੁਲਾਬ ਸਿੰਘ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ ਸੀ। ਬੋਰਡ ਦੇ ਅਫਸਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਪੁਲਿਸ ਦੀ ਮਦਦ ਨਾਲ ਗੁਰਦੁਆਰਾ ਚਾਹਲ ਲੰਗਰ ਹਾਲ 'ਤੇ ਟਰੈਫਿਕ ਪੁਲਿਸ ਅਫਸਰ ਵੱਲੋਂ ਕੀਤੇ ਨਾਜਾਇਜ਼ ਕਬਜ਼ੇ ਨੂੰ ਖਾਲੀ ਕਰਵਾ ਲਿਆ ਹੈ। ਗੁਲਾਬ ਸਿੰਘ ਨੇ ਦਾਅਵਾ ਕੀਤਾ ਕਿ ਪੀ. ਈ.



ਟੀ. ਪੀ.ਬੀ. ਦੀ ਕਾਰਵਾਈ ਗੈਰਕਾਨੂੰਨੀ ਹੈ ਤੇ ਉਨ੍ਹਾਂ ਇਸ ਸੰਪਤੀ ਉਤੇ ਲਾਹੌਰ ਸੈਸ਼ਨ ਕੋਰਟ ਵੱਲੋਂ ਸਟੇਅ ਮਿਲਿਆ ਹੋਇਆ ਸੀ ਅਤੇ ਕੇਸ ਦੀ ਅਗਲੀ ਸੁਣਵਾਈ 18 ਜੁਲਾਈ ਨੂੰ ਹੋਣੀ ਹੈ।

ਇਸ ਘਰ ਉਪਰ ਸਾਡੇ ਪਰਿਵਾਰ ਦਾ 1947 ਤੋਂ ਕਬਜ਼ਾ ਹੈ ਤੇ ਅਸੀਂ ਬਾਕਾਇਦਾ ਪਾਣੀ ਤੇ ਬਿਜਲੀ ਦੇ ਬਿੱਲ ਤਾਰਦੇ ਆ ਰਹੇ ਹਾਂ। ਗੁਰਦੁਆਰਾ ਬੇਬੇ ਨਾਨਕੀ ਜਨਮ ਅਸਥਾਨ ਦੀ 240 ਕਨਾਲ ਤੇ 16 ਮਰਲੇ ਜਗ੍ਹਾ ਜ਼ਮੀਨ 'ਤੇ 400-500 ਪਰਿਵਾਰ ਰਹਿ ਰਹੇ ਹਨ। ਹੋਰ ਸਭ ਨੂੰ ਛੱਡ ਕੇ ਕੇਵਲ ਮੇਰੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਗਿਆ।

## ਮੁੜ ਭਰਨ ਲੱਗੇ ਪੰਜਾਬ ਦੇ ਨਸ਼ਾ ਛੁਡਾਊ ਕੇਂਦਰ

**ਬਠਿੰਡਾ:** ਨਸ਼ਾ ਛੁਡਾਊ ਕੇਂਦਰਾਂ ਵਿਚ ਮੁੜ ਨਸ਼ੇੜੀ ਪੁੱਜਣ ਲੱਗੇ ਹਨ। ਇਨ੍ਹਾਂ ਕੇਂਦਰਾਂ ਵਿਚ ਹੁਣ ਮੁੜ ਭੀੜ ਵਧ ਰਹੀ ਹੈ। ਗੱਠਜੋੜ ਸਰਕਾਰ ਵੇਲੇ ਵੀ ਅਜਿਹਾ ਹੀ ਹੋਇਆ ਸੀ। ਰਾਤੋਂ ਰਾਤ ਨਸ਼ੇੜੀ ਮੰਜਿਆਂ 'ਤੇ ਪਾ ਦਿੱਤੇ ਗਏ ਸਨ। ਮਾਮਲਾ ਠੰਢਾ ਪੈ ਗਿਆ ਤਾਂ ਨਸ਼ਾ ਛੁਡਾਊ ਕੇਂਦਰ ਖਾਲੀ ਹੋ ਗਏ ਸਨ। ਹੁਣ 'ਚਿੱਟੇ' ਖਿਲਾਫ਼ ਨਾਅਰੇ ਲੱਗ ਰਹੇ ਹਨ ਤਾਂ ਇਨ੍ਹਾਂ ਕੇਂਦਰਾਂ ਵਿਚ ਮੁੜ ਬੈੱਡ ਭਰ ਗਏ ਹਨ। ਜਦੋਂ ਅਕਾਲੀ ਦਲ ਦੀ ਸਰਕਾਰ ਵੇਲੇ ਨਸ਼ਿਆਂ ਖਿਲਾਫ਼ ਆਵਾਜ਼ ਉਠੀ ਸੀ ਤਾਂ ਉਦੋਂ ਸਾਲ 2016 ਵਿਚ ਨਸ਼ੇੜੀਆਂ ਦੀ ਓ.ਪੀ.ਡੀ. ਇਕੋ ਸਾਲ ਵਿਚ 1.49 ਲੱਖ ਸੀ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ 8533 ਨਸ਼ੇੜੀ ਭਰਤੀ ਕੀਤੇ ਗਏ ਸਨ। ਮਸਲਾ ਸ਼ਾਂਤ ਹੋਇਆ ਤਾਂ ਅਗਲੇ ਵਰ੍ਹੇ ਸਾਲ 2017 ਵਿਚ ਓ.ਪੀ.ਡੀ ਘੱਟ ਕੇ 1.07 ਲੱਖ ਉਤੇ ਆ ਗਈ ਤੇ 8303 ਨਸ਼ੇੜੀ ਭਰਤੀ ਹੋਏ।

ਵੇਰਵਿਆਂ ਅਨੁਸਾਰ 'ਚਿੱਟੇ' ਖਿਲਾਫ਼ ਹਨੇਰੀ ਉਠਣ ਤੋਂ ਪਹਿਲਾਂ ਮਈ 2018 ਤੱਕ ਓ.ਪੀ.ਡੀ. ਵਿੱਚ ਨਸ਼ੇੜੀਆਂ ਦੀ ਗਿਣਤੀ ਘੱਟ ਕੇ 37,248 ਰਹਿ ਗਈ ਸੀ ਅਤੇ ਨਸ਼ਾ ਛੁਡਾਊ ਕੇਂਦਰਾਂ ਵਿਚ 3149 ਨਸ਼ੇੜੀ ਹੀ ਭਰਤੀ ਹੋਏ। ਹੁਣ ਜਦੋਂ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਬਣ ਗਈ ਤਾਂ ਨਸ਼ੇੜੀਆਂ ਦੀਆਂ ਕਤਾਰਾਂ ਲੱਗ ਗਈਆਂ ਹਨ।

# ਸਿੱਖ ਕਤਲੇਆਮ: ਸੁਪਰੀਮ ਕੋਰਟ ਵੱਲੋਂ ਸੱਜਣ ਕੁਮਾਰ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਸਿੱਖ ਕਤਲੇਆਮ ਦੇ ਕੇਸਾਂ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਵੱਲੋਂ ਦਾਇਰ ਕੀਤੀ ਇਕ ਅਪੀਲ 'ਤੇ ਕਾਂਗਰਸ ਆਗੂ ਸੱਜਣ ਕੁਮਾਰ ਤੋਂ ਜਵਾਬ ਮੰਗਿਆ ਹੈ। ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਜ਼ਮਾਨਤ ਦਿੱਤੀ ਸੀ ਜਿਸ ਖਿਲਾਫ਼ ਐਸ.ਆਈ.ਟੀ. ਨੇ ਅਰਜ਼ੀ ਦਾਖਲ ਕੀਤੀ ਸੀ।

ਬੈਂਚ ਨੇ ਕਿਹਾ ਕਿ ਇਹੀ ਵਕਤ ਹੈ ਕਿ ਜਲਦੀ ਤੋਂ ਜਲਦੀ ਇਹ ਕੇਸ ਚਲਾਏ ਜਾਣ। ਬੈਂਚ ਨੇ ਕਿਹਾ ਕਿ ਇਹ 30 ਸਾਲ ਪੁਰਾਣਾ ਕੇਸ ਹੈ ਤੇ ਹਾਈ ਕੋਰਟ ਨੂੰ ਪੇਸ਼ਗੀ ਜ਼ਮਾਨਤ ਦੇਣ ਲਈ ਕਰੀਬ 200 ਸਫਿਆਂ ਦਾ ਫੈਸਲਾ ਦੇਣਾ ਪਿਆ ਹਾਲਾਂਕਿ ਅਮੂਮਨ 40-50 ਸਫਿਆਂ ਵਿਚ ਸਰ ਜਾਂਦਾ ਹੈ। ਐਸ.ਆਈ.ਟੀ. ਦੀ ਤਰਫੋਂ ਪੇਸ਼ ਹੋਏ ਐਡੀਸ਼ਨਲ ਸੌਲਿਸਿਟਰ ਮਨਿੰਦਰ ਸਿੰਘ ਨੇ ਕਿਹਾ ਕਿ ਸੱਜਣ ਕੁਮਾਰ ਖਿਲਾਫ਼ 2016 ਵਿਚ ਹੀ ਜਾਂਚ ਸ਼ੁਰੂ ਹੋ ਸਕੀ ਸੀ ਤੇ ਹੁਣ ਉਹ ਆਪਣੇ ਬਹੁਤ ਸਾਰੇ ਵਕੀਲਾਂ ਨੂੰ ਨਾਲ ਲੈ ਕੇ ਆ ਜਾਂਦੇ ਹਨ ਤੇ ਕੇਸ ਦੇ ਤਫਤੀਸ਼ੀ ਅਫਸਰ ਨੂੰ ਆਪਣਾ ਬਿਆਨ ਡਿਕਟੇਟ ਕਰਵਾਉਂਦੇ ਹਨ।

ਏ.ਐਸ.ਜੀ. ਨੇ ਕਿਹਾ ਕਿ ਮੁਲਜ਼ਮ ਨੂੰ ਪੇਸ਼ਗੀ ਜ਼ਮਾਨਤ ਦਿੰਦਿਆਂ ਹਾਈ ਕੋਰਟ ਨੇ ਕਿਹਾ ਸੀ ਕਿ ਮਾਮਲੇ ਦਾ ਨਿਤਾਰਾ ਮੁਕੱਦਮੇ 'ਚ ਹੋਵੇਗਾ ਪਰ ਆਖਰ ਉਸ ਨੂੰ ਇਹ ਕਹਿ ਕੇ ਰਾਹਤ ਦੇ ਦਿੱਤੀ ਗਈ ਕਿ ਉਸ ਖਿਲਾਫ਼ ਕੋਈ ਸਬੂਤ ਹੀ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਕੀ ਪੇਸ਼ਗੀ ਜ਼ਮਾਨਤ ਵੇਲੇ ਇਸ ਬਾਰੇ ਚਰਚਾ ਹੋਈ ਸੀ। ਮਨਿੰਦਰ ਸਿੰਘ ਨੇ ਹਾਂ 'ਚ ਜਵਾਬ ਦਿੰਦਿਆਂ ਕਿਹਾ ਕਿ ਇਹ ਸਥਾਪਤ ਕਾਨੂੰਨ ਦੀ ਨਿਰੀ ਉਲੰਘਣਾ ਹੈ। ਇਸ ਤੋਂ ਬੈਂਚ ਨੇ ਨੋਟਿਸ ਜਾਰੀ ਕਰ ਦਿੱਤਾ।

# ਪੁਲਿਸ ਅਫਸਰਾਂ ਤੱਕ ਸੀਮਤ ਹੋਈ ਨਸ਼ਿਆਂ ਖਿਲਾਫ ਕਾਰਵਾਈ

*(ਸਫਾ ਇਕ ਦੀ ਬਾਕੀ)*

ਨੂੰ ਵਾਰ-ਵਾਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਖਿਲਾਫ ਕਾਰਵਾਈ ਬਾਰੇ ਪੁੱਛਿਆ ਜਾ ਰਿਹਾ, ਇਹੀ ਜਵਾਬ ਉਨ੍ਹਾਂ ਦੀ ਜ਼ੁਬਾਨ ਉਤੇ ਹੈ।

ਦੱਸ ਦਈਏ ਕਿ ਕਾਂਗਰਸ ਨੇ ਸੱਤਾ ਹਥਿਆਉਣ ਲਈ ਨਸ਼ਿਆਂ ਦਾ ਮੁੱਦਾ ਉਭਾਰਿਆ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਵੋਟਾਂ ਤੋਂ ਪਹਿਲਾਂ ਬਠਿੰਡਾ 'ਚ ਗੁਟਕੇ ਦੀ ਸਹੁੰ ਖਾਂਦਿਆਂ ਸਰਕਾਰ ਬਣਨ ਤੋਂ ਚਾਰ ਹਫਤਿਆਂ ਅੰਦਰ ਨਸ਼ਿਆਂ ਦਾ ਲੱਕ ਭੰਨਣ ਦਾ ਵਾਅਦਾ ਕੀਤਾ ਸੀ। ਹਾਕਮਾਂ ਵੱਲੋਂ ਅਕਸਰ ਨਸ਼ਿਆਂ ਦੇ ਗੰਭੀਰ ਮਾਮਲੇ ਨੂੰ ਅੰਕੜਿਆਂ ਦੀ ਖੇਡ ਵਿਚ ਉਲਝਾਉਣ ਦੇ ਯਤਨ ਕੀਤੇ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੂਬੇ ਦੇ ਉਪ ਮੁੱਖ ਮੰਤਰੀ ਹੁੰਦਿਆਂ ਵੀ ਇਹੀ ਕੁਝ ਕੀਤਾ ਗਿਆ ਅਤੇ ਮੌਜੂਦਾ ਸਮੇਂ ਵਿਚ ਵੀ ਉਸੇ ਤਰ੍ਹਾਂ ਦਾ ਆਲਮ ਬਣਿਆ ਹੋਇਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਿਆਂ ਦੇ ਖਾਤਮੇ ਦਾ ਸੰਕਲਪ ਪੂਰਾ ਕਰਨ ਲਈ ਵਧੀਕ ਡੀ.ਜੀ.ਪੀ. ਰੈਂਕ ਦੇ ਪੁਲਿਸ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਐਸ.ਟੀ.ਐਫ. ਦਾ ਗਠਨ ਕੀਤਾ। ਕਾਂਗਰਸ ਸਰਕਾਰ ਬਣਨ ਤੋਂ ਸਵਾ ਸਾਲ ਬਾਅਦ ਵੀ ਐਸ.ਟੀ.ਐਫ. ਲੋਕਾਂ ਦੀ ਆਸ ਮੁਤਾਬਕ ਸਿੱਟੇ ਦੇਣ ਵਿਚ ਕਾਮਯਾਬ ਨਹੀਂ ਹੋਈ। ਇਸ ਵਿਸ਼ੇਸ਼ ਵਿੰਗ ਨੂੰ ਕਾਮਯਾਬ ਕਰਨ ਲਈ 1900 ਅਫਸਰਾਂ ਤੇ ਜਵਾਨਾਂ ਦੀ ਮੰਗ ਕੀਤੀ ਗਈ ਸੀ, ਜਦੋਂਕਿ 400 ਹੀ ਦਿੱਤੇ ਗਏ। ਇਹ ਵੀ ਤੱਥ ਸਾਹਮਣੇ ਆਏ ਹਨ ਕਿ ਐਸ.ਟੀ.ਐਫ. ਨੂੰ ਲੋੜੀਂਦੀਆਂ ਸ਼ਕਤੀਆਂ ਅਤੇ ਸਾਧਨ ਵੀ ਨਹੀਂ ਦਿੱਤੇ ਗਏ, ਸਗੋਂ ਪੁਲਿਸ ਧੜੇਬੰਦੀ ਨੇ ਇਸ ਵਿਸ਼ੇਸ਼ ਵਿੰਗ ਦਾ ਕੰਮ ਲੀਹੋਂ ਲਾਹ ਦਿੱਤਾ ਹੈ। ਉਂਜ, ਐਸ.ਟੀ.ਐਫ. ਦੀ ਹੁਣ ਤੱਕ ਦੀ ਕਾਰਗੁਜ਼ਾਰੀ ਉਤੇ ਝਾਤੀ ਮਾਰਿਆਂ ਪਤਾ ਲੱਗਦਾ ਹੈ ਕਿ ਇਸ ਵਿੰਗ ਨੇ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਚਿਹਰਿਆਂ ਤੋਂ ਸ਼ਰਾਫਤ ਦਾ ਨਾਕਾਬ ਉਤਾਰਨ 'ਚ ਕਾਮਯਾਬੀ ਜ਼ਰੂਰ ਹਾਸਲ ਕੀਤੀ ਹੈ। ਠੀਕ ਇਕ ਸਾਲ ਪਹਿਲਾਂ ਇੰਸਪੈਕਟਰ (ਇਸ ਸਮੇਂ ਬਰਖਾਸਤ) ਇੰਦਰਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਉਸ ਤੋਂ ਬਾਅਦ ਮੋਗੇ ਦੇ ਸਾਬਕਾ ਐਸ.ਐਸ.ਪੀ. ਰਾਜਜੀਤ ਸਿੰਘ ਨੂੰ ਜ਼ਿਲ੍ਹਾ ਪੁਲਿਸ ਮੁਖੀ ਹੁੰਦਿਆਂ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਦੀ ਤਫਤੀਸ਼ ਵਿਚ ਸ਼ਾਮਲ ਵੀ ਕੀਤਾ ਸੀ। ਇੰਦਰਜੀਤ ਸਿੰਘ ਦੀ ਗ੍ਰਿਫਤਾਰੀ ਅਤੇ ਰਾਜਜੀਤ ਸਿੰਘ ਦੀ ਪੁੱਛ-ਗਿੱਛ ਦਾ ਮਾਮਲਾ ਇੰਨਾ ਜ਼ਿਆਦਾ ਗੁੰਝਲਦਾਰ ਬਣ ਗਿਆ ਕਿ ਡੀ.ਜੀ.ਪੀ. ਰੈਂਕ ਦੇ ਸੀਨੀਅਰ ਪੁਲਿਸ ਅਧਿਕਾਰੀ ਸਿਧਾਰਥ ਚਟੋਪਾਧਿਆਏ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਹਦਾਇਤਾਂ ਉਤੇ ਇੰਦਰਜੀਤ ਸਿੰਘ ਖਿਲਾਫ਼ ਦਰਜ ਮਾਮਲੇ ਦੀ ਵਿਸ਼ੇਸ਼ ਜਾਂਚ ਕਰਦਿਆਂ ਡੀ.ਜੀ.ਪੀ. ਸੁਰੇਸ਼ ਅਰੋੜਾ ਅਤੇ ਡੀ.ਜੀ.ਪੀ. (ਇੰਟੈਲੀਜੈਂਸ) ਦਿਨਕਰ ਗੁਪਤਾ ਨੂੰ ਵੀ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ।

ਨਸ਼ਿਆਂ ਦੀ ਦਲਦਲ ਵਿਚ ਫਸੇ ਨੌਜਵਾਨਾਂ ਨੂੰ ਜਦੋਂ ਹੁਣ ਮੌਤ ਨੇ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਤਾਂ ਪੁਲਿਸ ਦੀ ਭੂਮਿਕਾ ਉਤੇ ਮੁੜ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਗਏ ਹਨ। ਇਸੇ ਕਰਕੇ ਇਕ ਮਹਿਲਾ ਨੇ ਡੀ.ਐਸ.ਪੀ. ਉਤੇ ਨਸ਼ਿਆਂ ਦੀ ਦਲਦਲ ਵਿਚ ਧੱਕਣ ਦੇ ਦੋਸ਼ ਲਾਏ ਤਾਂ ਕੈਪਟਨ ਸਰਕਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਇਸ ਤੋਂ ਬਾਅਦ ਤੁਰੰਤ ਵਜ਼ਾਰਤੀ ਮੀਟਿੰਗ ਸੱਦਣ ਦਾ ਹੀ ਫੈਸਲਾ ਨਹੀਂ ਲਿਆ, ਸਗੋਂ ਡੀ.ਐਸ.ਪੀ. ਨੂੰ ਬਰਖਾਸਤ ਕਰ ਦਿੱਤਾ ਅਤੇ ਜਿਸ ਐਸ.ਐਸ.ਪੀ. (ਰਾਜਜੀਤ ਸਿੰਘ) ਦੇ ਮਾਮਲੇ ਉਤੇ ਮੁੱਖ ਮੰਤਰੀ ਨੇ ਸਵਾ ਸਾਲ ਤੋਂ ਅੱਖਾਂ ਬੰਦ ਕਰ ਰੱਖੀਆਂ ਸਨ, ਨੂੰ ਬਦਲ ਕੇ ਮਾਮਲਾ ਸ਼ਾਂਤ ਕਰਨ ਦਾ ਯਤਨ ਕੀਤਾ। ਯਾਦ ਰਹੇ, 2014 ਦੀਆਂ ਚੋਣਾਂ ਦੌਰਾਨ ਜਦੋਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੂੰ ਨਸ਼ਿਆਂ ਦੇ ਭੱਠ ਦਾ ਸੇਕਾ ਮਹਿਸੂਸ ਹੋਣ ਲੱਗਾ ਸੀ ਤਾਂ ਉਸ ਸਮੇਂ ਵੀ ਸਿਪਾਹੀਆਂ, ਹੌਲਦਾਰਾਂ ਅਤੇ ਥਾਣੇਦਾਰਾਂ ਦੀਆਂ ਮੁਅੱਤਲੀਆਂ ਵਰਗੀਆਂ ਕਾਰਵਾਈਆਂ ਸਾਹਮਣੇ ਆਈਆਂ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਲਈ ਮੁਫਤ ਬੱਸ ਸੇਵਾ

**ਅੰਮ੍ਰਿਤਸਰ:** ਆਰਥਿਕ ਮਜਬੂਰੀ ਕਾਰਨ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਤੋਂ ਵਾਂਝੇ ਰਹਿ ਜਾਂਦੇ ਸ਼ਰਧਾਲੂਆਂ ਲਈ ਸ਼੍ਰੋਮਣੀ ਕਮੇਟੀ ਮਾਝਾ, ਮਾਲਵਾ ਅਤੇ ਦੁਆਬਾ ਵਿਚੋਂ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਲਈ ਲੈ ਕੇ ਆਉਣਗੀਆਂ। ਇਕ ਬੱਸ ਹਰਿਆਣਾ ਵਿਚ



ਵੱਲੋਂ ਮੁਫਤ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਪਹਿਲੀ ਬੱਸ ਨੂੰ ਭਾਈ ਗੁਰਦਾਸ ਹਾਲ ਤੋਂ ਰਵਾਨਾ ਕੀਤਾ ਗਿਆ। ਬੱਸ ਦੀ ਰਵਾਨਗੀ ਸਮੇਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ, ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਮੌਜੂਦ ਸਨ।

ਇਹ ਬੱਸਾਂ ਪੰਜਾਬ ਅਤੇ ਹਰਿਆਣਾ ਦੇ ਸ਼ਰਧਾਲੂਆਂ ਲਈ ਚੱਲਣਗੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪੰਜ ਵਿਸ਼ੇਸ਼ ਬੱਸਾਂ ਵਿਚੋਂ ਇਕ ਨੂੰ ਰਵਾਨਾ ਕੀਤਾ ਗਿਆ ਹੈ। ਤਿੰਨ ਏਸੀ ਬੱਸਾਂ ਪੰਜਾਬ ਵਿਚਲੇ ਤਿੰਨ ਤਖਤਾਂ ਨਾਲ ਜੋੜੀਆਂ ਗਈਆਂ ਹਨ, ਜੋ ਕੁਰੂਕਸ਼ੇਤਰ ਵਿਖੇ ਸਥਾਪਤ ਸਿੱਖ ਮਿਸ਼ਨ ਕੇਂਦਰ ਨਾਲ ਜੋੜੀ ਗਈ ਹੈ, ਜੋ ਹਰਿਆਣਾ ਦੇ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟਿਕਾਉਣ ਵਾਸਤੇ ਲਿਆਉਣ ਤੇ ਛੱਡਣ ਦੀ ਮੁਫਤ ਸੇਵਾ ਕਰੇਗੀ।

*To Advertise with Punjab Times*
***Call: 847-359-0746***
***punjabtimesusa.com***

## ਭਾਰਤੀ ਫਾਇਨਾਂਸਰ ਨੂੰ ਅੱਠ ਸਾਲ ਕੈਦ

**ਲੰਡਨ:** ਅਦਾਲਤ ਨੇ ਭਾਰਤੀ ਮੂਲ ਦੇ ਫਾਇਨਾਂਸਰ ਨੂੰ ਆਪਣੀ 18 ਸਾਲਾ ਮਹਿਲਾ ਸਹਿਕਰਮੀ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਲੰਡਨ ਕਰਾਊਨ ਕੋਰਟ ਨੇ ਉਤਰੀ ਲੰਡਨ ਦੇ ਰਹਿਣ ਵਾਲੇ ਸ਼ਾਦੀਸ਼ੁਦਾ 28 ਸਾਲਾ ਸੰਜੈ ਨੈਕਰ ਨੂੰ ਦੋਸ਼ੀ ਠਹਿਰਾਉਂਦਿਆਂ ਇਹ ਸਜ਼ਾ ਸੁਣਾਈ ਹੈ।

ਹਾਲਾਂਕਿ ਅਦਾਲਤ ਨੇ ਸੰਜੈ 'ਤੇ ਹਮਲਾ ਕਰਨ ਦੇ ਲਾਏ ਗਏ ਦੋਸ਼ਾਂ ਤੋਂ ਉਸ ਨੂੰ ਬਰੀ ਕਰ ਦਿੱਤਾ ਹੈ। ਸੰਜੈ ਨੈਕਰ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ।

# ਕਸ਼ਮੀਰ 'ਚ ਸਿੱਖ ਲੜਕੀ ਨਾਲ ਧੱਕੇਸ਼ਾਹੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਜੰਮੂ ਕਸ਼ਮੀਰ ਦੇ ਤਰਾਲ ਵਿਚ ਵਾਪਰੀ ਘਟਨਾ ਦਾ ਗੰਭੀਰ ਨੋਟਿਸ ਲਿਆ ਹੈ, ਜਿਥੇ ਇਕ ਸਿੱਖ ਲੜਕੀ ਦਾ ਜਬਰੀ ਧਰਮ ਪਰਿਵਰਤਨ ਕਰਵਾ ਕੇ ਇਸਲਾਮ ਧਾਰਨ ਕਰਾਉਣ ਦਾ ਯਤਨ ਕੀਤਾ ਗਿਆ। ਲੜਕੀ ਵੱਲੋਂ ਅਜਿਹਾ ਕਰਨ ਤੋਂ ਇਨਕਾਰ ਕਰਨ ਉਤੇ ਕੱਟੜਵਾਦੀਆਂ ਵੱਲੋਂ ਕੀਤੇ ਹਮਲੇ ਵਿਚ ਲੜਕੀ ਗੰਭੀਰ ਜ਼ਖਮੀ ਹੋ ਗਈ। ਦੋਹਾਂ ਆਗੂਆਂ ਨੇ ਇਹ ਮਾਮਲਾ ਸੂਬੇ ਦੇ ਡੀ.ਜੀ.ਪੀ. ਕੋਲ ਉਠਾਇਆ, ਜਿਨ੍ਹਾਂ ਨੇ ਤੁਰਤ ਕਾਰਵਾਈ ਦਾ ਭਰੋਸਾ ਦੁਆਇਆ ਹੈ।

ਸ੍ਰੀ ਮਜੀਠੀਆ ਅਤੇ ਸ੍ਰੀ ਸਿਰਸਾ ਨੇ ਕਿਹਾ ਕਿ ਪੁਲਿਸ ਨੇ ਇਸ ਮਾਮਲੇ ਵਿਚ ਕੇਸ ਤਾਂ ਦਰਜ ਕਰ ਲਿਆ ਹੈ, ਪਰ ਅਜੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਲੜਕੀ ਦਾ ਪਰਿਵਾਰ ਦਹਿਸ਼ਤ ਵਿਚ ਹੈ, ਕਿਉਂਕਿ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਲੜਕੀ ਦੇ ਪਿਤਾ ਅਮਰਜੀਤ ਸਿੰਘ ਦਾ ਕਹਿਣਾ ਹੈ ਕਿ ਹੁਣ ਵਾਦੀ ਛੱਡਣ ਤੋਂ ਇਲਾਵਾ ਹੋਰ ਕੋਈ ਰਾਹ ਬਾਕੀ ਨਹੀਂ ਰਿਹਾ ਹੈ। ਅਕਾਲੀ ਆਗੂਆਂ ਨੇ ਮੁਸਲਿਮ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਜਬਰੀ ਧਰਮ ਪਰਿਵਰਤਨ ਕਰਵਾਉਣ ਤੇ ਧੱਕੇਸ਼ਾਹੀ ਦੇ ਯਤਨਾਂ ਦੀ ਨਿਖੇਧੀ ਕਰਨ।

ਅਕਾਲੀ ਆਗੂਆਂ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਾਮਲਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿਚ ਤੁਰਤ ਕਾਰਵਾਈ ਕੀਤੀ ਜਾਵੇ ਤੇ ਲੜਕੀ ਅਤੇ ਉਸ ਦੇ ਪਰਿਵਾਰ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

# ਜਲ ਸੰਭਾਲ ਬਾਰੇ ਮਿਲ ਕੇ ਕੰਮ ਕਰਨਗੇ ਪੰਜਾਬ ਤੇ ਇਜ਼ਰਾਈਲ

**ਚੰਡੀਗੜ੍ਹ:** ਪੰਜਾਬ ਤੇ ਇਜ਼ਰਾਈਲ ਨੇ ਜਲ ਸੰਭਾਲ ਤੇ ਸੁਰੱਖਿਆ ਦੇ ਨਾਜ਼ੁਕ ਖੇਤਰਾਂ ਵਿਚ ਤਕਨਾਲੋਜੀ ਦੇ ਆਦਾਨ-ਪ੍ਰਦਾਨ ਤੋਂ ਇਲਾਵਾ ਖੇਤੀਬਾੜੀ ਅਤੇ ਸਮਾਜਿਕ ਵਿਕਾਸ ਦੇ ਖੇਤਰਾਂ ਸਹੀਬੰਦ ਕਰਨ ਹੋਣ ਦੀ ਆਸ ਹੈ। ਉਨ੍ਹਾਂ ਨੇ ਰਾਜਦੂਤ ਨੂੰ ਦੱਸਿਆ ਕਿ ਖੇਤੀ ਵੰਨ-ਸੁਵੰਨਤਾ ਬਾਰੇ ਇਜ਼ਰਾਈਲ ਵੱਲੋਂ ਵਰਤੇ ਜਾਂਦੇ ਢੰਗ-ਤਰੀਕਿਆਂ ਦਾ ਅਧਿਐਨ ਕਰਨ ਲਈ ਕੈਬਨਿਟ



'ਚ ਆਪਸੀ ਮਿਲਵਰਤਣ ਉਤੇ ਸਹਿਮਤੀ ਪ੍ਰਗਟਾਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਇਜ਼ਰਾਈਲ ਦੇ ਭਾਰਤੀ ਸਫੀਰ ਡੇਨੀਅਲ ਕਾਰਮੋਨ ਨੇ ਦੁਵੱਲੇ ਹਿੱਤ ਵਾਲੇ ਅਹਿਮ ਮੁੱਦਿਆਂ ਉਤੇ ਵਿਚਾਰ-ਵਟਾਂਦਰਾ ਕੀਤਾ। ਮੁੱਖ ਮੰਤਰੀ ਦੀ ਇਸ ਮਹੀਨੇ ਦੇ ਅਖੀਰ 'ਚ ਭਾਰਤ ਤੋਂ ਨਿਰਧਾਰਤ ਰਵਾਨਗੀ ਤੋਂ ਪਹਿਲਾਂ ਇਜ਼ਰਾਈਲ ਸਫ਼ੀਰ ਨੇ ਉਨ੍ਹਾਂ ਨਾਲ ਸ਼ਿਸ਼ਟਾਚਾਰ ਦੇ ਨਾਤੇ ਮੁਲਾਕਾਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਪਾਸੋਂ ਉਨ੍ਹਾਂ ਦੇ ਇਜ਼ਰਾਈਲ ਦੌਰੇ ਨੂੰ ਪ੍ਰਵਾਨਗੀ ਮਿਲਣ ਨਾਲ ਉਹ ਛੇਤੀ ਹੀ ਪੱਛਮੀ ਏਸ਼ੀਆਈ ਮੁਲਕ ਦਾ ਦੌਰਾ ਕਰਨ ਦੇ ਇੱਛੁਕ ਹਨ। ਕੈਪਟਨ ਨੇ ਕਿਹਾ ਕਿ ਜਦੋਂ ਜ਼ਮੀਨੀ ਪਾਣੀ ਦੀ ਸੰਭਾਲ ਸਬੰਧੀ ਕਾਇਮ ਕੀਤੀ ਪੰਜ ਮੈਂਬਰੀ ਕੈਬਨਿਟ ਸਬ-ਕਮੇਟੀ ਇਜ਼ਰਾਈਲ ਦਾ ਦੌਰਾ ਕਰੇਗੀ, ਉਨ੍ਹਾਂ ਨੂੰ ਇਸ ਤੋਂ ਪਹਿਲਾਂ ਕੁਝ ਜ਼ਰੂਰੀ ਸਮਝੌਤੇ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ ਤਾਂ ਕਿ ਪਾਣੀ ਦੀ ਖਪਤ ਘੱਟ ਕਰਨ ਦੇ ਨਾਲ-ਨਾਲ ਅਜਾਈਂ ਜਾਂਦੇ ਪਾਣੀ ਦੀ ਮੁੜ ਵਰਤੋਂ ਕੀਤੀ ਜਾ ਸਕੇ।

## ਛੱਤੀਸਗੜ੍ਹ ਦੇ ਗ੍ਰਹਿ ਮੰਤਰੀ ਦੇ ਭਤੀਜੇ ਵਿਰੁਧ ਬਲਾਤਕਾਰ ਦਾ ਕੇਸ

**ਕੋਰਬਾ:** ਛੱਤੀਸਗੜ੍ਹ ਵਿਚ ਇਕ 21 ਸਾਲ ਦੀ ਮੁਟਿਆਰ ਦੀ ਸ਼ਿਕਾਇਤ ਉਤੇ ਇਥੋਂ ਦੇ ਗ੍ਰਹਿ ਮੰਤਰੀ ਦੇ ਭਤੀਜੇ ਵਿਰੁਧ ਬਲਾਤਕਾਰ ਦਾ ਕੇਸ ਦਰਜ ਕੀਤਾ ਗਿਆ ਹੈ।

ਮੁਟਿਆਰ ਨੇ ਦੋਸ਼ ਲਾਇਆ ਹੈ ਕਿ ਗ੍ਰਹਿ ਮੰਤਰੀ ਦੇ ਭਤੀਜੇ ਨੇ 2014 ਵਿਚ ਸੂਰਜਪੁਰ ਜ਼ਿਲ੍ਹੇ ਵਿਚ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਨੇ ਸ਼ਿਕਾਇਤ ਵਿਚ ਮੁਲਜ਼ਮ ਦੇ ਬੱਚੇ ਦੀ ਮਾਂ ਹੋਣ ਦਾ ਦਾਅਵਾ ਕੀਤਾ ਹੈ।

ਨਵਾਂ ਸ਼ਹਿਰ ਵਿਚ ਕੋਠੀ ਵਿਕਾਊ ਹੈ

ਨਵਾਂ ਸ਼ਹਿਰ-ਚੰਡੀਗੜ੍ਹ ਰੋਡ ਉਤੇ ਅੰਗਦ ਨਗਰ ਵਿਚ 16 ਮਰਲੇ ਪਲਾਟ 'ਚ ਬਣੀ 10 ਬੈਡਰੂਮ ਦੀ ਕੋਠੀ ਵਿਕਾਊ ਹੈ।

ਕੀਮਤ: 95 ਲੱਖ ਰੁਪਏ

ਸੰਪਰਕ ਕਰੋ

ਫੋਨ: 608-886-2501

26 to 28

Gas Station & Convenience Store

For Sale

*For Sale In Kalamazoo, MI*
Beer and Wine License
Asking Price $500K or Best Offer
As Owner Retired
Inside Sale $60 K Per Month
Gallons 30K Per Month
Excellent Location
Excellent for Family
Land Contract Available with 40% to 50% Down payment

Contact: 269-779-2563

ਕੈਲਮਜ਼ੂ, ਮਿਸ਼ੀਗਨ ਵਿਚ ਗੈਸ ਸਟੇਸ਼ਨ ਤੇ ਕਨਵੀਨੀਐਂਸ ਸਟੋਰ ਵਿਕਾਊ ਹੈ


ਬੀਅਰ ਤੇ ਵਾਈਨ ਲਾਈਸੈਂਸ
ਮਾਲਕ ਰਿਟਾਇਰ ਹੋ ਰਿਹਾ ਹੈ
ਕੀਮਤ: $5 ਲੱਖ
ਇਨਸਾਈਡ ਸੇਲ $60 ਹਜਾਰ ਮਹੀਨਾ
ਗੈਸ: 30,000 ਗੈਲਨ ਮਹੀਨਾ
ਵਧੀਆ ਲੋਕੇਸ਼ਨ, ਪਰਿਵਾਰ ਲਈ ਬਹੁਤ ਵਧੀਆ
40% ਤੋਂ 50% ਡਾਊਨ ਪੇਅਮੈਂਟ 'ਤੇ ਲੈਂਡ ਕੰਟਰੈਕਟ ਵੀ ਹੋ ਸਕਦਾ ਹੈ।
ਸੰਪਰਕ ਕਰੋ: 269-779-2563

28

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਲੰਗਰ ਨੂੰ ਜੀ. ਐਸ. ਟੀ. ਤੋਂ ਛੋਟ ਵਾਲਾ ਐਲਾਨ ਕਾਗਜ਼ੀ ਨਿਕਲਿਆ

**ਅੰਮ੍ਰਿਤਸਰ:** ਲੰਗਰ ਨੂੰ ਜੀ.ਐਸ.ਟੀ. ਦੇ ਘੇਰੇ ਵਿਚੋਂ ਬਾਹਰ ਕਰਨ ਦਾ ਐਲਾਨ ਹਾਲੇ ਤੱਕ ਕਾਗਜ਼ੀ ਹੀ ਹੈ। ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਜੀ.ਐਸ.ਟੀ. ਹਟਾਉਣ ਦੇ ਐਲਾਨ ਤੋਂ ਬਾਅਦ ਵੀ ਹਾਲੇ ਤੱਕ ਫੰਡ ਵਾਪਸ ਨਹੀਂ ਕੀਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਗੁਰੂ ਰਾਮਦਾਸ ਲੰਗਰ ਹਰਿਮੰਦਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਚਲਦੇ ਲੰਗਰ ਦਾ ਬਜਟ ਜੀ.ਐਸ.ਟੀ. ਲੱਗਣ ਕਾਰਨ ਪਿਛਲੇ ਇਕ ਸਾਲ ਵਿਚ ਦਸ ਕਰੋੜ ਵਧ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾਂਦੇ ਇਨ੍ਹਾਂ ਲੰਗਰ ਸੇਵਾਵਾਂ ਉਤੇ ਹਰ ਵਰ੍ਹੇ 75 ਕਰੋੜ ਰੁਪਏ ਖਰਚ ਹੁੰਦੇ ਸਨ।



ਸ਼੍ਰੋਮਣੀ ਕਮੇਟੀ ਨੂੰ ਪਹਿਲੀ ਜੁਲਾਈ 2017 ਤੋਂ ਲਾਗੂ ਹੋਏ ਜੀ.ਐਸ.ਟੀ. ਕਾਰਨ ਹਰਿਮੰਦਰ ਸਾਹਿਬ ਵਿਚ ਚੱਲ ਰਹੇ ਗੁਰੂ ਰਾਮਦਾਸ ਲੰਗਰ ਉਤੇ 3.8 ਕਰੋੜ ਰੁਪਏ ਵਾਧੂ ਖਰਚ ਕਰਨੇ ਪੈ ਰਹੇ ਹਨ। ਦੱਸਣਯੋਗ ਹੈ ਕਿ ਗੁਰੂ ਰਾਮਦਾਸ ਲੰਗਰ ਹਾਲ ਵਿਚੋਂ ਰੋਜ਼ਾਨਾ 65 ਤੋਂ 70 ਹਜ਼ਾਰ ਸ਼ਰਧਾਲੂ ਲੰਗਰ ਛਕਦੇ ਹਨ। ਹਫਤੇ ਦੇ ਆਖਰੀ ਦਿਨਾਂ ਵਿਚ ਸ਼ਰਧਾਲੂਆਂ ਦੀ ਇਹ ਗਿਣਤੀ ਹੋਰ ਵੀ ਵਧ ਜਾਂਦੀ ਹੈ। ਕੇਂਦਰ ਸਰਕਾਰ ਨੇ ਇਕ ਜੂਨ 2018 ਨੂੰ ਸੇਵਾ ਭੋਜ ਯੋਜਨਾ ਦਾ ਐਲਾਨ ਕੀਤਾ ਸੀ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਭਾਵੇਂ ਕੇਂਦਰ ਅਤੇ ਰਾਜ ਸਰਕਾਰ ਨੇ ਜੀ.ਐਸ.ਟੀ. ਹਟਾਉਣ ਦਾ ਐਲਾਨ ਕੀਤਾ ਸੀ ਪਰ ਅਜੇ ਤਕ ਸਰਕਾਰ ਵਲੋਂ ਨਾ ਤਾਂ ਕੋਈ ਲਿਖਤੀ ਪੱਤਰ ਆਇਆ ਹੈ ਅਤੇ ਨਾ ਹੀ ਕਿਸੇ ਫੰਡ ਦੀ ਵਾਪਸੀ ਹੋਈ ਹੈ।

# ਜੀ. ਐਸ. ਟੀ. ਬਾਰੇ ਮੋਦੀ ਦੀ ਰਣਨੀਤੀ ਤੋਂ ਕੈਪਟਨ ਖਫਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਜੀ.ਐਸ.ਟੀ.ਦਰਾਂ ਨੂੰ ਸਰਲ ਬਣਾਉਣ ਲਈ ਇਸ ਪ੍ਰਣਾਲੀ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਣਾਲੀ ਸਰਲ ਹੋਣ ਨਾਲ ਕਾਰੋਬਾਰੀਆਂ, ਵਪਾਰੀਆਂ ਅਤੇ ਸਨਅਤਕਾਰਾਂ ਨੂੰ ਹੋਰ ਰਾਹਤ ਮਿਲ ਸਕਦੀ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਅਪੀਲ ਕੀਤੀ ਕਿ ਜੀ.ਐਸ.ਟੀ.ਦੀਆਂ ਕੁਝ ਅੜਚਣਾਂ ਦਾ ਫੌਰੀ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਨਾਲ ਸਬੰਧਤ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ, ਕੀਮਤਾਂ ਵਿਚ ਸੰਤੁਲਨ ਬਿਠਾਉਣ ਅਤੇ ਟੈਕਸ ਮਾਲੀਏ ਨੂੰ ਵਧਾਉਣ ਸਮੇਤ ਮੁੱਖ ਸੁਧਾਰਾਂ ਦੀ ਉਮੀਦ ਸੀ ਪਰ ਇਸ ਨਾਲ ਵਪਾਰੀਆਂ ਨੂੰ ਰਾਹਤ ਨਹੀਂ ਮਿਲੀ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਅਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਦੀ ਕਮੇਟੀ ਨੇ 200 ਤਬਦੀਲੀਆਂ ਕਰਨ ਦਾ ਪ੍ਰਸਤਾਵ ਰੱਖਿਆ ਹੈ। ਉਨ੍ਹਾਂ ਕਿਹਾ ਕਿ ਰੋਜ਼ ਵਰਤੀਆਂ ਜਾਣ ਵਾਲੀਆਂ ਕਈ ਵਸਤੂਆਂ ਉਤੇ ਲਗਦੇ ਬਹੁ-ਭਾਂਤੀ ਟੈਕਸਾਂ ਦਾ ਇਕ-ਦੂਜੇ ਤੋਂ ਕਾਫੀ ਵਖਰੇਵਾਂ ਹੈ ਪਰ ਉਨ੍ਹਾਂ ਉਤੇ ਇਕ ਸਾਰ ਜੀ.ਐਸ.ਟੀ. ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਟੈਕਸ ਦਰਾਂ ਨੂੰ ਸਰਲ ਬਣਾਉਣ ਦੀ ਮੁੜ ਸਮੀਖਿਆ ਕੀਤੀ ਜਾਵੇ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਜੀ.ਐਸ.ਟੀ. ਮਾਲੀਆ ਨੇ ਉਸ ਤਰ੍ਹਾਂ ਦੇ ਨਤੀਜੇ ਨਹੀਂ ਦਿੱਤੇ ਜਿਸ ਦੀ ਉਮੀਦ ਸੀ। ਉਨ੍ਹਾਂ ਕਿਹਾ ਕਿ ਲਘੂ ਸਨਅਤ ਖੇਤਰ ਵੱਲੋਂ ਅਦਾ ਕੀਤੇ ਟੈਕਸਾਂ ਦੀ ਘੋਖ ਕਰਨੀ ਬਣਦੀ ਹੈ ਕਿਉਂਕਿ ਇਸ ਖੇਤਰ ਦਾ ਯੋਗਦਾਨ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਤਰਕੀਬਨ 80 ਫੀਸਦੀ ਜੀ.ਐਸ.ਟੀ. ਕਰਦਾਤਾ ਇਸ ਨੂੰ ਸਰਲ ਕਰਨ ਦੇ ਹੱਕ ਵਿਚ ਹਨ ਜਦਕਿ ਅਸਲ ਵਿਚ 20 ਫੀਸਦੀ ਤੋਂ ਵੀ ਘੱਟ ਨੂੰ ਇਸ ਦਾ ਲਾਭ ਮਿਲ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜੀ.ਐਸ.ਟੀ. ਦੀ ਪੂਰੀ ਸਮਰੱਥਾ ਉਦੋਂ ਹੀ ਸਾਹਮਣੇ ਆਵੇਗੀ ਜਦੋਂ ਇਸ ਵਿਚ ਊਰਜਾ ਖੇਤਰ, ਜਿਸ ਵਿਚ ਪੈਟਰੋਲੀਅਮ ਅਤੇ ਬਿਜਲੀ ਸ਼ਾਮਲ ਹੈ, ਨੂੰ ਜੀ.ਐਸ.ਟੀ. ਅਧੀਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਊਰਜਾ ਬਹੁਤ ਸਾਰੀਆਂ ਸਨਅਤਾਂ ਦਾ ਧੁਰਾ ਹੈ ਜਿਥੇ ਲਾਗਤ ਦਾ 20-30 ਫੀਸਦੀ ਹਿੱਸਾ ਇਸ ਉਤੇ ਖਰਚ ਹੁੰਦਾ ਹੈ। ਅੱਜ ਵੱਡੀਆਂ ਸਨਅਤਾਂ 'ਚ ਜਿਥੇ ਕੋਲਾ ਆਧਾਰਤ ਊਰਜਾ ਵਰਤੀ ਜਾਂਦੀ ਹੈ, ਵਿਚ ਜੀ.ਐਸ.ਟੀ. ਦੇ ਲਾਭ ਲਏ ਜਾ ਰਹੇ ਹਨ ਜਦਕਿ ਇਹੀ ਲਾਭ ਕੁਦਰਤੀ ਊਰਜਾ ਅਤੇ ਕੁਦਰਤੀ ਗੈਸ ਨਾਲ ਚੱਲਣ ਵਾਲੀਆਂ ਸਨਅਤਾਂ ਨੂੰ ਨਹੀਂ ਮਿਲ ਰਹੇ।

# ਜੈਸ਼ ਵੱਲੋਂ ਧਾਰਮਿਕ ਸਥਾਨ ਅਤੇ ਰੇਲਵੇ ਸਟੇਸ਼ਨ ਉਡਾਉਣ ਦੀ ਧਮਕੀ


**ਅੰਮ੍ਰਿਤਸਰ:** ਜੰਮੂ ਕਸ਼ਮੀਰ ਦੀ ਅਤਿਵਾਦੀ ਜਥੇਬੰਦੀ ਜੈਸ਼-ਏ-ਮੁਹੰਮਦ ਵੱਲੋਂ ਤਿੰਨ ਧਾਰਮਿਕ ਅਸਥਾਨਾਂ ਅਤੇ ਰੇਲਵੇ ਸਟੇਸ਼ਨਾਂ ਨੂੰ ਬੰਬ ਨਾਲ ਉਡਾਉਣ ਦੀ ਦਿੱਤੀ ਗਈ ਧਮਕੀ ਤੋਂ ਬਾਅਦ ਇਥੇ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ ਅਤੇ ਰੇਲਵੇ ਸਟੇਸ਼ਨ ਵਿਚ ਪੁਲਿਸ ਵੱਲੋਂ ਸਖਤ ਸੁਰਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਚੌਕਸੀ ਵਿਚ ਵਾਧਾ ਕਰ ਦਿੱਤਾ ਗਿਆ ਹੈ।

ਅਤਿਵਾਦੀ ਜਥੇਬੰਦੀ ਦੇ ਨਾਂ ਉਤੇ ਇਹ ਪੱਤਰ ਦੋ ਸਫਿਆਂ ਤੇ ਹਿੰਦੀ ਭਾਸ਼ਾ ਵਿਚ ਲਿਖਿਆ ਹੋਇਆ ਹੈ। ਇਹ ਪੱਤਰ ਪਠਾਨਕੋਟ ਨੇੜੇ ਭਰੋਲੀ ਰੇਲਵੇ ਸਟੇਸ਼ਨ ਦੇ ਇਕ ਅਧਿਕਾਰੀ ਰਜੇਸ਼ ਕੁਮਾਰ ਦੇ ਨਾਂ ਉਤੇ ਇਕ ਲਿਫਾਫੇ ਵਿਚ ਭੇਜਿਆ ਗਿਆ ਹੈ ਜਿਸ ਉਪਰ ਡਾਕ ਟਿਕਟ ਵੀ ਲਗੀ ਹੋਈ ਹੈ। ਰੇਲਵੇ ਅਧਿਕਾਰੀ ਰਜੇਸ਼ ਕੁਮਾਰ ਵੱਲੋਂ ਇਹ ਪੱਤਰ ਜੀ.ਆਰ.ਪੀ. ਦੇ ਅਧਿਕਾਰੀਆਂ ਨੂੰ ਸੌਂਪਿਆ ਗਿਆ, ਜਿਸ ਤੋਂ ਬਾਅਦ ਇਸ ਸਬੰਧੀ ਖੁਲਾਸਾ ਹੋਇਆ।

ਇਸ ਪੱਤਰ ਵਿਚ ਲਿਖਿਆ ਹੋਇਆ ਹੈ ਕਿ ਉਹ ਅਮਰਨਾਥ ਯਾਤਰਾ ਨਹੀਂ ਹੋਣ ਦੇਣਗੇ। ਜੇਕਰ ਕੋਈ ਹਿੰਦੂ ਸਿੱਖ ਵਿਅਕਤੀ ਇਸ ਯਾਤਰਾ 'ਤੇ ਜਾਵੇਗਾ ਤਾਂ ਉਸ ਨੂੰ ਜੰਮੂ ਵਿਚ ਬੰਬ ਨਾਲ ਉਡਾ ਦੇਣਗੇ। ਉਨ੍ਹਾਂ ਹਿੰਦੂ ਯਾਤਰੂਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਅਮਰਨਾਥ ਯਾਤਰਾ ਨਾ ਕਰਨ, ਨਹੀਂ ਤਾਂ ਜਲਦੀ ਹੀ ਜੰਮੂ, ਪਠਾਨਕੋਟ, ਅੰਮ੍ਰਿਤਸਰ, ਫਿਰੋਜ਼ਪੁਰ, ਜੈਪੁਰ, ਜੋਧਪੁਰ, ਬੀਕਾਨੇਰ ਆਦਿ ਰੇਲਵੇ ਸਟੇਸ਼ਨਾਂ ਨੂੰ ਬੰਬ ਨਾਲ ਉਡਾਉਣਗੇ।

# ਥਲ ਸੈਨਾ ਮੁਖੀ ਵੱਲੋਂ ਸਿੱਖ ਮਸਲਿਆਂ ਬਾਰੇ ਭਰੋਸਾ

**ਅੰਮ੍ਰਿਤਸਰ:** ਭਾਰਤੀ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਆਪਣੀ ਪਤਨੀ ਨਾਲ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ, ਰੁਮਾਲਾ ਚੜ੍ਹਾਇਆ ਤੇ ਕੀਰਤਨ ਸਰਵਣ ਕੀਤਾ। ਉਨ੍ਹਾਂ ਅਕਾਲ ਤਖਤ ਉਤੇ ਵੀ ਮੱਥਾ ਟੇਕਿਆ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਜਨਰਲ ਰਾਵਤ ਨੂੰ ਹਰਿਮੰਦਰ ਸਾਹਿਬ ਦਾ ਮਾਡਲ ਤੇ ਸਿਰੋਪਾਓ ਭੇਟ ਕੀਤਾ।



ਦੱਸਿਆ ਜਾ ਰਿਹਾ ਹੈ ਕਿ ਲੌਂਗੋਵਾਲ ਅਤੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਜਨਰਲ ਰਾਵਤ ਕੋਲ 1984 ਦੇ ਸਾਕਾ ਨੀਲਾ ਤਾਰਾ ਵੇਲੇ ਸਿੱਖ ਰੈਫਰੈਂਸ ਦੇ ਅਮੁੱਲ ਖਜ਼ਾਨੇ ਨੂੰ ਫੌਜ ਵੱਲੋਂ ਚੁੱਕੇ ਜਾਣ ਬਾਰੇ ਵੀ ਗੱਲ ਕੀਤੀ। ਉਨ੍ਹਾਂ ਜਨਰਲ ਰਾਵਤ ਨੂੰ ਦੱਸਿਆ ਕਿ ਕਈ ਕੋਸ਼ਿਸ਼ਾਂ ਦੇ ਬਾਵਜੂਦ ਵੀ ਇਹ ਖਜ਼ਾਨਾ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਹੀਂ ਕੀਤਾ ਗਿਆ। ਜਨਰਲ ਰਾਵਤ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਤੇ ਉਹ ਇਸ ਬਾਰੇ ਪਤਾ ਕਰਨਗੇ। ਉਨ੍ਹਾਂ ਜਨਰਲ ਰਾਵਤ ਕੋਲ ਲੇਹ-ਲੱਦਾਖ ਸਥਿਤ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਪੱਥਰ ਸਾਹਿਬ ਬਾਰੇ ਵੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਗੁਰਦੁਆਰੇ ਦਾ ਪ੍ਰਬੰਧ ਫੌਜ ਕੋਲ ਹੈ ਤੇ ਉਹ ਚਾਹੁੰਦੇ ਹਨ ਕਿ ਇਸ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੂੰ ਸੌਂਪਿਆ ਜਾਵੇ। ਜਨਰਲ ਰਾਵਤ ਨੇ ਉਨ੍ਹਾਂ ਨੂੰ ਹਾਂ ਪੱਖੀ ਹੁੰਗਾਰਾ ਦਿੱਤਾ।

ਜਨਰਲ ਰਾਵਤ ਨੇ ਕਿਹਾ ਕਿ ਉਹ ਹਰਿਮੰਦਰ ਸਾਹਿਬ ਆਸ਼ੀਰਵਾਦ ਲੈਣ ਆਏ ਸਨ ਤੇ ਵਾਹਿਗੁਰੂ ਨੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਸ਼ਮੀਰ ਵਿਚ ਅਤਿਵਾਦ ਨੂੰ ਦਬਾਉਣ ਲਈ ਬਣਾਈ ਰਣਨੀਤੀ ਠੀਕ ਹੈ। ਪੱਥਰਬਾਜ਼ਾਂ 'ਤੇ ਨਕੇਲ ਕੱਸਣ ਲਈ ਕਾਰਵਾਈਆਂ ਜਾਰੀ ਹਨ। ਕਸ਼ਮੀਰ ਵਿਚ ਪਾਕਿਸਤਾਨ ਦੀ ਦਖਲਅੰਦਾਜ਼ੀ ਮਾਹੌਲ ਖਰਾਬ ਕਰ ਰਹੀ ਹੈ। ਸਿੱਖਾਂ ਦੇ ਫੌਜ ਵਿੱਚ ਘਟਾਏ ਕੋਟੇ ਬਾਰੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਿੱਖਾਂ ਦਾ ਕੋਟਾ ਘਟਾਇਆ ਨਹੀਂ ਗਿਆ ਹੈ। ਜਨਰਲ ਰਾਵਤ ਨੇ ਹਰਿਮੰਦਰ ਸਾਹਿਬ ਦੇ ਨੇੜੇ ਬਣੇ ਪਾਰਟੀਸ਼ਨ ਮਿਊਜ਼ੀਅਮ ਦਾ ਵੀ ਦੌਰਾ ਕੀਤਾ। ਉਨ੍ਹਾਂ ਮਿਊਜ਼ੀਅਮ ਦੀ ਵਿਜ਼ਿਟਰ ਬੁੱਕ ਵਿਚ ਲਿਖਿਆ ਕਿ ਪਾਰਟੀਸ਼ਨ ਮਿਊਜ਼ੀਅਮ ਵੰਡ ਦੇ ਭਿਆਨਕ ਮਾਹੌਲ ਨੂੰ ਯਾਦ ਕਰਾਉਂਦਾ ਹੈ।

# ਮੁਆਵਜ਼ੇ ਤੋਂ ਵਾਂਝੇ ਨਜ਼ਰਬੰਦਾਂ ਦੀ ਬਾਂਹ ਫੜੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਅਦਾਲਤੀ ਹੁਕਮਾਂ ਮੁਤਾਬਕ ਜੋਧਪੁਰ ਜੇਲ੍ਹ ਵਿਚਲੇ 40 ਨਜ਼ਰਬੰਦਾਂ ਨੂੰ ਦਿੱਤੇ ਗਏ ਮੁਆਵਜ਼ੇ ਤੋਂ ਬਾਅਦ ਬਾਕੀ ਰਹਿੰਦੇ 325 ਨਜ਼ਰਬੰਦਾਂ ਦੇ ਮੁਆਵਜ਼ੇ ਲਈ ਸ਼੍ਰੋਮਣੀ ਕਮੇਟੀ ਨੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਹੈ



ਕਿ ਜੋਧਪੁਰ ਜੇਲ੍ਹ ਵਿਚ ਬੰਦੀ ਰਹੇ ਸਿੱਖਾਂ ਤੇ ਉਨ੍ਹਾਂ ਦੇ ਵਾਰਸਾਂ ਨਾਲ ਰਾਬਤਾ ਕਾਇਮ ਕਰ ਕੇ ਉਨ੍ਹਾਂ ਬਾਰੇ ਮੁਕੰਮਲ ਜਾਣਕਾਰੀ ਇਕੱਠੀ ਕਰਨ ਲਈ ਕਾਰਵਾਈ ਆਰੰਭ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਗਠਿਤ ਸਬ-ਕਮੇਟੀ ਨੇ ਇਕੱਤਰਤਾ ਕਰ ਕੇ 325 ਨਜ਼ਰਬੰਦਾਂ ਨੂੰ ਵੀ ਮੁਆਵਜ਼ਾ ਦਿਵਾਉਣ ਸਬੰਧੀ ਸਿਫਾਰਸ਼ ਕੀਤੀ ਹੈ ਅਤੇ ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦਫਤਰ ਵਿਚ ਇਸ ਮਾਮਲੇ ਬਾਰੇ ਮੁਲਾਜ਼ਮਾਂ ਦੀਆਂ ਵਿਸ਼ੇਸ਼ ਡਿਊਟੀਆਂ ਲਾਉਣ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਬ-ਕਮੇਟੀ ਦੀ ਰਾਇ ਅਨੁਸਾਰ ਸ਼੍ਰੋਮਣੀ ਕਮੇਟੀ ਜੋਧਪੁਰ ਜੇਲ੍ਹ 'ਚ ਨਜ਼ਰਬੰਦ ਰਹੇ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਲਈ ਵਚਨਬੱਧ ਹੈ।

ਇਸ ਤੋਂ ਪਹਿਲਾਂ ਵੀ ਜੋਧਪੁਰ ਜੇਲ੍ਹ 'ਚ ਨਜ਼ਰਬੰਦ ਰਹੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਮੇਂ-ਸਮੇਂ ਸਹਾਇਤਾ ਦਿੱਤੀ ਜਾਂਦੀ ਰਹੀ ਹੈ ਅਤੇ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਨੌਕਰੀ ਦਾ ਪ੍ਰਬੰਧ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦੀ ਅਦਾਲਤ ਦੇ ਆਦੇਸ਼ਾਂ 'ਤੇ ਜੋਧਪੁਰ ਨਜ਼ਰਬੰਦਾਂ ਵਿਚ ਸ਼ਾਮਲ 40 ਸਿੱਖਾਂ ਨੂੰ ਛੇ ਫੀਸਦੀ ਵਿਆਜ ਸਮੇਤ ਚਾਰ ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਸੀ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਮੁਆਵਜ਼ੇ ਦਾ ਆਪਣਾ ਹਿੱਸਾ ਦਿੱਤਾ ਜਾ ਚੁੱਕਾ ਹੈ ਅਤੇ ਕੇਂਦਰ ਸਰਕਾਰ ਵੱਲੋਂ ਇਹ ਮੁਆਵਜ਼ਾ 31 ਜੁਲਾਈ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ।

# ਮਹਾਰਾਜਾ ਦਲੀਪ ਸਿੰਘ ਦੀ 125ਵੀਂ ਬਰਸੀ ਮੌਕੇ ਅੰਮ੍ਰਿਤਸਰ ਵਾਂਗ ਸਜੇਗਾ 'ਈਸਟ ਐਂਜ਼ਲਿਆ'

**ਲੰਡਨ:** ਮਹਾਰਾਜਾ ਦਲੀਪ ਸਿੰਘ ਦੀ 125ਵੀਂ ਬਰਸੀ ਮੌਕੇ ਥੈਟਫੋਰਡ ਵਿਚ ਵਿਸ਼ੇਸ਼ ਸਮਾਗਮ 7 ਜੁਲਾਈ ਤੋਂ 21 ਜੁਲਾਈ ਤੱਕ ਕਰਵਾਏ ਜਾ ਰਹੇ ਹਨ। ਐਸੈਕਸ ਕਲਚਰਲ ਡਾਇਵਰਸਿਟੀ ਪ੍ਰੋਜੈਕਟ ਵੱਲੋਂ ਨੌਰਫੋਕ ਕਾਊਂਟੀ ਕੌਂਸਲ ਦੇ ਸਹਿਯੋਗ ਨਾਲ ਉਦਘਾਟਨੀ ਸਮਾਰੋਹ ਮੌਕੇ ਯੂ.ਕੇ. ਦੀਆਂ ਜੰਮਪਲ 'ਸਿੰਘ ਟਵਿੰਜ਼' ਦੇ ਨਾਂ ਨਾਲ ਜਾਣੀਆਂ ਜਾਂਦੀਆਂ ਜੌੜੀਆਂ ਭੈਣਾਂ ਅੰਮ੍ਰਿਤ ਕੌਰ ਸਿੰਘ ਅਤੇ ਰਾਬਿੰਦਰਾ ਕੌਰ ਸਿੰਘ ਵੱਲੋਂ ਬਣਾਇਆ ਮਹਾਰਾਜਾ ਦਲੀਪ ਸਿੰਘ ਦਾ ਚਿੱਤਰ ਏਸ਼ੀਐਂਟ ਹਾਊਸ ਮਿਊਜ਼ੀਅਮ ਵਿਚ ਲੋਕ ਅਰਪਣ ਕੀਤਾ ਗਿਆ।



ਥੈਟਫੋਰਡ ਦੀ ਡਿਪਟੀ ਮੇਅਰ ਬਰੈਂਡਾ ਕਾਨਹਮ ਵੱਲੋਂ ਥੈਟਫੋਰਡ ਅਤੇ ਪੰਜਾਬ ਦੇ ਸਭਿਆਚਾਰਾਂ ਬਾਰੇ ਸਮਾਗਮ 'ਪੰਜਾਬੀ ਫੈਸਟੀਵਲ' ਦਾ ਉਦਘਾਟਨ ਕੀਤਾ ਗਿਆ। ਦੋ ਹਫਤੇ ਚੱਲਣ ਵਾਲਾ ਇਹ ਸਮਾਗਮ ਇਕ ਤਰ੍ਹਾਂ ਨਾਲ ਪੂਰੇ ਥੈਟਫੋਰਡ ਸ਼ਹਿਰ ਨੂੰ ਅੰਮ੍ਰਿਤਸਰ ਹੀ ਬਣਾ ਦੇਵੇਗਾ। ਇਹ ਸ਼ਹਿਰ ਪੰਜਾਬ ਵਾਂਗ ਹੀ ਖੇਤੀ ਕਿੱਤੇ ਨਾਲ ਸਬੰਧਤ ਲੋਕਾਂ ਦਾ ਹੈ। ਫੈਸਟੀਵਲ ਦੀ ਡਾਇਰੈਕਟਰ ਇੰਦੀ ਸੰਧੂ ਨੇ ਦੱਸਿਆ ਕਿ ਇਸ ਦੌਰਾਨ ਭੰਗੜਾ, ਮੌਰੀਅਸ ਡਾਂਸਰ, ਢੋਲ ਵਜਾਉਣ, ਸਿੱਖ ਮਾਰਸ਼ਲ ਆਰਟ ਗਤਕਾ, ਹਿਨਾ ਪੇਂਟਿੰਗ ਆਦਿ ਦਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਦੌਰਾਨ ਪੰਜਾਬੀ ਖਾਣੇ ਦੇ ਸਟਾਲ ਵੀ ਲਗਾਏ ਜਾਣਗੇ। ਸਮਾਗਮਾਂ ਦੇ ਆਖਰੀ ਦਿਨ 'ਅੰਮ੍ਰਿਤਸਰ ਤੋਂ ਥੈਟਫੋਰਡ' ਨਾਂ ਦੀ ਫਿਲਮ ਵਿਖਾਈ ਜਾਵੇਗੀ, ਜਿਸ ਦੀ ਲੇਖਿਕਾ ਸੀਮਾ ਅਨੰਦ ਹੈ। ਥੈਟਫੋਰਡ ਮਹਾਰਾਜਾ ਦਲੀਪ ਸਿੰਘ ਦਾ ਨਿਵਾਸ ਸਥਾਨ ਸੀ। ਇਤਿਹਾਸਕਾਰ ਅਤੇ ਲੇਖਿਕਾ ਸੀਮਾ ਆਨੰਦ ਨੇ ਕਿਹਾ ਕਿ ਥੈਟਫੋਰਡ ਦਾ 'ਏਲਵੇਡਨ ਮੈਨਰ' ਕਈ ਸਾਲਾਂ ਤੱਕ ਪੰਜਾਬ ਦੇ ਆਖਰੀ ਮਹਾਰਾਜਾ ਦਾ ਨਿਵਾਸ ਸਥਾਨ ਸੀ। ਇਥੋਂ ਦੇ ਲੋਕ ਅਜੇ ਵੀ ਉਨ੍ਹਾਂ ਨੂੰ ਮਾਣ ਨਾਲ ਯਾਦ ਕਰਦੇ ਹਨ।

ਇਸ ਸ਼ਹਿਰ ਦੇ ਵਿਚਕਾਰ ਉਨ੍ਹਾਂ ਦਾ ਲਗਭਗ ਉਸੇ ਤਰ੍ਹਾਂ ਦਾ ਬੁੱਤ ਲਗਾਇਆ ਗਿਆ ਹੈ, ਜਿਸ ਤਰ੍ਹਾਂ ਦਾ ਅੰਮ੍ਰਿਤਸਰ ਦੇ ਕੰਪਨੀ ਬਾਗ 'ਚ ਮਹਾਰਾਜਾ ਰਣਜੀਤ ਸਿੰਘ ਦਾ ਲਗਾਇਆ ਹੋਇਆ ਹੈ। ਇਸ ਦੇ ਇਲਾਵਾ ਇਥੋਂ ਦਾ ਭੂ-ਦ੍ਰਿਸ਼ (ਲੈਂਡਸਕੈਪ) ਵੀ ਅੰਮ੍ਰਿਤਸਰ ਨਾਲ ਮਿਲਦਾ ਜੁਲਦਾ ਹੈ। ਇਤਿਹਾਸਕਾਰ ਅਤੇ ਮਹਾਰਾਜਾ ਦਲੀਪ ਸਿੰਘ 'ਤੇ ਇਕ ਪੁਸਤਕ ਲਿਖਣ ਵਾਲੇ ਪੀਟਰ ਬੈਂਸ ਨੇ ਕਿਹਾ ਕਿ ਥੇਟਫੋਰਡ ਨਾਲ ਮਹਾਰਾਜਾ ਦਲੀਪ ਸਿੰਘ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹਨ। ਇਥੇ ਉਨ੍ਹਾਂ ਦੇ ਬੱਚਿਆਂ ਦਾ ਜਨਮ ਹੋਇਆ ਅਤੇ ਇਥੇ ਹੀ ਉਹ ਵੱਡੀਆਂ ਪਾਰਟੀਆਂ ਕਰਦੇ ਸਨ। ਇਹ ਅਜਿਹਾ ਸਥਾਨ ਸੀ ਜੋ ਉਨ੍ਹਾਂ ਨੂੰ ਆਪਣੇ ਘਰ ਵਰਗਾ ਲੱਗਦਾ ਸੀ।

# ਬਾਦਲ ਸਰਕਾਰ ਵੇਲੇ ਡੋਪ ਟੈਸਟਾਂ ਦਾ ਸੱਚ ਆਇਆ ਸਾਹਮਣੇ

**ਬਠਿੰਡਾ:** ਪੰਜਾਬ ਪੁਲਿਸ ਦੀ ਭਰਤੀ ਸਮੇਂ ਡੋਪ ਟੈਸਟ ਦੇ ਡਰੋਂ 1.16 ਲੱਖ ਨੌਜਵਾਨਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ, ਜੋ ਪੁਲਿਸ ਭਰਤੀ ਵਿਚੋਂ ਗੈਰਹਾਜ਼ਰ ਹੀ ਹੋ ਗਏ ਸਨ। ਉਦੋਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਡੋਪ ਟੈਸਟ ਦੇ ਮਾਮਲੇ ਵਿਚ ਬਹੁਤੇ ਤੱਥਾਂ ਉਤੇ ਪਰਦਾ ਪਾ ਲਿਆ ਸੀ, ਜਿਨ੍ਹਾਂ ਬਾਰੇ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਤੋਂ ਖੁਲਾਸਾ ਹੋਇਆ ਹੈ।

ਉਂਜ, ਪੰਜਾਬ ਪੁਲਿਸ ਨੇ ਸਰਕਾਰੀ ਸੂਚਨਾ ਵਿਚ ਕਾਫੀ ਤੱਥਾਂ ਨੂੰ ਗੋਲ-ਮੋਲ ਕੀਤਾ, ਪਰ ਇਨਾ ਕੁ ਸਪਸ਼ਟ ਹੋ ਗਿਆ ਹੈ ਕਿ ਗੱਠਜੋੜ ਸਰਕਾਰ ਸਮੇਂ ਸਿਪਾਹੀਆਂ ਦੀ ਭਰਤੀ ਮੌਕੇ ਲਏ ਡੋਪ ਟੈਸਟ 'ਚੋਂ 1,16,318 ਨੌਜਵਾਨ ਗੈਰਹਾਜ਼ਰ ਹੋ ਗਏ ਸਨ।

ਪੰਜਾਬ ਪੁਲਿਸ (ਐਡਮਿਨ ਵਿੰਗ) ਵੱਲੋਂ ਆਰ.ਟੀ.ਆਈ. ਵਿਚ ਦਿੱਤੀ ਸੂਚਨਾ ਅਨੁਸਾਰ ਪੁਲਿਸ ਭਰਤੀ ਸਮੇਂ 4.42 ਲੱਖ ਉਮੀਦਵਾਰਾਂ ਦਾ ਡੋਪ ਟੈਸਟ ਹੋਇਆ ਸੀ, ਜਿਨ੍ਹਾਂ ਵਿਚੋਂ 7552 ਉਮੀਦਵਾਰਾਂ ਦਾ ਡੋਪ ਟੈਸਟ ਪਾਜ਼ੇਟਿਵ ਆਇਆ ਸੀ। ਪਾਜ਼ੇਟਿਵ ਕੇਸਾਂ ਵਿਚ ਮੁੜ ਡੋਪ ਟੈਸਟ ਕਰਾਉਣ ਦਾ ਮੌਕਾ ਦੇ ਦਿੱਤਾ ਗਿਆ, ਜਿਸ ਮਗਰੋਂ 1681 ਉਮੀਦਵਾਰਾਂ ਦਾ ਡੋਪ ਟੈਸਟ ਨੈਗੇਟਿਵ ਆ ਗਿਆ।

ਗੱਠਜੋੜ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਲੇ ਵਰ੍ਹੇ ਸਿਪਾਹੀਆਂ ਦੀ ਭਰਤੀ ਕੀਤੀ ਸੀ। ਇਸ ਭਰਤੀ ਵਿਚ ਕੁੱਲ 6,28,005 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ। ਲੜਕੀਆਂ ਨੂੰ ਡੋਪ ਟੈਸਟ ਤੋਂ ਛੋਟ ਦਿੱਤੀ ਗਈ ਸੀ। ਭਰਤੀ ਦੌਰਾਨ ਉਨ੍ਹਾਂ ਉਮੀਦਵਾਰਾਂ ਦਾ ਹੀ ਫਿਜ਼ੀਕਲ ਟੈਸਟ ਲਿਆ ਜਾਂਦਾ ਹੈ, ਜਿਨ੍ਹਾਂ ਦਾ ਡੋਪ ਟੈਸਟ ਨੈਗੇਟਿਵ ਹੁੰਦਾ ਹੈ। ਪੰਜਾਬ ਪੁਲਿਸ ਨੇ ਹੁਣ ਮੌਜੂਦਾ ਮੁਲਾਜ਼ਮਾਂ ਦੀ ਸ਼ਨਾਖਤ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਨਸ਼ਾ ਕਰਦੇ ਹਨ।



## ਪੰਚਾਇਤੀ ਚੋਣਾਂ 'ਚ ਡੋਪ ਟੈਸਟ ਦੀ ਸ਼ਰਤ ਲਾਉਣ ਦੀ ਤਿਆਰੀ

**ਚੰਡੀਗੜ੍ਹ:** ਨਸ਼ੇੜੀਆਂ ਨੂੰ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਤੋਂ ਦੂਰ ਰੱਖਣ ਲਈ ਡੋਪ ਟੈਸਟ ਕਰਵਾਉਣ ਦੀ ਸ਼ਰਤ ਲਾਉਣ ਦੀ ਤਿਆਰੀ ਹੈ। ਇਹ ਮਾਮਲਾ ਕੈਪਟਨ ਵਜ਼ਾਰਤ ਦੀ ਅਗਲੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਵਜ਼ਾਰਤ ਵੱਲੋਂ ਮੋਹਰ ਲਾਉਣ ਦੀ ਸੂਰਤ ਵਿਚ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਲੜਨ ਦੇ ਚਾਹਵਾਨਾਂ ਨੂੰ ਡੋਪ ਟੈਸਟ ਕਰਵਾਉਣਾ ਪਵੇਗਾ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਉਹ ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਵਿਚ ਪੰਚਾਇਤ ਮੈਂਬਰ ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਡੋਪ ਟੈਸਟ ਕਰਵਾਉਣਾ ਜ਼ਰੂਰੀ ਕਰਨ ਦੇ ਹੱਕ ਵਿਚ ਹਨ।

# ਬੱਚਿਆਂ 'ਚ ਨਸ਼ਾਖੋਰੀ 'ਤੇ ਕੇਂਦਰ ਦੀ ਜਵਾਬਤਲਬੀ

**ਨਵੀਂ ਦਿੱਲੀ:** ਬੱਚਿਆਂ ਦਰਮਿਆਨ ਵੱਧ ਰਹੀ ਨਸ਼ੇ ਦੀ ਸਮੱਸਿਆ ਬਾਰੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਜਵਾਬਤਲਬੀ ਕੀਤੀ ਹੈ। ਅਦਾਲਤ ਨੇ ਸਰਕਾਰ ਤੋਂ ਇਸ ਨੂੰ ਰੋਕਣ ਸਬੰਧੀ ਚੁੱਕੇ ਜਾ ਰਹੇ ਕਦਮਾਂ ਬਾਰੇ ਜਾਣਕਾਰੀ ਮੰਗੀ ਹੈ। ਜ਼ਿਕਰਯੋਗ ਹੈ ਕਿ 2016 ਦੇ ਆਪਣੇ ਇਕ ਹੁਕਮ ਵਿਚ ਸੁਪਰੀਮ ਕੋਰਟ ਨੇ ਕੇਂਦਰ ਨੂੰ ਇਸ ਬਾਰੇ ਕਦਮ ਚੁੱਕਣ ਦੀ ਹਦਾਇਤ ਕਰਦਿਆਂ ਕੌਮੀ ਪੱਧਰ ਉਤੇ ਰਣਨੀਤੀ ਬਣਾਉਣ ਦੀ ਹਦਾਇਤ ਜਾਰੀ ਕੀਤੀ ਸੀ।

ਅਦਾਲਤ ਨੇ ਗੈਰ ਸਰਕਾਰੀ ਸੰਗਠਨ ਬਚਪਨ ਬਚਾਓ ਅੰਦੋਲਨ ਦੀ ਇਕ ਲੋਕ ਹਿੱਤ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਸੰਨ 2016 ਵਿਚ ਸਰਕਾਰ ਨੂੰ ਛੇ ਮਹੀਨਿਆਂ ਦੇ ਅੰਦਰ ਕੌਮੀ ਪੱਧਰ ਦੀ ਰਣਨੀਤੀ ਬਣਾ ਕੇ ਸਰਵੇਖਣ ਕਰਵਾਉਣ ਦੇ ਵੀ ਹੁਕਮ ਦਿੱਤੇ ਸਨ।

ਅਦਾਲਤ ਨੇ ਅਗਲੀ ਸੁਣਵਾਈ 20 ਅਗਸਤ ਲਈ ਤੈਅ ਕੀਤੀ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਉਤੇ ਆਧਾਰਿਤ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਏ.ਐਸ.ਜੀ. ਪਿੰਕੀ ਆਨੰਦ ਅਦਾਲਤ ਨੂੰ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦੇਣਗੇ ਤਾਂ ਕਿ ਅਗਲੇਰੀ ਰਣਨੀਤੀ ਸਬੰਧੀ ਹਦਾਇਤਾਂ ਦਿੱਤੀਆਂ ਜਾ ਸਕਣ।

ਗੈਰ ਸਰਕਾਰੀ ਸੰਗਠਨ ਦੇ ਵਕੀਲ ਵੱਜੋਂ ਪੇਸ਼ ਹੋਏ ਐਡਵੋਕੇਟ ਐਚ.ਐਸ. ਫੂਲਕਾ ਨੇ ਅਦਾਲਤ ਵਿਚ ਕਿਹਾ ਕਿ ਸਰਕਾਰ ਕੋਰਟ ਦੇ ਹੁਕਮਾਂ ਦੀ ਪਾਲਣਾ ਵਿਚ ਨਾਕਾਮ ਸਾਬਤ ਹੋਈ ਹੈ। ਲੋਕ ਹਿੱਤ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਕੱਲੀ ਕੌਮੀ ਰਾਜਧਾਨੀ ਦਿੱਲੀ ਵਿਚ ਹੀ ਇਕ ਲੱਖ ਬੇਘਰ ਬੱਚੇ ਹਨ ਤੇ ਇਸੇ ਵਰਗ ਵਿਚ ਹੀ ਨਸ਼ੇ ਦੀ ਸਮੱਸਿਆ ਜ਼ਿਆਦਾ ਹੋਣ ਕਾਰਨ ਬੱਚਿਆਂ ਨੂੰ ਸਿਹਤ ਸਬੰਧੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਬੱਚਿਆਂ ਦੇ ਹੱਕਾਂ ਦੀ ਰੱਖਿਆ ਬਾਰੇ ਦਿੱਲੀ ਦੇ ਕਮਿਸ਼ਨ ਦੀ ਰਿਪੋਰਟ ਮੁਤਾਬਕ ਕਾਨੂੰਨੀ ਉਲੰਘਣਾ ਦੇ ਦੋਸ਼ਾਂ ਵਿਚ ਘਿਰੇ 100 ਫੀਸਦ ਬੱਚੇ ਨਸ਼ਿਆਂ ਦੇ ਜੰਜਾਲ ਵਿਚ ਫਸੇ ਹੋਏ ਹਨ।

# ਵਿਦੇਸ਼ੀ ਨਸ਼ਾ ਤਸਕਰਾਂ ਦੀ ਪੰਜਾਬ 'ਚ ਸਰਗਰਮੀ ਦੇ ਫਿਕਰ ਵਧਾਇਆ

**ਬਠਿੰਡਾ:** ਪੰਜਾਬ ਵਿਚ ਨਸ਼ਾ ਤਸਕਰੀ ਦੇ ਧੰਦੇ ਵਿਚ ਨਾਇਜੀਰੀਅਨ ਅਤੇ ਅਫਰੀਕਨ ਨੌਜਵਾਨ ਪੂਰੀ ਤਰ੍ਹਾਂ ਸਰਗਰਮ ਹਨ। ਸਰਕਾਰੀ ਅੰਕੜਿਆਂ ਅਨੁਸਾਰ 'ਕਾਲੇ ਨੌਜਵਾਨਾਂ' ਲਈ ਪੰਜਾਬ ਸਭ ਤੋਂ ਚੰਗੀ 'ਚਿੱਟੇ ਦੀ ਮੰਡੀ' ਹੈ, ਜਿਥੇ ਖਰੀਦਦਾਰਾਂ ਦੀ ਕੋਈ ਘਾਟ ਨਹੀਂ। ਪੰਜਾਬ ਦੀ ਪਟਿਆਲਾ, ਰੋਪੜ, ਜਲੰਧਰ ਤੇ ਅੰਮ੍ਰਿਤਸਰ ਜੇਲ੍ਹ 'ਚ ਨਾਇਜੀਰੀਅਨ ਤਸਕਰ ਕਾਫੀ ਗਿਣਤੀ ਵਿਚ ਨਾਇਜੀਰੀਅਨ 25 ਤੋਂ 40 ਸਾਲ ਦੀ ਉਮਰ ਦੇ ਹਨ। ਰੋਪੜ ਜੇਲ੍ਹ ਵਿਚ ਸਾਲ 2018 ਵਿਚ 15 ਨਾਇਜੀਰੀਅਨ ਨਸ਼ਾ ਤਸਕਰੀ ਸਬੰਧੀ ਆਏ ਹਨ। ਮੁਹਾਲੀ ਪੁਲਿਸ ਵੱਲੋਂ ਜਨਵਰੀ 2018 ਤੋਂ ਹੁਣ ਤੱਕ 18 ਨਾਇਜੀਰੀਅਨ ਤਸਕਰ ਫੜੇ ਜਾ ਚੁੱਕੇ ਹਨ।

ਐਸ.ਟੀ.ਐਫ. ਮੋਹਾਲੀ ਦੇ ਐਸ.ਪੀ. ਰਜਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਦਿੱਲੀ ਦਾ




ਆਉਣ ਲੱਗੇ ਹਨ। ਦਿੱਲੀ ਦਾ ਉੱਤਮ ਨਗਰ ਇਨ੍ਹਾਂ ਕਾਲੇ ਤਸਕਰਾਂ ਦਾ ਅੱਡਾ ਬਣ ਗਿਆ ਹੈ, ਜਿਥੋਂ ਇਹ ਵਿਦੇਸ਼ੀ ਤਸਕਰ ਪੰਜਾਬ ਵਿਚ 'ਚਿੱਟਾ' ਸਪਲਾਈ ਕਰਦੇ ਹਨ। ਇਹ ਤਸਕਰ ਨਾਇਜੀਰੀਆ, ਕੀਨੀਆ ਤੇ ਅਫਰੀਕਾ ਦੇ ਬਾਸ਼ਿੰਦੇ ਹਨ, ਜੋ ਬਿਜ਼ਨਸ ਵੀਜ਼ਾ ਅਤੇ ਵਿਦਿਆਰਥੀ ਵੀਜ਼ੇ ਉਤੇ ਭਾਰਤ ਆਉਂਦੇ ਹਨ।

ਸੂਚਨਾ ਦਾ ਅਧਿਕਾਰ ਤਹਿਤ ਹਾਸਲ ਵੇਰਵਿਆਂ ਅਨੁਸਾਰ ਰੋਪੜ ਜੇਲ੍ਹ ਵਿਚ ਅਪਰੈਲ 2017 ਤੋਂ ਹੁਣ ਤੱਕ 22 ਕਾਲੇ ਤਸਕਰ ਆ ਚੁੱਕੇ ਹਨ, ਜਿਨ੍ਹਾਂ ਵਿਚੋਂ ਬਹੁਤ ਹਾਲੇ ਇਥੇ ਹੀ ਹਨ। ਇਨ੍ਹਾਂ 'ਚੋਂ ਸਿਰਫ ਇਕ ਕੀਨੀਆ ਦਾ ਹੈ ਜਦੋਂ ਕਿ ਬਾਕੀ ਨਾਇਜੀਰੀਆ ਦੇ ਹਨ। ਸਭਨਾਂ ਉਤੇ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਹਨ। ਜੂਲੀਅਟ ਨਾਮ ਦੀ ਨਾਇਜੀਰੀਅਨ ਲੜਕੀ ਵੀ ਰੋਪੜ ਜੇਲ੍ਹ ਵਿਚ ਬੰਦ ਹੈ। ਇਨ੍ਹਾਂ ਤਸਕਰਾਂ ਵਿਚ ਸਭ ਤੋਂ ਛੋਟੀ ਉਮਰ ਦਾ ਦੂਮੀਲੈਲਾ ਸੈਮੂਅਲ (22) ਹੈ।

ਨਸ਼ੇ ਦੇ ਕਾਰੋਬਾਰ 'ਚ ਪੈਣ ਵਾਲੇ ਬਹੁਤੇ

ਉੱਤਮ ਨਗਰ ਇਨ੍ਹਾਂ ਕਾਲੇ ਤਸਕਰਾਂ ਦਾ ਅੱਡਾ ਬਣ ਗਿਆ ਹੈ। ਕਾਲੇ ਤਸਕਰ ਪੰਜਾਬ ਨੂੰ ਨਿਸ਼ਾਨਾ ਬਣਾਉਂਦੇ ਹਨ ਕਿਉਂਕਿ ਦੂਸਰੇ ਰਾਜਾਂ ਦੇ ਮੁਕਾਬਲੇ ਪੰਜਾਬ ਵਿਚ ਖਰੀਦਦਾਰ ਜ਼ਿਆਦਾ ਮਿਲ ਜਾਂਦੇ ਹਨ। ਸਰਕਾਰੀ ਤੱਥਾਂ ਅਨੁਸਾਰ ਪਟਿਆਲਾ ਜੇਲ੍ਹ ਵਿਚ ਇਕੱਲੇ ਸਾਲ 2018 ਵਿੱਚ 13 ਨਾਇਜੀਰੀਅਨ ਅਤੇ ਅਫਰੀਕਨ ਆਏ ਹਨ।

ਪਟਿਆਲਾ ਜੇਲ੍ਹ ਵਿਚ ਪੰਜ ਨਾਇਜੀਰੀਅਨ ਲੜਕੀਆਂ ਵੀ ਬੰਦ ਹਨ। ਜਲੰਧਰ ਦੀ (ਕਪੂਰਥਲਾ ਜੇਲ੍ਹ) ਜੇਲ੍ਹ ਵਿਚ 10 ਕਾਲੇ ਤਸਕਰ ਬੰਦ ਹਨ ਜਿਨ੍ਹਾਂ ਵਿਚ 5 ਨਾਇਜੀਰੀਅਨ, ਦੋ ਜਾਂਬੀਆ ਦੇ ਅਤੇ ਰਵਾਂਡਾ, ਕੀਨੀਆ ਤੇ ਦੱਖਣੀ ਅਫਰੀਕਾ ਦਾ ਇਕ ਇਕ ਤਸਕਰ ਸ਼ਾਮਲ ਹੈ। ਦੋ ਨਾਇਜੀਰੀਅਨ ਲੜਕੀਆਂ ਵੀ ਇਨ੍ਹਾਂ ਵਿਚ ਸ਼ਾਮਲ ਹਨ। ਬਠਿੰਡਾ ਜੇਲ੍ਹ ਵਿਚ ਵੀ ਪਿਛਲੇ ਸਮੇਂ ਦੌਰਾਨ ਦੋ ਨਾਇਜੀਰੀਅਨ ਬੰਦ ਰਹੇ ਹਨ। ਅੰਮ੍ਰਿਤਸਰ ਸਮੇਤ ਹੋਰਨਾਂ ਜੇਲ੍ਹਾਂ ਵਿਚ ਵੀ ਕਾਫੀ ਗਿਣਤੀ ਵਿੱਚ ਕਾਲੇ ਤਸਕਰ ਬੰਦ ਹਨ। ਕਈ ਜੇਲ੍ਹਾਂ ਵਿਚ ਨੇਪਾਲੀ ਵੀ ਤਸਕਰੀ ਕੇਸਾਂ ਵਿਚ ਬੰਦ ਹਨ।

# ਡੋਪ ਟੈਸਟ ਤੋਂ ਬਾਗੀ ਹੋਏ ਸਰਕਾਰੀ ਮੁਲਾਜ਼ਮ

**ਚੰਡੀਗੜ੍ਹ:** ਪੰਜਾਬ ਦੇ ਮੁਲਾਜ਼ਮ ਕੈਪਟਨ ਸਰਕਾਰ ਤੋਂ ਬਾਗੀ ਹੋ ਗਏ ਹਨ ਅਤੇ ਉਨ੍ਹਾਂ ਨਾ ਵਿਕਾਸ ਕਰ ਕਟਾਉਣ ਅਤੇ ਨਾ ਹੀ ਡੋਪ ਟੈਸਟ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ। ਇਹ ਫੈਸਲਾ ਮੁੱਖ ਮੰਤਰੀ ਦਫਤਰ (ਪੰਜਾਬ ਸਕੱਤਰੇਤ) ਤੋਂ ਲੈ ਕੇ ਹੇਠਾਂ ਤਹਿਸੀਲ ਪੱਧਰ ਤੱਕ ਦੇ ਹਜ਼ਾਰਾਂ ਮਨਿਸਟਰੀਅਲ ਮੁਲਾਜ਼ਮਾਂ ਨੇ ਲਿਆ ਹੈ, ਜਿਸ ਕਾਰਨ ਸਰਕਾਰ ਕਸੂਤੀ ਫਸ ਗਈ ਹੈ।

ਦੱਸਣਯੋਗ ਹੈ ਕਿ ਸਰਕਾਰ ਨੇ ਇਕ ਪਾਸੇ ਮੁਲਾਜ਼ਮਾਂ ਦੀਆਂ ਤਿੰਨ ਡੀ.ਏ. ਕਿਸ਼ਤਾਂ ਦੱਬੀਆਂ ਹੋਈਆਂ ਹਨ ਅਤੇ ਦੂਜੇ ਪਾਸੇ ਪੁਰਾਣੀਆਂ ਡੀ.ਏ. ਦੀਆਂ ਕਿਸ਼ਤਾਂ ਦਾ ਬਕਾਇਆ ਵੀ ਨਹੀਂ ਦਿੱਤਾ। ਇਸ ਦੇ ਉਲਟ ਮੁਲਾਜ਼ਮਾਂ ਨੂੰ 200 ਰੁਪਏ ਮਹੀਨਾ ਵਿਕਾਸ ਕਰ ਲਾ ਦਿੱਤਾ ਹੈ। ਇਸ ਤੋਂ ਇਲਾਵਾ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਸਮੂਹ ਮੁਲਾਜ਼ਮਾਂ ਦਾ ਡੋਪ ਟੈਸਟ ਕਰਵਾਉਣ ਦੇ ਕੀਤੇ ਫਰਮਾਨ ਕਾਰਨ ਮੁਲਾਜ਼ਮ ਸਤੇ ਤੇ ਭਖੇ ਪਏ ਸਨ।

ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਦੀ ਸੂਬਾਈ ਮੀਟਿੰਗ 'ਚ ਸਕੱਤਰੇਤ ਤੋਂ ਲੈ ਕੇ ਜ਼ਿਲ੍ਹਾ ਪੱਧਰ ਤੱਕ ਰੈਲੀਆਂ ਕਰਨ ਤੇ 18 ਜੁਲਾਈ ਨੂੰ ਪੰਜਾਬ ਭਰ ਵਿਚ ਕਾਲੇ ਝੰਡਿਆਂ ਨਾਲ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ। ਮੀਟਿੰਗ 'ਚ ਸ਼ਾਮਲ ਹੋਏ ਪੰਜਾਬ ਸਿਵਲ ਸਕੱਤਰੇਤ ਸਟਾਫ ਐਸੋਸੀਏਸ਼ਨ ਦੇ ਪ੍ਰਧਾਨ ਸੁਖਚੈਨ ਸਿੰਘ ਖਹਿਰਾ ਨੇ ਕਿਹਾ ਕਿ ਸਰਕਾਰ ਦੇ ਮੁਲਾਜ਼ਮ ਮਾਰੂ ਰਵੱਈਏ ਦਾ ਮੋੜਵਾਂ ਜਵਾਬ ਦੇਣ ਲਈ ਸਕੱਤਰੇਤ ਦੇ ਮੁਲਾਜ਼ਮ ਵੀ ਮਨਿਸਟਰੀਅਲ ਯੂਨੀਅਨ ਨਾਲ ਸਾਂਝਾ ਸੰਘਰਸ਼ ਲੜਨਗੇ।

ਮੀਟਿੰਗ ਦੌਰਾਨ ਪੰਜਾਬ ਭਰ ਵਿਚੋਂ ਪੁੱਜੀ ਲੀਡਰਸ਼ਿਪ ਨੇ ਸਰਕਾਰ ਵੱਲੋਂ ਸਮੂਹ ਮੁਲਾਜ਼ਮਾਂ ਦਾ ਡੋਪ ਟੈਸਟ ਕਰਨ ਦੇ ਹੁਕਮਾਂ ਨੂੰ ਰੱਦ ਕਰਦਿਆਂ ਕਿਹਾ ਕਿ ਕੋਈ ਵੀ ਮੁਲਾਜ਼ਮ ਡੋਪ ਟੈਸਟ ਨਹੀਂ ਕਰਵਾਏਗਾ। ਨਾਲ ਹੀ ਲੀਡਰਸ਼ਿਪ ਨੇ ਮੁਲਾਜ਼ਮਾਂ ਵੱਲੋਂ ਵਿਕਾਸ ਕਰ ਵੀ ਅਦਾ ਕਰਨ ਤੋਂ ਨਾਂਹ ਕਰ ਦਿੱਤੀ। ਦੱਸਣਯੋਗ ਹੈ ਕਿ ਸਰਕਾਰ ਨੇ ਮੁਲਾਜ਼ਮਾਂ ਕੋਲੋਂ 4 ਮਹੀਨਿਆਂ ਦਾ 800 ਰੁਪਏ ਵਿਕਾਸ ਕਰ ਜੁਲਾਈ ਮਹੀਨੇ ਦੀ ਤਨਖਾਹ ਵਿਚੋਂ ਕੱਟਣ ਦੀ ਤਿਆਰੀ ਕੀਤੀ ਹੈ ਪਰ ਮੁਲਾਜ਼ਮਾਂ ਵੱਲੋਂ ਇਸ ਤੋਂ ਇਨਕਾਰੀ ਹੋਣ ਕਾਰਨ ਦੋਵਾਂ ਧਿਰਾਂ ਵਿਚਕਾਰ ਟਕਰਾਅ ਪੈਦਾ ਹੋ ਸਕਦਾ ਹੈ।

ਮੁਲਾਜ਼ਮਾਂ ਨੇ ਦੋਸ਼ ਲਾਇਆ ਕਿ ਸਰਕਾਰ ਡੀਏ ਦੀਆਂ ਕਿਸ਼ਤਾਂ, ਬਕਾਏ ਅਤੇ ਤਨਖਾਹ ਕਮਿਸ਼ਨ ਨੂੰ ਦੱਬੀ ਬੈਠੀ ਹੈ ਅਤੇ ਮੁਲਾਜ਼ਮਾਂ ਦਾ ਮੰਗਾਂ ਤੋਂ ਧਿਆਨ ਹਟਾਉਣ ਲਈ ਡੋਪ ਟੈਸਟ ਕਰਵਾਉਣ ਦੇ ਫਰਮਾਨ ਜਾਰੀ ਕਰ ਰਹੀ ਹੈ। ਡੋਪ ਟੈਸਟ ਰਾਹੀਂ ਵੀ ਮੁਲਾਜ਼ਮਾਂ ਉਪਰ ਕਰੋੜਾਂ ਰੁਪਏ ਦਾ ਬੋਝ ਪਾਇਆ ਜਾ ਰਿਹਾ ਹੈ। ਯੂਨੀਅਨ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਕਿ ਜੇ ਤੁਰਤ ਡੀਏ ਦੀਆਂ ਕਿਸ਼ਤਾਂ ਤੇ ਬਕਾਏ ਰਿਲੀਜ਼ ਕਰਨ ਸਮੇਤ ਤਨਖਾਹ ਕਮਿਸ਼ਨ ਦੀ ਰਿਪੋਰਟ ਤਿਆਰ ਕਰਨ ਵੱਲ ਠੋਸ ਕਦਮ ਨਾ ਚੁੱਕੇ ਤਾਂ 25 ਜੁਲਾਈ ਨੂੰ ਯੂਨੀਅਨ ਦੀ ਮੀਟਿੰਗ ਕਰਕੇ ਤਿੱਖਾ ਸੰਘਰਸ਼ ਛੇੜ ਦਿੱਤਾ ਜਾਵੇਗਾ।

# ਆਸ਼ਾ ਕੁਮਾਰੀ ਤੇ ਜਾਖੜ ਦੀ ਹਾਜ਼ਰੀ 'ਚ ਭਿੜੇ ਕਾਂਗਰਸੀ

**ਮਾਨਸਾ:** ਕਾਂਗਰਸੀ ਵਰਕਰਾਂ ਦੇ ਗਿਲੇ-ਸ਼ਿਕਵੇ ਸੁਣਨ ਲਈ ਇਲਾਕੇ ਵਿਚ ਰੱਖੀ ਗਈ ਬੈਠਕ ਮੌਕੇ ਪ੍ਰਦੇਸ਼ ਸੂਬਾ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪਾਰਟੀ ਦੀ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਆਸ਼ਾ ਕੁਮਾਰੀ ਦੀ ਹਾਜ਼ਰੀ ਵਿਚ ਇਕ ਕਾਂਗਰਸੀ ਆਗੂ ਦੀ ਇਕ ਹੋਰ ਮਹਿਲਾ ਆਗੂ ਨਾਲ ਝੜਪ ਹੋ ਗਈ। ਇਸ ਦੌਰਾਨ ਆਗੂ ਦੀ ਪੱਗ ਵੀ ਲੱਥ ਗਈ। ਇਸ ਵਰਤਾਰੇ ਤੋਂ ਬਾਅਦ ਪਾਰਟੀ ਦੇ ਹੋਰ ਸਥਾਨਕ ਆਗੂ ਮਿਹਣੋ-ਮਿਹਣੀ ਹੋ ਗਏ।

ਪਾਰਟੀ ਆਗੂ ਮਾਨਸਾ ਤੋਂ ਇਲਾਵਾ ਬਰੇਟਾ, ਬੁਢਲਾਡਾ ਅਤੇ ਭੀਖੀ ਵਿਚ ਵੀ ਵਰਕਰਾਂ ਦੀਆਂ ਸ਼ਿਕਾਇਤਾਂ ਸੁਣਨ ਪੁੱਜੇ ਪਰ ਸਥਾਨਕ ਪਾਰਟੀ ਵਰਕਰ ਅਤੇ ਆਗੂ ਉਥੇ ਵੀ ਭਿੜਨ ਦੇ ਰੌਂਅ ਵਿਚ ਹੀ ਨਜ਼ਰ ਆਏ। ਹਾਲਾਂਕਿ ਇਸ ਦੌਰਾਨ ਸੂਬਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਪਾਰਟੀ ਵਰਕਰਾਂ ਨੂੰ ਧੜੇਬੰਦੀ ਛੱਡ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕਰਦੇ ਰਹੇ।

ਕਾਂਗਰਸ ਦੀ ਪੰਜਾਬ ਮਾਮਲਿਆਂ ਬਾਰੇ



ਇੰਚਾਰਜ ਆਸ਼ਾ ਕੁਮਾਰੀ ਵੀ ਵਰਕਰਾਂ ਨੂੰ ਲੋਕ ਸਭਾ ਚੋਣਾਂ ਲਈ ਤਿਆਰੀਆਂ ਵਿੱਢਣ ਲਈ ਪ੍ਰੇਰਦਿਆਂ ਵਖਰੇਵੇਂ ਤਿਆਗਣ ਦੀ ਸਲਾਹ ਦਿੰਦੇ ਰਹੇ। ਵਰਕਰਾਂ ਨੇ ਇਸ ਮੌਕੇ ਕਿਹਾ ਕਿ ਮਾਨਸਾ ਵਿਧਾਨ ਸਭਾ ਹਲਕੇ ਵਿਚ ਪਾਰਟੀ ਦਾ ਕੋਈ ਨੁਮਾਇੰਦਾ ਨਾ ਹੋਣ ਕਾਰਨ ਅਫਸਰਸ਼ਾਹੀ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੀ। ਇਸ ਤੋਂ ਇਲਾਵਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਬਿਕਰਮਜੀਤ ਸਿੰਘ ਮੋਫਰ ਨੇ ਬਿਨਾਂ ਦੱਸੇ ਜਦੋਂ ਮੀਟਿੰਗ ਦਾ ਸਥਾਨ ਬਦਲਣ ਦਾ ਗਿਲਾ ਕੀਤਾ ਤਾਂ ਮੁੱਖ ਮੰਤਰੀ ਦੇ ਓ.ਐਸ.ਡੀ. ਕੈਪਟਨ ਸੰਦੀਪ ਸਿੰਘ ਸੰਧੂ ਦੀ ਹਾਜ਼ਰੀ ਵਿਚ ਵਰਕਰਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਹਲਕੇ ਤੋਂ ਬਾਹਰਲੇ ਲੋਕ ਆ ਕੇ ਉਨ੍ਹਾਂ ਦੇ ਕੰਮਾਂ ਵਿਚ ਦਖਲ-ਅੰਦਾਜ਼ੀ ਕਰਦੇ ਹਨ।

# ਪੰਜਾਬਣ ਨੂੰ ਸਿੰਗਾਪੁਰ 'ਚ ਤਿੰਨ ਸਾਲ ਕੈਦ

**ਸਿੰਗਾਪੁਰ:** ਭਾਰਤੀ ਮੂਲ ਦੀ ਇਕ ਸਿੰਗਾਪੁਰ ਵਾਸੀ ਔਰਤ ਨੂੰ ਅਮਰੀਕਨ ਜਲ ਸੈਨਾ ਵਿਚ ਹੋਏ ਘੁਟਾਲੇ ਅਤੇ ਧੋਖਾਧੜੀ ਦੇ ਕੇਸ ਵਿਚ ਅਦਾਲਤ ਨੇ ਤਿੰਨ ਸਾਲ ਦੀ ਸਜ਼ਾ ਸੁਣਾਈ ਹੈ। ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਨ ਜਲ ਸੈਨਾ ਦੇ ਇਤਿਹਾਸ ਵਿਚ ਹੁਣ ਤੱਕ ਦਾ ਇਹ ਸਭ ਤੋਂ ਵੱਡਾ ਭ੍ਰਿਸ਼ਟਾਚਾਰ ਦਾ ਕੇਸ ਸੀ। ਗੁਰਸ਼ਰਨ ਕੌਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ 33 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜ਼ਿਲ੍ਹਾ ਜੱਜ ਸੈਫੂਦੀਨ ਸਾਰੂਵਾਨ ਵੱਲੋਂ ਸੁਣਾਏ ਫੈਸਲੇ ਅਨੁਸਾਰ ਉਸ ਨੂੰ 130,278.34 ਸਿੰਗਾਪੁਰੀ ਡਾਲਰ ਸਿੰਗਾਪੁਰ ਦੀ ਭ੍ਰਿਸ਼ਟ ਪ੍ਰੈਕਟਿਸ ਜਾਂਚ ਬਿਊਰੋ ਨੂੰ ਅਦਾ ਕਰਨੇ ਪੈਣਗੇ।

ਸਿੰਗਾਪੁਰ ਵਾਸੀ ਗੁਰਸ਼ਰਨ ਕੌਰ ਸ਼ਾਰੋਨ ਰਾਸ਼ੀਲ ਅਮਰੀਕਨ ਨੇਵੀ ਵਿਚ ਮੋਹਰੀ ਇਕਰਾਰ ਮਾਹਿਰ ਸੀ, ਉਹ ਸਮੁੰਦਰੀ ਜਹਾਜ਼ਾਂ ਦੇ ਪ੍ਰਬੰਧ ਲਈ ਲੱਖਾਂ ਡਾਲਰਾਂ ਦੇ ਇਕਰਾਰ ਕਰਦੀ ਸੀ। ਇਸ ਦੇ ਨਾਲ ਉਸ ਦੀ ਜ਼ਿੰਮੇਵਾਰੀ ਇਕਰਾਰ ਲਿਖਣ ਅਤੇ ਸਾਲਸੀ ਕਰਨ ਦੇ ਨਾਲ ਨਾਲ ਬੋਲੀਆਂ ਦੇ ਮੁਲੰਕਣ ਦੀ ਵੀ ਸੀ। ਗੁਰਸ਼ਰਨ ਕੌਰ ਉਤੇ ਗਲੈਨ ਡਿਫੈਂਸ ਮੈਰੀਨ (ਏਸ਼ੀਆ) (ਜੀ.ਡੀ.ਐਮ.ਏ.) ਜੋ ਮਲੇਸ਼ੀਆ ਦੀ ਸਮੁੰਦਰੀ ਜਹਾਜ਼ਾਂ ਸਬੰਧੀ ਕੰਪਨੀ ਹੈ, ਦੇ ਸੀ.ਈ.ਓ. ਲੇਨਾਰਡ ਗਲੈਨ ਫਰਾਂਸਿਸ ਤੋਂ 130,000 ਸਿੰਗਾਪੁਰੀ ਡਾਲਰ ਰਿਸ਼ਵਤ ਲੈਣ ਦਾ ਦੋਸ਼ ਲੱਗਾ ਸੀ। ਇਹ ਖਬਰ ਚੈਨਲ ਨਿਊਜ਼ ਏਸ਼ੀਆ ਨੇ ਦਿੱਤੀ ਸੀ।

# ਸੁਪਰੀਮ ਕੋਰਟ ਦੇ ਥਾਪੜੇ ਪਿੱਛੋਂ ਵੀ ਨਾ ਘਟੀਆਂ ਕੇਜਰੀਵਾਲ ਦੀਆਂ ਮੁਸ਼ਕਲਾਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਦਿੱਲੀ ਸਰਕਾਰ ਤੇ ਦਿੱਲੀ ਦੇ ਉਪ ਰਾਜਪਾਲ ਦੇ ਅਧਿਕਾਰਾਂ ਦੀ ਹੱਦ ਮਿਥਣ ਮਗਰੋਂ ਵੀ ਸੂਬਾ ਸਰਕਾਰ ਤੇ ਅਧਿਕਾਰੀਆਂ ਦਰਮਿਆਨ ਕਸ਼ਮਕਸ਼ ਨਹੀਂ ਰੁਕ ਰਹੀ।

ਦਿੱਲੀ ਦੇ ਅਧਿਕਾਰੀਆਂ ਵੱਲੋਂ ਤਬਾਦਲਿਆਂ ਤੇ ਨਿਯੁਕਤੀਆਂ ਬਾਰੇ ਸਰਕਾਰ ਦੀ ਗੱਲ ਨਾ ਸੁਣਨ ਮਗਰੋਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਚਿਤਾਵਨੀ ਦਿੱਤੀ ਕਿ ਨੌਕਰਸ਼ਾਹਾਂ ਵੱਲੋਂ ਪ੍ਰਦੇਸ਼ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਉਤੇ ਉਨ੍ਹਾਂ ਨੂੰ 'ਤੇ ਅਦਾਲਤੀ ਹੱਤਕ ਇੱਜ਼ਤ ਦੇ ਮਾਮਲੇ ਦਾ ਸਾਹਮਣਾ ਕਰਨਾ ਹੋਵੇਗਾ ਤੇ ਸਰਕਾਰ ਇਸ ਮੁੱਦੇ 'ਤੇ ਕਾਨੂੰਨੀ ਬਦਲ ਵਿਚਾਰ ਰਹੀ ਹੈ।



ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਦਿੱਲੀ ਸਰਕਾਰ ਵੱਲੋਂ ਨਵੀਂ ਨੀਤੀ ਤਹਿਤ ਮੁੱਖ ਮੰਤਰੀ ਨੂੰ ਨਿਯੁਕਤੀਆਂ ਤੇ ਤਬਾਦਲੇ ਦੇ ਅਧਿਕਾਰ ਦਿੱਤੇ ਗਏ ਸਨ ਤੇ ਇਸ ਫੈਸਲੇ ਨੂੰ ਅਧਿਕਾਰੀਆਂ ਵੱਲੋਂ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਹ ਦਲੀਲ ਦੇ ਰਹੇ ਹਨ ਕਿ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੇ 2016 ਦੇ ਉਸ ਨੋਟੀਫਿਕੇਸ਼ਨ ਨੂੰ ਨਹੀਂ ਹਟਾਇਆ, ਜਿਸ ਵਿਚ ਤਬਾਦਲੇ ਤੇ ਨਿਯੁਕਤੀਆਂ ਦਾ ਅਧਿਕਾਰ ਗ੍ਰਹਿ ਮੰਤਰਾਲੇ ਨੂੰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਉਪ ਰਾਜਪਾਲ ਚੁਣੀ ਹੋਈ ਸਰਕਾਰ ਦੀ ਸਲਾਹ ਮੰਨਣਗੇ ਤੇ ਕੋਈ ਅੜਿੱਕਾ ਨਹੀਂ ਪਾਉਣਗੇ।

ਸ੍ਰੀ ਸਿਸੋਦੀਆ ਨੇ ਕਿਹਾ ਕਿ ਮੁੱਖ ਸਕੱਤਰ ਨੇ ਉਨ੍ਹਾਂ ਨੂੰ ਪੱਤਰ ਲਿਖ ਕੇ ਕਿਹਾ ਕਿ ਉਹ ਸੇਵਾ ਵਿਭਾਗ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਜੇ ਉਹ ਪਾਲਣਾ ਨਹੀਂ ਕਰਦੇ ਤੇ ਤਬਾਦਲੇ ਦੀਆਂ ਫਾਈਲਾਂ ਹੁਣ ਵੀ ਉਪ ਰਾਜਪਾਲ ਹੀ ਦੇਖਣਗੇ ਤਾਂ ਇਹ ਸੰਵਿਧਾਨਕ ਬੈਂਚ ਦੀ ਹੱਤਕ ਹੋਵੇਗੀ। ਉਨ੍ਹਾਂ ਦੁਹਰਾਇਆ ਕਿ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਹੈ ਕਿ ਉਪ ਰਾਜਪਾਲ ਸਿਰਫ 3 ਵਿਸ਼ਿਆਂ ਵਿਚ ਹੀ ਦਖਲ ਦੇ ਸਕਦੇ ਹਨ, ਜਿਨ੍ਹਾਂ ਵਿਚ ਸੇਵਾ ਵਿਭਾਗ ਨਹੀਂ ਹੈ। ਉਨ੍ਹਾਂ ਅਧਿਕਾਰੀਆਂ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸੁਪਰੀਮ ਕੋਰਟ ਦੇ ਫੈਸਲੇ ਦੀ ਪਾਲਣਾ ਕਰਨ।

ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਉਪ ਰਾਜਪਾਲ ਨੂੰ ਪੱਤਰ ਲਿਖ ਕੇ ਕਿਹਾ ਕਿ ਨਿਯੁਕਤੀਆਂ ਤੇ ਤਬਾਦਲੇ ਦਾ ਅਧਿਕਾਰ ਹੁਣ ਮੰਤਰੀ ਮੰਡਲ ਕੋਲ ਹੈ ਪਰ ਅਧਿਕਾਰੀ ਦਿੱਲੀ ਦੇ ਮੁੱਖ ਮੰਤਰੀ ਨੂੰ ਐਲ.ਜੀ. ਤੋਂ ਲੈ ਕੇ ਦਿੱਤੇ ਗਏ ਅਧਿਕਾਰ ਮੰਨਣ ਤੋਂ ਇਨਕਾਰੀ ਹਨ।

### ਕੇਜਰੀਵਾਲ ਨੂੰ 'ਬੌਸ' ਮੰਨਣ ਬਾਰੇ ਕੇਂਦਰ ਦੀ ਅੜੀ ਬਰਕਰਾਰ

ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਆਪਣੇ ਬਲਾਗ ਵਿਚ ਅਧਿਕਾਰੀਆਂ ਦੇ ਤਬਾਦਲੇ ਬਾਰੇ ਲਿਖਿਆ ਕਿ ਫੈਸਲਾ ਦਿੱਲੀ ਸਰਕਾਰ ਦੇ ਹੱਕ ਵਿਚ ਨਹੀਂ ਗਿਆ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਸਪਸ਼ਟ ਹੈ ਕਿ ਦਿੱਲੀ ਸਰਕਾਰ ਕੋਲ ਪੁਲਿਸ ਦਾ ਅਧਿਕਾਰ ਨਹੀਂ ਹੈ, ਇਸ ਕਾਰਨ ਉਹ ਪਿਛਲੇ ਸਮੇਂ ਹੋਏ ਅਪਰਾਧਾਂ ਲਈ ਜਾਂਚ ਏਜੰਸੀ ਦਾ ਗਠਨ ਨਹੀਂ ਕਰ ਸਕਦੇ।

# ਭ੍ਰਿਸ਼ਟਾਚਾਰ ਦੇ ਕੇਸ 'ਚ ਨਵਾਜ਼ ਸ਼ਰੀਫ ਨੂੰ ਦਸ ਸਾਲ ਕੈਦ

**ਇਸਲਾਮਾਬਾਦ:** ਪਾਕਿਸਤਾਨ ਦੇ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਭ੍ਰਿਸ਼ਟਾਚਾਰ ਵਿਰੋਧੀ ਵਿਸ਼ੇਸ਼ ਅਦਾਲਤ ਨੇ 10 ਸਾਲ ਦੀ ਸਖਤ ਕੈਦ ਅਤੇ 80 ਲੱਖ ਪੌਂਡ ਦੇ ਭਾਰੀ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਨਵਾਜ਼ ਸ਼ਰੀਫ ਦੀ ਗੈਰਹਾਜ਼ਰੀ ਵਿਚ ਜਸਟਿਸ ਮੁਹੰਮਦ ਬਸ਼ੀਰ ਨੇ ਬੰਦ ਕਮਰਾ ਸੁਣਵਾਈ ਦੌਰਾਨ ਸੁਣਾਈ। ਇਹ ਸ਼ਰੀਫ ਪਰਿਵਾਰ ਵਿਰੁੱਧ ਪਨਾਮਾ ਪੇਪਰ ਲੀਕ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਤਿੰਨ ਕੇਸਾਂ ਵਿਚੋਂ ਪਹਿਲਾ ਕੇਸ ਹੈ। ਇਸ ਕੇਸ ਵਿਚ ਸ਼ਰੀਫ ਦੀ ਧੀ ਮਰੀਅਮ ਸ਼ਰੀਫ (44) ਨੂੰ ਸੱਤ ਸਾਲ ਕੈਦ ਦੀ ਸਜ਼ਾ ਅਤੇ 20 ਲੱਖ ਪੌਂਡ ਜੁਰਮਾਨਾ, ਉਸ ਦੇ ਪਤੀ ਕੈਪਟਨ (ਸੇਵਾ ਮੁਕਤ) ਮੁਹੰਮਦ ਸਫ਼ਦਰ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।



ਇਸ ਕੇਸ ਵਿਚ ਬਿਊਰੋ ਨੇ ਤਕਰੀਬਨ 21 ਗਵਾਹ ਪੇਸ਼ ਕੀਤੇ। ਸ਼ਰੀਫ ਪਰਿਵਾਰ ਫਲੈਟ ਖਰੀਦਣ ਲਈ ਆਏ ਪੈਸੇ ਦਾ ਸਰੋਤ ਨਹੀਂ ਦੱਸ ਸਕਿਆ। ਇਸ ਫੈਸਲੇ ਸਮੇਂ ਸ਼ਰੀਫ ਆਪਣੀ ਪਤਨੀ ਕੁਲਸੂਮ ਨਵਾਜ਼ ਕੋਲ ਲੰਡਨ 'ਚ ਹਨ, ਜਿਸ ਨੂੰ ਗਲੇ ਦਾ ਕੈਂਸਰ ਹੈ ਅਤੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਅਦਾਲਤ ਨੇ ਅਵੈਨਫੀਲਡ ਭ੍ਰਿਸ਼ਟਾਚਾਰ ਕੇਸ ਵਿਚ ਫੈਸਲਾ ਸੁਣਾਉਣ ਤੋਂ ਪਹਿਲਾਂ ਚਾਰ ਵਾਰ ਅਦਾਲਤ ਦੀ ਕਾਰਵਾਈ ਮੁਲਤਵੀ ਕੀਤੀ ਸੀ। ਇਹ ਕੇਸ ਅਵੈਨਫੀਲਡ ਹਾਊਸ ਲੰਡਨ ਵਿਚ ਸਥਿਤ ਚਾਰ ਫਲੈਟਾਂ ਦੀ ਮਲਕੀਅਤ ਨਾਲ ਸਬੰਧਤ ਸੀ ਅਤੇ ਸ਼ਰੀਫ ਪਰਿਵਾਰ ਅੱਜ ਕੱਲ੍ਹ ਇਥੇ ਹੀ ਠਹਿਰਿਆ ਹੋਇਆ ਹੈ।

ਅਦਾਲਤ ਨੇ ਇਨ੍ਹਾਂ ਫਲੈਟਾਂ ਨੂੰ ਪਾਕਿਸਤਾਨ ਦੀ ਮਲਕੀਅਤ ਐਲਾਨਦਿਆਂ ਜ਼ਬਤ ਕਰਨ ਦੇ ਵੀ ਆਦੇਸ਼ ਦੇ ਦਿੱਤੇ ਹਨ। ਇਸ ਫੈਸਲੇ ਨਾਲ ਸੱਤਾਧਾਰੀ ਧਿਰ ਨੂੰ ਭਾਰੀ ਧੱਕਾ ਲੱਗਾ ਹੈ ਕਿਉਂਕਿ ਪਾਕਿਸਤਾਨ ਵਿਚ 25 ਜੁਲਾਈ ਨੂੰ ਆਮ ਚੋਣਾਂ ਹੋ ਰਹੀਆਂ ਹਨ। ਇਸ ਫੈਸਲੇ ਦੇ ਨਾਲ ਮਰੀਅਮ ਅਤੇ ਸਫ਼ਦਰ ਚੋਣਾਂ ਲੜਨ ਦੇ ਵੀ ਅਯੋਗ ਹੋ ਗਏ ਹਨ।

### ਮਰੀਅਮ ਦੀ ਇਕ ਗਲਤੀ ਕਾਰਨ ਗਈ ਸ਼ਰੀਫ ਦੀ ਕੁਰਸੀ

ਪਨਾਮਾ ਪੇਪਰ ਮਾਮਲੇ 'ਚ ਦੋਸ਼ੀ ਠਹਿਰਾਏ ਜਾਣ ਦੇ ਬਾਅਦ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸੁਪਰੀਮ ਕੋਰਟ ਵੱਲੋਂ ਮਾਮਲੇ ਦੀ ਜਾਂਚ ਲਈ ਗਠਿਤ ਕੀਤੀ ਜੇ.ਆਈ.ਟੀ. ਨੇ 10 ਜੁਲਾਈ ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ ਸੀ। ਇਸ ਦੌਰਾਨ ਇਕ ਗੱਲ ਸਾਹਮਣੇ ਆਈ ਕਿ ਨਵਾਜ਼ ਦੀ ਬੇਟੀ ਮਰੀਅਮ ਦੀ ਇਕ ਗਲਤੀ ਕਾਰਨ ਹੀ ਨਵਾਜ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹੱਥ ਧੋਣਾ ਪਿਆ।

ਅਸਲ ਵਿਚ ਜੇ.ਆਈ.ਟੀ. ਨੂੰ ਜਾਂਚ ਦੌਰਾਨ ਮਰੀਅਮ ਨੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਮਰੀਅਮ ਨੇ ਪਨਾਮਾ ਗੇਟ ਨਾਲ ਜੁੜੇ ਜੋ ਦਸਤਾਵੇਜ਼ ਭੇਜੇ ਸਨ, ਉਹ ਕੈਲੀਬਰੀ ਫੌਂਟ 'ਚ ਟਾਈਪ ਸਨ ਅਤੇ ਸਾਲ 2006 ਦੇ ਸਨ, ਜਦਕਿ ਕੈਲੀਬਰੀ ਫੌਂਟ 31 ਜਨਵਰੀ 2007 ਤੋਂ ਪਹਿਲਾਂ ਵਪਾਰਕ ਪ੍ਰਯੋਗ ਲਈ ਉਪਲੱਬਧ ਨਹੀਂ ਸੀ। ਇਹੀ ਗਲਤੀ ਨਵਾਜ਼ ਲਈ ਉਮਰ ਭਰ ਲਈ ਮੁਸੀਬਤ ਬਣ ਗਈ।

# ਮੋਦੀ ਸਰਕਾਰ ਵੱਲੋਂ ਸਵਾਮੀਨਾਥਨ ਫਾਰਮੂਲਾ ਮੁੜ ਅੱਖੋਂ ਪਰੋਖੇ

**ਚੰਡੀਗੜ੍ਹ:** ਕੇਂਦਰ ਵੱਲੋਂ ਖਰੀਫ ਦੀਆਂ ਫਸਲਾਂ ਲਈ ਸਮਰਥਨ ਮੁੱਲ ਤੈਅ ਕਰਨ ਮੌਕੇ ਡਾ. ਸਵਾਮੀਨਾਥਨ ਫਾਰਮੂਲੇ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ। ਡੇਢ ਸੌ ਫੀਸਦ ਮੁਨਾਫੇ ਦਿਖਾਏ ਜਾ ਰਹੇ ਇਸ ਸਮਰਥਨ ਮੁੱਲ ਵਿਚ ਸੀ-2 ਲਾਗਤ ਨੂੰ ਬਾਹਰ ਕਰ ਦਿੱਤਾ ਗਿਆ ਹੈ। ਇਹ ਮੁੱਲ ਸਿਰਫ ਏ-2 ਅਤੇ ਐਫ.ਐਲ. ਉਤੇ ਅਧਾਰਤ ਹੈ। ਜੇਕਰ ਸੀ-2 ਵੀ ਜੋੜ ਲਈ ਜਾਵੇ, ਤਾਂ ਝੋਨੇ ਦਾ ਸਮਰਥਨ ਮੁੱਲ ਵਿਚ ਵਾਧਾ ਡੇਢ ਸੌ ਫੀਸਦ ਦੇ ਬਜਾਇ 110 ਫੀਸਦ ਰਹਿ ਜਾਂਦਾ ਹੈ।

ਇਸ ਨੂੰ ਸ਼ਾਮਲ ਕਰ ਕੇ 680 ਰੁਪਏ ਪ੍ਰਤੀ ਕੁਇੰਟਲ ਹੋਰ ਵਾਧਾ ਹੋਣਾ ਸੀ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਕੇਂਦਰ ਨੂੰ ਭੇਜੀ ਸਿਫਾਰਸ਼ ਵਿਚ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ 2490 ਰੁਪਏ ਕੁਇੰਟਲ ਮੰਗਿਆ ਸੀ। ਇਹ ਲਗਭਗ ਸੀ-2 ਲਾਗਤ ਵੀ ਜੋੜ ਦੇਣ ਤੋਂ ਬਾਅਦ ਪੰਜਾਹ ਫੀਸਦ ਮੁਨਾਫਾ ਜੋੜਨ ਦੇ ਨੇੜੇ ਸੀ। ਹਾਲਾਂਕਿ ਸੀ-2 ਲਾਗਤ ਨਿਰਧਾਰਤ ਕਰਨ ਦਾ ਮੈਪਾਨਾ ਅਜੇ ਵੀ ਨੁਕਸਦਾਰ ਹੈ। ਕੇਂਦਰ ਸਰਕਾਰ ਵੱਲੋਂ 2013 ਵਿੱਚ ਬਣਾਈ ਗਈ ਰਮੇਸ਼ ਚੰਦ ਕਮੇਟੀ ਨੇ 2015 ਵਿਚ ਆਪਣੀ ਰਿਪੋਰਟ ਦੇ ਦਿੱਤੀ ਸੀ। ਰਮੇਸ਼ ਚੰਦ ਇਸ ਮੌਕੇ ਨੀਤੀ ਆਯੋਗ ਦੇ ਮੈਂਬਰ ਹਨ। ਕਮੇਟੀ ਨੇ ਕਿਹਾ ਸੀ ਕਿ ਕਿਸਾਨਾਂ ਦੇ ਸਮੇਂ ਨੂੰ ਕੇਵਲ ਪੈਦਾਵਾਰ ਦੇ ਨਜ਼ਰੀਏ ਤੋਂ ਹੀ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਨੂੰ ਫਸਲ ਦੀ ਬਿਜਾਈ ਅਤੇ ਇਸ ਤੋਂ ਬਾਅਦ ਦੇ ਕੰਮ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ।

ਕਿਸਾਨ ਨੂੰ ਹੁਨਰਮੰਦ ਕਾਮਾ ਨਾ ਮੰਨਣਾ ਉਸ ਦੇ ਕੰਮ ਦੀ ਕੀਮਤ ਘਟਾਉਣ ਦਾ ਗੰਭੀਰ ਮਾਮਲਾ ਹੈ। ਇਸ ਲਈ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਸਮੇਂ ਕਿਸਾਨ ਪਰਿਵਾਰ ਦੇ ਮੁਖੀ ਨੂੰ ਹੁਨਰਮੰਦ ਕਾਮਾ ਮੰਨ ਕੇ ਕੀਮਤ ਤੈਅ ਕੀਤੀ ਜਾਵੇ। ਫਸਲੀ ਕਰਜ਼ੇ ਉਤੇ ਵਿਆਜ ਅੱਧੇ ਦੀ ਬਜਾਇ ਪੂਰਾ ਲਗਾ ਕੇ ਸਮਰਥਨ ਮੁੱਲ ਦਾ ਆਧਾਰ ਬਣੇ, ਕਿਸਾਨ ਵੱਲੋਂ ਖੇਤੀ ਖੇਤਰ ਵਿਚ ਕੀਤੇ ਪੂੰਜੀਗਤ ਖਰਚੇ ਨੂੰ ਮਹਿੰਗਾਈ ਅਤੇ ਰੁਪਏ ਦੀ ਘੱਟ ਰਹੀ ਕੀਮਤ ਦੇ ਹਿਸਾਬ ਨਾਲ ਜੋੜ ਕੇ ਇਸ ਦੀ ਘਸਾਈ ਅਤੇ ਹੋਰ ਕੀਮਤਾਂ ਦਾ ਹਿਸਾਬ ਲਗਾਇਆ ਜਾਵੇ ਅਤੇ ਜ਼ਮੀਨ ਦਾ ਠੇਕਾ ਉਤਪਾਦਨ ਲਾਗਤ ਦੇ ਅੰਕੜੇ ਇਕੱਠੇ ਕੀਤੇ ਜਾਣ ਵਾਲੇ ਪਿੰਡ ਦੇ ਠੇਕੇ ਦੇ ਮਾਰਕੀਟ ਰੇਟ ਅਨੁਸਾਰ ਮੰਨਿਆ ਜਾਵੇ। ਉਸ ਨੇ ਇਕ ਹੋਰ ਮੱਦ ਸੀ-3 ਭਾਵ ਮੌਜੂਦਾ ਖੇਤੀ ਵਿਚ ਪ੍ਰਬੰਧਕ ਦੀ ਅਹਿਮ ਭੂਮਿਕਾ ਹੈ। ਪਰਿਵਾਰ ਦੇ ਇਕ ਜੀਅ ਨੂੰ ਮੈਨੇਜਰ ਮੰਨਦੇ ਹੋਏ ਉਤਪਾਦਨ ਲਾਗਤ ਤੋਂ ਉਪਰ 10 ਫੀਸਦ ਹੋਰ ਭਾਅ ਸ਼ਾਮਲ ਕੀਤਾ ਜਾਵੇ।

ਕੇਂਦਰ ਸਰਕਾਰ ਵੱਲੋਂ ਝੋਨਾ-ਕਣਕ ਤੋਂ ਬਿਨਾਂ 22 ਹੋਰ ਫਸਲਾਂ ਦੇ ਐਲਾਨੇ ਜਾਣ ਵਾਲੇ ਘੱਟੋ ਘੱਟ ਸਮਰਥਨ ਮੁੱਲ ਦਾ ਕੋਈ ਲਾਭ ਨਹੀਂ, ਕਿਉਂਕਿ ਇਸ ਦੀ ਨਿਰਧਾਰਤ ਮੁੱਲ ਉਤੇ ਖਰੀਦ ਦੀ ਕੋਈ ਗਾਰੰਟੀ ਨਹੀਂ ਹੈ। ਜੇਕਰ ਕੇਂਦਰ ਦੇ ਮੌਜੂਦਾ ਫਾਰਮੂਲੇ ਨੂੰ ਮੰਨ ਲਿਆ ਜਾਵੇ ਤਾਂ 2008 ਤੋਂ 2012 ਤੱਕ ਕਿਸਾਨਾਂ ਨੂੰ ਇਸ ਤੋਂ ਵੱਧ ਮੁਨਾਫਾ ਮਿਲਦਾ ਰਿਹਾ ਹੈ, ਕਿਉਂਕਿ ਏ-2 ਅਤੇ ਐਫ.ਐਲ. ਲਾਗਤ ਦੇ ਵਾਧਾ 161 ਤੋਂ 200 ਫੀਸਦ ਤੱਕ ਰਿਹਾ। ਇਸ ਤੋਂ ਬਾਅਦ 2017-18 ਤੱਕ ਇਹ ਲਗਾਤਾਰ ਘਟਦਾ ਹੀ ਗਿਆ ਹੈ। ਕਿਸਾਨ ਲਗਾਤਾਰ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਮੁਤਾਬਕ ਭਾਅ ਦੇਣ ਦੀ ਮੰਗ ਕਰਦੇ ਆਏ ਹਨ। ਏ-2 ਵਿਚ ਕਿਸਾਨ ਵੱਲੋਂ ਮਜ਼ਦੂਰੀ, ਨਿੱਜੀ ਮਸ਼ੀਨਰੀ, ਪਸ਼ੂ ਧਨ ਦੀ ਸਾਂਭ ਸੰਭਾਲ ਦੇ ਖਰਚੇ, ਬੀਜ, ਖਾਦਾਂ, ਦਵਾਈਆਂ, ਖੇਤੀ ਸੰਦ, ਸਿੰਚਾਈ, ਪਸ਼ੂ ਸੈੱਡ, ਜ਼ਮੀਨ ਦਾ ਮਾਮਲਾ, ਹੋਰ ਟੈਕਸ, ਠੇਕੇ ਉਤੇ ਲਈ ਜ਼ਮੀਨ ਦਾ ਕਿਰਾਇਆ ਅਤੇ ਫੁਟਕਲ ਖਰਚੇ ਸ਼ਾਮਲ ਹਨ। ਐਫ.ਐਲ. ਵਿਚ ਪਰਿਵਾਰਕ ਮਜ਼ਦੂਰੀ ਅਤੇ ਨਗਦੀ ਕੀਤੇ ਕੁਝ ਖਰਚੇ ਸ਼ਾਮਲ ਹਨ ਅਤੇ ਸੀ-2 ਵਿਚ ਆਪਣੀ ਖੁਦ ਦੀ ਜ਼ਮੀਨ ਅਤੇ ਜਾਇਦਾਦ ਦਾ ਕਿਰਾਇਆ, ਇਸ ਉਤੇ ਬਣਦਾ ਵਿਆਜ ਆਦਿ ਸ਼ਾਮਲ ਹੈ। ਸੀ-3 ਵਿਚ ਕਿਸਾਨ ਨੂੰ ਮੈਨੇਜਰ ਮੰਨਦੇ ਹੋਏ ਉਸ ਵਿਚ 10 ਫੀਸਦ ਮੈਨੇਜਰੀਅਲ ਹੁਨਰ ਦਾ ਖਰਚਾ ਪਾਉਣਾ ਵੀ ਸ਼ਾਮਲ ਹੈ।

# ਅਮਰੀਕਾ ਤੇ ਚੀਨ 'ਚ ਵਪਾਰ ਯੁੱਧ ਸਿਖਰਾਂ 'ਤੇ

**ਵਾਸ਼ਿੰਗਟਨ:** ਅਮਰੀਕਾ ਅਤੇ ਚੀਨ ਦਰਮਿਆਨ ਵਪਾਰ ਯੁੱਧ ਦਾ ਖਤਰਾ ਹਕੀਕਤ 'ਚ ਬਦਲਣ ਦੇ ਨਾਲ ਹੀ ਵਿਸ਼ਵ ਅਰਥ ਵਿਵਸਥਾ ਲਈ ਵੀ ਸੰਕਟ ਪੈਦਾ ਹੋ ਗਿਆ ਹੈ। ਅਮਰੀਕਾ ਨੇ ਚੀਨੀ ਆਯਾਤ 'ਤੇ ਕਰ ਲਾ ਦਿੱਤਾ ਹੈ, ਜਿਸ ਨੂੰ ਬੀਜਿੰਗ ਨੇ ਵਿਸ਼ਵ ਦੀਆਂ ਦੋ ਚੋਟੀ ਦੀਆਂ ਅਰਥ ਵਿਵਸਥਾਵਾਂ 'ਚ ਆਰਥਿਕ ਇਤਿਹਾਸ ਦਾ ਸਭ ਤੋਂ ਵੱਡਾ ਵਪਾਰ ਯੁੱਧ ਦੱਸਿਆ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 34 ਅਰਬ ਡਾਲਰ ਦੇ ਚੀਨੀ ਦਰਾਮਦ ਉਤੇ 25 ਫੀਸਦੀ ਕਰ ਲਾ ਕੇ ਵਿਸ਼ਵ ਵਪਾਰ ਯੁੱਧ 'ਚ ਅਜੇ ਤੱਕ ਦਾ ਸਭ ਤੋਂ ਵੱਡਾ ਫੈਸਲਾ ਲਿਆ ਹੈ। ਉਹ ਆਪਣੇ ਚੋਣਵੀਂ ਵਾਅਦੇ ਨੂੰ ਪੂਰਾ ਕਰ ਭਲੇ ਹੀ ਸਮਰਥਕਾਂ ਨੂੰ ਸੰਤੁਸ਼ਟ ਕਰਨਾ ਚਾਹ ਰਹੇ ਹਨ ਪਰ ਇਸ ਦਾ ਅਸਰ ਏਸ਼ੀਆ ਦੇ ਸ਼ੇਅਰ ਬਾਜ਼ਾਰਾਂ ਦੇ ਨਾਲ ਹੀ ਪੂਰੀ ਦੁਨੀਆਂ ਦੀ ਅਰਥ ਵਿਵਸਥਾ 'ਚ ਦੇਖਣ ਨੂੰ ਮਿਲ ਸਕਦਾ ਹੈ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਅਗਲੇ ਦੋ ਹਫਤਿਆਂ 'ਚ 16 ਅਰਬ ਡਾਲਰ ਦੇ ਹੋਰ ਸਾਮਾਨ 'ਤੇ ਵੀ ਕਰ ਲਾਇਆ ਜਾਵੇਗਾ। ਅੱਗੇ ਇਹ ਅੰਕੜਾ 550 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ ਅਤੇ ਇਹ ਚੀਨ ਵਲੋਂ ਸਾਲਾਨਾ ਅਮਰੀਕਾ ਨੂੰ ਨਿਰਯਾਤ ਕੀਤੇ ਜਾਣ ਵਾਲੇ ਸਾਮਾਨ ਤੋਂ ਵੀ ਜ਼ਿਆਦਾ ਹੈ।


ਉਧਰ, ਚੀਨ ਨੇ ਕਿਹਾ ਕਿ ਅਮਰੀਕਾ ਵੱਲੋਂ ਚੀਨੀ ਸਾਮਾਨ 'ਤੇ ਲਾਏ ਗਏ ਆਯਾਤ ਕਰ ਦੀ ਤਰ੍ਹਾਂ ਹੀ ਅਮਰੀਕੀ ਸਾਮਾਨ ਉਤੇ ਵੀ ਆਯਾਤ ਕਰ ਲਾਇਆ ਜਾਵੇਗਾ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਪਾਕਿਸਤਾਨ ਚੋਣਾਂ: ਦੁਚਿੱਤੀ ਵਿਚ ਫਾਥਾ ਮੁਲਕ

ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਗਵਾਂਢੀ ਦੇਸ਼, ਭਾਰਤ ਦੀ ਆਜ਼ਾਦੀ ਮਿਲਣ ਤੋਂ ਇੱਕ ਦਿਨ ਪਹਿਲਾਂ ਇਸ ਵਿਚੋਂ ਹਿੱਸਾ ਕੱਟ ਕੇ ਖੜ੍ਹਾ ਕੀਤਾ ਗਿਆ ਪਾਕਿਸਤਾਨ ਇਸ ਵੇਲੇ ਆਪਣੀ ਹੋਣੀ ਦੇ ਭਵਿੱਖ ਲਈ ਇੱਕ ਦੋਰਾਹੇ ਉਤੇ ਖੜ੍ਹਾ ਹੈ। ਇਸ ਦੋਰਾਹੇ ਤੋਂ ਨਿਕਲਦੇ ਰਾਹਾਂ ਵਿਚੋਂ ਇੱਕ ਇਸ ਦੀ ਤਬਾਹੀ ਦੇ ਭਵਿੱਖ ਦਾ ਝਉਲਾ ਪੱਕਾ ਕਰਦਾ ਹੈ ਤੇ ਦੂਜਾ ਇਹ ਆਸ ਕਰਨ ਲਈ ਮੌਕਾ ਦੇ ਸਕਦਾ ਹੈ ਕਿ ਆਪਰੇਸ਼ਨ ਥੀਏਟਰ ਵਿਚੋਂ ਮੌਤ ਨੂੰ ਅੱਖ ਮਾਰ ਕੇ ਮੁੜ ਆਉਣ ਵਾਲੇ ਕੈਂਸਰ ਦੇ ਮਰੀਜ਼ ਵਾਂਗ ਇਹ ਰਾਹ ਰੋਕੀ ਖੜ੍ਹੀ ਤਬਾਹੀ ਨੂੰ ਝਕਾਨੀ ਦੇ ਸਕਦਾ ਹੈ। ਫੈਸਲਾ ਇਸ ਦੀਆਂ ਆਮ ਚੋਣਾਂ ਨੇ ਕਰਨਾ ਹੈ। ਚੋਣਾਂ ਨੂੰ ਬਹੁਤੇ ਦਿਨ ਨਹੀਂ ਰਹਿ ਗਏ, ਇਸ ਪੰਝੀ ਜੁਲਾਈ ਨੂੰ ਹੋ ਜਾਣੀਆਂ ਹਨ।

ਦੇਸ਼ ਦੀ ਕਮਾਨ ਸੰਭਾਲਣ ਲਈ ਲੜਨ ਵਾਲੀਆਂ ਮੁੱਖ ਧਿਰਾਂ ਭਾਵੇਂ ਤਿੰਨ ਗਿਣੀਆਂ ਜਾਂਦੀਆਂ ਹਨ, ਪਰ ਇਹ ਤਿੰਨ ਧਿਰਾਂ ਅੰਤਲੇ ਪੜਾਅ ਵਿਚ ਸਾਜ਼ਿਸ਼ੀ ਸ਼ਹਿ ਦੇ ਨਾਲ ਅਚਾਨਕ ਉਠੀ ਇੱਕ ਤੀਜੀ ਲਹਿਰ ਤੋਂ ਠਿੱਬੀ ਖਾ ਸਕਦੀਆਂ ਹਨ ਤੇ ਉਹ ਧਿਰ ਵੀ ਜਿੱਤ ਸਕਦੀ ਹੈ, ਜਿਸ ਦਾ ਰਾਹ ਰੋਕਣ ਲਈ ਤਿੰਨਾਂ ਮੁੱਖ ਧਿਰਾਂ ਨੇ ਅਦਾਲਤਾਂ ਵਿਚ ਵੀ ਚਾਰਾਜੋਈ ਕੀਤੀ ਤੇ ਚੋਣ ਕਮਿਸ਼ਨ ਕੋਲ ਵੀ। ਅਵਾਤੇ ਦੱਸਦੇ ਹਨ ਕਿ ਉਸ ਧਿਰ ਦੀ ਜਿੱਤ ਲਈ ਪਾਕਿਸਤਾਨ ਦੀਆਂ ਦੋ ਗੈਰ ਰਾਜਸੀ ਧਿਰਾਂ-ਫੌਜ ਤੇ ਖੁਫੀਆ ਏਜੰਸੀ ਜ਼ੋਰ ਲਾ ਰਹੀਆਂ ਹਨ।

ਪਾਕਿਸਤਾਨ ਦੀ ਕੌਮੀ ਅਸੈਂਬਲੀ ਦੀਆਂ 342 ਸੀਟਾਂ ਵਿਚੋਂ 272 ਸੀਟਾਂ ਜਨਰਲ ਹਨ, 60 ਸੀਟਾਂ ਔਰਤਾਂ ਅਤੇ 10 ਸੀਟਾਂ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਵਾਸਤੇ ਰਾਖਵੀਆਂ ਹਨ। ਜਨਰਲ ਵਾਲੀਆਂ 272 ਸੀਟਾਂ ਨਾਲ ਹੀ ਅਸਲ ਵਿਚ ਦੇਸ਼ ਦੀ ਕਿਸਮਤ ਦਾ ਫੈਸਲਾ ਹੋਣਾ ਹੁੰਦਾ ਹੈ ਤੇ ਉਨ੍ਹਾਂ ਵਿਚੋਂ ਪਿਛਲੀ ਵਾਰੀ ਨਵਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ ਨੂੰ 116 ਦੀ ਵੱਡੀ ਬਹੁ ਗਿਣਤੀ ਮਿਲ ਗਈ ਸੀ। ਪੰਜਾਬ ਵਿਚ ਉਨ੍ਹਾਂ ਕੋਲ ਬੜਾ ਮਜ਼ਬੂਤ ਆਧਾਰ ਹੈ ਤੇ ਦੇਸ਼ ਦੀ ਕੌਮੀ ਅਸੈਂਬਲੀ ਦੀਆਂ 272 ਵਿਚੋਂ 141 ਸੀਟਾਂ ਜਦੋਂ ਸਿਰਫ ਪੰਜਾਬ ਵਿਚ ਹਨ, ਇਸ ਨਾਲ ਜਿੱਤਣ ਵਾਸਤੇ ਲੋੜੀਂਦੀਆਂ 136 ਸੀਟਾਂ ਦਾ ਜੁਗਾੜ ਕਰਨਾ ਵਾਹਵਾ ਸੌਖਾ ਹੋ ਜਾਂਦਾ ਹੈ। ਇਸ ਵਾਰੀ ਵੀ ਪੰਜਾਬ ਵਿਚ ਨਵਾਜ਼ ਪਾਰਟੀ ਦਾ ਕਿਲ੍ਹਾ ਕਾਇਮ ਸੁਣੀਂਦਾ ਹੈ ਤੇ ਦੂਜੇ ਰਾਜ ਵੀ ਉਨ੍ਹਾਂ ਲਈ ਓਨੀ ਵੱਡੀ ਕੌੜ ਵਾਲੇ ਨਹੀਂ ਜਾਪਦੇ, ਜਿੰਨੀ ਸ਼ਾਇਦ ਪਿਛਲੇ ਸਾਲ ਤੱਕ ਬਣੀ ਪਈ ਸੀ।



ਨਵਾਜ਼ ਸ਼ਰੀਫ ਤੇ ਉਸ ਦੀ ਧੀ ਮਰੀਅਮ ਨਵਾਜ਼

ਪਿਛਲੇ ਸਾਲ ਨਵਾਜ਼ ਸ਼ਰੀਫ ਤੇ ਉਸ ਦੀ ਪਾਰਟੀ ਨਹੀਂ, ਉਸ ਦੇ ਪਰਿਵਾਰ ਖਿਲਾਫ ਲੋਕਾਂ ਵਿਚ ਭ੍ਰਿਸ਼ਟਾਚਾਰ ਦੇ ਮੁੱਦੇ ਤੋਂ ਵੱਡਾ ਵਿਰੋਧ ਸੀ। ਜਦੋਂ ਅਦਾਲਤੀ ਹੁਕਮ ਨਾਲ ਉਸ ਦੀ ਕੁਰਸੀ ਛੁਡਾਈ ਗਈ, ਉਹ ਕੌੜ ਘਟੀ ਨਹੀਂ ਸੀ, ਸਗੋਂ ਕਾਇਮ ਰਹਿਣ ਦੀ ਥਾਂ ਵਧਣ ਦੀ ਆਸ ਸੀ, ਪਰ ਬਾਅਦ ਵਿਚ ਜਿਵੇਂ ਅਦਾਲਤੀ ਫੈਸਲੇ ਆਏ ਤੇ ਵਿਰੋਧੀ ਧਿਰ ਦੇ ਬੜਬੋਲੇ ਆਗੂ ਇਮਰਾਨ ਖਾਨ ਨੇ ਛੜੱਪੇਬਾਜ਼ੀ ਕੀਤੀ, ਉਸ ਨਾਲ ਉਹ ਕੌੜ ਵਧਣ ਦੀ ਥਾਂ ਨਵਾਜ਼ ਸ਼ਰੀਫ ਪਰਿਵਾਰ ਲਈ ਹਮਦਰਦੀ ਦੇ ਹਾਲਾਤ ਬਣਨ ਲੱਗੇ ਸਨ।

ਉਪਰੋਥਲੀ ਆਏ ਕੁਝ ਚੋਣ ਸਰਵੇਖਣਾਂ ਤੋਂ ਨਵਾਜ਼ ਸ਼ਰੀਫ ਦੀ ਪਾਰਟੀ ਦੀ ਅਗੇਤ ਦੀਆਂ ਭਵਿੱਖਵਾਣੀਆਂ ਪਿੱਛੋਂ ਉਸ ਖਿਲਾਫ ਅਦਾਲਤੀ ਕਾਰਵਾਈ ਹੋਰ ਤੇਜ਼ ਕਰ ਦਿੱਤੀ ਗਈ ਤੇ ਆਖਰ ਨੂੰ ਨਵਾਜ਼ ਸ਼ਰੀਫ ਤੇ ਉਸ ਦੀ ਧੀ ਨੂੰ ਦਸ-ਦਸ ਸਾਲ ਕੈਦ ਦੀ ਸਜ਼ਾ ਹੋ ਗਈ ਹੈ। ਇਸ ਨਾਲ ਪੰਜਾਬੀ ਭਾਈਚਾਰੇ ਤੇ ਦੂਜੇ ਰਾਜਾਂ ਵਿਚ ਵੀ ਇਹ ਪ੍ਰਭਾਵ ਪਿਆ ਹੈ ਕਿ ਬੰਦੇ ਨੂੰ ਨਿਸ਼ਾਨੇ ਉਤੇ ਰੱਖਿਆ ਪਿਆ ਹੈ। ਜਿਸ ਵੀ ਆਗੂ ਖਿਲਾਫ ਇਸ ਤਰ੍ਹਾਂ ਦੀਆਂ ਕੁਝ ਕਾਰਵਾਈਆਂ ਇੱਕ ਮੁਹਿੰਮ ਚਲਾਉਣ ਵਾਂਗ ਕਰ ਦਿੱਤੀਆਂ ਜਾਣ, ਹਵਾ ਦਾ ਰੁਖ ਏਸ਼ੀਆ ਦੇ ਦੇਸ਼ਾਂ ਵਿਚ ਉਸ ਆਗੂ ਦੇ ਪੱਖ ਵਿਚ ਹੋਣਾ ਕੋਈ ਹੈਰਾਨੀ ਦੀ ਗੱਲ ਨਹੀਂ ਹੋਇਆ ਕਰਦਾ।

ਜਿਹੜੀ ਗੱਲ ਉਸ ਦੇਸ਼ ਵਿਚ ਰਾਜਨੀਤੀ ਦੇ ਧੁਰੰਤਰ ਨੋਟ ਕਰਨ ਤੋਂ ਝਿਜਕ ਰਹੇ ਹਨ, ਉਹ ਇਹ ਹੈ ਕਿ ਚਲੰਤ ਚੋਣ ਵਿਚ ਇੱਕ ਧਿਰ ਹਾਫਿਜ਼ ਸਈਦ ਦੀ ਅਗਵਾਈ ਹੇਠ ਉਭਰੀ ਹੈ ਤੇ ਉਹ ਇਸ ਵੇਲੇ ਪੇਸ਼ ਹੋ ਰਹੇ ਚੋਣ ਸਰਵੇਖਣਾਂ ਵਿਚ ਭਾਵੇਂ ਨਹੀਂ ਦਿੱਸ ਰਹੀ, ਹੇਠਾਂ ਆਮ ਲੋਕਾਂ ਵਿਚ ਰੜਕਣ ਲੱਗ ਪਈ ਹੈ। ਹੋਰਨਾਂ ਪਾਰਟੀਆਂ ਦੇ ਆਗੂ ਇਸ ਵਹਿਮ ਵਿਚ ਹਨ ਕਿ ਉਨ੍ਹਾਂ ਦੀ ਜੜ੍ਹ ਏਨੀ ਪੱਕੀ ਹੈ ਕਿ ਕੋਈ ਹਿਲਾ ਸਕਣ ਵਾਲਾ ਨਹੀਂ ਅਤੇ ਜਿੱਤ ਨਾ ਸਕੇ ਤਾਂ ਫਿਰ ਵੀ ਵੱਕਾਰ ਬਚਾਉਣ ਜੋਗੀਆਂ ਸੀਟਾਂ ਆ ਜਾਣਗੀਆਂ, ਪਰ ਉਹ ਇਹ ਗੱਲ ਨੋਟ ਨਹੀਂ ਕਰਦੇ ਕਿ ਇਸ ਵਾਰ ਫੌਜ ਅਤੇ ਖੁਫੀਆ ਏਜੰਸੀ ਇੱਕ ਹੋਰ ਖੇਡ ਖੇਡ ਰਹੀਆਂ ਹਨ। ਪਾਕਿਸਤਾਨ ਦੀ ਰਾਜਨੀਤੀ ਅੰਦਰ ਹਰ ਹੋਰ ਦੇਸ਼ ਵਾਂਗ ਦਲ-ਬਦਲੀਆਂ ਹਮੇਸ਼ਾ ਤੋਂ ਹੁੰਦੀਆਂ ਰਹੀਆਂ ਹਨ, ਪਰ ਇਸ ਵਾਰੀ ਨਵੀਂ ਗੱਲ ਇਹ ਹੈ ਕਿ ਕੁਝ ਲੋਕਾਂ ਨੇ ਆਖਰੀ ਵਕਤ ਆਪਣੀ ਪਾਰਟੀ, ਖਾਸ ਕਰ ਕੇ ਨਵਾਜ਼ ਸ਼ਰੀਫ



ਇਮਰਾਨ ਖਾਨ

ਵਾਲੀ ਪਾਰਟੀ, ਛੱਡ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਉਦੋਂ ਕੀਤਾ, ਜਦੋਂ ਉਸ ਸੀਟ ਉਤੇ ਨਵਾਂ ਉਮੀਦਵਾਰ ਖੜ੍ਹਾ ਕਰਨ ਦਾ ਸਮਾਂ ਨਹੀਂ ਸੀ ਬਚਿਆ। ਅਸਲ ਵਿਚ ਉਹ ਆਜ਼ਾਦ ਉਮੀਦਵਾਰ ਹੋ ਕੇ ਵੀ ਆਜ਼ਾਦ ਨਹੀਂ, ਇੱਕ ਚੁਸਤ ਰਾਜਨੀਤੀ ਦਾ ਹਿੱਸਾ ਬਣ ਰਹੇ ਹਨ। ਇਸ ਦਾ ਸਬੂਤ ਏਥੋਂ ਮਿਲਦਾ ਹੈ ਕਿ ਉਨ੍ਹਾਂ ਸਭ ਨੇ ਫੌਜੀ ਜੀਪ ਦਾ ਚੋਣ ਨਿਸ਼ਾਨ ਚੁਣਿਆ ਹੈ, ਤਾਂ ਕਿ ਲੋਕਾਂ ਨੂੰ ਦੱਸਣ ਦੀ ਸੌਖ ਰਹੇ ਕਿ ਉਹ ਸਿਰਫ ਉਮੀਦਵਾਰ ਹਨ, ਉਨ੍ਹਾਂ ਦੇ ਪਿੱਛੇ ਅਸਲੀ ਤਾਕਤ ਜੀਪਾਂ ਵਾਲੇ ਫੌਜੀ ਜਰਨੈਲਾਂ ਦੀ ਹੈ।

ਅਜਿਹੇ ਸੱਤ ਜਣੇ ਇਕੱਲੀ ਉਸ ਮੁਸਲਿਮ ਲੀਗ ਦੇ ਉਮੀਦਵਾਰ ਸਨ, ਜਿਸ ਦੀ ਅਗਵਾਈ ਨਵਾਜ਼ ਸ਼ਰੀਫ ਦੇ ਪਰਿਵਾਰ ਕੋਲ ਹੈ ਤੇ ਉਨ੍ਹਾਂ ਨੇ ਕਾਗਜ਼ ਭਰਨ ਦਾ ਸਮਾਂ ਲੰਘਣ ਤੋਂ ਬਾਅਦ ਇਹ ਐਲਾਨ ਕੀਤਾ ਹੈ ਕਿ ਮੁਸਲਿਮ ਲੀਗ ਦੇ ਨਿਸ਼ਾਨ ਦੀ ਥਾਂ ਉਹ ਜੀਪ ਨਿਸ਼ਾਨ ਉਤੇ ਚੋਣ ਲੜਨਗੇ। ਕੁੱਲ ਮਿਲਾ ਕੇ ਏਦਾਂ ਦੇ ਡੇਢ ਸੌ ਤੋਂ ਵੱਧ ਉਮੀਦਵਾਰ ਮੈਦਾਨ ਵਿਚ ਹਨ। 25 ਜੁਲਾਈ ਮਗਰੋਂ ਉਹ ਉਸ ਪਾਰਟੀ ਦੀ ਮਦਦ ਕਰਨਗੇ, ਜਿਸ ਬਾਰੇ ਫੌਜੀ ਜਰਨੈਲ ਇਸ਼ਾਰਾ ਕਰਨਗੇ।

ਸਵਾਲ ਪੁੱਛਿਆ ਜਾ ਰਿਹਾ ਹੈ ਕਿ ਫੌਜੀ ਜਰਨੈਲ ਕਿਸ ਦੀ ਮਦਦ ਕਰਨਗੇ? ਇਸ ਬਾਰੇ ਚਰਚੇ ਚੱਲਦੇ ਸੁਣੇ ਜਾ ਰਹੇ ਹਨ ਕਿ ਸੰਸਾਰ ਵਿਚ ਬਦਨਾਮ ਦਹਿਸ਼ਤਗਰਦ ਹਾਫਿਜ਼ ਸਈਦ ਦੀ ਪਾਰਟੀ ਭਾਵੇਂ ਰਜਿਸਟਰ ਨਹੀਂ ਕਰਨ ਦਿੱਤੀ ਗਈ, ਉਹ ਕਿਸੇ ਅਣਗੌਲੀ ਜਿਹੀ ਪਾਰਟੀ ਦੇ ਨਿਸ਼ਾਨ ਉਤੇ ਆਪਣੇ ਬੰਦਿਆਂ ਨੂੰ ਚੋਣ ਲੜਾ ਰਿਹਾ ਹੈ। ਕੁਝ ਉਸ ਦੇ ਬੰਦੇ ਜਿੱਤ ਸਕਦੇ ਹਨ ਤੇ ਕੁਝ ਜੀਪ ਦੇ ਨਿਸ਼ਾਨ ਉਤੇ ਲੜਨ ਵਾਲੇ ਵੱਖ-ਵੱਖ ਧਿਰਾਂ ਤੋਂ



ਹਾਫਿਜ਼ ਸਈਦ

ਬਾਗੀ ਹੋਏ ਬੰਦੇ ਜਿੱਤ ਜਾਣ ਦੀ ਸੂਰਤ ਵਿਚ ਸਰਕਾਰ ਬਣਾਉਣ ਜਾਂ ਕਿਸੇ ਪਾਰਟੀ ਦੀ ਸਰਕਾਰ ਬਣਨ 'ਤੇ ਪਾਸਕੂ ਆਪਣੇ ਹੱਥ ਰੱਖਣ ਲਈ ਖੁਫੀਆ ਏਜੰਸੀ ਅਤੇ ਫੌਜ ਦੇ ਜਰਨੈਲਾਂ ਦਾ ਸਾਰਾ ਤਾਣ ਲੱਗਾ ਪਿਆ ਹੈ। ਇਸ ਨਾਲ ਸਭ ਤੋਂ ਵੱਧ ਮਾਯੂਸੀ ਇਮਰਾਨ ਖਾਨ ਦੀ ਧਿਰ ਨੂੰ ਹੋ ਰਹੀ ਹੈ। ਉਹ ਹਾਲੇ ਤੱਕ ਇਹ ਸੋਚੀ ਬੈਠੇ ਸਨ ਕਿ ਫੌਜ ਤੇ ਖੁਫੀਆ ਏਜੰਸੀ ਸਾਡੇ ਪੱਖ ਵਿਚ ਹਨ। ਪਿਛਲੇ ਮਹੀਨੇ ਵਿਚ ਰਾਜਨੀਤੀ ਵਿਚ ਅਚਾਨਕ ਸਾਹਮਣੇ ਆਏ ਜੀਪ ਵਾਲੇ ਇਸ ਰੁਝਾਨ ਨਾਲ ਸਿਰਫ ਉਸ ਪਾਰਟੀ ਦੇ ਲਈ ਖਤਰਾ ਹੋਣ ਦੀ ਗੱਲ ਨਹੀਂ, ਸਗੋਂ ਇਹ ਹੈ ਕਿ ਜੇ ਅਚਾਨਕ ਕੱਟੜਪੰਥੀ ਧਿਰਾਂ ਦਾ ਆਗੂ ਸਮਝੇ ਜਾਂਦੇ ਹਾਫਿਜ਼ ਸਈਦ ਦੀ ਧਿਰ ਤਕੜੀ ਹੋ ਗਈ, ਉਸ ਦੀ ਕੋਈ ਅੱਗ ਉਗਲੱਛਣੀ ਲਹਿਰ ਸੱਚਮੁੱਚ ਉਭਰ ਪਈ ਤਾਂ ਬਾਕੀ ਸਾਰੇ ਪਿੱਟਦੇ ਫਿਰਨਗੇ।

ਪਾਕਿਸਤਾਨ ਦੀ ਫੌਜ ਇਸ ਗੱਲ ਲਈ ਬਦਨਾਮ ਹੈ ਕਿ ਉਹ ਬਾਹਰੀ ਲੜਾਈ ਵਿਚ ਹਮੇਸ਼ਾ ਕੁੱਟ ਖਾਂਦੀ ਤੇ ਆਪਣੇ ਦੇਸ਼ ਵਿਚ ਜਦੋਂ ਕਦੇ ਮੌਕਾ ਮਿਲੇ, ਲੋਕਾਂ ਨੂੰ ਕੁੱਟ ਸੁੱਟਦੀ ਹੈ। ਇਸ ਵਾਰ ਉਹ ਚੋਣ ਚੱਕਰ ਵਿਚ ਹਾਫਿਜ਼ ਸਈਦ ਨੂੰ ਅੱਗੇ ਕਰ ਕੇ ਜੋ ਖੇਡ ਖੇਡਣ ਲੱਗੀ ਹੋਈ ਹੈ, ਉਹ ਏਨੀ ਖਤਰਨਾਕ ਹੈ ਕਿ ਜੇ ਹਾਫਿਜ਼ ਸਈਦ ਤੇ ਜੀਪ ਦੇ ਨਿਸ਼ਾਨ ਉਤੇ ਚੋਣ ਲੜਨ ਵਾਲੇ ਲੋਕ ਹਾਰ ਗਏ ਤਾਂ ਇਹ ਉਨ੍ਹਾਂ ਦੀ ਨਹੀਂ, ਫੌਜੀ ਜਰਨੈਲਾਂ ਦੀ ਹਾਰ ਮੰਨੀ ਜਾਵੇਗੀ ਤੇ ਜੇ ਜਿੱਤ ਗਏ ਤਾਂ ਇਹ ਪਾਕਿਸਤਾਨ ਦੀ ਸਮੁੱਚੀ ਰਾਜਨੀਤੀ ਅਤੇ ਸਿਸਟਮ ਦੀ ਹਾਰ ਹੋਵੇਗੀ।

ਦੇਸ਼ ਦਾ ਨਸੀਬ ਦਾਅ ਉਤੇ ਲੱਗਾ ਪਿਆ ਹੈ। ਆਮ ਲੋਕ ਏਨੀ ਡੂੰਘੀ ਖੇਡ ਨੂੰ ਸਮਝਣ ਤੋਂ ਅਸਮਰਥ ਹੋਣਗੇ, ਪਰ ਸਿਆਸੀ ਧੁਰੰਤਰ ਇਸ ਨੂੰ ਸਮਝਦੇ ਹੋਏ ਵੀ ਨਾ ਸਮਝਣ ਦਾ ਵਿਖਾਵਾ ਕਰੀ ਜਾ ਰਹੇ ਹਨ। ਉਸ ਦੇਸ਼ ਲਈ ਇਹੋ ਗੱਲ ਸਭ ਤੋਂ ਵੱਧ ਖਤਰਨਾਕ ਹੈ। ਫੌਜ ਜਾਂ ਦੇਸ਼ ਵਿਚੋਂ ਕਿਸੇ ਇੱਕ ਦੀ ਜਿੱਤ ਦੇ ਚੱਕਰ ਵਿਚ ਤਬਾਹੀ ਜਾਂ ਵਾਪਸੀ ਦੀ ਦੋਚਿੱਤੀ ਵਾਲੇ ਦੋਰਾਹੇ ਉਤੇ ਆਣ ਖੜੋਤਾ ਹੈ ਪਾਕਿਸਤਾਨ।

# ਸੁਪਰੀਮ ਕੋਰਟ ਨੇ ਨਿਤਾਰਿਆ ਦੁੱਧ ਦਾ ਦੁੱਧ, ਪਾਣੀ ਦਾ ਪਾਣੀ

## ਦਿੱਲੀ ਦੀ ਕੇਜਰੀਵਾਲ ਸਰਕਾਰ ਤੇ ਉਪ ਰਾਜਪਾਲ ਬਾਰੇ ਜਮਹੂਰੀਅਤ ਹਿਤੂ ਫੈਸਲਾ

ਆਬਾਦੀ ਦੇ ਲਿਹਾਜ਼ ਸਭ ਤੋਂ ਵੱਧ ਵੋਟਰ ਹੋਣ ਕਾਰਨ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਜਮਹੂਰੀ ਮੁਲਕ ਅਖਵਾਉਂਦਾ ਹੈ। ਮੁਲਕ ਵਿਚ ਹਰ ਸਾਲ ਕਿਸੇ ਨਾ ਕਿਸੇ ਰਾਜ ਵਿਚ ਵਿਧਾਨ ਸਭਾ, ਮਿਉਂਸਪਲ ਕੌਂਸਲ ਜਾਂ ਪੰਚਾਇਤੀ ਚੋਣਾਂ ਦਾ ਅਮਲ ਚਲਦਾ ਰਹਿੰਦਾ ਹੈ। ਇਸ ਚੋਣ ਅਮਲ ਦੌਰਾਨ ਜਾਂ ਮਗਰੋਂ ਜੇ ਜਮਹੂਰੀ ਕਦਰਾਂ-ਕੀਮਤਾਂ ਨਾਲ ਕੋਈ ਛੋਟਾ-ਮੋਟਾ ਵੀ ਸਮਝੌਤਾ ਜਾਂ ਖਿਲਵਾੜ ਹੁੰਦਾ ਹੈ ਤਾਂ ਮੁਲਕ ਦੀ ਪੂਰੀ ਦੁਨੀਆਂ ਵਿਚ ਬਦਨਾਮੀ ਤੇ ਰੁਸਵਾਈ ਹੋਣਾ ਸੁਭਾਵਿਕ ਹੈ।

ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਸੂਬਿਆਂ 'ਚ ਜੋ ਰਾਜਪਾਲ ਨਿਯੁਕਤ ਕੀਤੇ ਜਾਂਦੇ ਹਨ, ਉਹ ਕੇਂਦਰ ਦੀ ਸੱਤਾ 'ਤੇ ਬਿਰਾਜਮਾਨ ਪਾਰਟੀ ਦੇ ਕਿਸੇ ਨਾ ਕਿਸੇ ਰੂਪ ਵਿਚ ਮਨਜ਼ੂਰ-ਏ-ਨਜ਼ਰ ਹੁੰਦੇ ਹਨ। ਇਸੇ ਕਾਰਨ ਉਨ੍ਹਾਂ ਵਿਚੋਂ ਬਹੁਤਿਆਂ ਦੀ ਮਨਸ਼ਾ ਕੇਂਦਰ ਦੀ ਸੱਤਾ 'ਤੇ ਕਾਬਜ਼ ਪਾਰਟੀ ਨਾਲ ਜੁੜੇ ਲੋਕਾਂ ਨੂੰ ਆਪਣੇ ਹਰ ਅਮਲ ਤੋਂ ਖੁਸ਼ ਕਰਨ ਦੀ ਹੁੰਦੀ ਹੈ। ਕਈ ਵਾਰ ਰਾਜਪਾਲ ਜਾਂ ਉਪ ਰਾਜਪਾਲ ਆਪਣੀ ਵਫਾਦਾਰੀ ਦਿਖਾਉਣ ਲਈ ਇਥੋਂ ਤੱਕ ਚਲੇ ਜਾਂਦੇ ਹਨ ਕਿ ਪਤਾ ਹੀ ਨਹੀਂ ਲਗਦਾ ਕਿ ਉਨ੍ਹਾਂ ਦੇ ਗਲਤ ਫੈਸਲਿਆਂ ਕਾਰਨ ਸੰਵਿਧਾਨਕ ਮਰਿਆਦਾ ਦਾ ਘਾਣ ਹੋ ਰਿਹਾ ਹੈ।

ਰਾਜਪਾਲਾਂ ਦੇ ਅਜਿਹੇ ਵਿਵਾਦਪੂਰਨ ਤੇ ਗੈਰ ਵਾਜਿਬ ਫੈਸਲੇ ਅਕਸਰ ਜਨਤਾ ਦੀ ਕਚਹਿਰੀ ਵਿਚ ਜਿੱਥੇ ਚਰਚਾ ਦਾ ਵਿਸ਼ਾ ਬਣਦੇ ਹਨ, ਉਥੇ ਰਾਜਪਾਲ ਦੇ ਉਚ ਅਹੁਦੇ ਦੇ ਵੱਕਾਰ ਅਤੇ ਵਿਸ਼ਵਾਸ ਨੂੰ ਲੈ ਕੇ ਆਮ ਲੋਕਾਂ ਦੇ ਦਿਲਾਂ ਵਿਚ ਢਾਹ ਲਗਣਾ ਸੁਭਾਵਿਕ ਅਮਲ ਹੈ।

ਰਾਜਪਾਲ ਕੇਂਦਰ ਦੁਆਰਾ ਕਿਸੇ ਪ੍ਰਦੇਸ਼ ਵਿਚ ਲਾਇਆ ਆਪਣਾ ਵਿਸ਼ੇਸ਼ ਪ੍ਰਤੀਨਿਧੀ ਹੁੰਦਾ ਹੈ ਜਿਸ ਦਾ ਕੰਮ ਆਪਣੇ ਰਾਜ ਦੇ ਹਾਲਾਤ ਨੂੰ ਕੇਂਦਰ ਪਾਸ ਸਹੀ ਰੂਪ ਵਿਚ, ਇਮਾਨਦਾਰੀ ਨਾਲ ਪਹੁੰਚਾਉਣਾ ਹੁੰਦਾ ਹੈ। ਸਰਕਾਰੀਆ ਕਮਿਸ਼ਨ ਅਨੁਸਾਰ ਰਾਜਪਾਲ ਦੀ ਭੂਮਿਕਾ ਸੰਵਿਧਾਨਕ ਪਹਿਰੇਦਾਰ, ਕੇਂਦਰ ਤੇ ਸੂਬੇ ਵਿਚਕਾਰ ਅਹਿਮ ਸੂਤਰ ਵਾਲੀ ਹੁੰਦੀ ਹੈ। ਪਹਿਰੇਦਾਰ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਉਹ ਕੇਂਦਰ ਦਾ ਏਜੰਟ ਬਣ ਕੇ ਸੰਵਿਧਾਨਕ ਕਦਰਾਂ-ਕੀਮਤਾਂ ਦੀ ਅਣਦੇਖੀ ਕਰਕੇ ਇਨ੍ਹਾਂ ਦਾ ਘਾਣ ਕਰੇ। ਅਫਸੋਸ, ਮੌਜੂਦਾ ਹਾਲਾਤ ਵਿਚ ਅਜਿਹੀਆਂ ਬੇਅਸੂਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਵੈਸੇ ਤਾਂ ਅਜਿਹੀਆਂ ਮਿਸਾਲਾਂ ਨਾਲ ਇਤਿਹਾਸ ਭਰਿਆ ਪਿਆ ਹੈ ਜਦੋਂ ਜਨਤਾ ਦੁਆਰਾ ਆਪਣੇ ਕਲਿਆਣ ਵਾਸਤੇ ਆਪਣੇ ਵਿਚੋਂ, ਆਪਣੇ ਦੁਆਰਾ ਤੇ ਆਪਣੇ ਲਈ ਚੁਣੇ ਮੈਂਬਰਾਂ ਵਾਲੀ ਸਰਕਾਰ ਨੂੰ ਕਈ ਵਾਰ ਰਾਜਪਾਲਾਂ ਦੇ ਗਲਤ ਫੈਸਲਿਆਂ ਕਾਰਨ ਬਹੁਤ ਸਾਰੀਆਂ ਅਜ਼ਮਾਇਸ਼ਾਂ ਤੇ ਮੁਸ਼ਕਿਲਾਂ ਦੇ ਦੌਰ ਵਿਚੋਂ ਗੁਜ਼ਰਨਾ ਪਿਆ ਹੈ। ਕਈ ਵਾਰ ਚੁਣੇ ਹੋਏ ਮੈਂਬਰਾਂ ਜਾਂ ਸਰਕਾਰ ਨੂੰ ਆਪਣੇ ਨਾਲ ਹੋ ਰਿਹਾ ਧੱਕਾ ਰੋਕਣ ਲਈ ਅਦਾਲਤ ਦੇ ਦਰਵਾਜੇ ਖੜਕਾਉਣੇ ਪੈਂਦੇ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਜਿਸ ਤਰ੍ਹਾਂ ਸੂਬਾਈ ਚੋਣਾਂ ਤੋਂ ਬਾਅਦ ਕਿਸੇ ਇਕ ਪਾਰਟੀ ਨੂੰ ਬਹੁਮਤ ਨਾ ਮਿਲਣ ਕਾਰਨ ਜਾਂ ਲਟਕਵੀਂ ਅਸੈਂਬਲੀ ਆਉਣ ਦੀ ਸੂਰਤ ਵਿਚ ਵਖ-ਵਖ ਰਾਜਪਾਲਾਂ ਵਲੋਂ ਇਕ ਪਾਰਟੀ ਵਿਸ਼ੇਸ਼ ਦੇ ਹੱਕ ਵਿਚ ਜਿਵੇਂ ਲਗਾਤਾਰ ਇਕਪਾਸੜ ਫੈਸਲੇ ਕੀਤੇ ਗਏ, ਉਸ ਨਾਲ ਯਕੀਨਨ ਜਮਹੂਰੀ ਕਦਰਾਂ-ਕੀਮਤਾਂ ਨੂੰ ਢਾਹ ਲੱਗੀ ਹੈ। ਇਹੀ ਨਹੀਂ, ਅਜਿਹੇ ਫੈਸਲਿਆਂ ਕਾਰਨ ਰਾਜਪਾਲਾਂ ਦੇ ਉਚੇ ਵੱਕਾਰ ਨੂੰ ਵੀ ਢਾਹ ਲੱਗੀ ਹੈ।

ਪਿਛੇ ਜਿਹੇ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਿਥੇ ਰਾਜਪਾਲ ਨੇ ਆਪਣੀ ਵਫਾਦਾਰੀ ਸਾਬਤ ਕਰਨ ਲਈ ਅਜਿਹਾ ਵਿਵਾਦਪੂਰਨ ਫੈਸਲਾ ਕੀਤਾ ਸੀ ਪਰ ਸੁਪਰੀਮ ਕੋਰਟ ਦੇ ਜੱਜਾਂ ਨੇ ਆਪਣੇ ਫੈਸਲੇ ਰਾਹੀਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਿੱਤਾ। ਸਿਟੇ ਵਜੋਂ ਰਾਜਪਾਲ ਵੱਲੋਂ ਬਹੁਮਤ ਸਿੱਧ ਕਰਨ ਲਈ ਦਿੱਤੀ 15 ਦਿਨਾਂ ਦੀ ਮੋਹਲਤ ਘਟਾ ਕੇ ਕੁਝ ਘੰਟਿਆਂ ਤਕ ਸੀਮਤ ਕਰ ਦਿੱਤੀ ਗਈ ਤਾਂਕਿ ਵਿਧਾਇਕਾਂ ਦੀ ਖਰੀਦੋ-ਫਰੋਖਤ ਰੋਕੀ ਜਾ ਸਕੇ। ਇਸ ਤੋਂ ਪਹਿਲਾਂ ਉਤਰਾਖੰਡ ਅਤੇ ਅਰੁਣਾਚਲ ਪ੍ਰਦੇਸ਼ ਬਾਰੇ ਦਿਤੇ ਅਦਾਲਤ ਦੇ ਫੈਸਲਿਆਂ ਨੇ ਜਮਹੂਰੀਅਤ ਬਚਾਉਣ ਦੀ ਕੋਸ਼ਿਸ਼ ਕੀਤੀ ਸੀ।

ਅਸਲ ਵਿਚ ਜਦੋਂ ਕਿਸੇ ਵਿਧਾਨ ਸਭਾ ਵਿਚ ਕਿਸੇ ਵੀ ਸਿਆਸੀ ਪਾਰਟੀ ਨੂੰ ਲੋੜੀਂਦਾ ਬਹੁਮਤ ਨਹੀਂ ਮਿਲਦਾ ਤਾਂ ਰਾਜਪਾਲ ਦੀ ਭੂਮਿਕਾ ਬਹੁਤ ਅਹਿਮ ਅਤੇ ਜ਼ਿੰਮੇਵਾਰੀ ਵਾਲੀ ਬਣ ਜਾਂਦੀ ਹੈ ਪਰ ਪਿਛਲੇ ਸਮੇਂ ਦੌਰਾਨ ਆਏ ਅਜਿਹੇ ਮੌਕਿਆਂ 'ਤੇ ਕੀਤੇ ਫੈਸਲਿਆਂ ਕਾਰਨ ਲੋਕਾਂ ਵਲੋਂ ਚੁਣੇ ਗਏ ਮੈਂਬਰਾਂ ਦੇ ਨਾਲ-ਨਾਲ ਆਵਾਮ ਨੂੰ ਵੀ ਕਾਫੀ ਧੱਕਾ ਲੱਗਾ ਹੈ।

ਪਿਛਲੇ ਦਿਨਾਂ ਦੌਰਾਨ ਮੁਲਕ ਦੇ ਮੀਡੀਆ ਅਤੇ ਵਖ-ਵਖ ਸਿਆਸੀ ਪਾਰਟੀਆਂ ਵਿਚ ਜੋ ਚਰਚਾ ਦਾ ਵਿਸ਼ਾ ਬਣਿਆ ਹੈ, ਉਹ ਹੈ ਦਿੱਲੀ ਸਰਕਾਰ ਅਤੇ ਉਪ ਰਾਜਪਾਲ ਵਿਚਕਾਰ ਆਈ. ਏ. ਐਸ. ਅਫਸਰਾਂ ਦੀ ਹੜਤਾਲ ਨੂੰ ਲੈ ਕੇ ਪੈਦਾ ਹੋਇਆ ਰੇੜਕਾ। ਇਹ ਕੋਈ ਨਵਾਂ ਰੇੜਕਾ ਨਹੀਂ ਸੀ। ਜਿਸ ਦਿਨ ਤੋਂ ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵਜੂਦ ਵਿਚ ਆਈ ਹੈ, ਉਸ ਦਿਨ ਤੋਂ ਹੀ ਮੁੱਖ ਮੰਤਰੀ ਤੇ ਉਪ ਰਾਜਪਾਲ ਵਿਚਕਾਰ ਬਿਲ ਤੇ ਫਾਈਲਾਂ ਪਾਸ ਕਰਵਾਉਣ ਨੂੰ ਲੈ ਕੇ ਨੂਰਾ-ਕੁਸ਼ਤੀ ਜਿਹੇ ਹਾਲਾਤ ਦੇਖਣ ਨੂੰ ਮਿਲੇ ਹਨ। ਜੇ ਇਹ ਕਹਿ ਲਈਏ ਕਿ ਦਿੱਲੀ ਸਰਕਾਰ ਤੇ ਉਪ ਰਾਜਪਾਲ ਵਿਚਕਾਰ ਰੇੜਕਿਆਂ ਦਾ ਚੋਲੀ-ਦਾਮਨ ਦਾ ਸਾਥ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਪਰ ਇਨ੍ਹਾਂ ਸਾਰੇ ਰੇੜਕਿਆਂ ਦਾ ਖਮਿਆਜ਼ਾ ਦਿੱਲੀ ਦੀ ਜਨਤਾ ਨੂੰ ਭੁਗਤਣਾ ਪੈਂਦਾ ਹੈ।

ਆਖਰਕਾਰ ਇਹ ਰੇੜਕਾ ਹਾਈ ਕੋਰਟ ਹੁੰਦਾ ਹੋਇਆ ਸੁਪਰੀਮ ਕੋਰਟ ਪੁੱਜ ਗਿਆ। ਅਦਾਲਤ ਨੇ ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਸਪਸ਼ਟ ਕੀਤਾ ਕਿ ਉਪ ਰਾਜਪਾਲ ਪਾਸ ਫੈਸਲੇ ਲੈਣ ਦੀਆਂ ਆਜ਼ਾਦਾਨਾ ਸ਼ਕਤੀਆਂ ਨਹੀਂ ਹਨ ਬਲਕਿ ਅਸਲ ਸ਼ਕਤੀਆਂ (ਜ਼ਮੀਨ, ਪੁਲਿਸ ਤੇ ਪਬਲਿਕ ਹੁਕਮਾਂ ਨੂੰ ਛੱਡ ਕੇ ਬਾਕੀ ਸਭ ਬਾਰੇ ਦਿੱਲੀ ਸਰਕਾਰ ਕਾਨੂੰਨ ਬਣਾਉਣ ਦੇ ਸਮਰਥ ਹੈ) ਚੁਣੀ ਹੋਈ ਸਰਕਾਰ ਕੋਲ ਹਨ। ਜਿਥੇ ਸੁਪਰੀਮ ਕੋਰਟ ਨੇ ਉਪ ਰਾਜਪਾਲ ਨੂੰ ਚੁਣੀ ਹੋਈ ਸਰਕਾਰ ਦੇ ਫੈਸਲਿਆਂ 'ਚ ਅੜਿੱਕੇ ਡਾਹੁਣ ਦੀ ਮਨਾਹੀ ਕੀਤੀ ਹੈ, ਉਥੇ ਚੁਣੀ ਹੋਈ ਸਰਕਾਰ ਨੂੰ ਵੀ ਅਰਾਜਕਤਾਵਾਦੀ ਸੋਚ ਛੱਡਣ ਦੀ ਸਲਾਹ ਦਿੱਤੀ ਹੈ। ਕੁਲ ਮਿਲਾ ਕੇ ਇਹ ਫੈਸਲਾ ਕੇਂਦਰ ਸਰਕਾਰ ਲਈ ਸਬਕ ਹੈ ਕਿਉਂਕਿ ਰਾਜਪਾਲ ਜਾਂ ਉਪ ਰਾਜਪਾਲ ਦੀ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ। ਉਹ ਉਹੀ ਕੁਝ ਕਰਦੇ ਹਨ ਜੋ ਉਨ੍ਹਾਂ ਨੂੰ ਕੇਂਦਰੀ ਹਾਈ ਕਮਾਂਡ ਵਲੋਂ ਹੁਕਮ ਜਾਂ ਦਿਸ਼ਾ ਨਿਰਦੇਸ਼ ਮਿਲਦੇ ਹਨ। ਅਦਾਲਤ ਦੇ ਇਸ ਫੈਸਲੇ ਦਾ ਸਿੱਧਾ ਅਸਰ ਪੁਡੂਚੇਰੀ ਉਤੇ ਵੀ ਪਵੇਗਾ ਕਿਉਂਕਿ ਉਥੇ ਵੀ ਦਿੱਲੀ ਵਾਲੀ ਕਹਾਣੀ ਦੁਹਰਾਈ ਜਾ ਰਹੀ ਹੈ।

ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਰਾਜਪਾਲਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਫੈਸਲੇ ਸੰਵਿਧਾਨ ਅਤੇ ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਕਰਨ ਤਾਂ ਕਿ ਅਹੁਦੇ ਦੇ ਵੱਕਾਰ ਨੂੰ ਠੇਸ ਨਾ ਪੁੱਜੇ। ਇਸ ਦੇ ਨਾਲ ਹੀ ਰਾਜਪਾਲਾਂ ਨੂੰ ਰਾਜ ਸਰਕਾਰ ਦੁਆਰਾ ਲੋਕ ਹਿਤਾਂ ਵਿਚ ਪਾਸ ਕੀਤੇ ਕਲਿਆਣਕਾਰੀ ਬਿਲਾਂ ਵਾਲੇ ਫੈਸਲਿਆਂ ਵਿਚ ਗੈਰ-ਜ਼ਰੂਰੀ ਅੜਿਕਾ ਨਹੀਂ ਬਣਨਾ ਚਾਹੀਦਾ।

ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਅਤੇ ਉਪ ਰਾਜਪਾਲ ਵਾਲੇ ਫੈਸਲੇ ਵਿਚ ਸਾਫ ਕਿਹਾ ਹੈ ਕਿ ਜੇ ਕਿਸੇ ਮਾਮਲੇ 'ਤੇ ਕੋਈ ਮੱਤਭੇਦ ਹਨ ਤਾਂ ਮਸਲੇ ਆਪਸੀ ਵਿਚਾਰ-ਵਟਾਂਦਰੇ ਅਤੇ ਤਾਲਮੇਲ ਰਾਹੀਂ ਹੱਲ ਕਰ ਲੈਣੇ ਚਾਹੀਦੇ ਹਨ। ਦਰਅਸਲ ਕਿਸੇ ਵੀ ਲੋਕਤੰਤਰ ਦੀ ਮਜ਼ਬੂਤੀ ਤੇ ਸੂਬਿਆਂ ਦਾ ਸਰਵ-ਪੱਖੀ ਵਿਕਾਸ ਚੁਣੀਆਂ ਹੋਈਆਂ ਸਰਕਾਰਾਂ ਅਤੇ ਕੇਂਦਰ ਦੀ ਨੁਮਾਇੰਦਗੀ ਕਰਦੇ ਰਾਜਪਾਲਾਂ ਵਿਚਾਲੇ ਪੈਦਾ ਹੋਏ ਖੁਸ਼ਗਵਾਰ ਰਿਸ਼ਤਿਆਂ 'ਤੇ ਹੀ ਨਿਰਭਰ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਜੁਲਾਈ 2018*

# ਕਤਲੇਆਮ 84: ਨਿਆਂ ਬਨਾਮ ਅਨਿਆਂ

ਜੱਗ ਜਾਣਦਾ ਹੈ ਕਿ 1984 ਵਿਚ ਵਾਪਰੇ ਸਿੱਖ ਕਤਲੇਆਮ ਵਾਲੇ ਕੇਸਾਂ ਵਿਚ ਕਿਸ ਤਰ੍ਹਾਂ ਨਿਆਂ ਦਾ ਮਖੌਲ ਬਣਾਇਆ ਗਿਆ। ਇਸ ਤੋਂ ਵੱਡੀ ਗੱਲ ਹੋਰ ਕੀ ਹੋਵੇਗੀ ਕਿ ਕਾਂਗਰਸ ਦੇ ਸਰਕਰਦਾ ਲੀਡਰ ਸੱਜਣ ਕੁਮਾਰ ਖਿਲਾਫ ਇਹ ਕੇਸ 2016 ਵਿਚ ਹੀ ਸ਼ੁਰੂ ਹੋ ਸਕਿਆ ਸੀ। ਪਹਿਲੀ ਗੱਲ ਤਾਂ ਭੈਅ ਅਤੇ ਦਹਿਸ਼ਤ ਕਾਰਨ ਸਾਰੇ ਦੇ ਸਾਰੇ ਕੇਸ ਸਾਹਮਣੇ ਹੀ ਨਾ ਆਏ, ਇਸ ਤੋਂ ਬਾਅਦ ਕੁਝ ਸਮਾਂ ਪਾ ਕੇ ਜਦੋਂ ਪੀੜਤਾਂ ਨੇ ਆਪਣੀ ਗੱਲ ਜ਼ੋਰ-ਸ਼ੋਰ ਨਾਲ ਰੱਖਣੀ ਸ਼ੁਰੂ ਕੀਤੀ ਤਾਂ ਇਕ ਜਾਂ ਦੂਜੇ ਢੰਗ-ਤਰੀਕਿਆਂ ਨਾਲ ਨਿਆਂ ਨੂੰ ਅਨਿਆਂ ਵਿਚ ਬਦਲ ਦੇਣ ਦਾ ਹਰ ਹੀਲਾ ਕੀਤਾ ਗਿਆ। ਸੁਪਰੀਮ ਕੋਰਟ ਨੇ ਹੁਣ ਇਸ ਦੇਰੀ ਉਤੇ ਹੀ ਟਿੱਪਣੀ ਕੀਤੀ ਹੈ। ਸੁਪਰੀਮ ਕੋਰਟ ਨੇ ਸਾਫ ਆਖਿਆ ਹੈ ਕਿ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਕੇਸ ਹੁਣ ਤਕ ਨਿਬੇੜ ਲਏ ਜਾਣੇ ਚਾਹੀਦੇ ਸਨ। ਅਦਾਲਤ ਦੀ ਇਹ ਟਿੱਪਣੀ ਭਾਰਤ ਦੇ ਨਿਆਂ ਪ੍ਰਬੰਧ ਲਈ ਕਿਸੇ ਫਟਕਾਰ ਤੋਂ ਘੱਟ ਨਹੀਂ ਹੈ। ਇਹ ਟਿੱਪਣੀ ਜਸਟਿਸ ਏ. ਕੇ. ਸੀਕਰੀ ਅਤੇ ਜਸਟਿਸ ਅਸ਼ੋਕ ਭੂਸ਼ਨ ਉਤੇ ਆਧਾਰਤ ਬੈਂਚ ਨੇ ਕੀਤੀ ਹੈ ਜੋ ਕਤਲੇਆਮ ਨਾਲ ਸਬੰਧਤ ਅਪੀਲ ਦੀ ਸੁਣਵਾਈ ਕਰ ਰਹੇ ਸਨ। ਮਸਲਾ ਇਹ ਸੀ ਕਿ ਇਹ ਅਪੀਲ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਅੰਤ੍ਰਿਮ ਜ਼ਮਾਨਤ ਦੇ ਖਿਲਾਫ ਕੀਤੀ ਗਈ ਸੀ। ਸੁਪਰੀਮ ਕੋਰਟ ਵਿਚ ਇਹ ਅਪੀਲ ਵਿਸ਼ੇਸ਼ ਜਾਂਚ ਟੀਮ (ਸਪੈਸ਼ਲ ਇਨਵੈਸਟੀਗੇਸ਼ਨ ਟੀਮ-ਐਸ. ਆਈ. ਟੀ.) ਨੇ ਪਾਈ ਸੀ ਜੋ ਸਿੱਖ ਕਤਲੇਆਮ ਨਾਲ ਸਬੰਧਤ 186 ਕੇਸਾਂ ਦੀ ਮੁੜ ਘੋਖ ਕਰਨ ਵਾਸਤੇ ਕੇਂਦਰ ਸਰਕਾਰ ਨੇ ਬਣਾਈ ਸੀ। ਇਸ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਦਿੱਲੀ ਹਾਈ ਕੋਰਟ ਦੇ ਹੀ ਸਾਬਕਾ ਜੱਜ ਜਸਟਿਸ ਐਸ. ਐਨ. ਢੀਂਗਰਾ ਹਨ। ਇਸ ਟੀਮ ਦਾ ਕਹਿਣਾ ਸੀ ਕਿ ਸੱਜਣ ਕੁਮਾਰ ਭਾਵੇਂ 1984 ਵਾਲੇ ਕਤਲੇਆਮ ਨਾਲ ਸਬੰਧਤ ਕੇਸਾਂ ਦੀ ਤਫਤੀਸ਼ ਵਿਚ ਸਹਿਯੋਗ ਨਹੀਂ ਸੀ ਦੇ ਰਿਹਾ, ਫਿਰ ਵੀ ਉਸ ਨੂੰ ਪਹਿਲਾਂ ਹੇਠਲੀ ਅਦਾਲਤ ਅਤੇ ਮਗਰੋਂ ਹਾਈ ਕੋਰਟ ਨੇ ਅੰਤ੍ਰਿਮ ਜ਼ਮਾਨਤ ਦੇ ਦਿੱਤੀ। ਚੇਤੇ ਰਹੇ, ਉਸ ਵੱਲੋਂ ਸਹਿਯੋਗ ਨਾ ਦਿੱਤੇ ਜਾਣ ਦਾ ਮੁੱਦਾ ਦੋਵਾਂ ਅਦਾਲਤਾਂ ਵਿਚ ਬਾਕਾਇਦਾ ਉਠਾਇਆ ਗਿਆ ਸੀ, ਪਰ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ। ਐਸ. ਆਈ. ਟੀ. ਵਲੋਂ ਪੇਸ਼ ਐਡੀਸ਼ਨਲ ਸਾਲਿਸਟਰ ਜਨਰਲ ਦਾ ਕਹਿਣਾ ਸੀ ਕਿ ਮੁਲਜ਼ਮ ਵੱਲੋਂ ਜਾਂਚ ਵਿਚ ਸਹਿਯੋਗ ਨਾ ਦੇਣਾ, ਹਿਰਾਸਤੀ ਪੁੱਛਗਿੱਛ ਦਾ ਆਧਾਰ ਬਣਦਾ ਹੈ, ਪਰ ਇਸ ਪੱਖ ਨੂੰ ਉਕਾ ਹੀ ਦਰਕਿਨਾਰ ਕਰ ਦਿਤਾ ਗਿਆ। ਸੁਪਰੀਮ ਕੋਰਟ ਨੇ ਹੁਣ ਅਪੀਲ ਉਤੇ ਸੁਣਵਾਈ ਦੌਰਾਨ ਇਹੀ ਨੁਕਤਾ ਮੁੱਖ ਤੌਰ 'ਤੇ ਨੋਟ ਕੀਤਾ ਹੈ ਅਤੇ ਇਸ ਬਾਰੇ ਆਪਣੀਆਂ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਨੇ ਇਕ ਵਾਰ ਫਿਰ ਸਾਬਤ ਕਰ ਦਿਤਾ ਹੈ ਕਿ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਵਿਚ ਕਿਸ ਤਰ੍ਹਾਂ ਵੱਖ-ਵੱਖ ਸਰਕਾਰੀ ਏਜੰਸੀਆਂ ਨੇ ਮੁਲਜ਼ਮਾਂ ਨੂੰ ਰਾਹਤ ਦਿਵਾਉਣ ਲਈ ਚੋਰ-ਮੋਰੀਆਂ ਦੀ ਰੱਜ ਕੇ ਵਰਤੋਂ ਕੀਤੀ ਅਤੇ ਨਿਆਂ ਨੂੰ ਪਟੜੀ ਉਤੇ ਚੜ੍ਹਨ ਤੋਂ ਵਾਰ-ਵਾਰ ਰੋਕਿਆ ਗਿਆ। ਅਜਿਹੀ ਮਿਸਾਲ ਅਦਾਲਤੀ ਕਾਰਵਾਈ ਦੌਰਾਨ ਵਿਰਲੀ-ਟਾਵੀਂ ਹੀ ਮਿਲਦੀ ਹੈ।

ਬੈਂਚ ਨੇ ਹੁਣ ਸਬੰਧਤ ਅਪੀਲ 'ਤੇ ਸੁਣਵਾਈ ਦੌਰਾਨ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਨੋਟਿਸ ਹੀ ਜਾਰੀ ਨਹੀਂ ਕੀਤਾ ਸਗੋਂ ਇਸ ਦੇ ਨਾਲ ਹੀ ਉਸ ਵਕਤ ਦਿੱਲੀ ਹਾਈ ਕੋਰਟ ਦੇ ਉਨ੍ਹਾਂ ਹੁਕਮਾਂ ਬਾਰੇ ਵੀ ਬੜੀਆਂ ਬੇਬਾਕ ਟਿੱਪਣੀਆਂ ਕੀਤੀਆਂ ਹਨ ਜਿਨ੍ਹਾਂ ਰਾਹੀਂ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੀ ਪੁਸ਼ਟੀ ਹੋਈ ਸੀ। ਬੈਂਚ ਨੇ ਸਪਸ਼ਟ ਸਵਾਲ ਕੀਤਾ ਕਿ ਅੰਤ੍ਰਿਮ ਜ਼ਮਾਨਤ ਵਰਗੀ ਅਰਜ਼ੀ 'ਤੇ ਅਦਾਲਤੀ ਫੈਸਲਾ ਆਮ ਤੌਰ 'ਤੇ 40-50 ਪੰਨਿਆਂ 'ਚ ਮੁੱਕ ਜਾਂਦਾ ਹੈ, ਪਰ ਸੱਜਣ ਕੁਮਾਰ ਦੇ ਮਾਮਲੇ ਵਿਚ ਹਾਈ ਕੋਰਟ ਨੂੰ ਦੋ ਸੌ ਦੇ ਕਰੀਬ ਪੰਨੇ ਲਿਖਣ ਦੀ ਲੋੜ ਆਖਰਕਾਰ ਕਿਉਂ ਪਈ? ਜੱਜਾਂ ਨੇ ਤਾਂ ਇਸ ਗੱਲ 'ਤੇ ਵੀ ਹੈਰਾਨੀ ਪ੍ਰਗਟਾਈ ਹੈ ਕਿ ਅੰਤ੍ਰਿਮ ਜ਼ਮਾਨਤ ਵਰਗੇ ਪੜਾਅ 'ਤੇ ਹਾਈ ਕੋਰਟ ਨੇ ਅਜਿਹੀ ਟਿੱਪਣੀ ਕਿਉਂ ਕੀਤੀ ਕਿ ਕੇਸਾਂ ਨਾਲ ਸਬੰਧਤ ਜੋ ਤੱਥ ਇਸਤਗਾਸਾ ਪੱਖ ਵੱਲੋਂ ਪੇਸ਼ ਕੀਤੇ ਗਏ, ਉਨ੍ਹਾਂ ਵਿਚ ਕੋਈ ਦਮ ਨਹੀਂ। ਸੁਪਰੀਮ ਕੋਰਟ ਦੇ ਬੈਂਚ ਦੀ ਇਹ ਟਿੱਪਣੀ ਇਸ ਕਰਕੇ ਅਹਿਮ ਹੈ ਕਿਉਂਕਿ ਅਜਿਹੀਆਂ ਟਿੱਪਣੀਆਂ ਸਮੁੱਚੇ ਕੇਸ ਉਪਰ ਅਸਰ ਪਾ ਸਕਦੀਆਂ ਹਨ। ਸਰਵ ਉਚ ਅਦਾਲਤ ਦੀ ਇਹ ਟਿੱਪਣੀ ਆਪਣੇ-ਆਪ ਵਿਚ ਬਹੁਤ ਕੁਝ ਬਿਆਨ ਕਰਦੀ ਹੈ। 1984 ਵਾਲੇ ਸਿੱਖ ਕਤਲੇਆਮ ਨਾਲ ਸਬੰਧਤ ਕੇਸਾਂ ਤੋਂ ਜਾਹਰ ਹੈ ਕਿ ਇਹ ਆਜ਼ਾਦ ਭਾਰਤ ਦੇ ਹਕੂਮਤੀ ਅਤੇ ਪੁਲਿਸ ਪ੍ਰਬੰਧ ਉਪਰ ਕਿਸੇ ਵੱਡੇ ਦਾਗ ਤੋਂ ਘੱਟ ਨਹੀਂ ਹੈ। ਦੇਸ਼ ਦੀ ਰਾਜਧਾਨੀ ਵਿਚ ਤਿੰਨ ਦਿਨਾਂ ਤੱਕ ਸਿੱਖਾਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ। ਇਸ ਹਮਲੇ ਵਿਚ ਇਕੱਲੇ ਦਿੱਲੀ ਸ਼ਹਿਰ ਵਿਚ ਤਿੰਨ ਹਜ਼ਾਰ ਤੋਂ ਵੱਧ ਹੱਤਿਆਵਾਂ ਹੋਈਆਂ। ਇਸ ਦੇ ਬਾਵਜੂਦ ਹੁਣ ਸਾਢੇ ਤਿੰਨ ਦਹਾਕਿਆਂ ਬਾਅਦ ਵੀ ਸਬੰਧਤ ਕੇਸ ਅਜੇ ਤਕ ਮੁਢਲੇ ਪੜਾਅ ਵਿਚ ਹੀ ਫਸੇ ਹੋਏ ਹਨ। ਫਸਾਦੀਆਂ ਦੀ ਪੁਸ਼ਤਪਨਾਹੀ ਕਰਨ ਵਾਲੇ ਬਹੁਤੇ ਸਿਆਸਤਦਾਨਾਂ ਦਾ ਵਾਲ ਵੀ ਵਿੰਗਾ ਨਹੀਂ ਹੋਇਆ ਹੈ ਸਗੋਂ ਉਨ੍ਹਾਂ ਦਾ ਕਥਿਤ ਤੌਰ 'ਤੇ ਮਾਣ-ਤਾਣ ਪਹਿਲਾਂ ਵਾਂਗ ਹੀ ਜਾਰੀ ਰਿਹਾ। ਹੋਰ ਤਾਂ ਹੋਰ, ਕੇਸਾਂ ਦੀ ਜਾਂਚ ਹੀ ਢੰਗ-ਤਰੀਕੇ ਨਾਲ ਕੀਤੀ ਨਹੀਂ ਗਈ। ਹੇਠਲੇ ਪੱਧਰ ਉਤੇ ਹੀ ਬਹੁਤ ਸਾਰੇ ਸਬੂਤ ਖੁਰਦ-ਬੁਰਦ ਕਰ ਦਿੱਤੇ ਗਏ। ਅਜਿਹਾ ਸਿਆਸੀ ਪੁਸ਼ਤਪਨਾਹੀ ਤੋਂ ਬਗੈਰ ਕੱਤਈ ਸੰਭਵ ਨਹੀਂ। ਇਸੇ ਕਰਕੇ ਇਸ ਨੇ ਭਾਰਤੀ ਨਿਆਂ ਪ੍ਰਬੰਧ ਉਤੇ ਸਵਾਲੀਆ ਨਿਸ਼ਾਨ ਲਾਇਆ ਹੈ। ਆਪਣੀਆਂ ਹਾਲੀਆ ਟਿੱਪਣੀਆਂ ਵਿਚ ਸੁਪਰੀਮ ਕੋਰਟ ਦੇ ਬੈਂਚ ਨੇ ਵੀ ਇਹੀ ਨੁਕਤਾ ਉਭਾਰਿਆ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ 1984 ਨਾਲ ਸਬੰਧਤ ਕੇਸਾਂ ਦੀ ਤਫਤੀਸ਼ ਤੇਜ਼ੀ ਨਾਲ ਮੁਕੰਮਲ ਕੀਤੀ ਜਾਵੇ। ਆਮ ਕਿਹਾ ਜਾਂਦਾ ਹੈ ਕਿ ਨਿਆਂ ਜੇ ਪਛੜ ਕੇ ਮਿਲਦਾ ਹੈ ਤਾਂ ਉਹ ਨਿਆਂ ਨਹੀਂ, ਸਗੋਂ ਅਨਿਆਂ ਹੀ ਹੁੰਦਾ ਹੈ। ਇਨ੍ਹਾਂ ਮਾਮਲਿਆਂ ਵਿਚ ਹੁਣ ਹੋਰ ਦੇਰ ਨਹੀਂ ਹੋਣੀ ਚਾਹੀਦੀ। ਸੁਪਰੀਮ ਕੋਰਟ ਦੀ ਤਿੱਖੀ ਟਿੱਪਣੀ ਨੇ ਨਿਆਂ ਲਈ ਆਸ ਇਕ ਵਾਰ ਫਿਰ ਜਗਾਈ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਕਸ਼ਾ-ਏ-ਸਮਾਜ!*

ਨਹੀਂ ਉਡੀਕਦੇ ਨਾਨਕੇ ਦੋਹਤਿਆਂ ਨੂੰ, ਦੋਹਤੇ ਨੈਟ-ਮੋਬਾਇਲਾਂ ਵਿਚ ਕੈਦ ਹੋਏ।
ਮੋਹ ਉਡ ਗਿਆ ਦਿਲਾਂ 'ਚੋਂ ਖੰਭ ਲਾ ਕੇ, ਨਸ਼ੇ ਨਾੜਾਂ ਵਿਚ, ਖੂਨ ਸਫੈਦ ਹੋਏ।
ਸੇਵਾ ਭਾਵਨਾ ਤਰਸ ਹੁਣ ਲੱਭਦੇ ਨਾ, ਧਨ ਦੇ ਲਾਲਚਾਂ ਮਾਰੇ ਹੀ ਵੈਦ ਹੋਏ।
ਗੁਟਕੇ ਚੁੱਕ ਕੇ ਝੂਠੀਆਂ ਖਾਣ ਸਹੁੰਆਂ, ਹੁਣ ਵਾਅਦੇ ਨਿਭਾਉਣਗੇ ਵੀ 'ਸ਼ੈਦ' ਹੋਏ।
ਦਿਨ ਚੰਦਰੇ ਚੜ੍ਹਨੇ ਹੀ ਜਾਪਦੇ ਨੇ, ਹਾਲ ਸੁਧਰਨ ਦੇ ਬੇਉਮੈਦ ਹੋਏ।
ਚੌਕੀਦਾਰ ਸਮਾਜ ਦੇ ਸੁਸਤ ਹੋਏ, ਨੇਤਾ, ਚੋਰ, ਬਦਮਾਸ਼ ਮੁਸਤੈਦ ਹੋਏ!

# ਦਰਬਾਰ ਸਾਹਿਬ ਦੀ ਇਮਾਰਤ ਵਿਚ ਤਬਦੀਲੀਆਂ ਅਤੇ ਸ਼੍ਰੋਮਣੀ ਕਮੇਟੀ

***ਸਿੱਖ ਜਗਤ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਵਿਚ ਤਬਦੀਲੀ ਨਾਲ ਇਸ ਇਤਿਹਾਸਕ ਅਸਥਾਨ ਦੀ ਪਵਿਤਰਤਾ, ਇਕਸੁਰਤਾ ਅਤੇ ਇਕਾਗਰਤਾ ਭੰਗ ਹੋ ਰਹੀ ਹੈ। ਗੌਲਣਯੋਗ ਗੱਲ ਇਹ ਹੈ ਕਿ ਇਹ ਤਬਦੀਲੀ ਖੁਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ ਜਿਹੜੀ ਇਸ ਅਸਥਾਨ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਲਈ ਜ਼ਿੰਮੇਵਾਰ ਹੈ। ਕੀ ਇਹ ਛੇੜ-ਛਾੜ ਮਰਿਆਦਾ ਦਾ ਮਸਲਾ ਨਹੀਂ ਬਣਦਾ? ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਇਹ ਸਵਾਲ ਆਪਣੇ ਇਸ ਅਹਿਮ ਲੇਖ ਵਿਚ ਉਠਾਏ ਹਨ। ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਕਹਿਣ ਮੁਤਾਬਕ ਉਨ੍ਹਾਂ ਨੂੰ ਇਸ ਤਬਦੀਲੀ ਬਾਰੇ ਕੋਈ ਇਲਮ ਹੀ ਨਹੀਂ ਹੈ। -ਸੰਪਾਦਕ***

ਚੋਟੀ ਦੀਆਂ ਸਿੱਖ ਸੰਸਥਾਵਾਂ ਵਿਚ ਨਿਘਾਰ ਤੋਂ ਬਾਅਦ ਹੁਣ ਸ੍ਰੀ ਦਰਬਾਰ ਸਾਹਿਬ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਖੜ੍ਹਾ ਹੋ ਗਿਆ ਹੈ। ਪਿਛਲੇ ਮਹੀਨਿਆਂ ਦੌਰਾਨ ਸਿੱਖ ਜਗਤ ਦੇ ਇਸ ਸਭ ਤੋਂ ਮੁਕੱਦਸ ਤੇ ਇਤਿਹਾਸਕ ਅਸਥਾਨ ਦੀ ਪਵਿੱਤਰਤਾ, ਇਕਸੁਰਤਾ ਤੇ ਇਕਾਗਰਤਾ ਭੰਗ ਹੋ ਰਹੀ ਹੈ; ਉਹ ਵੀ ਕਿਸੇ ਹੋਰ ਵੱਲੋਂ ਨਹੀਂ ਸਗੋਂ ਖੁਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਹੜੀ ਇਸ ਅਸਥਾਨ ਦੀ ਸੇਵਾ ਸੰਭਾਲ ਤੇ ਪ੍ਰਬੰਧ ਲਈ ਜ਼ਿੰਮੇਵਾਰ ਹੈ। ਇਸ ਰੂਹਾਨੀ ਅਸਥਾਨ ਨੂੰ ਸੈਰ ਸਪਾਟੇ ਦੇ ਕੇਂਦਰ ਪੱਖੋਂ ਸੁੰਦਰ ਬਣਾਉਣ ਦੇ ਨਾਂ ਹੇਠ ਇਸ ਦੀ ਇਕਸੁਰਤਾ ਤੇ ਪੁਰਾਤਨ


**ਜਗਤਾਰ ਸਿੰਘ**
ਫੋਨ: 91-97797-11201

ਮੌਲਿਕਤਾ ਨੂੰ ਇਸ ਭੰਗ ਕੀਤਾ ਜਾ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਹਿੰਦੋਸਤਾਨ ਹੀ ਨਹੀਂ, ਸ਼ਾਇਦ ਦੁਨੀਆਂ ਦਾ ਇਕੋ-ਇਕ ਅਜਿਹਾ ਅਸਥਾਨ ਹੈ ਜਿਸ ਦੇ ਦਰਸ਼ਨ ਕਰਨ ਹਰ ਰੋਜ਼ ਸਭ ਤੋਂ ਵੱਧ ਲੋਕ ਆਉਂਦੇ ਹਨ।

ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਇਮਾਰਤ ਜਾਂ ਸੱਚਖੰਡ ਸ੍ਰੀ ਹਰਿਮੰਦਰ ਦੇ ਉਸ ਹਿੱਸੇ ਵਿਚ ਪਿੱਛੇ ਜਿਹੇ ਕੁਝ ਨਵੇਂ ਵਾਧੇ ਕੀਤੇ ਗਏ ਹਨ ਜਿੱਥੇ ਬਹੁਤ ਹੀ ਸਖ਼ਤ ਜ਼ਰੂਰਤ ਤੋਂ ਬਿਨਾਂ ਕੋਈ ਤਬਦੀਲੀ ਨਹੀਂ ਕੀਤੀ ਜਾਣੀ ਚਾਹੀਦੀ। ਘੰਟਾ ਘਰ ਵਾਲੇ ਪਾਸੇ ਦੀ ਦੀਵਾਰ ਦੀ ਰੇਲਿੰਗ ਉਤੇ ਏਅਰ ਕੰਡੀਸ਼ਨਰਾਂ ਦੇ ਦੋ ਵੱਡ ਅਕਾਰੀ ਪੱਖੇ ਫਿੱਟ ਕਰ ਦਿੱਤੇ ਗਏ ਹਨ। ਜਿਹੜੇ ਅਧਿਕਾਰੀਆਂ ਨੇ ਇਥੇ ਇਹ ਪੱਖੇ ਲਾਉਣ ਦਾ ਫ਼ੈਸਲਾ ਕੀਤਾ ਹੈ, ਉਨ੍ਹਾਂ ਨੂੰ ਸ਼ਾਇਦ ਸ੍ਰੀ ਦਰਬਾਰ ਸਾਹਿਬ ਦੇ ਮੂਲ ਸਿਧਾਂਤ ਅਤੇ ਇਸ ਦੇ ਰੂਹਾਨੀ ਸੁਹਜ ਦਾ ਅਹਿਸਾਸ ਹੀ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨਾਲ ਇਕਸੁਰ ਨਾ ਹੋਣ ਕਾਰਨ ਇਹ ਪੱਖੇ ਸ਼ਰਧਾਲੂਆਂ ਦੀਆਂ ਅੱਖਾਂ ਨੂੰ ਚੁੱਭਦੇ ਹਨ। ਦੋਵੇਂ ਪੱਖੇ ਜਿਹੜੇ ਏਅਰ ਕੰਡੀਸ਼ਨਰਾਂ ਨਾਲ ਜੁੜੇ ਹੋਏ ਹਨ, ਉਹ ਇਮਾਰਤ ਦੇ ਅੰਦਰ ਫਿੱਟ ਕਰ ਦਿੱਤੇ ਗਏ ਹਨ ਜਿੱਥੇ ਪਹਿਲਾਂ ਹੀ ਸ਼ਰਧਾਲੂਆਂ ਲਈ ਜਗ੍ਹਾ ਕਾਫੀ ਘੱਟ ਹੈ। ਇਨ੍ਹਾਂ ਵਿਚੋਂ ਇਕ ਏਅਰ ਕੰਡੀਸ਼ਨਰ ਕੁਝ ਸਾਲ ਪਹਿਲਾਂ ਲਾਇਆ ਗਿਆ ਸੀ। ਇਹ ਉਸ ਸਮੇਂ ਲਾਇਆ ਗਿਆ ਸੀ ਜਦੋਂ ਕਿਸੇ ਨੇ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਦੇ ਲੰਗਰ ਵਿਚ ਹਫ਼ਤਾਵਾਰੀ ਮੀਨੂ ਲਾਗੂ ਕਰਨ ਦਾ ਸੁਝਾਅ ਵੀ ਦਿੱਤਾ ਸੀ। ਦੂਜਾ ਏਅਰ ਕੰਡੀਸ਼ਨਰ ਹੁਣ ਲਾਇਆ ਗਿਆ ਹੈ। ਇਮਾਰਤ ਦੀ ਰੇਲਿੰਗ ਉਤੇ ਪੱਖੇ ਦੂਜਾ ਏਅਰ ਕੰਡੀਸ਼ਨਰ ਲਾਉਣ ਪਿਛੋਂ ਫਿੱਟ ਕੀਤੇ ਗਏ ਹਨ।

ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਡਿਜ਼ਾਈਨ ਇਸ ਤਰ੍ਹਾਂ ਦਾ ਹੈ ਕਿ ਇਸ ਅੰਦਰ ਲੋੜੀਦੀ ਕੁਦਰਤੀ ਹਵਾ ਤੇ ਰੋਸ਼ਨੀ ਜਾਂਦੇ ਹਨ ਅਤੇ ਇਸ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਸ਼੍ਰੋਮਣੀ ਕਮੇਟੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨਾਲ ਛੇੜ-ਛਾੜ ਮਰਿਯਾਦਾ ਦਾ ਮਸਲਾ ਬਣਦਾ ਹੈ ਜਾਂ ਨਹੀਂ ਪਰ ਇਸ ਨਾਲ ਇਥੋਂ ਦੇ ਆਲੇ-ਦੁਆਲੇ ਅਤੇ ਮਾਹੌਲ ਦੀ ਇਕਸੁਰਤਾ ਜ਼ਰੂਰ ਭੰਗ ਹੁੰਦੀ ਹੈ। ਪਿਛਲੇ ਹਫ਼ਤੇ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਇਸ ਬਾਰੇ ਅਣਜਾਣਤਾ ਪ੍ਰਗਟਾਈ। ਜੇ ਉਨ੍ਹਾਂ ਨੂੰ ਇਸ ਤਬਦੀਲੀ ਬਾਰੇ ਇਲਮ ਨਹੀਂ, ਫਿਰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ ਇਸ ਸਬੰਧੀ ਹੁਕਮ ਕਿਸ ਨੇ ਦਿੱਤੇ? ਸ਼੍ਰੋਮਣੀ ਕਮੇਟੀ ਚੁਣਿਆ ਹੋਇਆ ਅਤੇ ਸੰਵਿਧਾਨਕ ਅਦਾਰਾ ਹੈ ਪਰ ਇਸ ਵਰਤਾਰੇ ਤੋਂ ਸਪੱਸ਼ਟ ਹੈ ਕਿ ਇਸ ਦੇ ਪ੍ਰਬੰਧ ਵਿਚ ਬਾਹਰੋਂ ਦਖ਼ਲਅੰਦਾਜ਼ੀ ਕੀਤੀ ਜਾਂਦੀ ਹੈ। ਸਿੱਖ ਜਗਤ ਨੂੰ ਇਹ ਜ਼ਰੂਰ ਦੇਖਣਾ ਚਾਹੀਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਵਿਚ ਕੀਤੀਆਂ ਜਾ ਰਹੀਆਂ ਇਹ ਤਬਦੀਲੀਆਂ ਅਣਜਾਣਤਾ ਵਿਚੋਂ ਸੁੱਤੇ-ਸਿੱਧ ਕੀਤੀਆਂ ਜਾ ਰਹੀਆਂ ਹਨ ਜਾਂ ਫਿਰ ਕਿਸੇ ਖਾਸ ਨੀਤੀ ਅਧੀਨ ਕੀਤੀਆਂ ਜਾ ਰਹੀਆਂ ਹਨ।

ਤਕਰੀਬਨ ਤਿੰਨ ਕੁ ਦਹਾਕੇ ਪਹਿਲਾਂ ਕਿਸੇ 'ਸਿਆਣੇ' ਸ਼ਖ਼ਸ ਦੇ ਸੁਝਾਅ ਉਤੇ ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦੀ ਛੱਤ ਉਤੇ ਪਲਾਸਟਿਕ ਦੀ ਸ਼ੀਟ ਵਿਛਾ ਦਿੱਤੀ ਸੀ ਜਿਸ ਨਾਲ ਇਸ ਦੀ ਛੱਤ ਵਿਚੋਂ ਬਾਹਰ ਜਾਂਦੇ ਜਲ ਕਣ ਬੰਦ ਹੋ ਗਏ ਸਨ। ਇਸ ਕਰ ਕੇ ਹੀ ਅੰਦਰ ਵਧੀ ਸਿੱਲ ਕਾਰਨ ਇਮਾਰਤ ਦੀ ਛੱਤ ਅਤੇ ਕੰਧਾਂ ਉਤੇ ਹੋਈ ਮੀਨਾਕਾਰੀ ਅਤੇ ਚਿੱਤਰ ਨੁਕਸਾਨੇ ਗਏ ਸਨ। ਕੁਝ ਸਮਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਇਸ ਦੀਆਂ ਚਾਰੇ ਕੰਧਾਂ ਉਤੇ ਤੇਜ਼ ਲਾਈਟਾਂ ਲਾਉਣ ਤੋਂ ਬਿਨਾਂ ਇਕ ਲਾਈਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਨੇੜੇ ਵੀ ਲਾਈ ਗਈ ਹੈ। ਕਿਸੇ ਨੂੰ ਨਹੀਂ ਪਤਾ ਕਿ ਇਹ ਲਾਈਟਾਂ ਲਾਉਣ ਅਤੇ ਇਸ ਦੀਆਂ ਤਾਰਾਂ ਪਾਉਣ ਲਈ ਇਮਾਰਤ ਨੂੰ ਕਿੰਨਾ ਨੁਕਸਾਨ ਹੋਇਆ ਹੋਵੇਗਾ ਜਦੋਂ ਕਿ ਲੋੜੀਂਦੀ ਰੋਸ਼ਨੀ ਲਈ ਲਾਈਟ ਸਿਸਟਮ ਪਹਿਲਾਂ ਹੀ ਮੌਜੂਦ ਸੀ। ਇਥੇ ਕੀਤੀ ਤੇਜ਼ ਰੋਸ਼ਨੀ ਅੱਖਾਂ ਨੂੰ ਚੁੱਭਦੀ ਹੈ। ਦੱਸਣਯੋਗ ਹੈ ਕਿ ਪੀਟੀਸੀ ਟੀਵੀ ਚੈਨਲ ਕੋਲ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦਾ ਏਕਾਧਿਕਾਰ ਹੈ। ਹੋ ਸਕਦਾ ਹੈ, ਇਥੇ ਤੇਜ਼ ਲਾਈਟਾਂ ਇਸ ਟੀਵੀ ਪ੍ਰਸਾਰਨ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਲਾਈਆਂ ਗਈਆਂ ਹੋਣ। ਇਥੇ ਜਿੰਨੀਆਂ ਲਾਈਟਾਂ ਵੱਧ ਲਾਈਆਂ ਜਾ ਰਹੀਆਂ ਹਨ, ਓਨੀ ਹੀ ਵੱਧ ਤਪਸ਼ ਪੈਦਾ ਹੁੰਦੀ ਹੈ ਜਿਸ ਨੂੰ ਘਟਾਉਣ ਲਈ ਫਿਰ ਏਅਰ ਕੰਡੀਸ਼ਨਰ ਲਾਉਣੇ ਪੈਂਦੇ ਹਨ।



ਸ਼੍ਰੋਮਣੀ ਕਮੇਟੀ ਦੀਆਂ 2004 ਵਿਚ ਹੋਈਆਂ ਆਮ ਚੋਣਾਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਟੀਵੀ ਚੈਨਲ ਚਲਾਉਣ ਦੇ ਸਿੱਖ ਜਗਤ ਨਾਲ ਕੀਤੇ ਗਏ ਵਾਅਦੇ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਵਿਸਾਰ ਹੀ ਦਿੱਤਾ ਹੈ। ਪਾਰਟੀ ਵੱਲੋਂ ਉਸ ਮੌਕੇ ਜਾਰੀ ਕੀਤੇ ਚੋਣ ਮੈਨੀਫੈਸਟੋ ਵਿਚ ਕਿਹਾ ਗਿਆ ਸੀ, "ਆਧੁਨਿਕ ਤੇ ਰਵਾਇਤੀ ਪ੍ਰਚਾਰ ਸਾਧਨਾਂ ਦੀ ਸਹਾਇਤਾ ਨਾਲ ਸਿੱਖ ਸਿਧਾਂਤਾਂ ਤੇ ਕਦਰਾਂ-ਕੀਮਤਾਂ ਦੇ ਪ੍ਰਚਾਰ-ਪਸਾਰ ਵਿਚ ਵਾਧਾ ਕੀਤਾ ਜਾਵੇਗਾ। ਸਮੇਂ ਦੀ ਲੋੜ ਨੂੰ ਦੇਖਦੇ ਹੋਏ ਇਸ ਮਕਸਦ ਦੀ ਪ੍ਰਾਪਤੀ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਟੀਵੀ ਚੈਨਲ ਸ਼ੁਰੂ ਕੀਤਾ ਜਾਵੇਗਾ।"

ਦੱਸਣਾ ਬਣਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਚ ਬਿਜਲੀ ਫਿੱਟ ਕਰਨ ਸਮੇਂ ਵੀ ਸਿੱਖ ਜਗਤ ਵਿਚ ਬਹਿਸ ਚੱਲੀ ਸੀ ਪਰ ਉਹ ਵੱਖਰਾ ਮਾਮਲਾ ਸੀ। ਦਰਸ਼ਨੀ ਡਿਓੜੀ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਜਾਂਦਾ ਰਸਤਾ ਛੱਤਣ ਦੇ ਫ਼ੈਸਲੇ ਵੇਲੇ ਵੀ ਇਸ ਮੁੱਦੇ ਉਤੇ ਤਿੱਖੀ ਬਹਿਸ ਛਿੜੀ ਸੀ। ਸ਼ਰਧਾਲੂ ਤਾਂ ਮਈ-ਜੂਨ ਦੀ ਤਪਦੀ ਦੁਪਹਿਰ ਨੂੰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਤਪ ਰਹੇ ਸੰਗਮਰਮਰ ਉਤੇ ਵੀ ਨੰਗੇ ਪੈਰੀਂ ਤੁਰਨ ਨੂੰ ਆਪਣਾ ਧੰਨ ਭਾਗ ਸਮਝਦੇ ਹਨ, ਫਿਰ ਸ੍ਰੀ ਦਰਬਾਰ ਸਾਹਿਬ ਦੇ ਰੂਹਾਨੀ ਮਾਹੌਲ ਦੀ ਇਕਸੁਰਤਾ ਭੰਗ ਕਰਨ ਵਾਲੇ ਇਹ ਕੂਲਿੰਗ ਟਾਵਰ ਕਿਹੜੇ ਸ਼ਖ਼ਸਾਂ ਲਈ ਲਾਏ ਜਾ ਰਹੇ ਹਨ?

ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਕੀਤੀਆਂ ਦੋ ਉਸਾਰੀਆਂ ਵਿਚੋਂ ਇਕ ਹੈ ਪਲਾਜ਼ਾ ਅਤੇ ਦੂਜੀ ਹੈ ਟਾਊਨ ਹਾਲ ਤੋਂ ਇਸ ਪਲਾਜ਼ੇ ਤੱਕ ਬਣਾਇਆ ਅਖੌਤੀ ਵਿਰਾਸਤੀ ਲਾਂਘਾ। ਇਹ ਦੋਵੇਂ ਉਸਾਰੀਆਂ ਹੁਣ ਪਿਕਨਿਕ ਸਥਾਨ ਬਣ ਚੁੱਕੇ ਹਨ ਜਿਨ੍ਹਾਂ ਦੀ ਨਾ ਇਸ ਰੂਹਾਨੀ ਅਸਥਾਨ ਨਾਲ ਕੋਈ ਇਕਸੁਰਤਾ ਹੈ ਤੇ ਨਾ ਸਿੱਖ ਭਵਨ ਨਿਰਮਾਣ ਕਲਾ ਨਾਲ ਕੋਈ ਵਾਹ ਵਾਸਤਾ ਹੈ। ਇਹ ਲਾਂਘਾ ਰਾਜਸਥਾਨੀ ਇਮਾਰਤਸਾਜ਼ੀ ਦੀ ਕਲਾ 'ਤੇ ਆਧਾਰਤ ਹੈ। ਇਸ ਦੇ ਨਿਰਮਾਣ ਸਮੇਂ ਵੀ ਕਲਾ ਆਲੋਚਕਾਂ ਨੇ ਕਿਹਾ ਸੀ ਕਿ ਇਹ ਲਾਂਘਾ ਹੋਰ ਕੁਝ ਵੀ ਹੋ ਸਕਦਾ ਹੈ ਪਰ ਇਸ ਦਾ ਸਿੱਖ ਵਿਰਾਸਤ ਨਾਲ ਕੋਈ ਸਬੰਧ ਨਹੀਂ ਹੈ।

ਇਹ ਪਹਿਲੀ ਵਾਰੀ ਨਹੀਂ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਹੋ ਜਿਹੇ ਫ਼ੈਸਲੇ ਕੀਤੇ ਹਨ ਪਰ ਇਸ ਫ਼ੈਸਲੇ ਬਾਰੇ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵੀ ਇਲਮ ਨਹੀਂ ਹੈ ਕਿ ਇਹ ਹੁਕਮ ਕਿਸ ਨੇ ਦਿੱਤੇ ਹਨ ਅਤੇ ਇਹੀ ਸਭ ਤੋਂ ਗੰਭੀਰ ਮਾਮਲਾ ਹੈ। ਇਤਿਹਾਸਕ ਦੁੱਖ ਭੰਜਨੀ ਬੇਰੀ ਦੇ ਆਲੇ-ਦੁਆਲੇ ਬਣਾਇਆ ਚਬੂਤਰਾ ਪਿੱਛੇ ਜਿਹੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਰਾਇ 'ਤੇ ਢਾਹੁਣਾ ਪਿਆ ਕਿਉਂਕਿ ਇਹ ਚਬੂਤਰਾ ਇਸ ਬੇਰੀ ਲਈ ਘਾਤਕ ਸਿੱਧ ਹੋ ਰਿਹਾ ਸੀ। ਪਤਾ ਨਹੀਂ ਕਦੋਂ ਕਿਸ ਨੇ ਇਸ ਬੇਰੀ ਸਮੇਤ ਪਰਿਕਰਮਾ ਵਿਚ ਮੌਜੂਦ ਇਤਿਹਾਸਕ ਦਰੱਖਤਾਂ ਦੁਆਲੇ ਨੁਕਸਾਨ ਬਾਰੇ ਬਿਨਾਂ ਸੋਚਿਆਂ ਸਮਝਿਆਂ ਇਹ ਚਬੂਤਰੇ ਬਣਵਾ ਦਿੱਤੇ ਸਨ।

ਸੰਸਥਾਵਾਂ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਦੀ ਕਹਾਣੀ ਬੜੀ ਲੰਬੀ ਹੈ। ਕੇਂਦਰ ਸਰਕਾਰ ਤੋਂ ਸੇਵਾ ਭੋਜ ਯੋਜਨਾ ਤਹਿਤ ਜੀਐੱਸਟੀ ਬਦਲੇ ਸਰਕਾਰੀ ਮਦਦ ਪ੍ਰਵਾਨ ਕਰ ਕੇ ਗੁਰੂ ਕੇ ਲੰਗਰ ਦੀ ਵਿਚਾਰਧਾਰਾ ਅਤੇ ਭਾਵਨਾ ਨੂੰ ਹੀ ਬਦਲ ਦਿੱਤਾ ਗਿਆ। ਆਪਣੇ ਰਾਜਸੀ ਆਕਾਵਾਂ ਦੇ ਕਹਿਣ 'ਤੇ ਡੇਰਾ ਸੱਚਾ ਸੌਦਾ ਨੂੰ ਮੁਆਫ਼ੀ ਦੇਣ ਦੇ ਮੁੱਦੇ ਉਤੇ ਅਕਾਲ ਤਖਤ ਦੇ ਜਥੇਦਾਰ ਨੇ ਆਪਣੀ ਪੜ੍ਹਤ ਗੁਆ ਲਈ। ਸ਼੍ਰੋਮਣੀ ਕਮੇਟੀ ਵੀ ਉਸੇ ਰਾਜਸੀ ਧਿਰ ਵਲੋਂ ਚਲਾਈ ਜਾ ਰਹੀ ਹੈ ਜਿਸ ਨੇ ਅਕਾਲ ਤਖਤ ਅਤੇ ਹੋਰ ਤਖਤਾਂ ਦੇ ਜਥੇਦਾਰ ਸਾਹਿਬਾਨ ਉਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿਚ ਦਬਾਅ ਪਾਇਆ ਸੀ।

ਸ੍ਰੀ ਦਰਬਾਰ ਸਾਹਿਬ ਸਿੱਖ ਜਗਤ ਤੇ ਸਿੱਖ ਵਿਚਾਰਧਾਰਾ ਦੇ ਪ੍ਰਗਟਾਓ ਦਾ ਕੇਂਦਰੀ ਧੁਰਾ ਹੈ ਜਿਸ ਵਿਚ ਹੁਣ ਕੀਤੇ ਜਾ ਰਹੇ ਬਦਲਾਓ ਗੰਭੀਰ ਚਿੰਤਾ ਦਾ ਵਿਸ਼ਾ ਹਨ। ਕੀ ਹੁਣ ਸਿੱਖ ਜਗਤ ਨੂੰ ਦਰਬਾਰ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਤੋਂ ਬਚਾਉਣ ਲਈ ਯੂਐੱਨਓ ਕੋਲ ਪਹੁੰਚ ਕਰਨੀ ਪਵੇਗੀ?

# ਜਮਹੂਰੀ ਕਾਰਕੁਨਾਂ ਉਤੇ ਦਮਨ, ਮੀਡੀਆ ਅਤੇ ਸਟੇਟ

**ਬੂਟਾ ਸਿੰਘ**
ਫੋਨ: 91-94634-74342

ਜੂਨ ਦੇ ਪਹਿਲੇ ਹਫਤੇ ਪੰਜ ਜਮਹੂਰੀ ਸ਼ਖਸੀਅਤਾਂ- ਦਲਿਤ ਚਿੰਤਕ ਸੁਧੀਰ ਧਾਵਲੇ, ਲੋਕਪੱਖੀ ਵਕੀਲ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਸ਼ੋਮਾ ਸੇਨ, ਰੋਨਾ ਵਿਲਸਨ ਅਤੇ ਮਹੇਸ਼ ਰਾਓਤ ਨੂੰ ਨਰੇਂਦਰ ਮੋਦੀ ਦੀ ਹੱਤਿਆ ਦੇ ਸਾਜ਼ਿਸ਼ਘਾੜੇ 'ਸ਼ਹਿਰੀ ਮਾਓਵਾਦੀ' ਕਰਾਰ ਦੇ ਕੇ ਜੇਲ੍ਹ ਵਿਚ ਸੁੱਟ ਕੇ ਸ਼ਾਇਦ ਫਾਸ਼ੀਵਾਦੀ ਹੁਕਮਰਾਨਾਂ ਦੀ ਤਸੱਲੀ ਨਹੀਂ ਹੋਈ। ਇਕ ਪਿੱਛੋਂ ਇਕ ਲੋਕਪੱਖੀ ਕਾਰਕੁਨਾਂ ਨੂੰ ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਸਿਲਸਿਲੇ ਵਿਚ ਮਹਾਰਾਸ਼ਟਰ ਪੁਲਿਸ ਦੀ ਇਕ ਟੀਮ ਵਲੋਂ ਪ੍ਰੈੱਸ ਕਲੱਬ ਦਿੱਲੀ ਵਿਚ ਜਾ ਕੇ ਇਹ ਪੁੱਛਗਿੱਛ ਕੀਤੀ ਗਈ ਕਿ ਪ੍ਰੋਫੈਸਰ ਸਾਈਬਾਬਾ ਦੀ ਰਿਹਾਈ ਲਈ ਸਮਾਗਮ ਵਾਸਤੇ ਹਾਲ ਦੀ ਬੁਕਿੰਗ ਕਿਸ ਪੱਤਰਕਾਰ ਵਲੋਂ ਕਰਵਾਈ ਗਈ ਸੀ। ਦਰਅਸਲ, ਉਨ੍ਹਾਂ ਦੇ ਨਿਸ਼ਾਨੇ ਉਪਰ ਪੱਤਰਕਾਰ ਵਿਸ਼ਵ ਦੀਪਕ ਸੀ ਜਿਸ ਨੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਅੰਦਰ ਵਿਦਿਆਰਥੀ ਅੰਦੋਲਨ ਬਾਰੇ ਜ਼ੀ ਨਿਊਜ਼ ਚੈਨਲ ਦੀ ਪੱਖਪਾਤੀ ਰਿਪੋਰਟਿੰਗ ਬਾਰੇ ਵੱਡਾ ਖ਼ੁਲਾਸਾ ਕਰਦਿਆਂ ਫਰਵਰੀ 2016 ਵਿਚ ਅਸਤੀਫਾ ਦੇ ਦਿੱਤਾ ਸੀ। ਫਿਰ ਉਸ ਵਲੋਂ 'ਨੈਸ਼ਨਲ ਹੈਰਲਡ' ਲਈ ਵਿਸ਼ੇਸ਼ ਰਿਪੋਰਟਿੰਗ ਕਰਦਿਆਂ ਸ਼ੱਕੀ ਹਾਲਾਤ ਵਿਚ ਮਰੇ ਜੱਜ ਲੋਇਆ ਦੇ ਮਾਮਲੇ ਦੀ ਡੂੰਘੀ ਛਾਣਬੀਣ ਕਰ ਕੇ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਲਿਆਂਦੇ ਗਏ। ਪੱਤਰਕਾਰ ਭਾਈਚਾਰੇ ਵਲੋਂ ਕੀਤੇ ਵਿਰੋਧ ਕਾਰਨ ਹਾਲ ਦੀ ਘੜੀ ਭਾਵੇਂ ਵਿਸ਼ਵ ਦੀਪਕ ਦੇ ਮਾਮਲੇ ਵਿਚ ਪੁਲਿਸ ਨੇ ਕੋਈ ਅਗਲਾ ਕਦਮ ਨਹੀਂ ਚੁੱਕਿਆ ਪਰ ਲੋਕ ਸਰੋਕਾਰਾਂ ਨਾਲ ਜੁੜੇ ਲੋਕਾਂ ਦੇ ਖਿਲਾਫ ਸਟੇਟ ਦਾ ਹਮਲਾ ਜਾਰੀ ਹੈ। ਹਾਲ ਹੀ ਵਿਚ ਇਸੇ ਸਾਜ਼ਿਸ਼ ਦੇ ਤਹਿਤ ਅਗਲਾ ਨਿਸ਼ਾਨਾ ਛੱਤੀਸਗੜ੍ਹ ਤੋਂ ਐਡਵੋਕੇਟ ਸੁਧਾ ਭਾਰਦਵਾਜ ਨੂੰ ਬਣਾਇਆ ਗਿਆ ਹੈ। ਇਹ ਨਿਸ਼ਾਨਾ ਸੇਧਣ ਵਾਲੇ ਰਿਪਬਲਿਕ ਟੀ.ਵੀ. ਦਾ ਮਾਲਕ, ਭਾਜਪਾ ਦਾ ਰਾਜ ਸਭਾ ਮੈਂਬਰ ਰਾਜੀਵ ਚੰਦਰ ਸ਼ੇਖਰ ਹੈ ਅਤੇ ਇਸ ਦਾ ਐਂਕਰ ਅਰਨਬ ਗੋਸਵਾਮੀ ਪੱਤਰਕਾਰੀ ਦੇ ਅਸੂਲਾਂ ਨੂੰ ਤਿਲਾਂਜਲੀ ਦੇ ਕੇ ਸੱਤਾਧਾਰੀ ਧਿਰ ਦੀ ਰਖੇਲ ਬਣ ਚੁੱਕੇ ਖ਼ਾਸ ਮੀਡੀਆ ਹਿੱਸੇ ਵਿਚ ਸਿਰਕੱਢ ਨਾਂ ਹੈ। ਅਰਨਬ ਦੀਆਂ ਜਾਅਲੀ ਰਿਪੋਰਟਾਂ ਦਾ ਝੂਠ ਪਹਿਲਾਂ ਵੀ ਕਈ ਵਾਰ ਨੰਗਾ ਹੋ ਚੁੱਕਾ ਹੈ। ਰਿਪਬਲਿਕ ਟੀ.ਵੀ. ਨੇ ਸੁਧਾ ਭਾਰਦਵਾਜ ਬਾਰੇ ਇਹ ਕਹਾਣੀ ਘੜੀ ਕਿ ਉਸ ਦਾ ਮਾਓਵਾਦੀ ਪਾਰਟੀ ਦੇ ਆਗੂਆਂ ਨਾਲ ਸੰਪਰਕ ਹੈ ਅਤੇ ਉਸ ਨੇ ਪ੍ਰਕਾਸ਼ ਨਾਂ ਦੇ ਕਥਿਤ ਮਾਓਵਾਦੀ ਆਗੂ ਨੂੰ ਚਿੱਠੀ ਲਿਖ ਕੇ ਛੱਤੀਸਗੜ੍ਹ ਵਿਚ ਕਸ਼ਮੀਰ ਵਰਗੇ ਹਾਲਾਤ ਪੈਦਾ ਕਰਨ ਲਈ ਕਿਹਾ ਹੈ।



*ਐਡਵੋਕੇਟ ਸੁਧਾ ਭਾਰਦਵਾਜ*

ਸੁਧਾ ਭਾਰਦਵਾਜ ਲੋਕਪੱਖੀ ਵਕੀਲ ਅਤੇ ਕਾਰਕੁਨ ਹੈ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਕੌਮੀ ਜਨਰਲ ਸਕੱਤਰ ਹੈ। ਉਸ ਨੇ ਨਿੱਜੀ ਸੁਖ-ਅਰਾਮ ਨੂੰ ਲੱਤ ਮਾਰ ਕੇ ਆਪਣੀ ਜ਼ਿੰਦਗੀ ਗਰੀਬ ਅਤੇ ਦੱਬੇ-ਕੁਚਲੇ ਲੋਕਾਂ ਦੇ ਲੇਖੇ ਲਾਈ ਹੈ। ਉਸ ਨੇ 1978 ਵਿਚ ਆਈ.ਆਈ.ਟੀ. ਕਾਨਪੁਰ ਤੋਂ ਟਾਪ ਪੁਜੀਸ਼ਨ ਹਾਸਲ ਕੀਤੀ ਸੀ। ਉਹ ਜਨਮ ਤੋਂ ਅਮਰੀਕਨ ਨਾਗਰਿਕ ਸੀ ਅਤੇ ਉਸ ਨੇ ਮੁਢਲੀ ਪੜ੍ਹਾਈ ਇੰਗਲੈਂਡ ਵਿਚ ਕੀਤੀ। ਜਿਸ ਅਮਰੀਕਨ ਨਾਗਰਿਕਤਾ ਨੂੰ ਹਾਸਲ ਕਰਨ ਲਈ ਲੋਕ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ, ਉਸ ਨਾਗਰਿਕਤਾ ਨੂੰ ਲੱਤ ਮਾਰ ਕੇ ਉਹ ਛੱਤੀਸਗੜ੍ਹ ਦੀ ਮਜ਼ਦੂਰ ਬਸਤੀ ਵਿਚ ਰਹਿ ਕੇ ਗ਼ਰੀਬਾਂ ਅਤੇ ਦੱਬੇ-ਕੁਚਲਿਆਂ ਲਈ ਕੰਮ ਕਰ ਰਹੀ ਹੈ। ਉਸ ਦੀ ਮਾਂ ਕ੍ਰਿਸ਼ਨਾ ਭਾਰਦਵਾਜ ਜੇ.ਐਨ.ਯੂ. ਵਿਚ ਇਕਨਾਮਿਕਸ ਵਿਭਾਗ ਦੀ ਡੀਨ ਅਤੇ ਨਾਲ ਹੀ ਕਲਾਸੀਕਲ ਗਾਇਕਾ ਸੀ। ਅੱਜ ਵੀ ਉਸ ਦੀ ਮਾਂ ਦੀ ਯਾਦ ਵਿਚ ਹਰ ਸਾਲ ਜੇ.ਐਨ.ਯੂ. ਵਿਚ ਕ੍ਰਿਸ਼ਨਾ ਯਾਦਗਾਰੀ ਲੈਕਚਰ ਕਰਵਾਇਆ ਜਾਂਦਾ ਹੈ।

ਆਈ.ਆਈ.ਟੀ. ਦੀ ਟਾਪਰ ਸੁਧਾ ਨੇ ਨਿੱਜੀ ਕਰੀਅਰ ਨਹੀਂ ਚੁਣਿਆ। ਖੱਬੇਪੱਖੀ ਸੋਚ ਕਾਰਨ ਉਹ 80ਵਿਆਂ ਦੇ ਦਹਾਕੇ ਵਿਚ ਛੱਤੀਸਗੜ੍ਹ ਦੇ ਮਜ਼ਦੂਰ ਆਗੂ ਸ਼ੰਕਰ ਗੁਹਾ ਨਿਓਗੀ ਦੇ ਸੰਪਰਕ ਵਿਚ ਆਈ ਅਤੇ ਉਸ ਨੇ ਛੱਤੀਸਗੜ੍ਹ ਦੀਆਂ ਮਜ਼ਦੂਰ ਬਸਤੀਆਂ ਨੂੰ ਆਪਣੀ ਕਰਮਭੂਮੀ ਬਣਾ ਲਿਆ। ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਉਹ ਛੱਤੀਸਗੜ੍ਹ ਵਿਚ ਮਜ਼ਦੂਰਾਂ, ਕਿਸਾਨਾਂ ਅਤੇ ਗ਼ਰੀਬਾਂ ਲਈ ਸੜਕਾਂ ਅਤੇ ਅਦਾਲਤਾਂ ਵਿਚ ਲੜ ਰਹੀ ਹੈ। ਲੋਕ ਹਿਤਾਂ ਲਈ ਲੜੇ ਜਾ ਰਹੇ ਜਮਹੂਰੀ ਸੰਘਰਸ਼ਾਂ ਅਤੇ ਅਦਾਲਤੀ ਲੜਾਈ ਨੂੰ ਬੰਦ ਕਰਾਉਣਾ ਮੁਲਕ ਦੇ ਹੁਕਮਰਾਨਾਂ ਦਾ ਤਰਜੀਹੀ ਏਜੰਡਾ ਹੈ।

ਉਸ ਦੇ ਖਿਲਾਫ ਰਿਪਬਲਿਕ ਟੀ.ਵੀ. ਵਲੋਂ ਵਿੱਢੀ ਜ਼ਹਿਰੀਲੀ ਪ੍ਰਚਾਰ ਮੁਹਿੰਮ ਦਾ ਪੂਰੇ ਮੁਲਕ ਵਿਚ ਤਿੱਖਾ ਵਿਰੋਧ ਹੋਇਆ ਹੈ। ਉਸ ਦੀ ਘਾਲਣਾ ਅਤੇ ਮਕਬੂਲੀਅਤ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਭਿਲਾਈ ਦੇ ਸਫਾਈ ਕਰਮਚਾਰੀ ਉਸ ਦੀ ਹਮਾਇਤ ਵਿਚ ਡਟ ਕੇ ਸੜਕਾਂ ਉਪਰ ਆਏ ਹਨ ਜਿਨ੍ਹਾਂ ਨੂੰ ਭਿਲਾਈ ਸਟੀਲ ਪਲਾਂਟ ਦੇ 666 ਰਿਹਾਇਸ਼ੀ ਕੁਆਰਟਰਾਂ ਵਿਚੋਂ ਕੱਢਣ ਲਈ ਚਲਾਏ ਜਾ ਰਹੇ ਬੁਲਡੋਜ਼ਰ ਰੋਕਣ ਲਈ ਐਡਵੋਕੇਟ ਭਾਰਦਵਾਜ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਸਟੇਅ ਲਿਆ ਅਤੇ ਗ਼ਰੀਬ ਲੋਕਾਂ ਦਾ ਉਜਾੜਾ ਰੁਕਵਾ ਦਿੱਤਾ। ਇਹੀ ਵਜ੍ਹਾ ਹੈ ਕਿ ਹੁਕਮਰਾਨ ਉਸ ਉਪਰ ਮਾਓਵਾਦੀ ਹੋਣ ਦਾ ਠੱਪਾ ਲਾ ਕੇ ਉਸ ਨੂੰ ਦਬਾਉਣਾ ਚਾਹੁੰਦੇ ਹਨ।

## ਬੁੱਧੀਜੀਵੀਆਂ ਵੱਲੋਂ ਆਵਾਜ਼ ਬੁਲੰਦ

**(ਸੁਧਾ ਭਾਰਦਵਾਜ ਖਿਲਾਫ ਰਿਪਬਲਿਕ ਟੀ.ਵੀ. ਦੇ ਐਂਕਰ ਅਰਨਬ ਗੋਸਵਾਮੀ ਦੇ ਕੂੜ-ਪ੍ਰਚਾਰ ਖਿਲਾਫ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ, ਸਮਾਜਿਕ ਕਾਰਕੁਨਾਂ ਅਤੇ ਪੱਤਰਕਾਰਾਂ ਦਾ ਬਿਆਨ)**

ਅਸੀਂ ਹੇਠ ਲਿਖਤ ਹਸਤਾਖ਼ਰੀ ਉਨ੍ਹਾਂ ਤਮਾਮ ਲੋਕਾਂ ਖਿਲਾਫ ਕੂੜ ਪ੍ਰਚਾਰ ਦਾ ਧਰਮ-ਯੁੱਧ ਚਲਾ ਰਹੇ ਰਿਪਬਲਿਕ ਟੀ.ਵੀ. ਚੈਨਲ ਦੀ ਹਾਲੀਆ ਕਰਤੂਤ ਖਿਲਾਫ ਆਪਣਾ ਵਿਰੋਧ ਦਰਜ ਕਰਾਉਣਾ ਚਾਹੁੰਦੇ ਹਾਂ ਜੋ ਜਮਹੂਰੀਅਤ, ਮਨੁੱਖੀ ਅਧਿਕਾਰਾਂ, ਸੰਵਿਧਾਨਕ ਪ੍ਰਭੂਸੱਤਾ ਅਤੇ ਕਾਨੂੰਨ ਦੇ ਰਾਜ ਦੇ ਹੱਕ ਵਿਚ ਸਟੈਂਡ ਲੈ ਰਹੇ ਹਨ।

ਰਿਪਬਲਿਕ ਟੀ.ਵੀ. ਵਲੋਂ ਤਾਜ਼ਾ ਨਿਸ਼ਾਨਾ ਐਡਵੋਕੇਟ ਸੁਧਾ ਭਾਰਦਵਾਜ ਨੂੰ ਬਣਾਇਆ ਗਿਆ ਹੈ ਜੋ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਕੌਮੀ ਸਕੱਤਰ, ਇੰਡੀਅਨ ਐਸੋਸੀਏਸ਼ਨ ਫਾਰ ਪੀਪਲਜ਼ ਲਾਇਰਜ਼ ਦੀ ਮੀਤ ਪ੍ਰਧਾਨ ਅਤੇ ਦਿੱਲੀ ਦੀ ਨੈਸ਼ਨਲ ਲਾਅ ਯੂਨੀਵਰਸਿਟੀ ਵਿਚ ਵਿਜ਼ਟਿੰਗ ਪ੍ਰੋਫੈਸਰ ਹੈ। ਉਹ ਟਰੇਡ ਯੂਨੀਅਨ ਕਾਰਕੁਨ, ਮਨੁੱਖੀ ਹੱਕਾਂ ਦੀ ਰੱਖਿਅਕ, ਵਾਤਾਵਰਨ ਪੱਖੀ ਕਾਨੂੰਨਦਾਨ ਅਤੇ ਰਾਜ ਦੀਆਂ ਤਮਾਮ ਸੰਸਥਾਵਾਂ ਦੀ ਸਨਮਾਨਿਤ ਸਲਾਹਕਾਰ ਦੇ ਤੌਰ 'ਤੇ ਤਿੰਨ ਦਹਾਕਿਆਂ ਦੇ ਆਪਣੇ ਕੰਮ ਲਈ ਜਾਣੀ ਜਾਂਦੀ ਹੈ। ਉਹ ਸਟੇਟ ਦੀਆਂ ਕਾਨੂੰਨੀ ਸਹਾਇਤਾ ਇਕਾਈਆਂ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਸਮੇਤ ਬਹੁਤ ਸਾਰੀਆਂ ਰਾਜਕੀ ਸੰਸਥਾਵਾਂ ਵਿਚ ਵੀ ਕੰਮ ਕਰ ਚੁੱਕੀ ਹੈ।

ਰਿਪਬਲਿਕ ਟੀ.ਵੀ.ਅਨੁਸਾਰ ਇਹ ਸਮਰਪਿਤ ਅਤੇ ਪ੍ਰਤੀਬਧ ਕਾਨੂੰਨਦਾਨ 'ਸ਼ਹਿਰੀ ਮਾਓਵਾਦੀ' ਹੈ ਜੋ ਦੇਸ਼ ਭਰ ਦੇ ਵੱਖਵਾਦੀ ਗਰੁੱਪਾਂ ਅਤੇ ਹਥਿਆਰਬੰਦ ਛਾਪਾਮਾਰਾਂ ਨਾਲ ਮਿਲ ਕੇ 'ਭਾਰਤ ਨੂੰ ਟੁਕੜੇ-ਟੁਕੜੇ ਕਰਨ ਦੀ ਸਾਜ਼ਿਸ਼' ਵਿਚ ਲੱਗੀ ਹੋਈ ਹੈ। ਐਡਵੋਕੇਟ ਭਾਰਦਵਾਜ ਖਿਲਾਫ ਮਨਘੜਤ ਇਲਜ਼ਾਮਾਂ ਅਤੇ ਉਕਸਾਊ ਦੋਸ਼ਾਂ ਦੀ ਲੰਮੀ ਸੂਚੀ ਦਾ ਆਧਾਰ ਇਕ ਚਿੱਠੀ ਹੈ ਜਿਸ ਬਾਰੇ ਰਿਪਬਲਿਕ ਟੀ.ਵੀ. ਕਹਿ ਰਿਹਾ ਹੈ ਕਿ ਇਹ ਉਸ ਦੀ ਲਿਖੀ ਹੋਈ ਹੈ ਅਤੇ ਇਹ ਚੈਨਲ ਦੇ ਕੋਲ ਹੈ।

ਇਸ ਚਿੱਠੀ ਦੀ ਪ੍ਰਮਾਣਿਕਤਾ ਅਤੇ ਸਰੋਤ ਦੇ ਬਾਰੇ ਸਾਨੂੰ ਰਿਪਬਲਿਕ ਟੀ.ਵੀ. ਕੁਝ ਨਹੀਂ ਦੱਸ ਰਿਹਾ। ਇਸ ਚਿੱਠੀ ਦੀ ਭਾਸ਼ਾ ਕੱਚੀ ਅਤੇ ਅਨਾੜੀ ਹੈ, ਜਿਸ ਵਿਚ ਕਥਿਤ ਲੇਖਕ ਖ਼ੁਦ ਦੀ ਪਛਾਣ 'ਕਾਮਰੇਡ ਐਡਵੋਕੇਟ ਸੁਧਾ ਭਾਰਦਵਾਜ' ਵਜੋਂ ਦੇ ਰਿਹਾ ਹੈ ਅਤੇ ਐਸੇ ਤਮਾਮ ਜਾਣੇ-ਅਣਜਾਣੇ ਲੋਕਾਂ ਦੇ ਨਾਵਾਂ ਦਾ ਜ਼ਿਕਰ ਕਰ ਰਿਹਾ ਹੈ ਜਿਨ੍ਹਾਂ ਨੂੰ ਬਾਕਾਇਦਾ 'ਕਾਮਰੇਡ' ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਰਿਪਬਲਿਕ ਟੀ.ਵੀ.ਮੁਤਾਬਿਕ ਇਸ ਦੀ ਕਥਿਤ ਸਮੱਗਰੀ ਕਸ਼ਮੀਰੀ ਵੱਖਵਾਦੀਆਂ, 'ਸ਼ਹਿਰੀ ਨਕਸਲੀਆਂ' ਅਤੇ ਜੇ.ਐਨ.ਯੂ. ਅਤੇ ਟੀ.ਆਈ.ਐਸ.ਐਸ. (ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼) ਦੇ ਵਿਦਿਆਰਥੀਆਂ ਸਮੇਤ ਉਨ੍ਹਾਂ ਤਮਾਮ ਲੋਕਾਂ ਦਰਮਿਆਨ 'ਸਨਸਨੀਖੇਜ਼' ਰਿਸ਼ਤਾ ਕਾਇਮ ਕਰਦੀ ਹੈ ਜੋ ਸਟੇਟ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਜਨਤਕ ਤੌਰ 'ਤੇ ਸਟੈਂਡ ਲੈ ਰਹੇ ਹਨ। ਚੈਨਲ ਮੁਤਾਬਿਕ ਇਹ ਐਸੇ 'ਅਕੱਟ ਅਤੇ ਕਿੰਤੂ ਰਹਿਤ ਤੱਥ' ਹਨ ਜਿਨ੍ਹਾਂ ਉਪਰ ਸਵਾਲ ਨਹੀਂ ਉਠਾਇਆ ਜਾ ਸਕਦਾ।

ਇਹ ਕਥਿਤ ਚਿੱਠੀਆਂ ਐਸੇ 'ਦਸਤਾਵੇਜ਼ੀ ਸਬੂਤਾਂ' ਦੇ ਸ਼ੱਕੀ ਪੁਰਾਲੇਖ ਸੰਗ੍ਰਹਿ ਦਾ ਹਿੱਸਾ ਹਨ ਜਿਨ੍ਹਾਂ ਨੂੰ ਜਾਂਚ ਏਜੰਸੀਆਂ ਬਾਕਾਇਦਗੀ ਨਾਲ ਪ੍ਰੈੱਸ ਨੂੰ ਇਸ ਜੋਸ਼ ਨਾਲ ਪਹੁੰਚਾਉਂਦੀਆਂ ਰਹਿੰਦੀਆਂ ਹਨ ਕਿ ਤਮਾਮ ਤਰ੍ਹਾਂ ਦੇ 'ਜੁਰਮਾਂ' ਨੂੰ ਕਾਰਕੁਨਾਂ, ਲੋਕ ਸੰਘਰਸ਼ਾਂ ਦੇ ਆਗੂਆਂ, ਸਿਆਸੀ ਵਿਰੋਧੀਆਂ, ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਸਰਕਾਰੀ ਨੀਤੀ ਦੇ ਆਲੋਚਕਾਂ ਅਤੇ ਉਨ੍ਹਾਂ ਹੋਰ ਨਾਗਰਿਕਾਂ ਸਿਰ ਮੜ੍ਹਿਆ ਜਾ ਸਕੇ ਜੋ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਅਸਹਿਮਤੀ ਅਤੇ ਸਿਆਸੀ ਸਰਗਰਮੀਆਂ ਦੇ ਆਪਣੇ ਵਿਧਾਨਕ ਹੱਕਾਂ ਦਾ ਇਸਤੇਮਾਲ ਕਰ ਰਹੇ ਹਨ।

ਰਿਪਬਲਿਕ ਟੀ.ਵੀ. ਵਲੋਂ ਸੱਤਾਧਾਰੀ ਧਿਰ ਦੇ ਜਾਣੇ-ਪਛਾਣੇ ਆਲੋਚਕਾਂ ਖਿਲਾਫ ਐਸੇ ਮਨਘੜਤ ਇਲਜ਼ਾਮਾਂ ਅਤੇ ਕਾਲਪਨਿਕ ਦੋਸ਼ ਥੱਪਣ ਦੀ ਜਨੂੰਨੀ ਮੁਹਿੰਮ ਸਪਸ਼ਟ ਤੌਰ 'ਤੇ ਉਨ੍ਹਾਂ ਦਰਸ਼ਕਾਂ ਦੇ ਮਨਾਂ ਅੰਦਰ ਤੱਥ ਅਤੇ ਇਲਜ਼ਾਮ, ਇਲਜ਼ਾਮ ਤੇ ਸਬੂਤ, ਸਬੱਬ ਅਤੇ ਕਾਰਨ-ਕਾਰਜ ਵਿਚਲੀਆਂ ਵੰਡ-ਲਕੀਰਾਂ ਨੂੰ ਧੁੰਦਲਾ ਕਰਨ ਵੱਲ ਸੇਧਤ ਹੈ ਜਿਨ੍ਹਾਂ ਦੀ ਪਹੁੰਚ ਸੂਚਨਾ ਦੇ ਵੱਖ-ਵੱਖ ਸਰੋਤਾਂ ਤਕ ਨਹੀਂ ਹੈ।

'ਸ਼ਹਿਰੀ ਨਕਸਲੀ' ਅਤੇ 'ਟੁਕੜੇ-ਟੁਕੜੇ ਗੈਂਗ' ਵਰਗੇ ਝੂਠ ਘੜਨਾ ਅਤੇ ਇਨ੍ਹਾਂ ਨੂੰ ਵਰਤਣਾ ਬਹੁਤ ਖ਼ਤਰਨਾਕ ਰੁਝਾਨ ਹੈ ਜੋ ਵਾਰ-ਵਾਰ ਦੁਹਰਾਏ ਜਾਣ 'ਤੇ ਸੱਚੇ ਜਾਪਣ ਲੱਗਦੇ ਹਨ ਜਦਕਿ ਕਾਨੂੰਨੀ, ਸਿਆਸੀ ਅਤੇ ਤੱਥਾਂ ਦੇ ਪੱਧਰ 'ਤੇ ਇਨ੍ਹਾਂ ਦੀ ਤਸਦੀਕ ਨਹੀਂ ਹੁੰਦੀ। ਲੋਕ ਰਾਇ ਨੂੰ ਪ੍ਰਭਾਵਿਤ ਕਰਨ ਲਈ ਇਸ ਹੇਰ-ਫੇਰ ਦੇ ਘਾਤਕ ਨਤੀਜੇ ਸਾਨੂੰ ਅੱਜ ਮੁਸਲਮਾਨਾਂ, ਦਲਿਤਾਂ ਅਤੇ ਉਨ੍ਹਾਂ ਉਪਰ ਹਜੂਮਾਂ ਦੇ ਜਾਨਲੇਵਾ ਹਮਲੇ ਦੇ ਰੂਪ ਵਿਚ ਦੇਖਣ ਨੂੰ ਮਿਲ ਰਹੇ ਹਨ ਜਿਨ੍ਹਾਂ ਨੂੰ ਵੱਟਸਐਪ ਸੰਦੇਸ਼ਾਂ ਅਤੇ ਵੀਡੀਓ ਦੇ ਆਧਾਰ 'ਤੇ ਮੁਜਰਿਮ ਟਿਕ ਲਿਆ ਗਿਆ ਹੈ।

ਐਡਵੋਕੇਟ ਭਾਰਦਵਾਜ ਉਪਰ ਇਹ ਹਮਲਾ ਸਾਰੀਆਂ ਸੰਸਥਾਵਾਂ ਅਤੇ ਰਾਜ-ਪ੍ਰਸ਼ਾਸਨ ਦੇ ਅਦਾਰਿਆਂ ਉਪਰ ਮੁਕੰਮਲ ਕੰਟਰੋਲ ਕਾਇਮ ਕਰਨ ਦੇ ਯਤਨਾਂ ਦੇ ਰੂਪ ਵਿਚ ਇਕ ਵੱਡਾ ਜਾਲ ਵਿਛਾਏ ਜਾਣ ਦਾ ਸੰਕੇਤ ਵੀ ਹੈ। ਅਸੀਂ ਤਮਾਮ ਜ਼ਿੰਮੇਦਾਰ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਮੋਦੀ ਸਰਕਾਰ ਅਤੇ ਮੀਡੀਆ ਵਿਚਲੇ ਉਨ੍ਹਾਂ ਦੇ ਗੋਦੀ ਪ੍ਰਚਾਰਕਾਂ ਦੇ ਇਸ ਤਾਜ਼ਾ ਹਮਲੇ ਦਾ ਪਰਦਾਫਾਸ਼ ਕਰਦੇ ਹੋਏ ਇਸ ਦੀ ਨਿਖੇਧੀ ਕਰਨ ਜਿਸ ਵਲੋਂ ਲੋਕਤੰਤਰੀ ਸੰਸਥਾਵਾਂ ਨੂੰ ਬਾਈਪਾਸ ਕੀਤਾ ਜਾ ਰਿਹਾ ਹੈ, ਕਾਨੂੰਨ ਤੇ ਵਿਵਸਥਾ ਦੇ ਜੜ੍ਹੀਂ ਤੇਲ ਦਿੱਤਾ ਜਾ ਰਿਹਾ ਹੈ, ਅਸਹਿਮਤ ਆਵਾਜ਼ਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ ਤੇ ਉਨ੍ਹਾਂ ਸਾਰਿਆਂ ਨੂੰ ਕੁਚਲਿਆ ਜਾ ਰਿਹਾ ਹੈ ਜੋ ਇਸ ਨਿਰੰਕੁਸ਼ ਰਾਜ ਉਪਰ ਸਵਾਲ ਉਠਾਉਂਦੇ ਹਨ ਜਾਂ ਇਸ ਨੂੰ ਚੁਣੌਤੀ ਦਿੰਦੇ ਹਨ।

***(ਅਨੁਵਾਦ: ਬੂਟਾ ਸਿੰਘ)***

## ਐਡਵੋਕੇਟ ਸੁਧਾ ਭਾਰਦਵਾਜ ਦਾ ਬਿਆਨ

ਮੈਨੂੰ ਪਤਾ ਲੱਗਿਆ ਹੈ ਕਿ ਰਿਪਬਲਿਕ ਟੀ.ਵੀ. ਨੇ 4 ਜੁਲਾਈ 2018 ਨੂੰ ਆਪਣੇ ਐਂਕਰ ਅਤੇ ਐਮ.ਡੀ. ਅਰਨਬ ਗੋਸਵਾਮੀ ਰਾਹੀਂ 'ਸੁਪਰ ਐਕਸਕਲੂਸਿਵ ਬਰੇਕਿੰਗ ਨਿਊਜ਼' ਦੇ ਨਾਂ ਹੇਠ ਪ੍ਰੋਗਰਾਮ ਪ੍ਰਸਾਰਿਤ ਕੀਤਾ ਹੈ। ਵਾਰ-ਵਾਰ ਪ੍ਰਸਾਰਿਤ ਕੀਤੇ ਜਾ ਰਹੇ ਇਸ ਪ੍ਰੋਗਰਾਮ ਵਿਚ ਮੇਰੇ ਖਿਲਾਫ ਲਗਾਏ ਜਾਣ ਵਾਲੇ ਬੇਤੁਕੇ, ਅਪਮਾਨਜਨਕ, ਝੂਠੇ ਅਤੇ ਪੂਰੀ ਤਰ੍ਹਾਂ ਬੇਬੁਨਿਆਦ ਇਲਜ਼ਾਮਾਂ ਦੀ ਸੂਚੀ ਬਹੁਤ ਲੰਬੀ ਹੈ। ਗੋਸਵਾਮੀ ਦਾਅਵਾ ਕਰਦਾ ਹੈ ਕਿ ਮੈਂ (ਪ੍ਰੋਗਰਾਮ ਵਿਚ ਮੈਨੂੰ ਕਾਮਰੇਡ ਐਡਵੋਕੇਟ ਸੁਧਾ ਭਾਰਦਵਾਜ ਕਿਹਾ ਗਿਆ ਹੈ) ਮਾਓਵਾਦੀ ਕਾਰਕੁਨ (ਕਾਮਰੇਡ ਪ੍ਰਕਾਸ਼ ਨਾਂ ਦਾ ਕੋਈ ਸ਼ਖਸ) ਨੂੰ ਚਿੱਠੀ ਲਿਖੀ ਹੈ ਜਿਸ ਵਿਚ 'ਕਸ਼ਮੀਰ ਵਰਗੇ ਹਾਲਾਤ' ਬਣਾ ਦੇਣ ਦੀ ਗੱਲ ਕੀਤੀ ਗਈ ਹੈ। ਮੇਰੇ ਉਪਰ ਮਾਓਵਾਦੀਆਂ ਤੋਂ ਪੈਸੇ ਲੈਣ ਦਾ ਦੋਸ਼ ਵੀ ਲਾਇਆ ਗਿਆ ਹੈ। ਮੈਨੂੰ ਇਸ ਗੱਲ ਦੀ ਤਸਦੀਕ ਕਰਦੇ ਹੋਏ ਵੀ ਦਰਸਾਇਆ ਗਿਆ ਹੈ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ ਕਈ ਸਿਰਕੱਢ ਵਕੀਲ ਜਿਨ੍ਹਾਂ 'ਚੋਂ ਕਈ ਮੇਰੇ ਜਾਣਕਾਰ ਹਨ ਤੇ ਕਈ ਨਹੀਂ ਵੀ ਹਨ, ਮਾਓਵਾਦੀਆਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਬੰਧ ਰੱਖਦੇ ਹਨ।

ਮੈਂ ਪੂਰੀ ਦ੍ਰਿੜਤਾ ਅਤੇ ਸਪਸ਼ਟਤਾ ਨਾਲ ਇਨਕਾਰ ਕਰਦੀ ਹਾਂ ਕਿ ਮੈਂ ਕਦੇ ਵੀ ਅਜਿਹੀ ਕੋਈ ਚਿੱਠੀ (ਜੇ ਸੱਚਮੁੱਚ ਅਜਿਹਾ ਕੋਈ ਪੱਤਰ ਕਿਤੇ ਮੌਜੂਦ ਹੈ) ਨਹੀਂ ਲਿਖੀ ਜਿਸ ਦਾ ਹਵਾਲਾ ਗੋਸਵਾਮੀ ਦੇ ਰਿਹਾ ਹੈ। ਮੈਂ, ਰਿਪਬਲਿਕ ਟੀ.ਵੀ.ਵੱਲੋਂ ਮੇਰੇ ਉਪਰ ਇਲਜ਼ਾਮ ਲਾਉਣ, ਮੈਨੂੰ ਬਦਨਾਮ ਕਰਨ, ਮੇਰਾ ਪੇਸ਼ੇਵਾਰਾਨਾ ਨੁਕਸਾਨ ਕਰਨ ਅਤੇ ਮੈਨੂੰ ਨਿੱਜੀ ਤੌਰ 'ਤੇ ਠੇਸ ਪਹੁੰਚਾਉਣ ਦਾ ਪੂਰੇ ਜ਼ੋਰ ਨਾਲ ਖੰਡਨ ਕਰਦੀ ਹਾਂ। ਆਪਣੇ ਪ੍ਰੋਗਰਾਮ ਵਿਚ ਰਿਪਬਲਿਕ ਟੀ.ਵੀ. ਨੇ ਐਸੀ ਕਿਸੇ ਚਿੱਠੀ ਦਾ ਸਰੋਤ ਨਹੀਂ ਦੱਸਿਆ। ਮੈਂ ਬਹੁਤ ਹੈਰਾਨ ਹਾਂ ਕਿ ਐਸੀ ਚਿੱਠੀ ਜੋ ਇੰਨੇ ਗੰਭੀਰ ਜੁਰਮ ਦਾ ਸਬੂਤ ਬਣ ਸਕਦੀ ਹੈ, ਸਭ ਤੋਂ ਪਹਿਲਾਂ ਅਰਨਬ ਗੋਸਵਾਮੀ ਦੇ ਟੀ.ਵੀ. ਸਟੂਡੀਓ ਵਿਚ ਕਿਵੇਂ ਪਹੁੰਚ ਜਾਂਦੀ ਹੈ। ਮੈਂ ਪਿਛਲੇ 30 ਸਾਲਾਂ ਤੋਂ ਮਜ਼ਦੂਰ ਨੇਤਾ ਮਰਹੂਮ ਸ਼ੰਕਰ ਗੁਹਾ ਨਿਓਗੀ ਦੁਆਰਾ ਬਣਾਈ ਜਥੇਬੰਦੀ 'ਛੱਤੀਸਗੜ੍ਹ ਮੁਕਤੀ ਮੋਰਚਾ' ਵਿਚ ਕੰਮ ਕਰਦੀ ਹੋਈ ਦਿੱਲੀ-ਰਾਜਹਾਰਾ ਅਤੇ ਭਿਲਾਈ ਦੇ ਕਿਰਤੀ ਕਾਮਿਆਂ ਦੀਆਂ ਝੁੱਗੀਆਂ-ਝੋਂਪੜੀਆਂ ਵਿਚ ਵਿਚਰਦੀ ਰਹੀ ਹਾਂ ਅਤੇ ਸੈਂਕੜੇ ਮਜ਼ਦੂਰ ਇਸ ਤੱਥ ਦੀ ਗਵਾਹੀ ਦੇ ਸਕਦੇ ਹਨ। ਟਰੇਡ ਯੂਨੀਅਨ ਕਾਰਕੁਨ ਦੇ ਆਪਣੇ ਕੰਮ ਵਜੋਂ ਹੀ ਮੈਂ ਸੰਨ 2000 ਵਿਚ ਵਕੀਲ ਬਣੀ ਅਤੇ ਉਦੋਂ ਤੋਂ ਲੈ ਕੇ ਮੈਂ ਕਿਰਤੀ-ਕਾਮਿਆਂ, ਕਿਸਾਨਾਂ, ਆਦਿਵਾਸੀਆਂ ਅਤੇ ਗ਼ਰੀਬ ਲੋਕਾਂ ਦੇ ਕਿਰਤ-ਕਾਨੂੰਨਾਂ, ਜ਼ਮੀਨਾਂ ਖੋਹੇ ਜਾਣ, ਜੰਗਲ ਸਬੰਧੀ ਹੱਕਾਂ ਅਤੇ ਵਾਤਾਵਰਨ ਨਾਲ ਜੁੜੇ ਹੱਕਾਂ ਦੇ ਖੇਤਰ ਨਾਲ ਸਬੰਧਤ ਸੈਂਕੜੇ ਹੀ ਕੇਸ ਲੜ ਚੁੱਕੀ ਹਾਂ। ਸੰਨ 2007 ਤੋਂ ਮੈਂ ਬਿਲਾਸਪੁਰ ਵਿਖੇ ਛੱਤੀਸਗੜ੍ਹ ਹਾਈ ਕੋਰਟ ਵਿਚ ਵਕਾਲਤ ਕਰ ਰਹੀ ਹਾਂ ਅਤੇ ਹਾਈ ਕੋਰਟ ਨੇ ਮੈਨੂੰ ਛੱਤੀਸਗੜ੍ਹ ਸਟੇਟ ਲੀਗਲ ਸਰਵਿਸਜ਼ ਅਥਾਰਟੀ ਦਾ ਮੈਂਬਰ ਨਾਮਜ਼ਦ ਕੀਤਾ ਹੋਇਆ ਹੈ। ਪਿਛਲੇ ਸਾਲ ਤੋਂ ਮੈਂ ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਵਿਖੇ ਵਿਜ਼ਟਿੰਗ ਪ੍ਰੋਫੈਸਰ ਦੀ ਹੈਸੀਅਤ ਵਿਚ ਕਾਨੂੰਨ ਦੀ ਸਿੱਖਿਆ ਦੇ ਰਹੀ ਹਾਂ, ਜਿਥੇ ਮੈਂ ਆਦਿਵਾਸੀਆਂ ਦੇ ਹੱਕਾਂ ਤੇ ਜ਼ਮੀਨਾਂ ਐਕਵਾਇਰ ਕੀਤੇ ਜਾਣ ਸਬੰਧੀ ਸੈਮੀਨਾਰ-ਕੋਰਸ ਪੜ੍ਹਾਇਆ ਅਤੇ ਕਾਨੂੰਨ ਤੇ ਗ਼ਰੀਬੀ ਬਾਰੇ ਆਮ ਕੋਰਸ ਲਈ ਅੰਸ਼ਕ ਤੌਰ 'ਤੇ ਯੋਗਦਾਨ ਦਿੱਤਾ। ਦਿੱਲੀ ਜੁਡੀਸ਼ੀਅਲ ਅਕੈਡਮੀ ਦੇ ਪ੍ਰੋਗਰਾਮ ਦੇ ਇਕ ਹਿੱਸੇ ਵਜੋਂ ਮੈਂ ਸ੍ਰੀਲੰਕਾ ਦੀਆਂ ਲੇਬਰ ਕੋਰਟਾਂ ਦੇ ਮੁੱਖ ਅਧਿਕਾਰੀਆਂ ਨੂੰ ਸੰਬੋਧਨ ਕੀਤਾ। ਮੇਰਾ ਲੋਕਪੱਖੀ ਕਿਰਦਾਰ ਅਤੇ ਮਨੁੱਖੀ ਹੱਕਾਂ ਬਾਰੇ ਕੀਤਾ ਕੰਮ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੇਰਾ ਇਹ ਕਿਰਦਾਰ ਅਤੇ ਕੰਮ, ਉਨ੍ਹਾਂ ਵਿਚਾਰਾਂ ਦੇ ਪੂਰੀ ਤਰ੍ਹਾਂ ਵਿਰੋਧ ਵਿਚ ਹੈ, ਜਿਨ੍ਹਾਂ ਵਿਚਾਰਾਂ ਦਾ ਪ੍ਰਚਾਰ ਰਿਪਬਲਿਕ ਟੀ.ਵੀ. ਅਤੇ ਅਰਨਬ ਗੋਸਵਾਮੀ ਪੂਰੇ ਜ਼ੋਰ-ਸ਼ੋਰ ਨਾਲ ਲਗਾਤਾਰ ਕਰਦੇ ਰਹਿੰਦੇ ਹਨ।

ਮੈਨੂੰ ਜਾਪਦਾ ਹੈ ਕਿ ਮੇਰੇ ਖਿਲਾਫ ਵਿੱਢੇ ਇਸ ਹਾਲੀਆ ਖੁਣਸੀ, ਪ੍ਰੇਰਿਤ ਅਤੇ ਬੇਬੁਨਿਆਦ ਹਮਲੇ ਦਾ ਕਾਰਨ ਇਹ ਹੈ ਕਿ ਮੈਂ, ਐਡਵੋਕੇਟ ਸੁਰਿੰਦਰ ਗਾਡਲਿੰਗ ਦੀ 6 ਜੂਨ ਨੂੰ ਹੋਈ ਗ੍ਰਿਫਤਾਰੀ ਦੇ ਖਿਲਾਫ ਦਿੱਲੀ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਸੀ। ਇਸ ਪ੍ਰੈੱਸ ਕਾਨਫਰੰਸ ਰਾਹੀਂ ਵਕੀਲਾਂ ਦੀ ਜੱਥੇਬੰਦੀ 'ਦਿ ਇੰਡੀਅਨ ਐਸੋਸੀਏਸ਼ਨ ਆਫ ਪੀਪਲ'ਜ਼ ਲਾਇਰਜ਼' (ਆਈ.ਏ.ਪੀ.ਐਲ.) ਨੇ ਹੋਰ ਵਕੀਲਾਂ ਦੀ ਗ੍ਰਿਫਤਾਰੀ ਦਾ ਮਾਮਲਾ ਵੀ ਉਠਾਇਆ ਜਿਵੇਂ ਭੀਮ ਆਰਮੀ ਦੇ ਐਡਵੋਕੇਟ ਚੰਦਰ ਸ਼ੇਖਰ ਅਤੇ ਸਟਰਲਾਈਟ ਗੋਲੀਕਾਂਡ ਤੋਂ ਬਾਅਦ ਗ੍ਰਿਫਤਾਰ ਕੀਤੇ ਐਡਵੋਕੇਟ ਵਾਚੀਨਾਥਨ ਦਾ ਮਾਮਲਾ। ਇਹ ਗੱਲ ਤਾਂ ਬਿਲਕੁਲ ਸਾਫ ਹੈ ਕਿ ਇਨ੍ਹਾਂ ਵਕੀਲਾਂ ਨੂੰ ਨਿਸ਼ਾਨਾ ਬਣਾ ਕੇ ਸਟੇਟ ਉਨ੍ਹਾਂ ਲੋਕਾਂ ਦੀ ਆਵਾਜ਼ ਖ਼ਾਮੋਸ਼ ਕਰਨਾ ਚਾਹੁੰਦਾ ਹੈ ਜੋ ਲੋਕਾਂ ਦੇ ਜਮਹੂਰੀ ਹੱਕਾਂ ਦੀ ਗੱਲ ਕਰਦੇ ਹਨ। ਸਟੇਟ ਦੀ ਕਾਰਜਨੀਤੀ ਇਹ ਹੈ ਕਿ ਬੇਰੁਖੀ ਵਾਲਾ ਮਾਹੌਲ ਸਿਰਜਿਆ ਜਾਵੇ ਅਤੇ ਲੋਕਾਂ ਨੂੰ ਬਰਾਬਰੀ ਦੇ ਆਧਾਰ 'ਤੇ ਅਦਾਲਤੀ ਨਿਆਂ ਪ੍ਰਣਾਲੀ ਤੱਕ ਪਹੁੰਚ ਕਰਨ ਤੋਂ ਵਾਂਝਿਆਂ ਕੀਤਾ ਜਾਵੇ। ਇਕ ਗੱਲ ਇਹ ਵੀ ਹੈ ਕਿ ਹੁਣੇ ਜਿਹੇ ਆਈ.ਏ.ਪੀ.ਐਲ' ਨੇ ਕਸ਼ਮੀਰ ਦੇ ਵਕੀਲਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਤੱਥ-ਖੋਜ ਕਮੇਟੀ ਬਣਾਈ ਸੀ। ਮਨੁੱਖੀ ਅਧਿਕਾਰਾਂ ਦੀ ਵਕੀਲ ਹੋਣ ਨਾਤੇ ਮੈਂ ਛੱਤੀਸਗੜ੍ਹ ਹਾਈ ਕੋਰਟ ਵਿਚ ਆਦਿਵਾਸੀਆਂ ਦੀ ਗ਼ੈਰ-ਕਾਨੂੰਨੀ ਨਜ਼ਰਬੰਦੀ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸ ਲੜਦੀ ਰਹੀ ਹਾਂ ਅਤੇ ਬਹੁਤ ਸਾਰੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਦੇ ਹੱਕ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੱਕ ਪਹੁੰਚ ਕਰਦੀ ਰਹੀ ਹਾਂ। ਹਾਲ ਹੀ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਨੇ ਛੱਤੀਸਗੜ੍ਹ ਸੂਬੇ ਦੇ ਸੁਕਮਾ ਜ਼ਿਲ੍ਹੇ ਦੇ ਪਿੰਡ ਕੋਂਡਾਸਾਵਲੀ ਦੇ ਇਕ ਮਾਮਲੇ ਦੀ ਜਾਂਚ ਸਬੰਧੀ ਮੇਰੇ ਤੱਕ ਪਹੁੰਚ ਕੀਤੀ ਸੀ। ਇਨ੍ਹਾਂ ਸਾਰੇ ਮਾਮਲਿਆਂ ਵਿਚ ਮੈਂ ਉਸੇ ਪੇਸ਼ੇਵਾਰਾਨਾ ਪਹੁੰਚ, ਦਿਆਨਤਦਾਰੀ ਅਤੇ ਦਲੇਰੀ ਨਾਲ ਕੰਮ ਕੀਤਾ ਜਿਸ ਤਰ੍ਹਾਂ ਦੀ ਉਮੀਦ ਮਨੁੱਖੀ ਹੱਕਾਂ ਦੇ ਵਕੀਲ ਤੋਂ ਕੀਤੀ ਜਾਂਦੀ ਹੈ। ਸ਼ਾਇਦ ਇਹੀ ਮੇਰਾ 'ਜੁਰਮ' ਹੈ ਜਿਸ ਕਾਰਨ ਅਰਨਬ ਗੋਸਵਾਮੀ ਦਾ 'ਸੁਪਰ ਐਕਸਕਲੂਸਿਵ' ਧਿਆਨ ਮੇਰੇ ਉਪਰ ਕੇਂਦਰਤ ਹੋ ਗਿਆ।

ਮੇਰੇ ਖਿਲਾਫ ਲਾਏ ਇਲਜ਼ਾਮਾਂ ਦੇ ਸਬੰਧ ਵਿਚ, ਮੈਂ ਆਪਣੇ ਵਕੀਲ ਨੂੰ ਅਰਨਬ ਗੋਸਵਾਮੀ ਅਤੇ ਰਿਪਬਲਿਕ ਟੀ.ਵੀ. ਨੂੰ ਕਾਨੂੰਨੀ ਨੋਟਿਸ ਭੇਜਣ ਲਈ ਲਈ ਕਹਿ ਦਿੱਤਾ ਹੈ।

***-ਐਡਵੋਕੇਟ ਸੁਧਾ ਭਾਰਦਵਾਜ***

# ਸੇਵਾ ਮੁਕਤ ਸੈਲਾਨੀ

ਕੁਝ ਲੋਕ ਪੰਜਾਬ ਜਾਂ ਭਾਰਤ ਤੋਂ ਆਪਣੀ ਨੌਕਰੀ ਖਤਮ ਹੋਣ ਪਿਛੋਂ ਆਸਟਰੇਲੀਆ, ਕੈਨੇਡਾ ਅਤੇ ਅਮਰੀਕਾ ਜਿਹੇ ਦੇਸ਼ਾਂ ਵਿਚ ਘੁੰਮਣ ਫਿਰਨ ਅਤੇ ਆਪਣੇ ਸਕੇ ਸਬੰਧੀਆਂ ਨੂੰ ਮਿਲਣ ਆਉਂਦੇ ਹਨ। ਭਾਵੇਂ ਇਨ੍ਹਾਂ ਵਿਚੋਂ ਬਹੁਤੇ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹੁੰਦੇ, ਫਿਰ ਵੀ ਜ਼ਿੰਦਗੀ ਦੇ ਲੰਮੇ ਤਜਰਬੇ ਅਤੇ ਭਾਂਤ ਭਾਂਤ ਦੇ ਹਾਲਾਤ ਨੇ ਇਨ੍ਹਾਂ ਨੂੰ ਸਿਆਣੇ ਅਤੇ ਸੋਚਵਾਨ ਬਣਾ ਦਿੱਤਾ ਹੁੰਦਾ ਹੈ। ਸੈਲਾਨੀਆਂ ਦੀ ਇਹ ਸ਼੍ਰੇਣੀ ਘੱਟ ਉਮਰ ਦੇ ਵੱਧ ਪੜ੍ਹੇ-ਲਿਖਿਆਂ ਤੋਂ ਅਕਸਰ ਵੱਧ ਸਿਆਣੀ ਹੁੰਦੀ ਏ ਤੇ ਵੱਧ ਉਮਰ ਦੇ ਵੱਧ ਪੜ੍ਹੇ-ਲਿਖਿਆਂ ਤੋਂ ਕਾਫੀ ਘੱਟ। ਇਨ੍ਹਾਂ ਦੇ ਖਿਆਲਾਂ ਦੀ ਪਰਵਾਜ਼ ਤੇ ਪਕਿਆਈ ਤਾਂ ਵੱਧ ਉਮਰ ਦੇ ਪੜ੍ਹੇ-ਲਿਖਿਆਂ ਜਿਹੀ ਹੁੰਦੀ ਹੈ ਪਰ ਪੰਜਾਬੀ ਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਘੱਟ ਹੋਣ ਕਰਕੇ ਇਹ ਇਸ ਨਵੇਂ ਸਮਾਜ ਵਿਚ ਵਿਚਰਦਿਆਂ ਨੀਵੇਂ ਰਹਿ ਜਾਂਦੇ ਹਨ।



**ਅਵਤਾਰ ਐਸ. ਸੰਘਾ, ਸਿਡਨੀ**
**sangha_avtar@hotmail.com**

ਕਿਸੇ ਵੀ ਨਵੀਂ ਥਾਂ ਦਾ ਅਸਲੀ ਗਿਆਨ ਉਸ ਥਾਂ 'ਤੇ ਲੰਮਾ ਸਮਾ ਰਹਿਣ ਨਾਲ ਹੁੰਦਾ ਹੈ। ਜੇ ਕਿਸੇ ਨੂੰ ਭਾਸ਼ਾ ਅਤੇ ਸਭਿਆਚਾਰਕ ਅਖਰਾਜਾਤ (ethos and nomenclature) ਦਾ ਗਿਆਨ ਅਤੇ ਵਾਕਫੀਅਤ ਹੈ, ਤਾਂ ਉਹ ਉਸ ਸਥਾਨ ਮੁਤਾਬਕ ਕੁਝ ਤੇਜ਼ ਰਫਤਾਰ ਨਾਲ ਢਲ ਜਾਂਦਾ ਹੈ। ਇਸ ਪ੍ਰਕਾਰ ਦਾ ਘੱਟ ਗਿਆਨ ਰੱਖਣ ਵਾਲੇ ਨੂੰ ਵੱਧ ਦਿੱਕਤਾਂ ਪੇਸ਼ ਆਉਂਦੀਆਂ ਹਨ। ਮੇਰੇ ਨਾਲ ਤੁਰਿਆ ਜਾਂਦਾ ਘੱਟ ਪੜ੍ਹਿਆ ਲਿਖਿਆ ਸੈਲਾਨੀ ਰੇਨ ਐਂਡ ਹੌਰਨ (Raine and Horne) ਨੂੰ 'ਰੇਨੇ ਐਂਡ ਹੋਰਨੇ', ਹੌਲਬੈਕ ਰੋਡ (Holbeche Road) ਨੂੰ 'ਹੌਲਬੈਚੀ ਰੋਡ', ਕਾਰਲਾਈਲ ਐਵੇਨਿਊ (Carlysle Aveue) ਨੂੰ 'ਕਾਰਲਿਜਲੇ ਐਵੇਨਿਊ' ਅਤੇ ਕੂਜੀ ਬੀਚ (Coogee Beach) ਨੂੰ 'ਕੁੱਗੀ ਬੀਚ' ਕਹੀ ਜਾਵੇ। ਉਹ ਭਿੰਡੀ ਤੋਰੀ ਨੂੰ ਲੇਡੀ ਫਿੰਗਰ (Lady Finger) ਅਤੇ ਬੈਂਗਣਾਂ ਨੂੰ ਬਰਿੰਜਲ (Brinjal) ਕਹਿਣ ਦੀ ਕੋਸ਼ਿਸ਼ ਕਰੇ। ਉਸ ਨੂੰ ਓਕਰਾ (Okra) ਅਤੇ ਐਗ ਪਲਾਂਟ (Egg Plant) ਜਿਹੇ ਸ਼ਬਦਾਂ ਦਾ ਤਾਂ ਪਤਾ ਤੱਕ ਨਹੀਂ ਸੀ। ਇਲਾਕਾਈ ਨਾਂ ਕਈ ਵਾਰ ਅੱਡ ਕਿਸਮ ਦੇ ਹੁੰਦੇ ਹਨ ਜਿਵੇਂ 'Pow Wow' (conference), ਬੁੱਲਲੇਂਗਿ (ragging), muffler (silencer), boot (dicky), level (floor) ਆਦਿ।

ਸਭਿਆਚਾਰਕ ਪੱਖੋਂ ਵੀ ਕਈ ਗੱਲਾਂ ਪਰੰਪਰਾਗਤ ਤੇ ਪੇਂਡੂ ਹੁੰਦੀਆਂ ਹਨ। ਪੰਜਾਬ ਤੋਂ ਆਈ ਇੱਕ ਸੱਸ ਨੇ ਆਪਣੀ ਨੂੰਹ ਨੂੰ ਆਪਣੇ ਮੁੰਡੇ ਦਾ ਨਾਂ ਲੈ ਕੇ ਬੁਲਾਉਂਦਿਆਂ ਸੁਣਿਆ ਤਾਂ ਉਹ ਸੋਚਾਂ ਵਿਚ ਪੈ ਗਈ। ਉਸ ਨੇ ਆਪਣੇ ਘਰ ਵਾਲੇ ਨੂੰ ਕਹਿ ਦਿੱਤਾ ਕਿ ਨੂੰਹ ਸਾਡੇ ਮੁੰਡੇ ਨੂੰ 'ਸੰਧੂ ਸਾਹਿਬ' ਕਹਿ ਕੇ ਬੁਲਾਇਆ ਕਰੇ। ਅਸੀਂ ਤਾਂ ਸਾਰੀ ਉਮਰ ਆਪਣੇ ਆਦਮੀ ਦਾ ਨਾਂ ਲੈ ਕੇ ਨਹੀਂ ਸੀ ਦੇਖਿਆ। ਇਹ ਕੱਲ ਦੀ ਆਈ ਸਾਡੇ ਮੁੰਡੇ ਨੂੰ ਸੁਰਜੀਤ ਕਹਿ ਕੇ ਬੁਲਾਉਂਦੀ ਏ, ਜਿਵੇਂ ਉਹ ਕੋਈ ਜਵਾਕ ਹੋਵੇ। ਸੱਸ ਨੂੰਹ ਦੇ ਲਾਉਣ-ਪਾਉਣ ਨੂੰ ਵੀ ਭੈੜੀ ਨਜ਼ਰ ਨਾਲ ਦੇਖੀ ਜਾਵੇ। ਉਸ ਨੂੰ ਆਪਣਾ ਲਾਉਣ-ਪਾਉਣ ਬੰਦਿਆਂ ਜਿਹਾ ਲੱਗੇ ਅਤੇ ਆਪਣੀ ਨੂੰਹ ਦਾ ਲੋਫਰਾਂ ਜਿਹਾ।

ਬੁੱਢੀਆਂ ਸਮੇਂ ਅਤੇ ਸਥਾਨ ਮੁਤਾਬਕ ਬਹੁਤ ਹੌਲੀ ਹੌਲੀ ਬਦਲਦੀਆਂ ਹਨ। ਹੋਰ ਗੱਲ ਇਹ ਹੈ ਕਿ ਉਹ ਚੁੱਪ ਕਰਕੇ ਵੀ ਨਹੀਂ ਰਹਿ ਸਕਦੀਆਂ। ਉਨ੍ਹਾਂ ਦੇ ਮੂੰਹੋਂ ਕੁਝ ਨਾ ਕੁਝ ਨਿਕਲਦਾ ਰਹਿੰਦਾ ਹੈ, ਜਿਸ ਨੂੰ ਨੂੰਹਾਂ ਪਸੰਦ ਨਹੀਂ ਕਰਦੀਆਂ। ਸੱਸ ਦੀਆਂ ਗੱਲਾਂ ਨੂੰਹਾਂ ਸਿਰਫ ਦੋ ਤਰ੍ਹਾਂ ਦੀਆਂ ਔਰਤਾਂ ਨਾਲ ਸਾਂਝੀਆਂ ਕਰਦੀਆਂ ਹਨ-ਇੱਕ ਆਪਣੀ ਮਾਂ ਨਾਲ ਅਤੇ ਦੂਜਾ ਆਪਣੀਆਂ ਸਹੇਲੀਆਂ ਨਾਲ। ਜੇ ਪੰਜਾਬ ਤੋਂ ਕਿਸੇ ਔਰਤ ਦੇ ਸੱਸ-ਸਹੁਰਾ, ਦੋਵੇਂ ਇਧਰ ਨੂੰ ਆਉਣ ਤਾਂ ਉਹ ਵੱਧ ਦੁੱਖ ਝੱਲਣ ਲਈ ਤਿਆਰੀਆਂ ਕਰਦੀ ਏ। ਇਕੱਲੇ ਸਹੁਰੇ ਨੇ ਆਉਣਾ ਹੋਵੇ ਤਾਂ ਉਹ ਬਹੁਤਾ ਫਿਕਰਮੰਦ ਨਹੀਂ ਹੁੰਦੀ।

ਸੇਵਾ ਮੁਕਤ ਸੈਲਾਨੀਆਂ ਵਿਚ ਇੱਕ ਹੋਰ ਪ੍ਰਵਿਰਤੀ ਵੀ ਦੇਖੀ ਹੈ। ਉਹ ਆਪਣੀ ਲਿਖਤ ਨੂੰ, ਖਾਸ ਕਰਕੇ ਇੱਥੋਂ ਦੀਆਂ ਆਪਣੀਆਂ ਮਾਤਭਾਸ਼ਾ ਦੀਆਂ ਅਖਬਾਰਾਂ ਨੂੰ, ਬੜੀ ਰੀਝ ਨਾਲ ਪੜ੍ਹਦੇ ਹਨ। ਉਨ੍ਹਾਂ ਵਿਚੋਂ ਕਈਆਂ ਨੂੰ ਥੋੜ੍ਹਾ ਬਹੁਤਾ ਲਿਖਣ ਦਾ ਸ਼ੌਕ ਵੀ ਹੁੰਦਾ ਹੈ। ਲਿਖਣ ਨਾਲੋਂ ਵੱਧ ਉਨ੍ਹਾਂ ਨੂੰ ਸ਼ੌਕ ਛਪਣ ਦਾ ਹੁੰਦਾ ਹੈ ਅਤੇ ਛਪਣ ਨਾਲੋਂ ਵੀ ਵੱਧ ਸ਼ੌਕ ਭਾਸ਼ਾ ਦੀਆਂ ਗਲਤੀਆਂ ਕੱਢਣ ਦਾ। ਜੇ ਕੋਈ ਲਗ-ਮਾਤਰ ਛਪਦੇ ਸਮੇਂ ਰਹਿ ਗਈ ਹੋਵੇ ਤਾਂ ਉਹ ਇਸ ਗਲਤੀ ਨੂੰ ਅਖਬਾਰ ਦੇ ਸੰਪਾਦਕ ਨਾਲ ਇੰਜ ਸਾਂਝੀ ਕਰਨਗੇ ਜਿਵੇਂ ਉਹ ਮਾਤ ਭਾਸ਼ਾ ਦੇ ਮਾਹਰ ਹੋਣ ਅਤੇ ਸੰਪਾਦਕ ਇਧਰ ਦੇ ਅੰਗਰੇਜ਼ੀ ਮਾਹੌਲ ਵਿਚ ਵਿਚਰਦਾ ਆਪਣੀ ਮਾਤ ਭਾਸ਼ਾ ਪ੍ਰਤੀ ਬਹੁਤਾ ਚੁਕੰਨਾ ਨਾ ਹੋਵੇ।

ਉਹ ਸੋਚਦੇ ਹਨ ਕਿ ਪਹਿਲਾਂ ਤਾਂ ਉਨ੍ਹਾਂ ਦਾ ਨਾਂ ਕਿਧਰੇ ਛਪਿਆ ਹੀ ਨਹੀਂ ਜਾਂ ਬਹੁਤ ਘੱਟ ਛਪਿਆ ਹੈ, ਹੁਣ ਬਾਹਰ ਆ ਕੇ ਕੁਝ ਛਪਵਾ ਲਿਆ ਜਾਵੇ ਤਾਂ ਬੜਾ ਅੱਛਾ ਹੋਵੇਗਾ। ਆਪਣੀ ਲਿਖਤ ਛਪੀ ਦੇਖ ਕੇ ਆਪ ਤਾਂ ਉਹ ਅੰਤਾਂ ਦਾ ਪ੍ਰਸੰਨ ਹੁੰਦੇ ਹੀ ਹਨ, ਲਿਖਤ ਆਪਣੇ ਬੱਚਿਆਂ ਅਤੇ ਦੋਸਤਾਂ ਨੂੰ ਦਿਖਾ ਕੇ ਹੋਰ ਵੀ ਪ੍ਰਸੰਨ ਹੁੰਦੇ ਹਨ। ਪੰਜਾਬ ਜਾਂ ਕਿਸੇ ਹੋਰ ਸੂਬੇ ਵਿਚ ਆਪਣੇ ਦਾਇਰੇ ਦੇ ਬੰਦਿਆਂ ਨੂੰ ਉਹ ਕਹਿਣਗੇ, "ਦੇਖੋ! ਮੈਨੂੰ ਬਾਹਰ ਦੀ ਅਖਬਾਰ ਨੇ ਛਾਪਿਆ ਹੈ।" ਜੇ ਉਹ ਥੋੜ੍ਹਾ ਬਹੁਤ ਕੰਪਿਊਟਰ ਜਾਣਨ ਲੱਗ ਪੈਣ ਤਾਂ ਆਪਣੇ ਮਿੱਤਰਾਂ-ਦੋਸਤਾਂ ਨੂੰ ਪੰਜਾਬ ਵਿਚ ਫੋਨ 'ਤੇ ਦੱਸਣਗੇ, ਫਲਾਣੀ ਸਾਈਟ ਖੋਲ੍ਹ ਕੇ ਫਲਾਣੀ ਅਖਬਾਰ ਵਿਚ ਫਲਾਣੇ ਸਫੇ 'ਤੇ ਮੇਰਾ ਲੇਖ ਦੇਖ ਸਕਦੇ ਹੋ।

ਇਹ ਸੇਵਾ ਮੁਕਤ ਸੈਲਾਨੀ ਆਪਣੀ ਭਾਰਤ ਦੀ ਨੌਕਰੀ ਵਿਚ ਪੇਸ਼ ਆਏ ਤਜਰਬਿਆਂ ਬਾਰੇ ਦੱਸ ਕੇ ਵੀ ਬੜਾ ਫਖਰ ਮਹਿਸੂਸ ਕਰਦੇ ਹਨ। ਇਨ੍ਹਾਂ ਵਿਚੋਂ ਕੋਈ ਆਪਣੀ 58 ਜਾਂ 60 ਸਾਲ ਦੀ ਉਮਰ ਤੱਕ ਕਿਸੇ ਨਗਰਪਾਲਿਕਾ ਵਿਚ ਨੌਕਰੀ ਕਰ ਚੁਕਾ ਹੁੰਦਾ ਹੈ, ਕੋਈ ਸਾਰੀ ਉਮਰ ਕਿਸੇ ਪ੍ਰਾਇਮਰੀ ਜਾਂ ਹਾਈ ਸਕੂਲ ਦਾ ਅਧਿਆਪਕ, ਕੋਈ ਫੂਡ ਕਾਰਪੋਰੇਸ਼ਨ ਦਾ ਮੁਲਾਜ਼ਮ, ਕੋਈ ਪਟਵਾਰੀ ਜਾਂ ਗਰਦਾਵਰ, ਕੋਈ ਕਿਸੇ ਫੈਕਟਰੀ ਵਿਚ 35-40 ਸਾਲ ਬਿਤਾ ਚੁਕਾ ਹੁੰਦਾ ਹੈ, ਕੋਈ ਫੌਜ 'ਚੋਂ ਸੂਬੇਦਾਰ ਰਿਟਾਇਰ ਹੋ ਚੁਕਾ ਹੁੰਦਾ ਹੈ, ਤੇ ਕੋਈ ਕੁਝ ਹੋਰ।

ਭਾਰਤ ਵਿਚ ਨੌਕਰੀ ਕਰਦਿਆਂ ਇਨ੍ਹਾਂ ਨੇ ਲਿਖਣ ਅਤੇ ਛਪਣ ਦੀ ਕਦੀ ਘੱਟ ਹੀ ਕੋਸ਼ਿਸ਼ ਕੀਤੀ ਹੁੰਦੀ ਹੈ। ਹੁਣ ਵਿਹਲੇ ਰਹਿ ਕੇ ਉਹ ਲਿਖਣਾ ਲੋਚਦੇ ਹਨ ਤੇ ਛਪਣਾ ਵੀ। ਵਿਕਸਿਤ ਦੇਸ਼ਾਂ ਵਿਚ ਆ ਕੇ ਇਹ ਹਰ ਚੀਜ਼, ਹਰ ਮਹਿਕਮੇ ਤੇ ਲੋਕਾਂ ਦੇ ਰਹਿਣ ਸਹਿਣ ਦੇ ਤੌਰ ਤਰੀਕਿਆਂ ਨੂੰ ਬੜੀ ਬਾਰੀਕੀ ਨਾਲ ਨਿਰਖਦੇ-ਪਰਖਦੇ ਹਨ। ਆਪਣੇ ਬੀਤੇ ਜੀਵਨ ਨਾਲ ਪੂਰੇ ਦੋ-ਚਾਰ ਹੋ ਲੈਣ ਪਿਛੋਂ ਇਨ੍ਹਾਂ ਨੂੰ ਆਪਣੇ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਨੂੰ ਕਿਸੇ ਚਾਈਲਡ ਕੇਅਰ ਸੈਂਟਰ ਵਿਚ ਛੱਡਣ ਕੇ ਆਉਣਾ ਜਾਂ ਲੈਣ ਜਾਣਾ ਬੜਾ ਮਜੇਦਾਰ ਲਗਦਾ ਹੈ। ਆਪਣੇ ਪਰਿਵਾਰ ਦੀ ਨਵੀਂ ਫੁੱਟ ਰਹੀ ਲਗਰ ਨੂੰ ਇਹ ਇੰਨੇ ਚਾਵਾਂ-ਮਲ੍ਹਾਰਾਂ ਨਾਲ ਸਕੂਲ ਜਾਂ ਚਾਈਲਡ ਕੇਅਰ ਸੈਂਟਰ ਤੋਂ ਲਿਆਉਂਦੇ ਤੇ ਲਿਜਾਂਦੇ ਹਨ ਕਿ ਇਨ੍ਹਾਂ ਦੇ ਗੌਰਵਮਈ ਅਤੇ ਪ੍ਰਸੰਨਚਿੱਤ ਅੰਦਾਜ਼ ਦੇਖਣ ਵਾਲੇ ਹੁੰਦੇ ਹਨ। ਇਹ ਲੋਕ ਆਪਣੀ ਤੀਜੀ ਪੁਸ਼ਤ ਨੂੰ ਅੰਗਰੇਜ਼ੀ ਬੋਲਦੇ ਦੇਖ ਕੇ ਹੋਰ ਵੀ ਖੁਸ਼ ਹੁੰਦੇ ਹਨ। ਇਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਜਿਸ ਭਾਸ਼ਾ ਤੋਂ ਉਹ ਕਿਸੇ ਵੇਲੇ ਵਾਂਝੇ ਰਹਿ ਗਏ ਸਨ, ਉਸ ਭਾਸ਼ਾ ਵਿਚ ਇਨ੍ਹਾਂ ਦੀ ਤੀਜੀ ਪੁਸ਼ਤ ਤਾਂ ਗੋਰਿਆਂ ਦੇ ਜੁਆਕਾਂ ਤੋਂ ਮਾਸਾ ਭਰ ਵੀ ਘੱਟ ਨਹੀਂ। ਕਈ ਜੁਆਕਾਂ ਦੇ ਗੋਰੇ ਬੱਚੇ ਮਿੱਤਰ ਬਣ ਜਾਂਦੇ ਹਨ। ਆਪਣੇ ਬੱਚਿਆਂ ਨੂੰ ਇਨ੍ਹਾਂ ਨਾਲ ਮਿਲਦੇ-ਵਰਤਦੇ ਤੇ ਖੇਡਦੇ ਦੇਖ ਕੇ ਇਹ ਬਜ਼ੁਰਗ ਤੇ ਔਰਤਾਂ ਫੁੱਲੇ ਨਹੀਂ ਸਮਾਉਂਦੇ।

ਇਨ੍ਹਾਂ ਬਜ਼ੁਰਗਾਂ ਨੂੰ ਆਪਣੀਆਂ ਆਉਣ ਵਾਲੀਆਂ ਪੁਸ਼ਤਾਂ ਵੱਲੋਂ ਆਪਣੇ ਭਾਰਤੀ ਜਾਂ ਪੰਜਾਬੀ ਸੱਭਿਆਚਾਰ ਨੂੰ ਵਿਸਾਰਨ ਦੀ ਓਨੀ ਫਿਕਰ ਨਹੀਂ ਹੁੰਦੀ, ਜਿੰਨੀ ਇਨ੍ਹਾਂ ਦੇ ਆਪਣੇ ਧੀਆਂ-ਪੁੱਤਾਂ ਨੂੰ ਹੈ। ਕੋਈ ਵਿਅਕਤੀ ਜਿੰਨਾ ਵੱਧ ਪੜ੍ਹਿਆ-ਲਿਖਿਆ ਅਤੇ ਸੁਚੇਤ ਹੈ, ਓਨਾ ਹੀ ਉਹ ਵੱਧ ਫਿਕਰਾਂ ਅਤੇ ਝਮੇਲਿਆਂ ਵਿਚ ਪਿਆ ਰਹਿੰਦਾ ਏ। ਪੜ੍ਹੇ-ਲਿਖੇ ਵਰਗ ਨੂੰ ਤਾਂ ਹਮੇਸ਼ਾ ਫਿਕਰ ਰਹਿੰਦਾ ਹੈ ਕਿ ਨਵੀਂ ਪੀੜ੍ਹੀ ਕਿਤੇ ਇਧਰ-ਉਧਰ ਨਾ ਖਿਸਕ ਜਾਵੇ, ਕਿਤੇ ਗੋਰੇ, ਗੋਰੀਆਂ ਨਾਲ ਵਿਆਹ ਕਰਵਾ ਕੇ ਆਪਣੇ ਸੱਭਿਆਚਾਰ ਤੋਂ ਬੇਮੁੱਖ ਹੀ ਨਾ ਹੋ ਜਾਵੇ, ਕਿਤੇ ਆਪਣੇ ਪੰਜਾਬ ਨੂੰ ਭੁੱਲ ਹੀ ਨਾ ਜਾਵੇ, ਕਿਤੇ ਪੰਜਾਬ ਦੇ ਬੂਹੇ ਹਮੇਸ਼ਾ ਬੰਦ ਹੀ ਨਾ ਪਏ ਰਹਿ ਜਾਣ।

ਇਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜਦ ਲੋਕਾਂ ਦਾ ਕੋਈ ਵਰਗ ਪਰਵਾਸ ਕਰਕੇ ਦੂਜੇ ਥਾਂ ਜਾਂਦਾ ਏ ਤਾਂ ਸਭਿਆਚਾਰ ਵਿਚ ਕੁਝ ਨਾ ਕੁਝ ਤਬਦੀਲੀ ਆਉਣੀ ਹੀ ਹੁੰਦੀ ਏ। ਇਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਸੱਭਿਆਚਾਰ ਦੇ ਨਾਲ ਨਾਲ ਧਰਮ ਵੀ ਪਰਵਾਸ ਕਰਦਾ ਹੈ। ਧਰਮ ਸੱਭਿਆਚਾਰ ਵਿਚ ਓਡੀ ਵੱਡੀ ਤਬਦੀਲੀ ਨਹੀਂ ਹੋਣ ਦਿੰਦਾ ਜਿੰਨੀ ਵੱਡੀ ਤਬਦੀਲੀ ਸੋਚ ਕੇ ਇਹ ਤਰਲੋ ਮੱਛੀ ਹੋਏ ਰਹਿੰਦੇ ਹਨ। ਹਾਂ ਅਜਿਹੇ ਪਰਵਾਸ ਵਿਚ ਅੰਤਰਜਾਤੀ ਵਿਆਹਾਂ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਅੰਤਰਜਾਤੀ ਵਿਆਹਾਂ ਤੋਂ ਬਹੁਤਾ ਨਹੀਂ ਡਰਨਾ ਚਾਹੀਦਾ, ਇਹ ਹੁਣ ਭਾਰਤ ਅਤੇ ਪੰਜਾਬ ਵਿਚ ਵੀ ਆਮ ਹੋ ਰਹੇ ਹਨ।

ਜੇ ਇਹ ਸੈਲਾਨੀ ਬੁੱਧੀਜੀਵੀ ਵਰਗ ਵਿਚ ਨਹੀਂ ਵੀ ਆਉਂਦੇ, ਤਾਂ ਵੀ ਅਸੀਂ ਇਨ੍ਹਾਂ ਨੂੰ ਸੋਚ ਪੱਖੋਂ ਨੀਵੇਂ ਨਹੀਂ ਕਹਿ ਸਕਦੇ। ਇਹ ਜੀਵਨ ਵਿਚ ਹੰਢੇ ਹੋਏ ਲੋਕ ਹਨ। ਇਹ ਇਧਰਲੇ ਦੇਸ਼ਾਂ ਵਿਚ ਬੱਚਿਆਂ ਦੇ ਭਵਿਖ ਬਾਰੇ ਓਨੇ ਚਿੰਤਤ ਨਹੀਂ, ਜਿੰਨਾ ਬੁੱਧੀਜੀਵੀ ਵਰਗ ਹੈ। ਇਹ ਤਾਂ ਇੰਜ ਸੋਚਦੇ ਹਨ, ਇਨ੍ਹਾਂ ਦੇ ਬੱਚੇ ਇੱਥੇ ਆ ਕੇ ਮਿਹਨਤ-ਮੁਸ਼ੱਕਤ ਕਰਕੇ ਮੁਸ਼ਕਿਲ ਨਾਲ ਸੈਟ ਹੋਏ ਹਨ, ਉਨ੍ਹਾਂ ਨੇ ਕਈ ਸਾਲ ਤੇ ਕਈ ਹਜ਼ਾਰ ਡਾਲਰ ਪੱਕੇ ਹੋਣ ਵਿਚ ਲਾ ਦਿੱਤੇ ਹਨ, ਇਨ੍ਹਾਂ ਦੀ ਇਹ ਤੀਜੀ ਪੁਸ਼ਤ ਆਰਾਮ ਨਾਲ ਹੀ ਸੈਟ ਹੋ ਜਾਏਗੀ। ਇਹ ਕਿਸੇ ਬੱਚੇ ਨੂੰ ਭਾਰਤ ਵਿਚ ਸੈਟ ਕਰਨ ਤੇ ਇਧਰ ਸੈਟ ਹੋਣ ਦੇ ਫਰਕ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ।

ਕੁਝ ਸੈਲਾਨੀ ਵਿਜ਼ੀਟਰ ਵੀਜ਼ੇ 'ਤੇ ਵੀ ਹਨ। ਉਹ ਸੋਚਦੇ ਹਨ, ਜੇ ਪੱਕੇ ਹੋ ਜਾਈਏ ਤਾਂ ਇਹਦੇ ਨਾਲ ਦੀ ਰੀਸ ਨਹੀਂ, ਅਗਰ ਨਾ ਵੀ ਪੱਕੇ ਹੋਈਏ ਤੇ ਬੱਸ ਆਉਂਦੇ ਰਹੀਏ ਤਾਂ ਵੀ ਕੋਈ ਮਾੜਾ ਨਹੀਂ। ਜ਼ਿੰਦਗੀ ਦੇ ਫਿਕਰ ਫਾਕਿਆਂ ਨੂੰ ਭੁੱਲ ਕੇ ਸੈਰ ਸਪਾਟੇ ਕਰੀ ਜਾਣਾ ਵੀ ਇੱਕ ਵਰਦਾਨ ਹੁੰਦਾ ਹੈ। ਨੂੰਹਾਂ ਤੇ ਜਵਾਈਆਂ ਨਾਲੋਂ ਕਦੀ ਕਦੀ ਅਲੱਗ ਹੋ ਕੇ ਸਮਾਂ ਬਿਤਾਉਣ ਨਾਲ ਮੋਹ ਦੀਆਂ ਤੰਦਾਂ ਹੋਰ ਪੀਡੀਆਂ ਹੁੰਦੀਆਂ ਹਨ। ਜੇ ਪ੍ਰੌਢ ਲੋਕ ਲਗਾਤਾਰ ਹੀ ਜਵਾਨ ਨੂੰਹਾਂ ਅਤੇ ਧੀਆਂ ਵਿਚ ਬੈਠੇ ਰਹਿਣ ਤਾਂ ਵੀ ਉਹ ਜਵਾਨ ਬੱਚਿਆਂ ਦੀ ਆਜ਼ਾਦੀ ਵਿਚ ਕਈ ਵਾਰ ਰੋੜਾ ਬਣ ਸਕਦੇ ਹਨ। ਕਈ ਬੁੱਢੇ ਜਾਂ ਅਰਧ ਬੁੱਢੇ ਬੰਦੇ ਟੱਬਰਾਂ ਵਿਚ ਆਪਣੀ ਗੱਲ ਮਨਵਾਉਣ ਲਈ ਹਿੰਡ ਕਰਦੇ ਹਨ। ਅਜਿਹੀ ਹਿੰਡ ਜਵਾਨ ਧੀਆਂ, ਪੁੱਤਾਂ, ਜਵਾਈਆਂ ਅਤੇ ਨੂੰਹਾਂ ਲਈ ਸਿਰਦਰਦੀ ਦਾ ਕਾਰਨ ਵੀ ਬਣ ਸਕਦੀ ਹੈ।

ਕਈ ਵਾਰੀ ਇਹ ਅਨਪੜ੍ਹ ਜਾਂ ਅਰਧ ਪੜ੍ਹੇ-ਲਿਖੇ ਬਜ਼ੁਰਗ ਕਿਸੇ ਦੇ ਤੁਹਾਡੇ ਘਰ ਆਏ 'ਤੇ ਥੋੜ੍ਹੀ ਕੋਝੀ ਸਥਿਤੀ ਵੀ ਬਣਾ ਸਕਦੇ ਹਨ। ਇਹ ਕਈ ਵਾਰੀ ਇੰਨੀ ਦੇਸੀ ਭਾਸ਼ਾ ਬੋਲਦੇ ਹਨ ਕਿ ਤੁਹਾਨੂੰ ਆਪਣੇ ਘਰ ਬੈਠੇ ਮਹਿਮਾਨਾਂ ਦੇ ਸਾਹਮਣੇ ਕੋਝੀ ਸਥਿਤੀ ਵਿਚੋਂ ਗੁਜ਼ਰਨਾ ਪੈ ਸਕਦਾ ਹੈ। ਪੰਜਾਬ ਦਾ ਇੱਕ ਪੇਂਡੂ ਬੰਦਾ ਮੇਰੇ ਘਰ ਬੈਠੇ ਪੜ੍ਹੇ-ਲਿਖੇ ਮਹਿਮਾਨਾਂ ਦੇ ਸਾਹਮਣੇ 'ਗੇਂਦ' ਨੂੰ 'ਖਿੱਦੋ' 'ਗੁਬਾਰਿਆਂ' ਨੂੰ 'ਭੁੰਬੜੇ', 'ਮੱਕੀ ਦੇ ਆਟੇ' ਨੂੰ 'ਜਵਾਰ ਦਾ ਆਟਾ', 'ਜੀਰੀ' ਨੂੰ 'ਮੁੰਜੀ', 'ਸਕੂਟਰ' ਨੂੰ 'ਸਕੂਟਰੀ', 'ਗੋਭੀ ਦੀ ਸਬਜੀ' ਨੂੰ 'ਗੋਭੀ ਦੀ ਦਾਲ' 'ਬੈਂਗਣਾਂ' ਨੂੰ 'ਬਤਾਊਂ', 'ਮਿਲਕ ਕੇਕ' ਨੂੰ 'ਪਲੰਘ ਤੋੜ', 'ਕਮੀਜ਼' ਨੂੰ 'ਝੱਗਾ', 'ਮੱਝ' ਨੂੰ 'ਮੈਂਸ', 'ਖੁੱਲ੍ਹੇ ਵਾਲਾਂ' ਨੂੰ 'ਝਾਟਾ', 'ਪਿੱਠ' ਨੂੰ 'ਢੂਈ' ਆਦਿ ਕਹੀ ਜਾਵੇ। ਕਹਿਣ ਲੱਗਾ, "ਮੈਂਸਾਂ ਤਾਂ ਇਸ ਦੇਸ਼ ਵਿਚ ਹੈ ਹੀ ਨਹੀਂ।" "ਇੱਕ ਮੇਮ ਝਾਟਾ ਜਿਹਾ ਖਲਾਰੀ ਸੜਕ 'ਤੇ ਤੇਜ਼ ਤੇਜ਼ ਤੁਰੀ ਜਾਂਦੀ ਸੀ।"

ਮਹਿਮਾਨ ਤੇ ਮੈਂ ਚੁੱਪ, ਨਾ ਕੁਝ ਕਹਿਣ ਜੋਗੇ। ਬੱਸ ਸ਼ਰਮ ਜਿਹੀ ਆਈ ਜਾਵੇ। ਮੈਥੋਂ ਸ਼ੁਗਲ ਵਿਚ ਪੁੱਛ ਹੋ ਗਿਆ, "ਅੱਜ ਸ਼ਾਮ ਨੂੰ ਫਿਰ ਮੀਟ ਦੀ ਦਾਲ ਬਣਾ ਲਈਏ?" ਮੇਰੇ 'ਮੀਟ ਦੀ ਦਾਲ' ਕਹਿਣ 'ਤੇ ਉਹ ਥੋੜ੍ਹਾ ਕੁ ਮੁਸਕਰਾ ਤਾਂ ਪਿਆ ਲੇਕਿਨ ਕੁਝ ਸ਼ਬਦ ਬੋਲਣ ਤੋਂ ਉਸ ਨੇ ਫਿਰ ਵੀ ਗੁਰੇਜ਼ ਨਾ ਕੀਤਾ। ਪੰਜਾਬ ਦੇ ਪਿੰਡਾਂ ਵਿਚ ਲੰਮਾ ਸਮਾਂ ਰਹਿ ਕੇ ਖੇਤੀ ਕਰਨ ਕਰਕੇ ਇਹ ਸ਼ਬਦ ਉਸ ਦੇ ਮੂੰਹ ਵਿਚੋਂ ਆਪ ਮੁਹਾਰੇ ਹੀ ਨਿਕਲ ਰਹੇ ਸਨ।

ਮੈਨੂੰ ਲਾਰਡ ਬਾਇਰਨ ਦੀ ਇਕ ਕਵਿਤਾ The Prisoner of Chillon ਯਾਦ ਆ ਗਈ। ਕਿੰਨੇ ਸਾਲ ਕੈਦ ਵਿਚ ਰਹਿਣ ਪਿਛੋਂ ਜਦ ਇੱਕ ਕੈਦੀ ਜੇਲ੍ਹ 'ਚੋਂ ਬਾਹਰ ਆਇਆ, ਤਾਂ ਉਸ ਨੂੰ ਬਾਹਰ ਦਾ ਮਾਹੌਲ ਓਪਰਾ ਓਪਰਾ ਲੱਗੀ ਜਾਵੇ। ਸੋਚੇ, ਉਹ ਜੇਲ੍ਹ ਦੇ ਅੰਦਰ ਹੀ ਠੀਕ ਸੀ।

---

# ਸ਼ਰਾਬ-ਕਬਾਬ-ਸ਼ਬਾਬ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਚੇਲੇ ਬਾਲਕਿਆਂ ਦੇ ਵਿਚਕਾਰ ਬੈਠੇ ਸੰਤ ਜੀ ਨਸ਼ਿਆਂ ਵਿਰੁਧ ਪ੍ਰਵਚਨ ਕਰ ਰਹੇ ਸਨ। ਧਰਮ ਪੋਥੀਆਂ ਦੀਆਂ ਲਿਖਤਾਂ ਦੇ ਹਵਾਲੇ ਦਿੰਦਿਆਂ ਦੱਸ ਰਹੇ ਸਨ ਕਿ ਵੈਸੇ ਤਾਂ ਸਾਰੇ ਬੁਰੇ ਕੰਮਾਂ ਦਾ ਵੀ ਇਕ ਤਰ੍ਹਾਂ ਦਾ ਨਸ਼ਾ ਹੀ ਹੁੰਦਾ ਹੈ, ਜਿਸ ਦੇ ਸਿਰ ਨੂੰ ਚੜ੍ਹ ਜਾਵੇ, ਉਸ ਦੀ ਅਕਲ 'ਤੇ ਪਰਦੇ ਹੀ ਪਾ ਦਿੰਦਾ ਹੈ ਪਰ ਸ਼ਰਾਬ ਦਾ ਨਸ਼ਾ ਸਭ ਬੁਰਾਈਆਂ ਦੀ ਜੜ੍ਹ ਹੈ। ਸ਼ਰ+ਆਬ, ਭਾਵ ਸ਼ਰਾਰਤ ਦਾ ਪਾਣੀ ਜਿਸ ਦੇ ਅੰਦਰ ਚਲੇ ਜਾਂਦਾ ਹੈ, ਇਹ ਹੋਰ ਭੈੜੀਆਂ ਵਾਦੀਆਂ ਨੂੰ 'ਵਾਜਾਂ ਮਾਰਨ ਲੱਗ ਪੈਂਦਾ ਹੈ।

ਤਾਜ਼ੀ ਤਾਜ਼ੀ ਸ਼ਰਾਬ ਛੱਡ ਕੇ ਆਇਆ ਇਕ ਚੇਲਾ ਸੰਤਾਂ ਨੂੰ ਕਹਿਣ ਲੱਗਾ, "ਬਾਬਾ ਜੀ, ਕੋਈ ਦ੍ਰਿਸ਼ਟਾਂਤ ਦੇ ਕੇ ਸਮਝਾਉ, ਐਵੇਂ ਨਹੀਂ ਇਹ ਗੱਲ ਮੰਨਣ 'ਚ ਆਉਂਦੀ; ਕਿਉਂਕਿ ਜ਼ਰੂਰੀ ਨਹੀਂ ਕਿ ਚੋਰੀਆਂ, ਡਾਕੇ ਤੇ ਹੋਰ ਬਦਮਾਸ਼ੀਆਂ ਸ਼ਰਾਬ ਪੀ ਕੇ ਹੀ ਕੀਤੀਆਂ ਜਾਣ। ਬਥੇਰੇ ਚੋਰ ਲੁਟੇਰੇ ਬਿਨਾ ਸ਼ਰਾਬ ਪੀਤਿਆਂ ਇਹ ਧੰਦੇ ਕਰਦੇ ਹੋਣਗੇ।"

ਦਿਲਚਸਪ ਮਿਸਾਲਾਂ ਰਾਹੀਂ ਆਪਣੀ ਗੱਲ ਸਿੱਧ ਕਰਨ 'ਚ ਮਾਹਿਰ ਸੰਤ ਜੀ ਨੇ ਸਾਖੀ ਛੋਹ ਲਈ- ਭਗਤੋ ਕੋਈ ਭਲਾ ਪੁਰਸ਼ ਕਿਸੇ ਅਜਨਬੀ ਇਲਾਕੇ ਵਿਚ ਚਲਾ ਗਿਆ। ਓਪਰਾ ਬੇਗਾਨਾ ਦੇਖ ਕੇ ਲੋਕਾਂ ਨੇ ਉਸ ਨੂੰ ਵਿਸ਼ਾਲ ਕਿਲਾਨੁਮਾ ਚਾਰ-ਦੀਵਾਰੀ ਵਿਚ ਬੰਦ ਕਰ ਦਿੱਤਾ। ਕੰਧਾਂ ਇੰਨੀਆਂ ਉਚੀਆਂ ਸਨ ਕਿ ਉਹ ਟੱਪ ਕੇ ਬਾਹਰ ਨਹੀਂ ਸੀ ਭੱਜ ਸਕਦਾ। ਸੋ, ਆਜ਼ਾਦ ਹੋਣ ਲਈ ਉਹ ਚਾਰ-ਦੀਵਾਰੀ ਦੇ ਅੰਦਰ ਕੰਧ ਦੇ ਨਾਲ ਨਾਲ ਚੱਕਰ ਮਾਰਨ ਲੱਗਾ ਕਿ ਕਿਸੇ ਦਰਵਾਜੇ ਥਾਣੀਂ ਬਾਹਰ ਨਿਕਲ ਸਕੇ। ਘੁੰਮਦਾ-ਘੁੰਮਦਾ ਉਹ ਇਕ ਦਰਵਾਜੇ 'ਤੇ ਪਹੁੰਚਿਆ। ਉਥੇ ਦੋਹੀਂ ਪਾਸੀਂ ਸੋਨੇ ਤੇ ਚਾਂਦੀ ਦੀਆਂ ਮੋਹਰਾਂ ਨਾਲ ਭਰੀਆਂ ਬੋਰੀਆਂ ਖੁਲ੍ਹੀਆਂ ਪਈਆਂ ਸਨ। ਉਤੇ ਲਿਖਿਆ ਹੋਇਆ ਸੀ, ਇਸ ਚਾਰ-ਦੀਵਾਰੀ ਦਾ ਕੈਦੀ ਜੇ ਬਾਹਰ ਜਾਣਾ ਚਾਹੇ ਤਾਂ ਬੋਰੀਆਂ ਵਿਚੋਂ ਮੋਹਰਾਂ ਚੋਰੀ ਕਰ ਕੇ ਜਾ ਸਕਦਾ ਹੈ।

ਚੋਰੀ ਦਾ ਨਾਂ ਸੁਣ ਕੇ ਵਿਚਾਰਾ ਨੇਕ ਆਦਮੀ ਠਠੰਬਰ ਗਿਆ। ਉਹ ਕਦੇ ਚੋਰੀ-ਚੱਕਾਰੀ ਦੇ ਨੇੜੇ ਨਹੀਂ ਸੀ ਗਿਆ। ਸੋ ਉਹ ਇਹ ਦਰਵਾਜਾ ਛੱਡ ਕੇ ਕਿਸੇ ਹੋਰ ਦਰਵਾਜੇ ਦੀ ਭਾਲ ਵਿਚ ਅੱਗੇ ਚਲ ਪਿਆ। ਅੱਗੇ ਇਕ ਦਰਵਾਜਾ ਹੋਰ ਆ ਗਿਆ। ਬੰਦ ਦਰਵਾਜੇ ਦੇ ਇਕ ਪਾਸੇ ਬੱਕਰਾ ਬੰਨਿਆ ਹੋਇਆ ਸੀ ਤੇ ਦੂਜੇ ਪਾਸੇ ਮੇਜ਼ ਉਤੇ ਨੰਗੀ ਤਲਵਾਰ ਪਈ ਸੀ। ਇਥੇ ਲਿਖਿਆ ਹੋਇਆ ਸੀ, ਬਾਹਰ ਜਾਣ ਦਾ ਕੋਈ ਇੱਛਕ, ਬੱਕਰਾ ਝਟਕਾ ਕੇ ਜਾ ਸਕਦਾ ਹੈ। ਉਸ ਸਾਧੂ ਬਿਰਤੀ ਬੰਦੇ ਨੇ ਤਾਂ ਕਦੇ ਕੁੱਤੇ ਨੂੰ ਡੰਡਾ ਨਹੀਂ ਸੀ ਮਾਰਿਆ, ਬੱਕਰਾ ਕਿਹੜੇ ਜਿਗਰੇ ਨਾਲ ਵੱਢ ਦਿੰਦਾ? ਨਿਰਾਸ਼ ਹੋ ਕੇ ਉਹ ਤੀਜੇ ਪਾਸੇ ਦੀ ਕੰਧ ਦੇ ਨਾਲ-ਨਾਲ ਕੋਈ ਹੋਰ ਦਰਵਾਜਾ ਲੱਭਣ ਲੱਗਾ।

ਤੀਸਰੇ ਦਰਵਾਜੇ ਵਾਲਾ ਕੌਤਕ ਦੇਖ ਕੇ ਉਹਦੇ ਹੋਸ਼ ਹੀ ਉਡ ਗਏ। ਉਥੇ ਅਰਧ-ਨਗਨ ਜਿਹੀ ਨੌਜਵਾਨ ਲੜਕੀ ਕਾਮੁਕ ਇਸ਼ਾਰੇ ਕਰ ਰਹੀ ਸੀ। ਉਥੇ ਬੜੀ ਅਜੀਬ ਜਿਹੀ ਸ਼ਰਤ ਲਿਖੀ ਹੋਈ ਸੀ ਕਿ ਬਾਹਰ ਜਾਣ ਦਾ ਚਾਹਵਾਨ ਇਸ ਵੇਸਵਾ ਦੀ ਮੰਗ ਪੂਰੀ ਕਰ ਕੇ ਆਜ਼ਾਦ ਹੋ ਸਕਦਾ ਹੈ। 'ਤੌਬਾ-ਤੌਬਾ' ਕਰਦਾ ਧਰਮੀ ਬੰਦਾ ਉਥੋਂ ਝੱਟ ਅੱਗੇ ਖਿਸਕ ਗਿਆ।

ਵਿਆਕੁਲ ਹੋਇਆ ਅੱਗੇ ਚੌਥੇ ਦਰਵਾਜੇ 'ਤੇ ਪਹੁੰਚਿਆ, ਉਥੇ ਵੱਡੇ ਦੇਗੇ ਵਿਚੋਂ ਭਾਫਾਂ ਉਡ ਰਹੀਆਂ ਸਨ ਤੇ ਤੁੜਕੇ-ਮਸਾਲੇ ਦੀਆਂ ਮਨ-ਲੁਭਾਉਣੀਆਂ ਲਪਟਾਂ ਉਠ ਰਹੀਆਂ ਸਨ। ਸੁੰਘਦਿਆਂ ਹੀ ਉਹਦੇ ਥੱਕੇ ਹਾਰੇ ਦੀ ਭੁੱਖ ਹੋਰ ਚਮਕ ਪਈ। ਦੇਗੇ ਦੇ ਕੋਲ ਹੀ ਪਏ ਕੌਲੇ ਚਮਚੇ ਦੇਖ ਕੇ ਉਹ ਕਾਹਲਾ ਪੈਣ ਲੱਗਾ ਕਿ ਚਲੋ, ਪਹਿਲਾਂ ਪੇਟ ਪੂਜਾ ਤਾਂ ਕਰ ਲਾਂ ਪਰ ਜਦ ਉਹ ਉਥੇ ਲਿਖੀ ਹਦਾਇਤ ਪੜ੍ਹਨ ਲੱਗਾ ਤਾਂ ਭੁੱਖ ਹੀ ਉਡ ਗਈ। ਲਿਖਿਆ ਹੋਇਆ ਸੀ, ਗਰਮਾ-ਗਰਮ ਮੀਟ ਦਾ ਕੌਲਾ ਛਕੋ ਤੇ ਇਥੋਂ ਨਿਜਾਤ ਪਾਉ। ਲਸਣ-ਗੰਢੇ ਤੋਂ ਵੀ ਪ੍ਰਹੇਜ਼ ਕਰਨ ਵਾਲਾ ਇਹ ਸ਼ਾਕਾਹਾਰੀ ਸੱਜਣ ਨੱਕ ਮੂੰਹ ਵੱਟ ਕੇ ਅੱਗੇ ਤੁਰ ਪਿਆ।

ਕੈਦ ਤੋਂ ਛੁੱਟਣ ਦੀ ਚਾਹਤ ਵਿਚ ਹੁਣ ਉਹ ਜਿਸ ਦਰਵਾਜੇ 'ਤੇ ਪਹੁੰਚਿਆ, ਉਥੇ ਲਿਖਿਆ ਸੀ, ਆਖਰੀ ਦਰਵਾਜਾ। ਬੜੀ ਉਤਸੁਕਤਾ ਨਾਲ ਉਸ ਨੇ ਦਰਵਾਜੇ ਲਾਗੇ ਪਏ ਸਮਾਨ ਵੱਲ ਨਜ਼ਰ ਮਾਰੀ। ਲੁਭਾਵਣਾ ਜਿਹਾ ਕੱਚ ਦਾ ਮਰਤਬਾਨ ਪਿਆ ਸੀ, ਵਿਚ ਉਹਦੇ ਸੁਨਹਿਰੀ ਭਾਅ ਮਾਰਦਾ ਪਾਣੀ। ਲਾਗੇ ਹੀ ਪਏ ਸਨ ਦੋ ਪਿਆਲੇ ਤੇ ਉਪਰ ਇਬਾਰਤ ਵਿਚ ਲਿਖਿਆ ਸੀ, ਮਰਤਬਾਨ 'ਚੋਂ ਪਿਆਲਾ ਸ਼ਰਾਬ ਦਾ ਪੀਉ ਤੇ ਛੁੱਟੀ ਪਾਉ ਇਥੋਂ।

ਮੱਥੇ 'ਤੇ ਹੱਥ ਮਾਰ ਕੇ ਉਸ ਨੇ ਇਸ ਆਖਰੀ ਦਰਵਾਜੇ 'ਤੇ ਪਏ ਸਮਾਨ ਦੀ ਪਿਛਲੇ ਦਰਵਾਜਿਆਂ ਨਾਲ ਮਨ ਹੀ ਮਨ ਤੁਲਨਾ ਕੀਤੀ। 'ਹੈ ਤਾਂ ਪੀਣੀ ਮਾੜੀ, ਪਰ ਪਿਛਲੇ ਗੁਨਾਹਾਂ ਨਾਲੋਂ ਇਹ ਕੋਈ ਵੱਡਾ ਨਹੀਂ, ਸਗੋਂ ਮਾਮੂਲੀ ਹੈ... ਇਕ ਗਲਾਸ ਪੀ ਲੈਂਦਾ ਹਾਂ... ਇਥੋਂ ਤਾਂ ਛੁਟਕਾਰਾ ਹੋਊ।' ਇਹ ਸੋਚਦਿਆਂ ਉਸ ਨੇ ਮਰਤਬਾਨ ਵਿਚੋਂ ਪਿਆਲਾ ਭਰ ਕੇ ਔਖੇ ਸੌਖੇ ਅੰਦਰ ਸੁੱਟ ਲਿਆ। ਕਦੇ ਪੀਤੀ ਨਾ ਹੋਣ ਕਰਕੇ ਉਸ ਨੂੰ ਪੀਂਦਿਆਂ ਹੀ 'ਸਰੂਰ' ਆਉਣ ਲੱਗਾ। ਪਲਾਂ ਵਿਚ ਹੀ ਉਹਦੇ ਪੈਰ ਚੁੱਕ ਹੋਣ ਲੱਗੇ। ਪਤਾ ਹੀ ਨਾ ਲੱਗਾ, ਕਦੋਂ ਉਸ ਨੇ ਇਕ ਹੋਰ ਪਿਆਲਾ ਭਰ ਕੇ ਪੀ ਲਿਆ।

ਭਲੇ ਲੋਕ ਦੇ ਅੰਦਰ ਗਈ ਸ਼ਰਾਬ ਤੇ ਉਸ ਨੂੰ ਪਿਛਲੇ ਦਰਵਾਜੇ ਵਾਲੇ 'ਕਬਾਬ' ਦੀਆਂ ਲਪਟਾਂ ਵੀ ਚੇਤੇ ਆ ਗਈਆਂ। ਲੜਖੜਾਉਂਦੇ ਜਾਂਦੇ ਨੇ ਪਿਛਲੇ ਦਰਵਾਜੇ 'ਤੇ ਜਾ ਕੇ ਮੀਟ ਦੀ ਬਾਟੀ ਖਾ ਲਈ। ਸ਼ਰਾਬ ਤੇ ਕਬਾਬ ਦੋਵੇਂ ਇਕੱਠੇ ਹੋਏ ਤਾਂ 'ਸ਼ਬਾਬ' ਦੀ ਤਲਬ ਵੀ ਜਾਗ ਪਈ। ਮੁੱਕਦੀ ਗੱਲ: ਸ਼ਰਾਬ, ਕਬਾਬ ਤੇ ਸ਼ਬਾਬ ਭੋਗਣ ਬਾਅਦ, ਉਸ ਦੇ ਮਸਤਕ ਵਿਚ ਵਿਕਾਰ ਉਡਾਰੀਆਂ ਮਾਰਨ ਲੱਗੇ। ਆਪਣੇ ਕਿਸੇ 'ਦੁਸ਼ਮਣ' ਨੂੰ ਮਾਰ ਮੁਕਾਉਣ ਦੀ ਸੋਚਦਿਆਂ ਬੱਕਰਾ ਵੱਢ ਕੇ 'ਦਿਲ ਮਜ਼ਬੂਤ' ਬਣਾਉਣ ਲਈ, ਉਸ ਨੇ ਲਗਦੇ ਹੱਥ ਉਹਦਾ ਵੀ ਫਸਤਾ ਵੱਢ ਦਿੱਤਾ। ਫਿਰ ਉਸ ਨੂੰ ਸੋਨੇ ਚਾਂਦੀ ਦੀਆਂ ਮੋਹਰਾਂ ਦਾ ਲਾਲਚ ਜਾਗ ਪਿਆ। ਜੇਬਾਂ ਵਿਚ ਜਿੰਨੀਆਂ ਕੁ ਤੁੰਨ੍ਹ ਹੋਈਆਂ, ਉਹ ਪਾ ਕੇ ਬਾਹਰ ਆ ਗਿਆ।

ਸੰਤਾਂ ਨੇ ਅਜੇ ਇਹ ਕਥਾ ਮੁਕਾਈ ਹੀ ਸੀ ਕਿ ਨਵੇਂ ਚੇਲੇ ਦੇ ਮਨ ਵਿਚ ਪਤਾ ਨਹੀਂ ਕੀ ਆਇਆ। ਉਠ ਕੇ ਕਹਿੰਦਾ ਕਿ ਬਾਬਾ ਜੀ ਮੈਂ ਗੁੜ ਖਾ ਲਿਆ ਕਰਾਂ? 'ਹਾਂ' ਵਿਚ ਜਵਾਬ ਮਿਲਣ 'ਤੇ ਬੋਲਿਆ: ਅਖੇ ਜੀ, ਮੈਂ ਰੋਜ਼ ਸੁਬ੍ਹਾ ਸਵੇਰੇ ਕਿੱਕਰ ਦੀ ਦਾਤਣ ਕਰਦਾ ਹਾਂ। ਇਹ ਕੋਈ ਮਾੜੀ ਤਾਂ ਨਹੀਂ? ਜਵਾਬ ਮਿਲਿਆ ਕਿ ਕਿੱਕਰ ਦੀ ਦਾਤਣ ਵਿਚ ਕੀ ਮਾੜਾ ਹੋਇਆ? ਚੇਲਾ ਚਹਿਕਦਿਆਂ ਸੰਤਾਂ ਨੂੰ ਕਹਿੰਦਾ, ਗੁੜ ਤੇ ਕਿੱਕਰ ਦੇ ਸੱਕ ਨਾਲ ਹੀ ਤਾਂ ਸ਼ਰਾਬ ਬਣਦੀ ਐ। ਇਹ ਦੋਵੇਂ ਵਰਤੇ ਜਾ ਸਕਦੇ ਆ ਤਾਂ ਫਿਰ ਸ਼ਰਾਬ ਮਾੜੀ ਕਿਵੇਂ ਹੋ ਗਈ?

"ਕਾਕਾ ਹੈ ਤਾਂ ਤੇਰੀ ਇਹ ਢੁੱਚਰ ਹੀ, ਪਰ ਇਹਦਾ ਉਤਰ ਸੁਣ ਲੈ।" ਸੰਤਾਂ ਨੇ ਇਹ ਕਹਿ ਕੇ ਥੋੜ੍ਹੀ ਮਿੱਟੀ ਪੁੱਟ ਕੇ ਹੱਥ 'ਚ ਲਈ। ਥੋੜ੍ਹੀ ਦੂਰ ਖੜ੍ਹੇ ਚੇਲੇ ਨੂੰ ਕਿਹਾ ਕਿ ਜੇ ਮੈਂ ਇਹ ਤੇਰੇ ਮਾਰਾਂ, ਤੈਨੂੰ ਸੱਟ ਲੱਗੂ? ਕਹਿੰਦਾ, ਨਹੀਂ ਜੀ। ਉਸ ਮਿੱਟੀ ਵਿਚ ਥੋੜ੍ਹਾ ਪਾਣੀ ਪਾ ਕੇ ਪੇੜਾ ਜਿਹਾ ਬਣਾਉਂਦਿਆਂ ਸੰਤ ਕਹਿੰਦੇ, ਜੇ ਹੁਣ ਮਾਰਾਂ ਫੇਰ? ਚੇਲਾ ਕਹਿੰਦਾ ਜੀ, ਹੋਣਾ-ਹਵਾਣਾ ਤਾਂ ਕੁਝ ਨਹੀਂ, ਬਸ ਮੇਰੇ ਕੱਪੜੇ ਹੀ ਖਰਾਬ ਹੋਣਗੇ। ਮੁਸਕਰਾਉਂਦਿਆਂ ਸੰਤ ਬੋਲੇ, ਜੇ ਇਸੇ ਮਿੱਟੀ ਦਾ ਪੇੜਾ ਅੱਗ 'ਚ ਪਕਾ ਕੇ ਲਾਲ ਸੁਰਖ ਹੋਇਆ ਵਗਾਹ ਕੇ ਤੇਰੀ ਪੁੜਪੁੜੀ ਵਿਚ ਮਾਰਾਂ, ਫੇਰ...?

# ਦਲਜੀਤ ਸ਼ਾਹੀ ਦਾ ਕਹਾਣੀ ਸੰਗ੍ਰਹਿ 'ਝਰੀਟਾਂ' ਰਿਲੀਜ਼

**ਸ਼ੈਰੀਵਿਲ, ਇੰਡੀਆਨਾ (ਬਿਊਰੋ):** ਉਭਰਦੇ ਲੇਖਕ ਤੇ ਕਹਾਣੀਕਾਰ ਦਲਜੀਤ ਸਿੰਘ ਸ਼ਾਹੀ ਦਾ ਪਲੇਠਾ ਕਹਾਣੀ ਸੰਗ੍ਰਿਹ 'ਝਰੀਟਾਂ' ਇਥੇ ਤੰਦੂਰ ਰੈਸਟੋਰੈਂਟ ਵਿਚ ਰਿਲੀਜ਼ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਦਲਜੀਤ ਸ਼ਾਹੀ ਦਾ ਸਫਰਨਾਮਾ 'ਇਕ ਗੇੜੀ ਅਮਰੀਕਾ




*ਲੇਖਕ ਦਲਜੀਤ ਸਿੰਘ ਸ਼ਾਹੀ*

ਦੀ' ਛਪ ਚੁਕਾ ਹੈ। ਉਹ ਪੇਸ਼ੇ ਵਜੋਂ ਵਕੀਲ ਹਨ ਤੇ ਸਿਵਲ ਕੋਰਟ, ਸਮਰਾਲਾ (ਲੁਧਿਆਣਾ) ਵਿਚ ਵਕਾਲਤ ਕਰਦੇ ਹਨ। ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਹੋਏ ਹਨ।

ਪੁਸਤਕ ਰਿਲੀਜ਼ ਸਮਾਗਮ ਮੌਕੇ ਪੰਜਾਬੀ ਬੋਲੀ ਦੇ ਮੁਰੀਦ ਲੋਕਾਂ ਨੇ 'ਝਰੀਟਾਂ' ਬਾਰੇ ਵਿਚਾਰ-ਗੋਸ਼ਟੀ ਵੀ ਕੀਤੀ। ਇਸ ਮੌਕੇ ਬੋਲਦਿਆਂ ਪੰਜਾਬੀ ਅਕਾਦਮੀ, ਦਿੱਲੀ ਦੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਨੇ ਕਿਹਾ ਕਿ ਦਲਜੀਤ ਸ਼ਾਹੀ ਦੀ ਪੁਸਤਕ 'ਝਰੀਟਾਂ' ਦੀਆਂ ਕਹਾਣੀਆਂ ਪੜ੍ਹਦਿਆਂ ਮੈਨੂੰ ਇੰਜ ਜਾਪਿਆ ਜਿਵੇਂ ਪੰਜਾਬੀ ਕਹਾਣੀ ਵਿਚ ਇਕ ਹੋਰ ਸ਼ਾਨਾਂਮੱਤਾ ਹੀਰਾ ਜੜਿਆ ਗਿਆ ਹੈ। ਇਸ ਪੁਸਤਕ ਦੀਆਂ ਕਹਾਣੀਆਂ ਦੇ ਵਿਸ਼ੇ ਸਾਡੀ ਜ਼ਿੰਦਗੀ ਦੀਆਂ ਅਣਛੋਹੀਆਂ ਪਰਤਾਂ ਦੇ ਐਨੇ ਨੇੜੇ ਹਨ, ਜੋ ਸਾਡੀ ਮਾਨਸਿਕਤਾ ਨੂੰ ਹਲੂਣ ਜਾਂਦੇ ਹਨ। ਦਲਜੀਤ ਨੇ ਉਨ੍ਹਾਂ ਦੀ ਗੱਲ ਕਰ ਕੇ ਕਹਾਣੀ ਵਿਚ ਇਹ ਨਵਾਂ ਤਜ਼ਰਬਾ ਕੀਤਾ ਹੈ, ਜਿਸ ਬਾਰੇ ਪੰਜਾਬੀ ਸਾਹਿਤ ਵਿਚ ਬਹੁਤ ਘੱਟ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਹਾਣੀਆਂ ਮਨੋਵਿਗਿਆਨਕ ਤੌਰ 'ਤੇ ਪ੍ਰਬਲ ਹਨ ਜੋ ਮਨੁੱਖੀ ਮਨ ਦੀਆਂ ਤਹਿਆਂ ਦੀ ਤਰਜਮਾਨੀ ਕਰਦੀਆਂ ਹਨ।

ਰੇਡੀਓ 'ਚੰਨ ਪਰਦੇਸੀ' ਦੇ ਸਰਵੇ-ਸਰਵਾ ਸਰਵਣ ਸਿੰਘ ਟਿਵਾਣਾ ਨੇ ਪੁਸਤਕ ਵਿਚਲੀਆਂ ਕਹਾਣੀਆਂ ਦਾ ਵਿਸਥਾਰ ਨਾਲ ਜ਼ਿਕਰ ਕਰਦਿਆਂ ਕਿਹਾ ਕਿ ਸ਼ਾਹੀ ਨੇ ਲੋਕਾਂ ਦੇ ਹੱਕ ਵਿਚ ਖੜ੍ਹ ਕੇ ਲੋਕਾਂ ਦੀਆਂ ਕਹਾਣੀਆਂ ਲਿਖੀਆਂ ਹਨ। ਉਘੇ ਬਿਜਨਸਮੈਨ ਰਾਜਿੰਦਰ ਸਿੰਘ ਬੈਂਸ ਨੇ ਪੁਸਤਕ 'ਝਰੀਟਾਂ' ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬੀਆਂ ਨੂੰ ਪੁਸਤਕਾਂ ਪੜ੍ਹਨ ਦੀ ਬਹੁਤ ਘੱਟ ਆਦਤ ਹੈ ਪਰ ਉਨ੍ਹਾਂ ਨੂੰ ਇਹ ਆਦਤ ਪਾਉਣੀ ਚਾਹੀਦੀ ਹੈ ਕਿਉਂਕਿ ਪੁਸਤਕਾਂ ਬੰਦੇ ਲਈ ਇਕ ਨਵੇਂ ਸੰਸਾਰ ਦੇ ਦਰ ਖੋਲ੍ਹ ਦਿੰਦੀਆਂ ਹਨ।




ਇਸ ਮੌਕੇ ਬੋਲਦਿਆਂ ਕੁਮਾਰ ਪਵਨਦੀਪ ਨੇ ਕਿਹਾ ਕਿ ਮੈਨੂੰ ਮਾਣ ਹੈ, ਦਲਜੀਤ ਪੰਜਾਬੀ ਕਹਾਣੀ ਵਿਚ ਨਵਾਂ ਤਜ਼ਰਬਾ ਕਰ ਰਿਹਾ ਹੈ। ਉਨ੍ਹਾਂ ਕਹਾਣੀ 'ਬਾਬੂ' ਦਾ ਖਾਸ ਜ਼ਿਕਰ ਕੀਤਾ ਕਿ ਅਮਰੀਕਾ ਵਿਚ ਆ ਵਸੇ ਪੰਜਾਬੀਆਂ ਦਾ ਸਿੱਧੇ-ਅਸਿੱਧੇ ਰੂਪ ਵਿਚ ਇਸ ਕਹਾਣੀ ਨਾਲ ਸਬੰਧ ਜੁੜਦਾ ਹੈ।

ਪ੍ਰੋਗਰਾਮ ਦੇ ਮੇਜ਼ਬਾਨ ਬਿਜਨਸਮੈਨ ਮਨਦੀਪ ਸਿੰਘ ਭੂਰਾ ਸਨ। ਇਸ ਮੌਕੇ ਉਨ੍ਹਾਂ ਹਾਜ਼ਰ ਲੋਕਾਂ ਵਲੋਂ ਦਲਜੀਤ ਸ਼ਾਹੀ ਨੂੰ ਉਸ ਦੇ ਪਲੇਠੇ ਕਹਾਣੀ ਸੰਗ੍ਰਿਹ ਦੀ ਵਧਾਈ ਦਿੱਤੀ। ਪੰਜਾਬ ਤੋਂ ਆਏ ਸੇਵਾਮਕਤ ਸੈਸ਼ਨ ਜੱਜ ਐਚ. ਪੀ. ਐਸ. ਮਾਹਲ ਨੇ ਵੀ ਦਲਜੀਤ ਸ਼ਾਹੀ ਨੂੰ ਵਧਾਈ ਦਿਤੀ।

ਪ੍ਰੋਗਰਾਮ ਦਾ ਮੰਚ ਸੰਚਾਲਨ ਕਰਦਿਆਂ ਗੁਰਮੁਖ ਸਿੰਘ ਭੁੱਲਰ ਨੇ ਦਲਜੀਤ ਸ਼ਾਹੀ ਦੀ ਅਦਾਕਾਰ, ਸਾਹਿਤਕਾਰ ਤੇ ਉਭਰਦੇ ਕਹਾਣੀਕਾਰ ਵਜੋਂ ਜਾਣ-ਪਛਾਣ ਕਰਵਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਕਰਾਊਨ ਪੁਆਇੰਟ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਬੋਪਾਰਾਏ, ਭਜਨ ਸਿੰਘ, ਰਤਨਦੀਪ ਢਿੱਲੋਂ, ਕੁਲਦੀਪ ਸਿੰਘ ਲੰਗ, ਰਾਣਾ ਵਿਰਕ, ਪੀ. ਏ. ਵਾਈ. ਸੀ. ਕਲੱਬ ਦੇ ਪ੍ਰਧਾਨ ਨਿਧਾਨ ਸਿੰਘ, ਸੁਰਜੀਤ ਸਿੰਘ ਗਰੇਵਾਲ, ਖੱਟੜਾ ਭਰਾ-ਧਰਮਿੰਦਰ ਸਿੰਘ ਤੇ ਯਾਦਵਿੰਦਰ ਸਿੰਘ, ਸਤਪਾਲ ਸਿੰਘ ਸੱਤਾ, ਜਸਪਾਲ ਜੱਸੀ, ਮਨਪਾਲ ਸਿੰਘ, ਜਗਜੀਤ ਜੱਗਾ, ਬਲਦੀਪ ਸਿੰਘ, ਭਰਪੂਰ ਸਿੰਘ, ਵਰਿੰਦਰ ਸਿੰਘ, ਮਨਜਿੰਦਰ ਸਿੰਘ, ਹਰਚੰਦ ਸਿੰਘ ਟੀਟਾ, ਬਲਬੀਰ ਸਿੰਘ, ਬਲਰਾਜ ਸਿੰਘ ਸੰਧੂ, ਰਣਜੀਤ ਸਿੰਘ ਕਾਹਲੋਂ ਤੇ ਸਿਕੰਦਰ ਸਿੰਘ ਬਿੱਟੂ ਹਾਜ਼ਰ ਸਨ।



## ਪਾਕਿਸਤਾਨ ਚੋਣਾਂ ਵਿਚ ਕਿਸਮਤ ਅਜ਼ਮਾਏਗੀ ਪਹਿਲੀ ਹਿੰਦੂ ਮਹਿਲਾ

**ਕਰਾਚੀ:** ਪਾਕਿਸਤਾਨ ਦੇ ਸਿੰਧੂ ਸੂਬੇ ਤੋਂ ਪਹਿਲੀ ਵਾਰ ਇਕ ਮਹਿਲਾ 25 ਜੁਲਾਈ ਨੂੰ ਹੋਣ ਵਾਲੀਆਂ ਸੂਬਾਈ ਵਿਧਾਨ ਸਭਾ ਚੋਣਾਂ ਵਿਚ ਆਪਣੀ ਕਿਸਮਤ ਅਜ਼ਮਾਏਗੀ। ਮੁਸਲਿਮ ਬਹੁਗਿਣਤੀ ਵਾਲੇ ਪਾਕਿਸਤਾਨ 'ਚ ਪਹਿਲੀ ਵਾਰ ਘੱਟ ਗਿਣਤੀ ਭਾਈਚਾਰੇ ਦੀ ਕਿਸੇ ਮਹਿਲਾ ਨੇ ਚੋਣ ਲੜਨ ਦਾ ਇਤਿਹਾਸ ਰਚਿਆ ਹੈ। ਮੇਘਵਾਰ ਭਾਈਚਾਰੇ ਦੀ 31 ਸਾਲਾ ਸੁਨੀਤਾ ਪਰਮਾਰ ਨੇ ਥਾਰਪਰਕਰ ਜ਼ਿਲ੍ਹੇ 'ਚ ਸਿੰਧ ਅਸੈਂਬਲੀ ਦੇ ਚੋਣ ਹਲਕੇ ਪੀਐਸ-56 ਲਈ ਆਜ਼ਾਦ ਉਮੀਦਵਾਰ ਵਜੋਂ ਕਾਗਜ਼ ਦਾਖਲ ਕੀਤੇ ਹਨ।

## ਸਿਆਸਤ ਨਾ ਕਰੇ ਕੈਪਟਨ: ਸੁਖਬੀਰ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਝੋਨੇ ਅਤੇ ਦੂਜੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਿਚ ਕੀਤੇ ਇਤਿਹਾਸਕ ਵਾਧੇ ਉਤੇ ਉਹ ਸਿਆਸਤ ਨਾ ਕਰਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਦਿੱਤੇ ਗਏ ਲਾਭ ਨੂੰ ਸਵੀਕਾਰ ਕਰਨ ਵਿਚ ਹਲੀਮੀ ਵਿਖਾਉਣ।

ਇਸੇ ਦੌਰਾਨ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਝੋਨੇ ਦੇ ਸਮਰਥਨ ਮੁੱਲ ਵਿਚ 200 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕਰਕੇ ਕਿਸਾਨਾਂ ਨੂੰ ਮੂਰਖ ਬਣਾਇਆ ਹੈ। ਇਸ ਸਾਲ ਝੋਨੇ ਦੀ ਲੁਆਈ ਉਤੇ ਔਸਤ 1200 ਤੋਂ 1500 ਰੁਪਏ ਪ੍ਰਤੀ ਏਕੜ ਵੱਧ ਖਰਚ ਆਇਆ ਹੈ। ਇਹ ਭਾਅ ਪਿਛਲੇ ਸਾਲ ਦੇ ਖਰਚਿਆਂ ਉਤੇ ਅਧਾਰਿਤ ਤੈਅ ਕਰ ਕੇ ਐਲਾਨਿਆ ਗਿਆ ਹੈ। ਸਰਕਾਰ ਜ਼ਮੀਨ ਦਾ ਠੇਕਾ 16000 ਰੁਪਏ ਪ੍ਰਤੀ ਏਕੜ ਹਿਸਾਬ ਵਿਚ ਗਿਣਦੀ ਹੈ ਜਦੋਂ ਕਿ ਠੇਕਾ 40 ਹਜ਼ਾਰ ਤੋਂ 60 ਹਜ਼ਾਰ ਰੁਪਏ ਪ੍ਰਤੀ ਏਕੜ ਹੈ, ਜਿਸ ਦੇ ਹਿਸਾਬ ਨਾਲ ਇਹ ਵਾਧਾ ਨਾਕਾਫੀ ਹੈ।


ਕੰਪਨੀ ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ

ਮਿਸ਼ੀਗਨ ਤੋਂ ਪੱਕੇ ਆਟੋਮੈਟਿਵ ਰਾਊਂਡ ਟ੍ਰਿਪ

ਸਿੰਗਲ ਡਰਾਈਵਰ ਲਈ 3000 ਮੀਲ ਅਤੇ ਟੀਮਾਂ ਲਈ 6000 ਮੀਲ



ਉਪਲਬਧ ਰੂਟ: ਲਾਰੀਡੋ, ਟੈਕਸਸ; ਡੈਲਸ, ਟੈਕਸਸ; ਬਰਾਊਨਜ਼ਵਿਲ, ਟੈਕਸਸ; ਮਿਜ਼ੌਰੀ, ਕੈਨਸਸ ਅਤੇ ਇੰਡੀਆਨਾ।

*ਵਧੀਆ ਤਨਖਾਹ ਦਾ ਪੈਕੇਜ ਅਤੇ ਹੈਲਥ ਇੰਸ਼ੋਰੈਂਸ
*ਸੇਫਟੀ ਬੋਨਸ *ਹਰ ਹਫਤੇ ਘਰ
*2018 ਮਾਡਲ ਦੇ ਨਵੇਂ ਆਟੋਮੈਟਿਕ ਫਰੇਟਲਾਈਨਰ ਟਰੱਕ
*24 ਘੰਟੇ ਡਿਸਪੈਚ

*ਟੀ ਏ, ਫਲਾਇੰਗ ਜੇ ਅਤੇ ਲਵਸ ਟਰੱਕ ਸਟਾਪ ਲਈ ਫਿਊਲ ਕਾਰਡ

AUTOBAHN
FREIGHT LINES LTD.

ਸੰਪਰਕ ਕਰੋ, ਜਗਮੋਹਨ ਗਿੱਲ

ਫੋਨ: 313-600-0273

Gill@autobahnfreight.com

# ਕੈਨੇਡਾ ਵਿਚ 32 ਸਾਲਾ ਪੰਜਾਬੀ ਵਿਦਿਆਰਥੀ ਬਣਿਆ ਵਿਧਾਇਕ

**ਟੋਰਾਂਟੋ:** 2008 ਵਿਚ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਭਲਾਈਪੁਰ ਡੋਗਰਾਂ ਤੋਂ ਕੈਨੇਡਾ 'ਚ ਪੜ੍ਹਨ ਗਏ ਅਮਰਜੋਤ ਸਿੰਘ ਸੰਧੂ ਨੇ 32 ਸਾਲ ਦੀ ਆਪਣੀ ਉਮਰ 'ਚ ਨਿਵੇਕਲਾ ਇਤਿਹਾਸ ਸਿਰਜਿਆ ਹੈ। 7 ਜੂਨ 2018 ਨੂੰ ਉਂਟਾਰੀਓ 'ਚ ਹੋਈ ਵਿਧਾਨ ਸਭਾ ਚੋਣ ਵਿਚ ਉਹ ਬਰੈਂਪਟਨ ਵੈਸਟ ਹਲਕੇ ਤੋਂ ਵਿਧਾਇਕ ਚੁਣਿਆ ਗਿਆ ਹੈ। ਉਸ ਨੇ ਡਿਪਸ (ਢਿੱਲਵਾਂ) ਤੋਂ 12ਵੀਂ ਤੱਕ ਅਤੇ ਕਾਲਜ ਆਫ ਇੰਜੀਨੀਅਰਿੰਗ ਐਂਡ ਮੈਨੇਜਮੈਂਟ (ਕਪੂਰਥਲਾ) ਤੋਂ ਡਿਗਰੀ ਹਾਸਲ ਕੀਤੀ।



ਸ. ਸੰਧੂ ਨੇ ਦੱਸਿਆ ਕਿ ਪੰਜਾਬ ਤੋਂ ਆ ਕੇ ਬੀਤੇ ਦਸਾਂ ਸਾਲਾਂ 'ਚ ਉਸ ਨੇ ਆਪਣੀ ਪੜ੍ਹਾਈ ਖਤਮ ਕੀਤੀ, ਕੈਨੇਡਾ ਦੀ ਪੀ.ਆਰ. ਤੇ ਸਿਟੀਜ਼ਨਸ਼ਿਪ ਪ੍ਰਾਪਤ ਕੀਤੀ, ਸਖਤ ਮਿਹਨਤ ਨਾਲ ਨੌਕਰੀਆਂ ਅਤੇ ਕਾਰੋਬਾਰ ਕਰ ਕੇ ਆਪਣੇ ਆਪ ਅਤੇ ਪਰਿਵਾਰ ਨੂੰ ਸਥਾਪਤ ਕੀਤਾ। ਇਸ ਦੇ ਨਾਲ ਹੀ ਉਹ ਉਂਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ 'ਚ ਸਰਗਰਮ ਰਿਹਾ ਅਤੇ ਲੋਕਾਂ ਦੇ ਮਨਾਂ ਵਿਚ ਆਪਣੀ ਜਗ੍ਹਾ ਬਣਾਈ। ਅਪਰੈਲ 2017 ਵਿਚ ਉਸ ਨੇ ਬਰੈਂਪਟਨ ਵੈਸਟ ਤੋਂ ਪਾਰਟੀ ਦੇ ਉਮੀਦਵਾਰ ਵਜੋਂ ਨਾਮੀਨੇਸ਼ਨ ਜਿੱਤ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਬਰੈਂਪਟਨ ਦੀਆਂ ਪੰਜ ਸੀਟਾਂ ਲਈ ਇਸ ਵਾਰੀ ਕੰਜ਼ਰਵੇਟਿਵ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਉਮੀਦਵਾਰਾਂ ਵਿਚਕਾਰ ਫਸਵੀਂ ਟੱਕਰ ਸੀ। ਜਿਸ ਵਿਚ ਸ. ਸੰਧੂ ਨੇ ਜਿੱਤ ਹਾਸਲ ਕੀਤੀ।

ਬੀਤੀ 29 ਜੂਨ ਨੂੰ ਮੁੱਖ ਮੰਤਰੀ ਡਗ ਫੋਰਡ ਦੇ ਸਹੁੰ ਚੁੱਕ ਸਮਾਗਮ 'ਚ ਸਾਰੇ ਨਵੇਂ ਚੁਣੇ ਗਏ ਪਾਰਟੀ ਵਿਧਾਇਕਾਂ ਨਾਲ ਸ. ਸੰਧੂ ਵਿਧਾਨ ਸਭਾ ਅੰਦਰ ਹਾਜ਼ਰ ਸੀ। 17 ਜੁਲਾਈ ਨੂੰ ਵਿਧਾਇਕ ਵਜੋਂ ਵਿਧਾਇਕ ਵਜੋਂ ਉਸ ਦੀ ਸਹੁੰ ਚੁੱਕਣ ਦੀ ਬਕਾਇਦਾ ਰਸਮ ਹੋਵੇਗੀ। ਸ. ਸੰਧੂ ਨੇ ਕਿਹਾ ਕਿ ਰਾਜਨੀਤੀ 'ਚ ਉਸ ਦੇ ਪਿੰਡ ਭਲਾਈਪੁਰ ਡੋਗਰਾਂ ਦਾ ਨਾਂ ਵੱਡਾ ਹੈ, ਕਿਉਂਕਿ ਪੰਜਾਬ ਵਿਧਾਨ ਸਭਾ 'ਚ ਉਨ੍ਹਾਂ ਦੇ ਹਲਕੇ ਤੋਂ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਤੋਂ ਹਨ। ਉਸ ਪਿੰਡ ਤੋਂ ਹੁਣ ਇਕ ਵਿਧਾਇਕ ਕੈਨੇਡਾ 'ਚ ਵੀ ਹੈ।

# ਅਮਰੀਕਾ ਦਾ ਸੁਪਨਾ ਵੇਖ ਘਰੋਂ ਤੁਰੇ ਮਾਪਿਆਂ ਦੇ ਇਕੱਲੇ ਪੁੱਤ ਦਾ ਦੁਖਦਾਈ ਅੰਤ

**ਨਡਾਲਾ:** ਕਪੂਰਥਲਾ ਦੇ ਪਿੰਡ ਨਡਾਲਾ ਦਾ ਇਕ ਨੌਜਵਾਨ ਅਮਰੀਕਾ ਜਾਣ ਦਾ ਸੁਪਨਾ ਲੈ ਕੇ ਘਰੋਂ ਤੁਰਿਆ ਸੀ ਪਰ ਧੋਖੇਬਾਜ਼ ਟਰੈਵਲ ਏਜੰਟਾਂ ਦੇ ਧੱਕੇ ਚੜ੍ਹਿਆ ਮਾਪਿਆਂ ਦਾ ਇਕਲੌਤਾ ਪੁੱਤ



ਰਾਹ ਵਿਚ ਹੀ ਸਦਾ ਦੀ ਨੀਂਦ ਸੌਂ ਗਿਆ। ਸੁਨੀਲ ਕੁਮਾਰ ਨੇ ਬੀਤੀ 24 ਅਪਰੈਲ ਨੂੰ ਲੱਖਾਂ ਰੁਪਏ ਖਰਚ ਕੇ ਅਮਰੀਕਾ ਲਈ ਉਡਾਰੀ ਭਰੀ ਸੀ, ਪਰ ਉਹ ਇਕ ਧੋਖੇਬਾਜ਼ ਟਰੈਵਲ ਏਜੰਟ ਦਾ ਸ਼ਿਕਾਰ ਹੋ ਕੇ ਅਮਰੀਕਾ ਪੁੱਜਣ ਤੋਂ ਪਹਿਲਾ ਹੀ ਦਮ ਤੋੜ ਗਿਆ।

ਸੁਨੀਲ ਦਾ ਪਿਤਾ ਨਡਾਲਾ ਵਿਚ ਕੱਪੜੇ ਦੀ ਦੁਕਾਨ ਚਲਾਉਂਦਾ ਹੈ, ਜਿਸ ਨੇ ਆਪਣੇ ਇਕਲੌਤੇ ਪੁੱਤ ਨੂੰ ਕਰਜ਼ਾ ਚੁਕ ਕੇ ਅਮਰੀਕਾ ਭੇਜਣ ਲਈ ਇਕ ਏਜੰਟ ਜਸਵੀਰ ਨਾਲ ਸਾਢੇ 23 ਲੱਖ ਰੁਪਏ ਵਿਚ ਸੌਦਾ ਕੀਤਾ ਸੀ, ਜਿਸ ਵਿਚੋਂ 19 ਲੱਖ ਰੁਪਏ ਮਿਲਣ ਤੋਂ ਬਾਅਦ ਏਜੰਟ ਜਸਵੀਰ ਨੇ 24 ਅਪਰੈਲ ਨੂੰ ਦੁਬਈ ਲਈ ਫਲਾਈਟ ਚੜ੍ਹਾ ਦਿੱਤਾ ਅਤੇ ਉਸ ਤੋਂ ਬਾਅਦ ਪਨਾਮਾ ਅਤੇ ਕੋਲੰਬੀਆ ਦੇ ਜੰਗਲ ਵਿਚ ਛੱਡ ਦਿੱਤਾ, ਜਿਥੇ ਉਸ ਨੇ ਲੱਖਾਂ ਮੁਸੀਬਤਾਂ ਝੱਲਣ ਤੋਂ ਬਾਅਦ ਦਮ ਤੋੜ ਦਿੱਤਾ। ਪਰਿਵਾਰ ਦੀ ਆਖਰੀ ਵਾਰ ਸੁਨੀਲ ਨਾਲ ਗੱਲ 8 ਜੂਨ ਨੂੰ ਹੋਈ ਸੀ।

ਮ੍ਰਿਤਕ ਦੇ ਪਿਤਾ ਦਵਿੰਦਰ ਕੁਮਾਰ ਮੁਤਾਬਕ ਪਨਾਮਾ ਦੇ ਕੈਂਪ ਵਿਚ ਰੁਕੇ ਕੁਝ ਪੰਜਾਬੀਆਂ ਨੇ ਸੁਨੀਲ ਦੀ ਮ੍ਰਿਤਕ ਦੇਹ ਉਥੇ ਹੀ ਦਫਨਾ ਦਿੱਤੀ। ਇਕਲੌਤੇ ਪੁੱਤ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੈ। ਪੁੱਤ ਦਾ ਆਖਰੀ ਵਾਰ ਮੂੰਹ ਨਾ ਦੇਖਣ ਦਾ ਗਮ ਅੰਦਰੋ-ਅੰਦਰ ਖਾ ਰਿਹਾ ਹੈ। ਪਰਿਵਾਰ ਦੀ ਗੁਹਾਰ ਹੈ ਕਿ ਸਬੰਧਤ ਟਰੈਵਲ ਏਜੰਟ ਖਿਲਾਫ ਸਖਤ ਕਾਰਵਾਈ ਹੋਵੇ। ਕਪੂਰਥਲਾ ਪੁਲਿਸ ਨੇ ਪਰਿਵਾਰ ਦੇ ਬਿਆਨਾਂ ਤੋਂ ਬਾਅਦ ਟਰੈਵਲ ਏਜੰਟ ਜਸਵੀਰ ਸਿੰਘ ਖਿਲਾਫ ਮਾਮਲਾ ਦਰਜ ਕਰ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਸਰਕਾਰ ਅਤੇ ਪੁਲਿਸ ਧੋਖੇਬਾਜ਼ ਏਜੰਟਾਂ ਖਿਲਾਫ ਸਖਤ ਕਾਰਵਾਈ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਇਸ ਮਾਮਲੇ ਨੇ ਸਾਰੀ ਸੱਚਾਈ ਸਾਹਮਣੇ ਲਿਆ ਦਿੱਤੀ ਹੈ।

## ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**ਵਾਸ਼ਿੰਗਟਨ:** ਕੈਨਸਸ ਸਿਟੀ ਦੇ ਇਕ ਹੋਟਲ ਵਿਚ ਕੰਮ ਕਰਦੇ ਭਾਰਤੀ ਲੜਕੇ ਨੂੰ ਕੁਝ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਹ ਹਮਲਾਵਰ ਲੁੱਟ ਦੀ ਨੀਅਤ ਨਾਲ ਹੋਟਲ ਵਿਚ ਆਏ ਸਨ। ਕੈਨਸਸ ਸਿਟੀ ਪੁਲਿਸ ਅਨੁਸਾਰ ਲੜਕੇ ਦੀ ਪਛਾਣ ਮਿਜ਼ੂਰੀ-ਕੈਨਸਸ ਯੂਨੀਵਰਸਿਟੀ ਦੇ ਵਿਦਿਆਰਥੀ ਸ਼ਰਤ ਕੋਪੂ (25) ਵਜੋਂ ਹੋਈ ਹੈ ਜਿਸ ਨੂੰ ਜੇਐਸ ਫਿਸ਼ ਅਤੇ ਚਿਕਨ ਮਾਰਕਨ ਨੇੜੇ ਹੋਟਲ ਵਿਚ ਗੋਲੀਆਂ ਨਾਲ ਹਲਾਕ ਕਰ ਦਿੱਤਾ ਗਿਆ। ਉਹ ਇਥੇ ਵਾਧੂ ਸਮੇਂ ਵਿਚ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਗੋਲੀ ਲੱਗਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਤਿਲੰਗਾਨਾ ਦਾ ਰਹਿਣ ਵਾਲਾ ਕੋਪੂ ਸਾਫਟਵੇਅਰ ਇੰਜੀਨੀਅਰ ਸੀ ਜੋ ਜਨਵਰੀ ਵਿਚ ਮਾਸਟਰਜ਼ ਡਿਗਰੀ ਕਰਨ ਲਈ ਯੂ.ਐਸ. ਆਇਆ ਸੀ।

# ਅਫਗਾਨ ਹਮਲੇ ਦੇ ਪੀੜਤਾਂ ਦੀ ਮਦਦ ਲਈ ਵਿਦੇਸ਼ੀ ਸਿੱਖਾਂ ਨੂੰ ਅੱਗੇ ਆਉਣ ਦਾ ਸੱਦਾ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਫਗਾਨਿਸਤਾਨ ਵਿਚ ਅਤਿਵਾਦੀ ਹਮਲੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਦੀ ਮਦਦ ਲਈ ਸਮੁੱਚੀ ਕੌਮ ਨੂੰ ਇਕਜੁੱਟ ਹੋਣ ਦੀ ਅਪੀਲ ਕਰਦਿਆਂ ਵਿਦੇਸ਼ ਵਸਦੇ ਸਿੱਖਾਂ ਨੂੰ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਵਾਸਤੇ ਆਖਿਆ ਹੈ। ਉਹ ਮਾਰੇ ਗਏ ਸਿੱਖਾਂ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਰਖਵਾਏ ਗਏ ਅਖੰਡ ਪਾਠ ਦੇ ਭੋਗ 'ਚ ਸ਼ਾਮਲ ਹੋਏ ਹਨ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਭਾਈ ਸੁਲਤਾਨ ਸਿੰਘ ਨੇ ਅਰਦਾਸ ਕੀਤੀ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਫਗਾਨਿਸਤਾਨ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਤਿਵਾਦੀ ਹਮਲੇ ਨੂੰ ਮਨੁੱਖਤਾ ਲਈ ਮੰਦਭਾਗਾ ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੀੜਤ ਪਰਿਵਾਰਾਂ ਦੀ ਸਾਰ ਲੈਣਾ ਸ਼੍ਰੋਮਣੀ ਕਮੇਟੀ ਦਾ ਫਰਜ਼ ਹੈ ਅਤੇ ਉਹ ਇਸ ਤੋਂ ਪਿੱਛੇ ਨਹੀਂ ਹਟੇਗੀ। ਮਾਰੇ ਗਏ ਸਿੱਖਾਂ ਦੇ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫਤ ਵਿਦਿਆ ਦਾ ਪ੍ਰਬੰਧ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਲਈ ਐਲਾਨ ਕੀਤੀ ਗਈ ਸਹਾਇਤਾ ਰਾਸ਼ੀ ਜਲਦੀ ਹੀ ਪੀੜਤਾਂ ਤੱਕ ਪਹੁੰਚਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਂਝੇ ਤੌਰ ਉਤੇ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰਕੇ ਅਫਗਾਨਿਸਤਾਨ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਖਿਆ ਗਿਆ ਹੈ। ਇਸ ਦੌਰਾਨ

ਅਫਗਾਨਿਸਤਾਨ ਤੋਂ ਦਿੱਲੀ ਆ ਕੇ ਵਸੇ ਭਾਈ ਹੀਰਾ ਸਿੰਘ, ਆਪਣੇ ਸਾਥੀਆਂ ਸਮੇਤ ਸ਼ਰਧਾਂਜਲੀ ਸਮਾਗਮ ਵਿਚ ਪਹੁੰਚੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੀੜਤਾਂ ਦੀ ਮਦਦ ਲਈ ਜੋ ਫਰਜ਼ ਨਿਭਾਇਆ ਹੈ, ਉਹ ਅਫਗਾਨਿਸਤਾਨ ਦੇ ਸਿੱਖਾਂ ਲਈ ਸਦਮੇ ਵਿਚ ਬਾਹਰ ਨਿਕਲਣ ਲਈ ਢਾਰਸ ਬਣੇਗਾ।

ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਕਿਹਾ ਕਿ ਮੁਲਕ ਦੇ ਪੂਰਬੀ ਸ਼ਹਿਰ ਜਲਾਲਾਬਾਦ ਵਿਚ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਥੋਂ ਦੇ ਗੁਰਦੁਆਰੇ ਵਿਚ ਪੁੱਜ ਕੇ ਘਟਨਾ ਲਈ ਘੱਟ ਗਿਣਤੀ ਭਾਈਚਾਰੇ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਹਮਲਾਵਰਾਂ ਨੂੰ ਹਰਗਿਜ਼ ਬਖਸ਼ਿਆ ਨਹੀਂ ਜਾਵੇਗਾ। ਇਸ ਹਮਲੇ ਵਿਚ 17 ਸਿੱਖਾਂ ਸਮੇਤ 20 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਦੇ ਸੀਨੀਅਰ ਆਗੂ ਅਵਤਾਰ ਸਿੰਘ ਖਾਲਸਾ ਵੀ ਸ਼ਾਮਲ ਸਨ।

## ਸਿੱਖਾਂ ਨੂੰ ਭਾਰਤੀ ਨਾਗਰਿਕਤਾ ਦੀ ਉਮੀਦ ਜਾਗੀ

**ਅੰਮ੍ਰਿਤਸਰ:** ਅਤਿਵਾਦ ਕਾਰਨ ਅਫਗਾਨਿਸਤਾਨ ਛੱਡ ਕੇ ਦਿੱਲੀ ਅਤੇ ਹੋਰ ਥਾਵਾਂ ਉਤੇ ਵਸੇ ਅਫਗਾਨਿਸਤਾਨ ਦੇ ਸਿੱਖਾਂ ਨੂੰ ਹੁਣ ਭਾਰਤੀ ਨਾਗਰਿਕਤਾ ਮਿਲਣ ਦੀ ਉਮੀਦ ਬੱਝ ਗਈ ਹੈ। ਇਹ ਮਾਮਲੇ ਨੂੰ ਲੋਕ ਸਭਾ ਵਿਚ ਸਹਿਮਤੀ ਮਿਲ ਚੁੱਕੀ ਹੈ ਤੇ ਹੁਣ ਰਾਜ ਸਭਾ ਵਿਚ ਸਹਿਮਤੀ ਮਿਲਣ ਦੀ ਉਮੀਦ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ ਹੈ, ਜੋ ਬੀਤੇ ਦਿਨੀਂ ਹੋਰ ਸਿੱਖ ਆਗੂਆਂ ਸਮੇਤ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਮਿਲੇ ਸਨ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਅਫਗਾਨਿਸਤਾਨ ਵਿਚ ਮਾਰੇ ਅਤੇ ਜ਼ਖ਼ਮੀ ਹੋਏ ਸਿੱਖਾਂ ਨੂੰ ਐਲਾਨੀ ਮਾਇਕ ਮਦਦ ਪਹੁੰਚਾਉਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ।

## ਅਫਗਾਨ ਸਿੱਖ ਆਗੂ ਦੇ ਪੁੱਤਰ ਨੂੰ ਮਿਲੀ ਚੋਣ ਲੜਨ ਦੀ ਆਗਿਆ

**ਜਲੰਧਰ:** ਅਫਗਾਨਿਸਤਾਨ ਦੇ ਚੋਣ ਕਮਿਸ਼ਨ ਨੇ ਪਿਛਲੇ ਦਿਨੀਂ ਧਮਾਕੇ 'ਚ ਮਾਰੇ ਗਏ ਸਿੱਖ ਆਗੂ ਅਵਤਾਰ ਸਿੰਘ ਖਾਲਸਾ ਦੇ ਪੁੱਤਰ ਨਰਿੰਦਰ ਸਿੰਘ ਖਾਲਸਾ (38) ਨੂੰ ਅਕਤੂਬਰ ਮਹੀਨੇ 'ਚ ਹੋਣ ਵਾਲੀਆਂ ਸੰਸਦੀ ਚੋਣਾਂ ਲੜਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਸ੍ਰੀ ਖਾਲਸਾ ਨੇ ਦੱਸਿਆ ਕਿ ਉਸ ਨੂੰ 21 ਜੁਲਾਈ ਤੱਕ ਨਾਮਜ਼ਦਗੀ ਭਰਨ ਲਈ ਕਿਹਾ ਗਿਆ ਹੈ। ਉਸ ਨੂੰ ਵੋਟਰਾਂ ਦੇ 200 ਪਛਾਣ ਪੱਤਰ ਜਮ੍ਹਾਂ ਕਰਾਉਣ ਦੀ ਸ਼ਰਤ ਤੋਂ ਛੋਟ ਦੇ ਦਿੱਤੀ ਗਈ ਹੈ ਕਿਉਂਕਿ ਉਸ ਦੇ ਪਿਤਾ ਦੇ ਸਮਰਥਕਾਂ ਨੇ ਪਹਿਲਾਂ ਹੀ ਇਕ ਹਜ਼ਾਰ ਪਛਾਣ ਪੱਤਰ ਜਮ੍ਹਾਂ ਕਰਾਏ ਸਨ। ਉਨ੍ਹਾਂ ਨੇ ਦੇਸ਼ ਵਿਦੇਸ਼ ਵਿਚੋਂ ਜਲਾਲਾਬਾਦ ਧਮਾਕੇ ਦੇ ਮ੍ਰਿਤਕਾਂ ਨਾਲ ਪ੍ਰਗਟਾਈ ਹਮਦਰਦੀ ਲਈ ਧੰਨਵਾਦ ਕੀਤਾ ਅਤੇ ਚਿੰਤਾ ਪ੍ਰਗਟਾਈ ਕਿ ਅਫਗਾਨਿਸਤਾਨ ਵਿਚ ਸਿੱਖਾਂ ਤੇ ਹਿੰਦੂਆਂ ਦੇ ਪਰਿਵਾਰਾਂ ਅਤੇ ਧਰਮ ਸਥਾਨਾਂ ਨੂੰ ਸੁਰੱਖਿਆ ਮੁਹੱਈਆ ਨਹੀਂ ਕਰਾਈ ਜਾ ਰਹੀ।

## ਕੈਨੇਡਾ 'ਚ 16 ਬੰਦਿਆਂ 'ਤੇ ਟਰੱਕ ਚਾੜ੍ਹਨ ਵਾਲਾ ਭਾਰਤੀ ਡਰਾਈਵਰ ਗ੍ਰਿਫਤਾਰ

**ਟੋਰਾਂਟੋ:** ਕੈਨੇਡਾ ਵਿਚ 29 ਸਾਲਾ ਭਾਰਤੀ ਮੂਲ ਦੇ ਟਰੱਕ ਡਰਾਈਵਰ ਨੂੰ 16 ਜਣਿਆਂ ਉਤੇ ਬੱਸ ਚੜ੍ਹਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਘਟਨਾ ਵਿਚ ਮਰਨ ਵਾਲਿਆਂ ਵਿਚ ਜ਼ਿਆਦਾਤਰ ਜੂਨੀਅਰ ਹਾਕੀ ਟੀਮ ਦੇ ਮੈਂਬਰ ਸਨ। ਸੀ.ਬੀ.ਸੀ. ਦੀ ਰਿਪੋਰਟ ਅਨੁਸਾਰ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੂੰ ਕੈਲਗਰੀ ਵਿਚਲੇ ਉਸ ਦੇ ਘਰ 'ਚੋਂ ਗ੍ਰਿਫਤਾਰ ਕੀਤਾ ਗਿਆ।

ਖਤਰਨਾਕ ਡਰਾਈਵਿੰਗ ਦੇ ਦੋਸ਼ ਵਿਚ ਕੈਨੇਡਾ ਵਿਚ ਵੱਧ ਤੋਂ ਵੱਧ 14 ਸਾਲ ਦੀ ਸਜ਼ਾ ਹੋ ਸਕਦੀ ਹੈ। ਇਹ ਘਟਨਾ 6 ਅਪਰੈਲ ਨੂੰ ਵਾਪਰੀ ਸੀ ਜਿਸ ਵਿਚ 10 ਖਿਡਾਰੀਆਂ ਸਮੇਤ 16 ਵਿਅਕਤੀ ਮਾਰੇ ਗਏ ਸਨ ਅਤੇ 13 ਜ਼ਖ਼ਮੀ ਹੋਏ ਸਨ। ਜ਼ਖ਼ਮੀਆਂ ਵਿਚੋਂ ਕਈ ਅਜੇ ਵੀ ਹਸਪਤਾਲਾਂ 'ਚ ਜੇਰੇ ਇਲਾਜ ਹਨ।

## ਸਾਊਦੀ ਅਰਬ 'ਚ ਔਰਤਾਂ ਨੂੰ ਡਰਾਈਵਿੰਗ ਦੇ ਹੱਕ ਦਾ ਵਿਰੋਧ

**ਸਾਊਦੀ:** ਮੱਕਾ ਸੂਬੇ ਵਿਚ ਕੁਝ ਲੋਕਾਂ ਨੇ ਇਕ ਮਹਿਲਾ ਦੀ ਕਾਰ ਨੂੰ ਅੱਗ ਲਾ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਮਹਿਲਾਵਾਂ ਨੂੰ ਡਰਾਈਵਿੰਗ ਕਰਨ ਦਾ ਅਧਿਕਾਰ ਦੇਣਾ 'ਖੁਦਾ ਦੀ ਮਰਜ਼ੀ ਖਿਲਾਫ ਕਦਮ ਚੁੱਕਣ' ਵਰਗਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਪੀੜਤ ਮਹਿਲਾ ਨੂੰ ਕਾਰ ਚਲਾਉਣ ਤੋਂ ਰੋਕਿਆ ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ। ਸਾਊਦੀ ਵਿਚ 24 ਜੂਨ ਨੂੰ ਇਤਿਹਾਸਕ ਫੈਸਲੇ ਤਹਿਤ ਮਹਿਲਾਵਾਂ ਨੂੰ ਵਾਹਨ ਚਲਾਉਣ ਦਾ ਹੱਕ ਦਿੱਤਾ ਗਿਆ ਸੀ।

ਮੱਕਾ ਵਿਚ ਰਹਿਣ ਵਾਲੀ ਸਲਮਾ-ਅਲ-ਸ਼ਾਰੀ ਨੇ ਸਥਾਨਕ ਅਖਬਾਰ ਨੂੰ ਦੱਸਿਆ ਕਿ ਪਿਛਲੇ ਮਹੀਨੇ ਬੈਨ ਹਟਣ ਬਾਅਦ ਉਸ ਨੇ ਕਾਰ ਚਲਾਉਣੀ ਸ਼ੁਰੂ ਕੀਤੀ ਸੀ। ਇਸ ਪਿੱਛੋਂ ਉਹ ਆਪਣੇ ਬਜ਼ੁਰਗ ਮਾਤਾ ਪਿਤਾ ਬਾਹਰ ਲਿਜਾਣ ਵਿਚ ਉਨ੍ਹਾਂ ਦੀ ਮਦਦ ਕਰਦੀ ਸੀ।

ਸੂਤਰਾਂ ਮੁਤਾਬਕ ਮੱਕਾ ਦੇ ਉਪ ਰਾਜਪਾਲ ਨੇ ਜਾਂਚ ਪੂਰੀ ਹੋਣ ਤੱਕ ਮਹਿਲਾ ਨੂੰ ਦੂਜੀ ਕਾਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਕਾਫੀ ਪੁਰਸ਼ ਮਹਿਲਾਵਾਂ ਨੂੰ ਵਾਹਨ ਚਲਾਉਣ ਦੀ ਆਜ਼ਾਦੀ ਦੇਣ ਦੇ ਸਮਰਥਨ ਵੀ ਕਰ ਰਹੇ ਹਨ। ਹਾਲਾਂਕਿ ਕੁਝ ਨੂੰ ਇਹ ਬਦਲਾਅ ਪਸੰਦ ਨਹੀਂ ਆ ਰਿਹਾ। ਇਸ ਮਾਮਲੇ ਵਿਚ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਅਫਗਾਨਿਸਤਾਨ ਵਿਚ ਸਿੱਖਾਂ 'ਤੇ ਹਮਲੇ ਪਿੱਛੇ ਭੂ-ਮਾਫੀਆ ਦਾ ਹੱਥ ਹੋਣ ਦਾ ਖਦਸ਼ਾ

**ਚੰਡੀਗੜ੍ਹ:** ਅਫਗਾਨਿਸਤਾਨ ਵਿਚ ਸਿੱਖ ਤੇ ਹਿੰਦੂ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਪਹਿਲੀ ਜੁਲਾਈ ਨੂੰ ਕੀਤੇ ਗਏ ਹਮਲੇ ਪਿੱਛੇ ਮੁਲਕ ਦੇ ਭੂ-ਮਾਫੀਆ ਦਾ ਹੱਥ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਦਰਅਸਲ, ਦੇਸ਼ ਵਿਚ ਵੱਖ-ਵੱਖ ਜਗ੍ਹਾ ਸਥਿਤ ਗੁਰਦੁਆਰਿਆਂ ਅਧੀਨ ਸੈਂਕੜੇ ਏਕੜ ਜ਼ਮੀਨ ਆਉਂਦੀ ਹੈ ਤੇ ਅਫਗਾਨ ਸਿੱਖਾਂ ਦਾ ਕਹਿਣਾ ਹੈ ਕਿ ਮਾਫੀਆ ਇਸ ਜ਼ਮੀਨ ਉਤੇ ਕਬਜ਼ਾ ਜਮਾਉਣ ਦੇ ਰੌਂਅ ਵਿਚ ਹੈ।

ਮਹੱਤਵਪੂਰਨ ਤੱਥ ਇਹ ਹੈ ਕਿ ਦੋਵਾਂ ਕੱਟੜਵਾਦੀ ਇਸਲਾਮਿਕ ਗਰੁੱਪਾਂ ਤਾਲਿਬਾਨ ਤੇ ਇਸਲਾਮਿਕ ਸਟੇਟ (ਦਾਇਸ਼) ਨੇ ਸਿੱਖ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਇਸ ਤੋਂ ਪਹਿਲਾਂ ਵੀ ਅਫਗਾਨ ਭੂ-ਮਾਫੀਆ ਕਾਬੁਲ, ਜਲਾਲਾਬਾਦ, ਗਜ਼ਨੀ, ਹੇਰਾਤ ਤੇ ਕੰਧਾਰ ਲਾਗਲੇ ਪੇਂਡੂ ਇਲਾਕੇ ਦੇ ਗੁਰਦੁਆਰਿਆਂ ਤੇ ਉਨ੍ਹਾਂ ਨਾਲ ਸਬੰਧਤ ਸੰਪਤੀ ਉਤੇ ਕਬਜ਼ਾ ਕਰ ਚੁੱਕਾ ਹੈ।

ਹਾਲ ਹੀ ਵਿਚ ਅਫਗਾਨ ਪ੍ਰਧਾਨ ਮੰਤਰੀ ਅਸ਼ਰਫ ਗ਼ਨੀ ਵੱਲੋਂ ਸਿੱਖ ਭਾਈਚਾਰੇ ਨੂੰ ਜਲਾਲਾਬਾਦ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਨਾਂ ਲਗਭਗ 500 ਮੁਰੱਬਾ ਜ਼ਮੀਨ ਮੁਫਤ ਮੁਹੱਈਆ ਕਰਵਾਈ ਗਈ ਹੈ। ਇਸ ਜ਼ਮੀਨ ਦੀ ਕੀਮਤ ਕਰੀਬ 7 ਲੱਖ ਅਮਰੀਕੀ ਡਾਲਰ ਦੱਸੀ ਜਾ ਰਹੀ ਹੈ। ਇਸ ਗੁਰਦੁਆਰੇ ਦਾ ਪ੍ਰਬੰਧਨ ਹਮਲੇ ਵਿਚ ਹਲਾਕ ਹੋਏ ਸਿੱਖ ਆਗੂ ਅਵਤਾਰ ਸਿੰਘ ਖਾਲਸਾ ਤੇ ਹੋਰ ਸਿੱਖ ਆਗੂ ਦੇਖ ਰਹੇ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਯੋਜਨਾ ਇਥੇ ਸਿੱਖ ਬੱਚਿਆਂ ਲਈ ਸਕੂਲ ਸਥਾਪਤ ਕਰਨ ਦੀ ਸੀ। ਸਿੱਖ ਆਗੂ ਦੇ ਪੁੱਤਰ ਨਰਿੰਦਰ ਸਿੰਘ ਖਾਲਸਾ ਮੁਤਾਬਕ ਭੂ-ਮਾਫੀਆ ਨੇ ਵੀ ਇਸੇ ਜ਼ਮੀਨ ਦਾ ਕਬਜ਼ਾ ਲੈਣ ਲਈ ਅਧਿਕਾਰੀਆਂ ਨੂੰ 4 ਤੋਂ 5 ਲੱਖ ਡਾਲਰ ਤੱਕ ਦੀ ਰਿਸ਼ਵਤ ਦਿੱਤੀ ਸੀ। ਪਰ ਜਦੋਂ ਕਬਜ਼ਾ ਨਹੀਂ ਮਿਲਿਆ ਤਾਂ ਉਨ੍ਹਾਂ ਇਸ ਹਮਲੇ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਤਾਲਿਬਾਨ ਤੇ ਦਾਇਸ਼ ਨੇ ਆਪਣੇ ਸੰਪਰਕਾਂ ਰਾਹੀਂ ਉਨ੍ਹਾਂ ਤੱਕ ਇਹ ਗੱਲ ਪੁੱਜਦੀ ਕੀਤੀ ਹੈ ਕਿ ਇਸ ਹਮਲੇ ਪਿੱਛੇ ਉਨ੍ਹਾਂ ਦਾ ਹੱਥ ਨਹੀਂ ਸੀ।

# ਬਰਤਾਨੀਆ ਦੇ ਸ਼ਾਹੀ ਬੱਚੇ ਦਾ ਹੋਇਆ ਇਸਾਈ ਧਰਮ ਗ੍ਰਹਿਣ

**ਲੰਡਨ:** ਬਰਤਾਨੀਆ ਦੇ ਸ਼ਾਹੀ ਬੱਚੇ ਪ੍ਰਿੰਸ ਲੁਈਸ ਨੂੰ ਇਕ ਨਿੱਜੀ ਸਮਾਗਮ ਦੌਰਾਨ ਇਸਾਈ ਮੱਤ ਅਨੁਸਾਰ ਧਰਮ ਗ੍ਰਹਿਣ ਕਰਵਾਇਆ ਗਿਆ, ਪਰ ਇਸ ਮੌਕੇ ਮਹਾਰਾਣੀ ਐਲਿਜ਼ਾਬੈਥ ਅਤੇ ਉਨ੍ਹਾਂ ਦਾ ਪਤੀ ਫਿਲਪ ਹਾਜ਼ਰ ਨਹੀਂ ਹੋਏ।



ਬਕਿੰਘਮ ਪੈਲੇਸ ਵਲੋਂ ਦੱਸਿਆ ਗਿਆ ਹੈ ਕਿ ਮਹਾਰਾਣੀ ਦੀ ਸਿਹਤ ਕਾਰਨ ਕਰ ਕੇ ਇਹ ਫੈਸਲਾ ਕੁਝ ਸਮਾਂ ਪਹਿਲਾਂ ਮਹਾਰਾਣੀ, ਡਿਊਕ ਅਤੇ ਡਿਊਚ ਆਫ ਕੈਮਬ੍ਰੇਜ ਵੱਲੋਂ ਲਿਆ ਗਿਆ ਸੀ। 11 ਹਫਤਿਆਂ ਦੇ ਰਾਜ ਕੁਮਾਰ ਨੇ ਯੂ.ਕੇ. ਦੇ ਸਮੇਂ ਅਨੁਸਾਰ ਸ਼ਾਮ 4 ਵਜੇ ਸੇਂਟ ਜੇਮਸ ਪੈਲੇਸ ਦੇ ਚੈਪਲ ਰਾਇਲ ਵਿਚ ਇਸਾਈ ਧਰਮ ਗ੍ਰਹਿਣ ਕੀਤਾ।

ਇਹ ਪਹਿਲੀ ਵਾਰ ਸੀ ਜਦੋਂ ਪ੍ਰਿੰਸ ਵਿਲੀਅਮ ਅਤੇ ਮਿਡਲਟਨ ਨੂੰ ਉਨ੍ਹਾਂ ਦੇ ਤਿੰਨੇ ਬੱਚਿਆਂ ਨਾਲ ਇਕ ਪਰਿਵਾਰ ਦੇ ਰੂਪ ਵਿਚ ਇਕੱਠੇ ਵੇਖਿਆ ਗਿਆ। ਇਸ ਮੌਕੇ ਪ੍ਰਿੰਸ ਚਾਰਲਸ, ਪ੍ਰਿੰਸ ਹੈਰੀ, ਮੇਗਨ ਮਾਰਕਲੇ ਤੋਂ ਇਲਾਵਾ ਸ਼ਾਹੀ ਪਰਿਵਾਰ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਸਾਕਾ ਨੀਲਾ ਤਾਰਾ ਦਾ ਦਰਦ ਬਿਆਨਦਾ ਚਿਤਰ

ਬਰਤਾਨੀਆ ਦੇ ਸ਼ਹਿਰ ਲਿਵਰਪੂਲ ਵਿਚ ਰਹਿੰਦੀਆਂ ਦੋ ਜੌੜੀਆਂ ਭੈਣਾਂ-ਅੰਮ੍ਰਿਤ ਕੌਰ ਅਤੇ ਰਵਿੰਦਰ ਕੌਰ ਪੇਸ਼ੇ ਵਜੋਂ ਚਿਤਰਕਾਰ ਹਨ ਤੇ ਆਮ ਕਰਕੇ ਮਿਲ ਕੇ ਕੰਮ ਕਰਦੀਆਂ ਹਨ। ਇਨ੍ਹਾਂ ਦੇ ਪਿਤਾ ਅੰਮ੍ਰਿਤਸਰ ਤੋਂ ਇੰਗਲੈਂਡ ਜਾ ਵਸੇ ਸਨ। ਕਲਾ ਖੇਤਰ ਵਿਚ ਇਹ ਭੈਣਾਂ 'ਸਿੰਘ ਟਵਿਨਜ਼' ਵਜੋਂ ਜਾਣੀਆਂ ਜਾਂਦੀਆਂ ਹਨ। ਕਾਫੀ ਖੋਜ ਤੇ ਮਨਨ ਪਿਛੋਂ ਉਨ੍ਹਾਂ ਵਿਚਾਰ ਪ੍ਰਗਟਾਵੇ ਲਈ ਭਾਰਤੀ ਲਘੂ ਚਿਤਰ ਸ਼ੈਲੀ ਅਪਨਾਈ। ਉਹ ਲਘੂ ਚਿਤਰ ਸ਼ੈਲੀ ਦੀ ਇੰਨ-ਬਿੰਨ ਨਕਲ ਨਹੀਂ ਕਰਦੀਆਂ ਸਗੋਂ ਅਨੇਕਾਂ ਪਰਿਵਰਤਨ ਕਰ ਲੈਂਦੀਆਂ ਹਨ।

ਵਿਦੇਸ਼ ਵਿਚ ਜਨਮ ਲੈਣ ਤੇ ਸਿੱਖਿਆ ਲੈਣ ਦੇ ਬਾਵਜੂਦ ਉਨ੍ਹਾਂ ਨੇ ਖੁਦ ਨੂੰ ਭਾਰਤੀ ਪਰੰਪਰਾ ਅਤੇ ਸਿੱਖ ਅਕੀਦਿਆਂ ਤੋਂ ਵੱਖ ਨਹੀਂ ਕੀਤਾ। 'ਨਾਈਨਟੀਨ ਏਟੀ ਫੋਰ' (ਸਟੌਰਮਿੰਗ ਆਫ ਦਿ

**ਜਗਤਾਰਜੀਤ ਸਿੰਘ**
ਫੋਨ: 91-98990-91186

ਗੋਲਡਨ ਟੈਂਪਲ) ਚਿਤਰ ਰਚਨਾ ਇਸ ਦੀ ਪ੍ਰਤੱਖ ਮਿਸਾਲ ਹੈ। ਇਸ ਲਘੂ ਚਿਤਰ ਦਾ ਆਕਾਰ ਇਕ 101 ਜਰਬ 76 ਸੈਂਟੀਮੀਟਰ ਹੈ ਜੋ ਉਨ੍ਹਾਂ 1998 ਵਿਚ ਬਣਾਇਆ। ਇਸ ਖਾਤਰ ਟੈਮਪਰਾ ਰੰਗਾਂ ਤੋਂ ਬਿਨਾ ਸੋਨੇ ਦੀ ਧੂੜ ਵਰਤੀ। ਵਿਉਂਤਬੰਦੀ ਅਜਿਹੀ ਕਿ ਰੰਚ ਮਾਤਰ ਥਾਂ ਖਾਲੀ ਨਹੀਂ ਦਿਸਦੀ। ਇਹ ਸੰਘਣੀ ਬੁਣਤੀ ਵਾਲਾ ਚਿਤਰ ਹੈ। ਚਿਤੇਰੀਆਂ ਦਾ ਯਤਨ ਹੈ ਕਿ ਹਰਿਮੰਦਰ ਸਾਹਿਬ ਨਾਲ ਜੁੜੇ ਮੁੱਖ ਵੇਰਵਿਆਂ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ।

ਜੂਨ ਚੁਰਾਸੀ ਦਾ ਪਹਿਲਾ ਹਫਤਾ ਸਿੱਖ ਮਾਨਸਿਕਤਾ ਦਾ ਅਹਿਮ ਹਿੱਸਾ ਬਣ ਚੁਕਾ ਹੈ ਜਦੋਂ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਚੜ੍ਹਾਈ ਕਰ ਤਬਾਹੀ ਦੇ ਨਵੇਂ ਲੇਖ ਲਿਖ ਦਿੱਤੇ। ਗਰਮੀ ਦਾ ਸਿਖਰ ਸੀ। ਸਿੱਖ ਸੰਗਤ ਪੰਚਮ ਗੁਰੂ ਦੇ ਸ਼ਹੀਦੀ ਦਿਵਸ ਦੀ ਯਾਦ ਵਿਚ ਅੰਮ੍ਰਿਤਸਰ ਵਿਚ ਇਕੱਤਰ ਹੋ ਰਹੀ ਸੀ। ਜਿਸ ਕਹਿਰ ਨਾਲ ਬੱਚਿਆਂ ਤੋਂ ਲੈ ਬਜ਼ੁਰਗਾਂ ਤਕ ਨੂੰ ਫੌਜ ਨੇ ਬਾਰੂਦ ਨਾਲ ਵਿੰਨ੍ਹਿਆ, ਸਿੱਖਾਂ ਲਈ ਉਹ ਦਿਨ ਮੁਗਲ ਹਕੂਮਤ ਨਾਲੋਂ ਵੀ ਕਰੂਰ ਹੋ ਨਿੱਬੜੇ ਸਨ।


ਨੀਲਾ ਤਾਰਾ ਸਾਕਾ ਵਾਪਰਨ ਸਮੇਂ ਸਕੂਲ ਪੜ੍ਹਦੀਆਂ ਜੌੜੀਆਂ ਭੈਣਾਂ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਆਉਣ ਵਾਲੇ ਸਮੇਂ ਵਿਚ ਉਹ ਚਿਤੇਰੀਆਂ ਬਣਨਗੀਆਂ। ਪੰਜਾਬ ਵਿਚ ਚੱਲ ਰਹੀ ਹਨੇਰਗਰਦੀ ਤੋਂ ਥੋੜ੍ਹੇ ਦਿਨਾਂ ਬਾਅਦ ਦਿੱਲੀ ਅਤੇ ਸਾਰੇ ਭਾਰਤ ਵਿਚ ਵਸਦੇ ਸਿੱਖਾਂ ਦੇ ਕਤਲੇਆਮ ਨੇ ਇਥੋਂ ਦੇ ਹੀ ਨਹੀਂ ਸਗੋਂ ਵਿਦੇਸ਼ੀਂ ਵਸਦੇ ਸਿੱਖਾਂ ਨੂੰ ਅਣਹੋਣੀ ਦੀ ਅੰਨ੍ਹੀ ਗਲੀ ਵੱਲ ਧੱਕ ਦਿੱਤਾ। ਸਿੰਘ ਟਵਿਨਜ਼ ਕਹਿੰਦੀਆਂ ਹਨ, "ਵਰ੍ਹਿਆਂ ਪਿਛੋਂ ਜਦੋਂ ਅਸੀਂ ਕਲਾ ਨੂੰ ਪ੍ਰਗਟਾਵੇ ਦਾ ਮਾਧਿਅਮ ਬਣਾਇਆ ਤਾਂ



ਸਾਂਝਾ ਕਾਰਜ: ਚਿਤਰ ਬਣਾ ਰਹੀਆਂ ਅੰਮ੍ਰਿਤ ਕੌਰ ਅਤੇ ਰਵਿੰਦਰ ਕੌਰ।

ਮਹਿਸੂਸ ਕੀਤਾ ਕਿ ਸਾਨੂੰ ਆਪਣੀ ਗੱਲ ਕਹਿਣ ਦਾ ਸਦੀਵੀ ਸਾਧਨ ਮਿਲ ਗਿਆ ਹੈ ਜਿਸ ਰਾਹੀਂ 1984 ਬਾਰੇ ਅਸੀਂ ਆਪਣੀਆਂ ਭਾਵਨਾਵਾਂ ਅਤੇ ਨਿਰਾਸ਼ਾ ਨੂੰ ਕਹਿਣ ਦੇ ਕਾਬਲ ਹੋ ਸਕਦੀਆਂ ਹਾਂ।"

ਦੇਖਣ ਨੂੰ ਭਾਵੇਂ ਇਹ ਵੱਡ ਆਕਾਰੀ ਕਿਰਤ ਨਹੀਂ, ਪਰ ਚਿਤੇਰੀਆਂ ਨੇ ਇਸ ਨੂੰ ਸਾਰਥਕ ਬਣਾਉਣ ਦਾ ਪੂਰਾ ਯਤਨ ਕੀਤਾ ਹੈ। ਇਸ ਵਿਚ ਸਿੱਖ ਇਤਿਹਾਸ ਦੀਆਂ ਉਭਰਵੀਆਂ ਘਟਨਾਵਾਂ ਨੂੰ ਥਾਂ ਮਿਲੀ ਹੈ। ਸਭ ਤੋਂ ਪੁਰਾਣੀ ਇਕਾਈ ਦਰਬਾਰ ਸਾਹਿਬ ਹੈ ਜਿਸ ਦੀ ਨੀਂਹ ਪੰਜਵੇਂ ਗੁਰੂ ਅਰਜਨ ਦੇਵ ਨੇ ਸਾਈਂ ਮੀਆਂ ਮੀਰ ਤੋਂ ਰਖਵਾਈ ਸੀ। 1984 ਤਕ ਸਿੱਖਾਂ ਨੇ ਅੰਮ੍ਰਿਤਸਰ ਦੇ ਪ੍ਰਸੰਗ 'ਚ ਕਈ ਉਤਰਾ-ਚੜ੍ਹਾ ਦੇਖੇ ਹਨ। ਇਹ ਚਿਤਰ



ਸਿੰਘ ਟਵਿਨਜ਼ ਦਾ ਬਣਾਇਆ ਚਿਤਰ: ਨਾਈਨਟੀਨ ਏਟੀ ਫੋਰ।

ਸਿੱਖ ਇਤਿਹਾਸ ਨੂੰ ਆਪਣੀ ਤਰ੍ਹਾਂ ਬਿਆਨਦਾ ਹੈ। ਚਿਤਰਕਾਰ ਭੈਣਾਂ ਦਾ ਯਤਨ ਰਿਹਾ ਹੈ ਕਿ ਭੰਡਣ ਵਾਲਾ ਕੋਈ ਸ਼ਖਸ ਜਾਂ ਸਮੂਹ ਜਾਂ ਸਰਕਾਰ ਇਸ ਨੂੰ ਸਿੱਖਾਂ ਦੀ ਆਜ਼ਾਦੀ ਦਾ ਪੱਖ ਪੂਰਨ ਵਾਲਾ ਕਹਿ ਕੇ ਭਾਰਤ ਵਿਰੋਧੀ ਨਾ ਗਰਦਾਨ ਦੇਵੇ।

ਚਿਤਰ ਨੂੰ ਵਿਸ਼ੇਸ਼ ਦੂਰੀ ਤੇ ਉਪਰੋਂ ਦੇਖਿਆ ਜਾ ਰਿਹਾ ਹੈ। ਚਿਤੇਰੀਆਂ ਦਾ ਮੱਤ ਹੈ, "ਸਾਨੂੰ ਗੁਰੂ ਘਰ ਨਾਲ ਪਿਆਰ ਹੈ, ਪਰ ਅਸੀਂ ਉਸ ਤੋਂ ਦੂਰ ਰਹਿ ਰਹੀਆਂ ਹਾਂ। ਜੋ ਕੁਝ ਵਾਪਰਿਆ, ਉਸ ਨੂੰ ਅੱਖੀਂ ਨਹੀਂ ਡਿੱਠਾ, ਬੱਸ ਲੋਕ ਮੂੰਹਾਂ ਤੋਂ ਸੁਣਿਆ ਸੀ।" ਇਉਂ ਦੂਰੀ ਦੋ ਅਰਥ ਦਿੰਦੀ ਹੈ। ਇਕ ਭੌਤਿਕ ਜਾਂ ਸਰੀਰਕ ਦੂਰੀ। ਦੂਜੀ ਚਿਤਰ ਦੀ ਮੰਗ ਤਾਂ ਜੋ ਦ੍ਰਿਸ਼ ਨੂੰ ਸਹੀ ਢੰਗ ਨਾਲ ਬਣਾਇਆ ਜਾ ਸਕੇ। ਚਿਤਰ ਦੀ ਅਗਰਭੂਮੀ ਨੂੰ ਮਹੱਤਵ ਮਿਲਿਆ ਹੈ। ਸਮੇਂ ਵਿਚ ਖਿਲਰੀਆਂ ਇਤਿਹਾਸਕ ਘਟਨਾਵਾਂ ਦਾ ਜਮਾਵੜਾ ਇਥੇ ਹੀ ਦਿਖਾਈ ਦਿੰਦਾ ਹੈ। ਇਨ੍ਹਾਂ ਪਿਛੇ ਪਵਿਤਰ ਸਰੋਵਰ ਅਤੇ ਸਰੋਵਰ 'ਚ ਸਥਿਤ ਹਰਿਮੰਦਰ ਸਾਹਿਬ ਹੈ। ਹਰਿਮੰਦਰ ਸਾਹਿਬ ਅਤੇ ਪਰਿਕਰਮਾ ਦਾ ਦ੍ਰਿਸ਼ ਆਮ ਦਿਨਾਂ ਜਿਹਾ ਨਹੀਂ। ਇਹ ਪਰੰਪਰਕ ਵਰਤੋਂ-ਵਿਹਾਰ ਤੋਂ ਮੂਲੋਂ ਵੱਖਰਾ, ਕੱਟ-ਵੱਢ, ਖੂਨ-ਖਰਾਬੇ ਦਾ ਅਸ਼ਾਂਤ ਕਰਨ ਵਾਲਾ ਦ੍ਰਿਸ਼ ਹੈ। ਪ੍ਰਸੰਗ ਮੁਤਾਬਕ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਉਣ ਇਕੱਤਰ ਹੋ ਰਹੀ ਸਿੱਖ ਸੰਗਤ ਦੀ ਗਿਣਤੀ ਆਮ ਤੋਂ ਕਿਤੇ ਵੱਧ ਸੀ। ਭਾਰਤੀ ਫੌਜ ਨੇ ਹਰਿਮੰਦਰ ਸਾਹਿਬ 'ਤੇ ਪੂਰੇ ਜ਼ੋਰ ਨਾਲ ਹਮਲਾ ਕਰ ਦਿੱਤਾ। ਤਸਦੀਕ ਪਰਿਕਰਮਾ ਵਿਚ ਖੜ੍ਹੇ ਦੋ ਟੈਂਕਾਂ ਤੋਂ ਹੋ ਰਹੀ ਹੈ। ਇਕ ਅਕਾਲ ਤਖਤ ਦੇ ਖੱਬੇ ਵੱਲ ਖੜ੍ਹਾ ਹੈ ਅਤੇ ਦੂਜਾ ਬਾਬਾ ਦੀਪ ਸਿੰਘ ਦੇ ਸ਼ਹੀਦੀ ਅਸਥਾਨ ਦੇ ਕੋਲ। ਪਰਿਕਰਮਾ ਦੇ ਅੰਦਰ ਤੇ ਬਾਹਰ ਹਥਿਆਰਬੰਦ ਫੌਜ ਨਿਹੱਥੇ ਸ਼ਰਧਾਲੂਆਂ ਨੂੰ ਨਿਸ਼ਾਨਾ ਬਣਾ ਰਹੀ ਹੈ।

ਜੇ ਜ਼ੁਲਮ ਆਪਣਾ ਸਿਖਰਲਾ ਰੂਪ ਦਰਸਾ ਰਿਹਾ ਹੈ ਤਾਂ ਗੁਰੂ ਦੀ ਸ਼ਹਾਦਤ ਦੀ ਯਾਦ ਵਿਚ ਇਕੱਠੇ ਹੋਏ ਸਿੱਖ ਵੀ ਧੀਰਜ, ਸਹਿਣਸ਼ੀਲਤਾ ਦੀ ਸਿਖਰ ਛੋਹ ਰਹੇ ਹਨ। ਸਿਰ ਲਾਲ ਪੱਗ ਅਤੇ ਗਲ ਹਰੇ ਚੋਲੇ ਵਾਲੇ ਬਜ਼ੁਰਗ ਦੀ ਛਾਤੀ ਵਿਚ ਗੋਲੀ ਲੱਗੀ। ਇਸ ਦੇ ਨਾਲ ਹੀ ਤਿੰਨ ਜੀਆਂ ਦਾ ਇਕ ਪਰਿਵਾਰ ਹੈ। ਪਤੀ-ਪਤਨੀ ਦੀਆਂ ਅੱਖਾਂ 'ਚ ਚੁਫਰੇ ਫੈਲੇ ਭੈਅ ਦਾ ਅਕਸ ਹੈ। ਤ੍ਰੀਮਤ ਨੇ ਕਲਾਵੇ 'ਚ ਘੁੱਟ ਕੇ ਬਾਲ ਫੜਿਆ ਹੋਇਆ ਹੈ। ਦੋਵਾਂ ਦੇ ਸਰੀਰਾਂ ਦੀ ਹਰਕਤ ਗੈਰ-ਕੁਦਰਤੀ ਹੈ। ਅਚਨਚੇਤੀ ਹੋਣੀ ਨੇ ਇਨ੍ਹਾਂ ਦੀ ਸਰੀਰਕ ਲੈਅ ਨੂੰ ਭੰਗ ਕਰ ਦਿੱਤਾ। ਕੁਦਰਤੀ ਲੈਅ ਤੋਂ ਅੱਡ ਹੋਏ ਕਈ ਮੋਟਿਫ ਚਿਤਰ ਦਾ ਅੰਗ ਬਣੇ ਹੋਏ ਹਨ।

ਜਿਉਂ ਜਿਉਂ ਨਜ਼ਰ ਇਨ੍ਹਾਂ ਤੋਂ ਹਟ ਕੇ ਥੱਲੇ ਨੂੰ ਹੋ ਕੇ ਟੈਂਕ ਵੱਲ ਵਧਦੀ ਹੈ ਤਾਂ ਮਾਰੇ ਜਾ ਚੁੱਕੇ ਸਿੰਘਾਂ ਦਾ ਢੇਰ ਦਿਸਦਾ ਹੈ। ਟੈਂਕ ਦੇ ਪਹੀਆਂ ਨੇੜੇ ਮਰੇ ਪਏ ਸ਼ਖਸ ਦੀ ਛਾਤੀ 'ਤੇ ਮਰਿਆ ਬੱਚਾ ਦਿਸ ਰਿਹਾ ਹੈ। ਹਾਲਤ ਜਿਵੇਂ ਦੀ ਵੀ ਹੈ, 'ਸਿੰਘ ਟਵਿਨਜ਼' ਨੇ ਸਿੱਖ ਮਾਨਸਿਕਤਾ ਨੂੰ ਗੰਭੀਰਤਾ ਨਾਲ ਪੜ੍ਹਿਆ ਹੋਇਆ ਹੈ। ਤਾਂ ਹੀ ਕੋਈ ਵੀ ਪਾਤਰ ਰਹਿਮ ਦੀ ਮੰਗ ਨਹੀਂ ਕਰ ਰਿਹਾ।

ਪੇਂਟਿੰਗ 'ਚ ਫੌਜ ਵੱਡੀ ਗਿਣਤੀ ਵਿਚ ਮੌਜੂਦ ਹੈ। ਨਾਲ ਹੀ ਐਨ ਉਪਰ ਵੱਲ ਨੂੰ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਦੀ ਯਾਦ ਵਿਚ ਬਣਿਆ ਸਮਾਰਕ ਹੈ। ਇਹ ਸਮਾਰਕ ਇਕ ਮਕਸਦ ਵਜੋਂ ਆਇਆ ਹੈ, ਸਿਰਫ ਅੰਮ੍ਰਿਤਸਰ ਸ਼ਹਿਰ ਦਾ ਹਿੱਸਾ ਹੋਣ ਕਰਕੇ ਨਹੀਂ। ਜੇ 13 ਅਪਰੈਲ 1919 ਨੂੰ ਬੇਦੋਸ਼ੇ ਮਾਰੇ ਗਏ ਸਨ ਤਾਂ ਦਰਬਾਰ ਸਾਹਿਬ ਵਿਚ ਵੀ ਬੇਦੋਸ਼ੇ ਮਾਰੇ ਗਏ ਸਨ। ਉਸ ਵੇਲੇ ਵਿਦੇਸ਼ੀ ਰਾਜ ਸੀ, ਹੁਣ ਆਪਣਿਆਂ ਦੀ ਹਕੂਮਤ ਹੈ। ਦੋਵੇਂ ਥਾਂਈਂ ਮਾਰਨ ਵਾਲੇ ਭਾਰਤੀ ਸਿਪਾਹੀ ਹੀ ਸਨ, ਭਾਵੇਂ ਹੁਕਮਰਾਨ ਵੱਖ ਵੱਖ ਮੁਲਕਾਂ ਦੇ ਸਨ।

ਐਨ ਖੱਬੇ ਥੱਲੇ ਵੱਲ ਅੰਨ੍ਹੀ ਤਾਕਤ ਦੇ ਪ੍ਰਤੀਕ ਦਿਸਦੇ ਹਨ। ਟੈਂਕ ਤਬਾਹੀ ਦਾ ਪ੍ਰਤੀਕ ਹੈ, ਪਰ ਵਿਅਕਤੀ ਦੀ ਸੋਚ ਉਸ ਤੋਂ ਵੀ ਤਬਾਹਕੁਨ ਹੋ ਸਕਦੀ ਹੈ। ਜੂਨ 1984 ਦੀ ਤ੍ਰਾਸਦਿਕ ਖੇਡ ਦੀ ਵਿਉਂਤਬੰਦੀ ਦੇ ਪਿਛੋਕੜ ਵਿਚ ਇੰਦਰਾ ਗਾਂਧੀ ਦੀ ਸੋਚ ਸੀ। ਚਿਤੇਰੀਆਂ ਨੇ ਉਸ ਨੂੰ ਟੈਂਕ 'ਤੇ ਸਵਾਰ ਦਿਖਾਇਆ ਹੈ। ਉਸ ਦੀਆਂ ਅੱਖਾਂ ਇਕ ਥਾਂ ਟਿਕੀਆਂ, ਭਾਵਹੀਣ ਹਨ। ਉਸ ਦੀ ਸੋਚ ਦਾ ਵਿਹਾਰਕ ਪੱਖ ਇਸ ਤਸਵੀਰ ਵਿਚ ਹਾਜ਼ਰ ਹੈ।

ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਅਹਿਮ ਰੋਲ ਅਦਾ ਕੀਤਾ। ਚਿਤੇਰੀਆਂ ਨੇ ਇਸ ਸਭ ਦਾ ਪ੍ਰਤੀਕ ਭਗਤ ਸਿੰਘ ਨੂੰ ਬਣਾਇਆ ਹੈ। ਗੁਰੂ ਸਾਹਿਬ ਦੇ ਪਿੱਛੇ ਉਸ ਦੀ ਇਮੇਜ ਨੂੰ ਵੀ ਪਰ੍ਹਾਂ ਕੀਤਾ ਜਾ ਰਿਹਾ ਹੈ। ਇਹ ਸ਼ਾਸਕ ਵੱਲੋਂ ਆਪਣੇ ਦੇਸ਼ ਦੀ ਇਕ ਕੌਮ ਪ੍ਰਤੀ ਅਵਿਸ਼ਵਾਸ ਦੇ ਪ੍ਰਗਟਾਵੇ ਦਾ ਚਿੰਨ੍ਹ ਹੈ। ਰਚਨਾਕਾਰਾਂ ਨੇ ਖੁੱਲ੍ਹ ਲੈਂਦਿਆਂ ਬਿਰਤਾਂਤ ਨੂੰ ਬਦਲਿਆ ਹੈ। ਇੰਦਰਾ ਗਾਂਧੀ ਨੇ ਸਰੀਰਕ ਤੌਰ 'ਤੇ ਹਮਲੇ 'ਚ ਹਿੱਸਾ ਨਹੀਂ ਲਿਆ, ਪਰ ਘਟਨਾ ਸਥਾਨ ਤੋਂ ਦੂਰ ਹੋਣ 'ਤੇ ਵੀ ਸਾਰਾ ਕੁਝ ਉਸ ਦੀ ਦੇਖ-ਰੇਖ ਵਿਚ ਹੋਇਆ; ਤਾਹੀਂ ਉਹ ਚਿਤਰ ਦਾ ਹਿੱਸਾ ਬਣਾਈ ਗਈ ਹੈ।

ਇੰਦਰਾ ਦੇ ਚਿਹਰੇ ਨਾਲ ਤਿੰਨ ਹੋਰ ਨੇਤਾਵਾਂ-ਚਰਚਿਲ, ਮਾਰਗਰੇਟ ਥੈਚਰ ਅਤੇ ਕਲਿੰਟਨ ਦੇ ਚਿਹਰੇ ਜੋੜ ਦਿੱਤੇ ਹਨ ਜਿਨ੍ਹਾਂ ਨੇ ਆਪਣੀ ਨਿੱਜੀ ਸ਼ੋਹਰਤ ਨੂੰ ਕਾਇਮ ਰੱਖਣ ਲਈ ਆਪਣੇ ਦੇਸ਼ ਵਾਸੀਆਂ ਵਿਰੁੱਧ ਅਨੇਕਾਂ ਮਾਰੂ ਫੈਸਲੇ ਲਏ।

ਟੈਂਕ ਤੋਂ ਪਰ੍ਹਾਂ ਸਿੱਖ ਜਨਮਾਣਸ ਵਿਚ ਟਿਕੀ ਬਾਬਾ ਦੀਪ ਸਿੰਘ ਦੀ ਤਸ਼ਬੀਹ ਹੈ ਜਿਨ੍ਹਾਂ ਦੇ ਸੱਜੇ ਹੱਥ ਖੰਡਾ ਹੈ ਤੇ ਖੱਬੇ ਹੱਥ ਦੀ ਤਲੀ 'ਤੇ ਕੱਟਿਆ ਹੋਇਆ ਸੀਸ। ਇਸੇ ਥਾਂ ਆ ਕੇ ਉਨ੍ਹਾਂ ਆਪਣਾ ਸੀਸ, ਅੰਮ੍ਰਿਤਸਰ ਦੀ ਰਾਖੀ ਕਰਦਿਆਂ ਅਰਪਣ ਕੀਤਾ ਸੀ। ਸਰੋਵਰ ਦੇ ਪਰਲੇ ਪਾਰ, ਜਿੱਥੇ ਟੈਂਕ ਖੜ੍ਹਾ ਹੈ, ਗੁਰਦੁਆਰਾ ਬਾਬਾ ਦੀਪ ਸਿੰਘ ਹੈ। ਕਹਿੰਦੇ ਹਨ, ਫੌਜ ਦਾ ਪਹਿਲਾ ਟੈਂਕ ਉਸ ਥਾਂ ਤੋਂ ਅਗਾਂਹ ਨਾ ਵਧ ਸਕਿਆ, ਨਕਾਰਾ ਹੋ ਗਿਆ। ਤਾਂਹੀਓਂ ਦੂਜਾ ਟੈਂਕ ਲਿਆ ਕੇ ਅਕਾਲ ਤਖਤ ਸਾਹਿਬ ਦੇ ਕਰੀਬ ਖੜ੍ਹਾਇਆ ਗਿਆ ਸੀ।

ਸਿੰਘ ਟਵਿਨਜ਼ ਮੱਧਕਾਲ ਦੇ ਸਿੰਘ ਯੋਧੇ ਦੇ ਕਰਮ ਨੂੰ ਵਰਤਮਾਨ ਸਮੇਂ ਵਿਚ ਵੀ ਕਾਰਜ ਕਰਦਾ ਦੇਖ ਰਹੀਆਂ ਹਨ। ਦੋ ਭਿੰਨ ਹਾਲਾਤ ਹਨ, ਪਰ ਇਨ੍ਹਾਂ ਵਿਚ ਸੰਜੁਗਤੀ ਵੀ ਹੈ। ਪੇਂਟਿੰਗ ਦੱਸ ਰਹੀ ਹੈ ਕਿ ਬੀਤਿਆ ਹੋਇਆ ਵਰਤਮਾਨ ਵਾਸਤੇ ਕਿਵੇਂ ਪ੍ਰਸੰਗਕ ਹੋ ਗੁਜ਼ਰਦਾ ਹੈ। ਅਜਿਹੀਆਂ ਮੇਲਵੀਆਂ ਹੋਣੀਆਂ ਨਵੇਂ ਲੋਕ ਵਿਸ਼ਵਾਸਾਂ ਨੂੰ ਦ੍ਰਿੜ੍ਹ ਕਰਦੀਆਂ ਹਨ। ਬਾਬਾ ਦੀਪ ਸਿੰਘ ਦੀ ਇਮੇਜ ਦੇ ਬਿਲਕੁਲ ਅੱਗੇ ਹਥਿਆਰਬੰਦ ਫੌਜੀ ਸੰਗੀਨ ਚੜ੍ਹੀ ਬੰਦੂਕ ਨਾਲ ਸਿੱਖ ਸ਼ਰਧਾਲੂ ਨੂੰ ਮਾਰ ਰਿਹਾ ਹੈ। ਐਨ ਨੇੜੇ ਵਿਰਲਾਪ ਕਰ ਰਹੀ ਔਰਤ ਦੀ ਗੋਦ ਵਿਚ ਬੱਚਾ ਹੈ। ਸੰਭਵ ਹੈ ਅਗਲਾ ਮਰਨ ਵਾਲਾ ਬੱਚਾ ਜਾਂ ਮਾਂ ਹੋਵੇ। ਜਿਹੜਾ ਟੈਂਕ ਬਾਬਾ ਦੀਪ ਸਿੰਘ ਦੇ ਸ਼ਹੀਦੀ ਸਥਾਨ ਉਤੇ ਖੜ੍ਹਾ ਹੈ, ਉਹ ਲੰਗਰਖਾਨੇ ਵੱਲ ਦੀ ਆਇਆ ਸੀ। ਫਰਸ਼ ਉਪਰ ਲਹੂ ਦੀਆਂ ਝਰੀਟਾਂ ਦੱਸਦੀਆਂ ਹਨ ਜਿਵੇਂ ਟੈਂਕ ਥੱਲੇ ਆ ਕੇ ਕੋਈ ਮਧੋਲਿਆ ਗਿਆ ਹੈ।

ਚਿਤਰ ਨੂੰ ਵਿੱਥ ਤੋਂ ਦੇਖਣ ਨਾਲ ਲੱਗਦਾ ਹੈ ਕਿ ਫੌਜੀ ਕਾਰਵਾਈ ਦੀ ਵਿਉਂਤਬੰਦੀ ਚੁਪਾਸਿਓਂ ਕੀਤੀ ਗਈ ਸੀ। ਇਹ ਦਰਬਾਰ ਸਾਹਿਬ ਦੇ ਨੇੜੇ ਵੀ ਹੈ ਤੇ ਇਮਾਰਤ ਤੋਂ ਬਾਹਰ ਵੀ। ਸਭ ਦਾ ਨਿਸ਼ਾਨਾ ਇਕ ਹੈ, ਪਵਿਤਰ ਅਸਥਾਨ ਤੇ ਸ਼ਰਧਾਲੂ।

ਇਹ ਦ੍ਰਿਸ਼ ਸਾਕਾ ਨੀਲਾ ਤਾਰਾ ਵਿਚ ਵਾਪਰੇ ਦੀ ਹੂ-ਬ-ਹੂ ਤਸਵੀਰ ਨਹੀਂ ਸਗੋਂ ਅਨੇਕਾਂ ਵਸੀਲਿਆਂ ਤੋਂ ਪ੍ਰਾਪਤ ਹੋਈ ਜਾਣਕਾਰੀ ਆਧਾਰਤ ਹੈ। ਸਿੰਘ ਟਵਿਨਜ਼ ਦੱਸਦੀਆਂ ਹਨ, "ਅਸੀਂ ਅਜਿਹਾ ਚਿਤਰ ਬਣਾਉਣਾ ਚਾਹੁੰਦੀਆਂ ਸਾਂ ਜਿਸ ਵਿਚ ਹੋਏ ਵਾਪਰੇ ਦੀ ਸਿੱਧੀ ਨੁਕਤਾਚੀਨੀ ਕੀਤੀ ਗਈ ਹੋਵੇ। ਏਦਾਂ ਕਰਦਿਆਂ ਅਸੀਂ ਸਜਗ ਸਾਂ ਕਿ ਕਿਤੇ ਇਹ ਭਾਰਤ ਵਿਰੋਧੀ ਨਾ ਬਣ ਕੇ ਰਹਿ ਜਾਵੇ ਜਾਂ ਸਰਕਾਰ ਹੀ ਅਜਿਹਾ ਭੁਲੇਖਾ ਜਗਾਉਣ ਦੇ ਰਾਹ ਪੈ ਜਾਵੇ ਜਾਂ ਸਿੱਖਾਂ ਦੀ ਆਜ਼ਾਦ ਸਟੇਟ ਮੰਗਣ ਵਾਲਾ ਸਮੂਹ ਇਸ ਚਿਤਰ ਨੂੰ ਆਪਣੇ ਹੱਕ ਵਿਚ ਭੁਗਤਾਉਣ ਲੱਗ ਪਵੇ। ਇਸ ਤ੍ਰਾਸਦੀ ਦੇ ਬਾਵਜੂਦ ਅਸੀਂ ਜਾਣਦੀਆਂ ਹਾਂ ਕਿ ਬਹੁਗਿਣਤੀ ਸਿੱਖ ਰਾਸ਼ਟਰਵਾਦੀ ਹਨ ਅਤੇ ਉਹ ਆਪਣੀ ਵੱਖਰੀ ਸਿੱਖ ਹੋਂਦ ਕਾਇਮ ਰੱਖਦਿਆਂ ਵੀ ਭਾਰਤ ਤੋਂ ਵੱਖ ਨਹੀਂ ਹੋਣਾ ਚਾਹੁੰਦੇ।"

ਇਹ ਚਿਤਰ ਸਾਹਮਣੇ ਆਉਣ 'ਤੇ ਕੁਝ ਖਾਸ ਰੰਗ ਦਿਸਦੇ ਹਨ। ਹਲਕੇ ਨੀਲੇ ਰੰਗ ਵਾਲਾ ਸਰੋਵਰ, ਸੋਨੇ ਰੰਗਾ ਦਰਬਾਰ ਸਾਹਿਬ ਅਤੇ ਸਫੈਦ ਰੰਗ ਵਾਲੀਆਂ ਪਰਿਕਰਮਾ ਦੀਆਂ ਇਮਾਰਤਾਂ ਅਤੇ ਘੰਟਾ ਘਰ। ਜ਼ਿਆਦਾ ਧਿਆਨ ਸਰੋਵਰ ਵਿਚ ਡੁੱਲ੍ਹੇ ਲਹੂ ਉਪਰ ਜਾ ਟਿਕਦਾ ਹੈ। ਸ਼ਾਂਤੀ, ਸਬਰ, ਭਾਈਚਾਰੇ ਦਾ ਲਖਾਇਕ ਪਵਿਤਰ ਅਸਥਾਨ ਵੈਰ ਅਤੇ ਹਿੰਸਾ ਵਿਚ ਡੁੱਬ ਗਿਆ। ਪੇਂਟਿੰਗ ਦਾ ਵੱਡਾ ਹਿੱਸਾ ਸਰੋਵਰ ਹਿੱਸੇ ਆਇਆ ਹੈ ਜਿਸ ਦੇ ਜਲ ਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਇਸ ਵਿਚ ਲਹੂ ਹੀ ਨਹੀਂ ਸਗੋਂ ਲਾਸ਼ਾਂ ਵੀ ਹਨ। ਦਰਬਾਰ ਸਾਹਿਬ ਦੀ ਛੱਤ, ਜੰਗਲੇ, ਪਰਿਕਰਮਾ ਅਤੇ ਹੋਰ ਥਾਂਵਾਂ ਮ੍ਰਿਤਕਾਂ ਨਾਲ ਭਰਪੂਰ ਹੈ। ਚੁਰਾਸੀ ਦੀ ਹੋਣੀ ਨੂੰ ਦੱਸਦਾ ਇਹ ਚਿਤਰ ਕਾਫੀ ਨਰਮ ਸੁਭਾਅ ਵਾਲਾ ਹੈ। ਰਚਨਾਕਾਰ ਦੇ ਗਿਆਨ ਅਤੇ ਸਮਰੱਥਾ ਨੇ ਇਹਦੇ ਵਿਚੋਂ ਹੀ ਝਾਕਣਾ ਹੈ। ਅਪਨਾਈ ਗਈ ਸ਼ੈਲੀ ਵੀ ਵਿਸ਼ੇ ਨੂੰ ਮਰਯਾਦਿਤ ਕਰਦੀ ਹੈ। ਸਿੰਘ ਟਵਿਨਜ਼ ਹਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀ ਹਰ ਤਫਸੀਲ ਹਾਸਲ ਕਰਨ ਦਾ ਉਪਰਾਲਾ ਕਰਦੀਆਂ ਹਨ। ਚਿਤਰ ਵਿਚ ਅਕਾਲ ਤਖਤ ਸਾਹਿਬ ਦੇ ਨਾਲ ਹੀ ਦੋ ਨਿਸ਼ਾਨ ਸਾਹਿਬ ਝੂਲ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵਾਂ ਦੀ ਉਚਾਈ ਇਕੋ ਜਿਹੀ ਨਹੀਂ। ਇਕ ਵੱਡਾ ਹੈ, ਦੂਜਾ ਉਸ ਤੋਂ ਨੀਵਾਂ। ਸਿੰਘ ਟਵਿਨਜ਼ ਨੇ ਉਸ ਭਿੰਨਤਾ ਨੂੰ ਚਿਤਰਕਾਰੀ ਦੀ ਪੇਸ਼ਕਸ਼ ਵਿਚ ਭੁਲਾਇਆ



ਆਪਣੇ ਪਿਤਾ ਕਰਨੈਲ ਸਿੰਘ ਨਾਲ ਅੰਮ੍ਰਿਤ ਕੌਰ ਅਤੇ ਰਵਿੰਦਰ ਕੌਰ।

ਨਹੀਂ। ਅਗਰਭੂਮੀ ਦੀ ਸਪੇਸ ਦੇ ਮੁਕਾਬਲੇ ਸਿਖਰ ਉਪਰ ਆਸਮਾਨ ਦੀ ਲੰਮੀ ਧਾਰੀ ਦਿਖਾਈ ਦਿੰਦੀ ਹੈ। ਆਸਮਾਨ ਨਿਰਮਲ ਨਹੀਂ ਸਗੋਂ ਬੱਦਲਾਂ ਦੀ ਗਤੀਵਿਧੀ ਨਾਲ ਭਰਪੂਰ ਹੈ। ਇਹ ਧਰਤ ਦੀ ਉਥਲ-ਪੁਥਲ ਦਾ ਅਕਸ ਲੱਗਦਾ ਹੈ। ਸਿਆਹ ਬੱਦਲਾਂ ਦੀ ਆਵਾਜਾਈ ਸ਼ੁਭ ਸੰਕੇਤ ਨਹੀਂ।

ਚਿਤੇਰੀਆਂ ਨੇ ਤੇਜ਼ ਅਤੇ ਗੂੜ੍ਹੇ ਰੰਗ ਵਰਤੇ ਹਨ। ਇਹ ਚੋਣ ਉਨ੍ਹਾਂ ਦੇ ਮਿਜਾਜ਼ ਦਾ ਹਿੱਸਾ ਹੈ। ਇਹ ਦ੍ਰਿਸ਼ ਰਚਨਾ ਆਮ ਪੇਂਟਿੰਗਾਂ ਜਾਂ ਫੋਟੋਗ੍ਰਾਫਰਾਂ ਤੋਂ ਐਨ ਉਲਟ ਹੈ। ਇਕ ਖਾਸ ਵਸਤੂ ਸਥਿਤੀ ਵਿਚ ਹਰਿਮੰਦਰ ਸਾਹਿਬ ਨੂੰ ਟਿਕਾਉਣਾ ਕ੍ਰਾਂਤੀਕਾਰੀ ਪਹਿਲ ਹੈ। ਇਹ ਵਸਤੂ ਸਥਿਤੀ ਇਤਿਹਾਸਕ ਤ੍ਰਾਸਦੀ ਦਾ ਬੋਧ ਕਰਵਾਉਂਦੀ ਹੈ।

# ਅਰੁੰਧਤੀ ਰਾਏ ਨੂੰ ਲੰਡਨ ਤੋਂ ਬਰਨਾਲਾ ਕੌਣ ਲਿਆਇਆ

*ਵਿਦਵਾਨਾਂ ਦੀ ਦੁਨੀਆਂ ਵਿਚ ਅਰੁੰਧਤੀ ਰਾਏ (24 ਨਵੰਬਰ 1961) ਦਾ ਆਪਣਾ ਮੁਕਾਮ ਹੈ। ਆਪਣੇ ਪਲੇਠੇ ਨਾਵਲ 'ਦਿ ਗੌਡ ਆਫ ਸਮਾਲ ਥਿੰਗਜ਼' (1996) ਲਈ ਬੁੱਕਰ ਇਨਾਮ ਜਿੱਤਣ ਤੋਂ ਬਾਅਦ ਉਹ ਦੁਨੀਆਂ ਭਰ ਵਿਚ ਛਾ ਗਈ ਸੀ। ਹਾਲ ਹੀ ਵਿਚ ਉਸ ਦਾ ਦੂਜਾ ਨਾਵਲ 'ਦਿ ਮਨਿਸਟਰੀ ਆਫ ਅੱਟਮੋਸਟ ਹੈਪੀਨੈੱਸ' (2017) ਛਪਿਆ ਹੈ ਜਿਸ ਦੀ ਖੂਬ ਚਰਚਾ ਹੋਈ ਹੈ। ਇਸ ਦੌਰਾਨ ਉਹ ਭਾਰਤ ਵਿਚ ਵੱਖ-ਵੱਖ ਚੱਲਦੀਆਂ ਲੋਕਪੱਖੀ ਲਹਿਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੀ ਰਹੀ ਹੈ। ਪਿਛੇ ਜਿਹੇ ਜਮਹੂਰੀ ਕਾਰਕੁਨਾਂ ਦੀ ਗ੍ਰਿਫਤਾਰੀ ਖਿਲਾਫ ਬਰਨਾਲਾ ਵਿਚ ਕਰਵਾਏ ਸਮਾਗਮ ਵਿਚ ਉਨ੍ਹਾਂ ਉਚੇਚੀ ਸ਼ਿਰਕਤ ਕੀਤੀ। ਪੱਤਰਕਾਰ ਦਲਜੀਤ ਅਮੀ ਨੇ ਇਸ ਸਮਾਗਮ ਦਾ ਖੁਲਾਸਾ ਆਪਣੀ ਇਸ ਲਿਖਤ ਵਿਚ ਕੀਤਾ ਹੈ। -ਸੰਪਾਦਕ*



ਬਰਨਾਲਾ ਵਿਚ ਸਮਾਗਮ ਦੌਰਾਨ ਸੰਬੋਧਨ ਕਰਦੀ ਹੋਈ ਉਘੀ ਲੇਖਕਾ ਅਰੁੰਧਤੀ ਰਾਏ।

"ਇਹ ਮੁਲਕ 1947 ਤੋਂ ਹਿੰਦੂ ਰਾਸ਼ਟਰ ਹੈ ਪਰ ਜੇ ਭਾਜਪਾ 2019 ਦੀਆਂ ਚੋਣਾਂ ਜਿੱਤ ਕੇ ਦੁਬਾਰਾ ਸਰਕਾਰ ਬਣਾਉਂਦੀ ਹੈ ਤਾਂ ਮੁਲਕ ਰਸਮੀ ਤੌਰ ਉਤੇ ਹਿੰਦੂਤਵੀ ਬਣ ਜਾਵੇਗਾ। ਕਸ਼ਮੀਰ ਵਿਚ ਫੌਜ ਪੁਲਿਸ ਬਣ ਗਈ ਹੈ ਅਤੇ ਬਸਤਰ ਵਿਚ ਪੁਲਿਸ ਫੌਜ ਬਣ ਗਈ ਹੈ।"

ਅਰੁੰਧਤੀ ਰਾਏ ਦੀ ਸਮੁੱਚੀ ਤਕਰੀਰ ਇਸ ਫਿਕਰੇ ਨੂੰ ਖੋਲ੍ਹਣ ਦੀ ਮਸ਼ਕ ਬਣ ਗਈ। ਅਰੁੰਧਤੀ ਰਾਏ ਨੇ ਕਿਹਾ ਕਿ ਮੌਜੂਦਾ ਦੌਰ ਵਿਚ ਮੁਲਕ ਗ਼ੈਰ-ਰਸਮੀ ਹਿੰਦੂਵਾਦੀ ਰਾਜ ਤੋਂ ਰਸਮੀ ਤੌਰ ਉਤੇ ਹਿੰਦੂਵਾਦੀ ਨਿਜ਼ਾਮ ਬਣਦਾ ਜਾ ਰਿਹਾ ਹੈ। ਉਹ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਦੇ ਸੱਦੇ ਉਤੇ ਪਿਛਲੇ ਦਿਨਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਕਾਰਕੁਨਾਂ ਅਤੇ ਕਥਿਤ ਜਮਹੂਰੀ ਹਕੂਕ ਦੇ ਘਾਣ ਖ਼ਿਲਾਫ਼ ਕਨਵੈਨਸ਼ਨ ਵਿਚ ਮੁੱਖ ਬੁਲਾਰੇ ਵਜੋਂ ਬੋਲਣ ਬਰਨਾਲਾ ਪਹੁੰਚੇ ਸੀ। ਓਪਰੇਸ਼ਨ ਗਰੀਨ ਹੰਟ ਭਾਰਤ ਸਰਕਾਰ ਵੱਲੋਂ ਨਕਸਲੀਆਂ ਖ਼ਿਲਾਫ਼ ਚਲਾਈ ਗਈ ਮੁਹਿੰਮ ਦਾ ਨਾਂ ਹੈ। ਬਰਨਾਲਾ ਦੇ ਮਹਾਂਸ਼ਕਤੀ ਕਲਾ ਮੰਦਿਰ ਵਿਚ ਕਰਵਾਈ ਇਸ ਕਨਵੈਨਸ਼ਨ ਵਿਚ ਕਿਸਾਨਾਂ, ਮਜ਼ਦੂਰਾਂ ਅਤੇ ਬੁਧੀਜੀਵੀ ਤਬਕੇ ਦੇ ਲੋਕ ਸ਼ਾਮਿਲ ਸਨ।

**ਦਲਜੀਤ ਅਮੀ**
**ਫੋਨ: 91-97811-21873**

ਹਾਲ ਦੀਆਂ ਤਸਵੀਰਾਂ ਤੇ ਨਾਅਰਿਆਂ ਦਾ ਰਿਸ਼ਤਾ: ਕਨਵੈਨਸ਼ਨ ਹਾਲ ਦੀਆਂ ਕੰਧਾਂ ਉਤੇ ਰਾਮਾਇਣ ਦੇ ਦ੍ਰਿਸ਼ਾਂ ਵਾਲੇ ਵੱਡੇ ਚਿਤਰ ਲੱਗੇ ਹੋਏ ਸਨ। ਦਸ ਏਅਰਕੰਡੀਸ਼ਨਾਂ ਅਤੇ ਪੈਂਤੀ ਪੱਖਿਆਂ ਦੇ ਬਾਵਜੂਦ ਹੁੰਮਸ ਵਾਲੇ ਮਾਹੌਲ ਵਿਚ ਹਾਲ ਭਰਿਆ ਹੋਇਆ ਸੀ। ਰਮਾਇਣ ਦੇ ਦ੍ਰਿਸ਼ਾਂ ਦੇ ਹੇਠਾਂ ਦੁਧੀਆ ਕਾਗ਼ਜ਼ਾਂ ਉਤੇ ਨਾਅਰੇ ਲਿਖੇ ਸਨ ਜੋ ਕਸ਼ਮੀਰੀ ਪੱਤਰਕਾਰ ਸ਼ੁਜਾਤ ਬੁਖ਼ਾਰੀ, ਤਾਮਿਲਨਾਡੂ ਦੇ ਤੂਤੀਕੁਡੀ ਅਤੇ ਭੀਮਾ ਕੋਰੇਗਾਓਂ ਦੀ ਹਿੰਸਾ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕੀਤੇ ਗਏ ਪੰਜ ਕਾਰਕੁਨਾਂ ਨੂੰ ਕਿਸੇ ਅਦ੍ਰਿਸ਼ ਜਿਹੀ ਲੜੀ ਵਿਚ ਬੰਨ੍ਹਦੇ ਸਨ।

ਜਦੋਂ ਤੇਲਗੂ ਕਵੀ ਅਤੇ ਮਨੁੱਖੀ ਹਕੂਕ ਕਾਰਕੁਨ ਵਰਵਰਾ ਰਾਓ ਬੋਲ ਰਹੇ ਸਨ ਤਾਂ ਮੌਜੂਦਾ ਹਾਲਾਤ ਦੀ 'ਰਾਮਾਇਣ; ਦੇ ਦ੍ਰਿਸ਼ ਕੰਧਾਂ ਉਤੇ ਲੱਗੇ ਚਿਤਰਾਂ ਦੀ ਨਵੀਂ ਵਿਆਖਿਆ ਕਰਦੇ ਜਾਪਦੇ ਸਨ। ਕਾਗ਼ਜ਼ਾਂ ਉਤੇ ਲਿਖੇ ਨਾਅਰਿਆਂ ਦੀਆਂ ਕੜੀਆਂ ਉਜਾਗਰ ਹੋ ਰਹੀਆਂ ਸਨ। ਹਨੂਮਾਨ ਦੇ ਮੋਢਿਆਂ ਉਤੇ ਬੈਠੇ ਰਾਮ ਅਤੇ ਲਕਸ਼ਮਣ ਜਾਂ ਸੰਜੀਵਨੀ ਬੂਟੀ ਲਿਆਉਣ ਦਾ ਦ੍ਰਿਸ਼ ਵਰਵਰਾ ਰਾਓ ਦੀ ਤਕਰੀਰ ਮੌਕੇ ਵੱਡੀਆਂ ਕੰਪਨੀਆਂ, ਕੁਦਰਤੀ ਸਾਧਨਾਂ ਨਾਲ ਜੁੜੀ ਆਦਿਵਾਸੀ ਤਬਕੇ ਦੀ ਜ਼ਿੰਦਗੀ ਅਤੇ ਵਿਕਾਸ ਦੀ ਨਵੀਂ ਮਨਸੂਬਾਬੰਦੀ ਵਿਚੋਂ ਉਪਜਦੇ ਸੁਆਲਾਂ ਰਾਹੀਂ ਨਵੀਂ 'ਰਾਮਾਇਣ' ਪੇਸ਼ ਕਰਦਾ ਸੀ।

'ਸਰਕਾਰ ਭਾਜਪਾ ਦੀ ਨਹੀਂ, ਰਾਸ਼ਟਰੀ ਸਵੈਮਸੇਵਕ ਸੰਘ ਦੀ': ਅਰੁੰਧਤੀ ਰਾਏ ਨੇ ਆਪਣੀ ਤਕਰੀਰ ਇਸ ਧਾਰਨਾ ਨਾਲ ਸ਼ੁਰੂ ਕੀਤੀ ਕਿ ਮੌਜੂਦਾ ਸਰਕਾਰ ਭਾਜਪਾ ਦੀ ਨਹੀਂ ਸਗੋਂ ਰਾਸ਼ਟਰੀ ਸਵੈਮਸੇਵਕ ਸੰਘ ਦੀ ਹੈ। ਉਨ੍ਹਾਂ ਨੇ ਹਿੰਦੂਤਵ ਦੀ ਵਿਆਖਿਆ ਕਰਦਿਆਂ ਦਾਅਵਾ ਕੀਤਾ ਕਿ ਇਹ ਉਚੀ ਜਾਤ ਦੇ ਹਿੰਦੂਆਂ ਨੂੰ ਪਹਿਲੇ ਦਰਜੇ ਦੇ ਅਤੇ ਬਾਕੀਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣ ਵਾਲੀ ਸੋਚ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਮੌਜੂਦਾ ਦੌਰ ਨੂੰ ਸਮਝਣ ਲਈ ਇਤਿਹਾਸ ਨੂੰ ਠੀਕ ਤਰ੍ਹਾਂ ਸਮਝਣਾ ਹੋਵੇਗਾ, ਇਸ ਪਿਛੋਂ ਹੀ ਆਉਣ ਵਾਲੇ ਵਕਤ ਨੂੰ ਸਮਝਿਆ ਜਾ ਸਕੇਗਾ।

'ਕਾਂਗਰਸ ਦੇ ਰਾਜ ਵਿਚ ਦੋ ਜਿੰਦਰੇ ਖੋਲ੍ਹੇ ਗਏ': ਅਰੁੰਧਤੀ ਰਾਏ ਨੇ ਮੌਜੂਦਾ ਦੌਰ ਦੇ ਰੁਝਾਨ ਦੀ ਸ਼ੁਰੂਆਤ ਵਜੋਂ 1990ਵਿਆਂ ਦੀ ਨਿਸ਼ਾਨਦੇਹੀ ਕੀਤੀ, ਜਦੋਂ ਦੋ ਜਿੰਦੇ ਖੋਲ੍ਹੇ ਗਏ। ਇਕ ਅਰਥਚਾਰੇ ਦੇ ਬਾਜ਼ਾਰ ਲਈ ਜਿੰਦਰਾ ਖੋਲ੍ਹਿਆ ਗਿਆ ਅਤੇ ਦੂਜਾ ਬਾਬਰੀ ਮਸਜਿਦ ਦਾ ਜਿੰਦਰਾ ਤੋੜਿਆ ਗਿਆ। ਉਨ੍ਹਾਂ ਨੇ ਇਨ੍ਹਾਂ ਦੋਵਾਂ ਜਿੰਦਰਿਆਂ ਨੂੰ ਦੋ ਤਰ੍ਹਾਂ ਦੇ ਮੂਲਵਾਦ ਨਾਲ ਜੋੜ ਕੇ ਪੇਸ਼ ਕੀਤਾ। ਉਨ੍ਹਾਂ ਕਿਹਾ, "ਇੱਕ ਬਾਜ਼ਾਰ ਦਾ ਮੂਲਵਾਦ ਹੈ ਅਤੇ ਦੂਜਾ ਹਿੰਦੂਤਵ ਦਾ ਮੂਲਵਾਦ ਹੈ। ਇਹ ਦੋਵਾਂ ਕਿਸਮ ਦੇ ਮੂਲਵਾਦ ਨੇ ਆਪਣਾ ਹੀ ਦੋ ਤਰ੍ਹਾਂ ਦਾ ਮਸਨੂਈ (ਬਨਾਵਟੀ) ਅਤਿਵਾਦ ਘੜ ਲਿਆ। ਇਕ ਇਸਲਾਮੀ ਅਤਿਵਾਦ ਅਤੇ ਦੂਜਾ ਵਿਕਾਸ ਵਿਰੋਧੀ ਅਤਿਵਾਦ ਜਿਸ ਨੂੰ ਮਾਓਵਾਦੀ ਕਰਾਰ ਦਿੱਤਾ।" ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਨਵਾਂ ਨਿਜ਼ਾਮ ਬਣ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸਾਫ਼ ਕੀਤਾ ਕਿ ਇਸ ਰੁਝਾਨ ਨਾਲ ਜਮਹੂਰੀਅਤ ਦੇ ਸਾਰੇ ਅਦਾਰਿਆਂ ਦਾ ਖ਼ਾਸਾ ਬਦਲ ਰਿਹਾ ਹੈ ਜਿਨ੍ਹਾਂ 'ਚ ਅਦਾਲਤ, ਫੌਜ ਅਤੇ ਮੀਡੀਆ, ਸਿਹਤ ਅਤੇ ਸਿੱਖਿਆ ਦੀ ਵਿਗੜਦੀ ਹਾਲਤ ਸ਼ਾਮਿਲ ਹੈ।

ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਦਾ ਹਵਾਲਾ: ਅਰੁੰਧਤੀ ਰਾਏ ਨੇ ਆਪਣੀ ਦਲੀਲ ਦੀ ਵਿਆਖਿਆ ਲਈ ਸੰਯੁਕਤ ਰਾਸ਼ਟਰ ਦੀ ਕਸ਼ਮੀਰ ਵਿਚ ਮਨੁੱਖੀ ਹਕੂਕ ਦੇ ਘਾਣ ਬਾਬਤ ਛਾਪੀ ਰਪਟ ਦਾ ਜ਼ਿਕਰ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਇਸ ਰਪਟ ਨੂੰ ਰੱਦ ਕਰਨ ਲਈ ਦਲੀਲ ਦਿੰਦੀ ਹੈ ਕਿ ਕਮੇਟੀ ਨੇ ਕਸ਼ਮੀਰ ਦਾ ਦੌਰਾ ਨਹੀਂ ਕੀਤਾ ਪਰ ਆਪ ਹੀ ਸਰਕਾਰ ਨੇ ਇਸ ਦੌਰੇ ਦੀ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਪੁੱਛਿਆ, "ਜੇ ਲੁਕਾਉਣ ਲਈ ਕੁਝ ਨਹੀਂ ਹੈ ਤਾਂ ਪੜਤਾਲ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।"



ਸਮਾਗਮ ਵਿਚ ਹਿੱਸਾ ਲੈ ਰਹੇ ਸ਼ਾਇਰ ਵਰਵਰਾ ਰਾਓ ਅਤੇ ਲੇਖਕਾ ਅਰੁੰਧਤੀ ਰਾਏ।

ਕਾਰਕੁਨਾਂ ਦੀ ਗ੍ਰਿਫ਼ਤਾਰੀ ਦਾ ਕਿਸ ਵੱਲ ਇਸ਼ਾਰਾ?: ਛੇ ਜੂਨ ਨੂੰ ਰੋਨਾ ਵਿਲਸਨ, ਸੁਰਿੰਦਰ ਗਡਲਿੰਗ, ਸ਼ੋਮਾ ਸੇਨ, ਮਹੇਸ਼ ਰਾਉਤ ਅਤੇ ਸੁਧੀਰ ਧਾਵਲੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਖ਼ਿਲਾਫ਼ ਭੀਮਾ ਕੋਰੇਗਾਓਂ ਦੀ ਹਿੰਸਾ ਭੜਕਾਉਣ, ਮਾਓਵਾਦੀਆਂ ਦੀ ਹਮਾਇਤ ਕਰਨ ਅਤੇ ਪ੍ਰਧਾਨ ਮੰਤਰੀ ਨੂੰ ਕਤਲ ਕਰਨ ਦੀ ਸਾਜ਼ਿਸ਼ ਕਰਨ ਦੇ ਇਲਜ਼ਾਮ ਲਗਾਏ ਗਏ ਹਨ। ਅਰੁੰਧਤੀ ਰਾਏ ਨੇ ਇਨ੍ਹਾਂ ਦੀ ਗ੍ਰਿਫ਼ਤਾਰੀ ਦੇ ਪਿਛੇ ਸਰਗਰਮ ਰੁਝਾਨ ਬਾਰੇ ਕਿਹਾ ਕਿ ਇਨ੍ਹਾਂ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਸ਼ੁਰੂਆਤ ਮੰਨਿਆ ਜਾਵੇ ਤਾਂ ਇਸ ਰੁਝਾਨ ਦੇ ਹੋਰ ਤਿੱਖਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦਾ ਕਹਿਣਾ ਸੀ, ਜਦੋਂ ਦਲਿਤ, ਮੁਸਲਮਾਨ ਤੇ ਆਦਿਵਾਸੀ ਤਾਂ ਅਤਿਵਾਦੀ ਕਰਾਰ ਦਿੱਤੇ ਗਏ ਹਨ, ਸਾਡੇ ਜਿਹੇ ਸ਼ਹਿਰੀ ਮਾਓਵਾਦੀ ਬਣ ਗਏ ਹਨ ਤਾਂ ਬਚਿਆ ਕੌਣ ਹੈ?

ਅਰੁੰਧਤੀ ਰਾਏ ਆਪਣੇ ਨਵੇਂ ਨਾਵਲ 'ਦਿ ਮਨਿਸਟਰੀ ਆਫ਼ ਅੱਟਮੋਸਟ ਹੈਪੀਨੈੱਸ' ਦੇ ਸਿਲਸਿਲੇ ਵਿਚ ਪੂਰੀ ਦੁਨੀਆਂ ਦਾ ਚੱਕਰ ਲਗਾ ਕੇ ਆਏ ਹਨ। ਅਠਾਈ ਜੂਨ ਨੂੰ ਉਹ ਲੰਡਨ ਵਿਚ 'ਸੀਬਾਲਡ ਲੈਕਚਰ 2018' ਦੇ ਕੇ ਆਏ ਹਨ। ਇਹ ਨਾਵਲ 48 ਬੋਲੀਆਂ ਵਿਚ ਛਪ ਚੁੱਕਿਆ ਹੈ ਅਤੇ ਛੇ ਹੋਰ ਬੋਲੀਆਂ ਵਿਚ ਇਸ ਦਾ ਤਰਜਮਾ ਹੋ ਰਿਹਾ ਹੈ।


ਬਰਨਾਲਾ ਕਿਵੇਂ ਬਣਿਆ ਪੜਾਅ?: ਜਦੋਂ ਅਰੁੰਧਤੀ ਰਾਏ ਨੂੰ ਪੁੱਛਿਆ ਕਿ ਉਨ੍ਹਾਂ ਦੇ ਦੁਨੀਆਂ ਦੇ ਦੌਰੇ ਵਿਚ ਬਰਨਾਲਾ ਕਿਵੇਂ ਪੜਾਅ ਬਣ ਜਾਂਦਾ ਹੈ ਤਾਂ ਉਨ੍ਹਾਂ ਦਾ ਜੁਆਬ ਸੀ, "ਮੇਰੇ ਲੇਖ ਅਤੇ ਨਾਵਲ ਇਸ ਮੁੱਦੇ ਤੋਂ ਵੱਖਰੇ ਨਹੀਂ ਹਨ। ਸਾਡੇ ਮੁਲਕ ਅਤੇ ਸਮਾਜ ਵਿਚ ਇਕ ਪਾਸੇ ਵੱਡੇ-ਵੱਡੇ ਕਾਂਡ ਕਿਸੇ ਜਾਂਚ ਦਾ ਸਬੱਬ ਨਹੀਂ ਬਣਦੇ ਪਰ ਦੂਜੇ ਪਾਸੇ ਹਰ ਤਰ੍ਹਾਂ ਦੀ ਸਿਆਸੀ ਜਾਂ ਰੋਹ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ।"

'ਹਰੇ ਘਾਹ ਦਾ ਜੰਗਲ': ਅਰੁੰਧਤੀ ਦੇ ਸਾਹਮਣੇ ਜੁੜੇ ਲੋਕਾਂ ਵਿਚ ਬਹੁਤ ਸਾਰੇ ਲੋਕਾਂ ਦੇ ਹਰੀਆਂ ਪੱਗਾਂ ਬੰਨ੍ਹੀਆਂ ਹੋਈਆਂ ਹਨ। ਕਈਆਂ ਕੋਲ ਹਰੇ ਝੰਡੇ ਹਨ। ਮਾਨਸਾ ਤੋਂ 82 ਸਾਲ ਦਾ ਬਲਦੇਵ ਸਿੰਘ, ਬਠਿੰਡਾ ਤੋਂ 70 ਸਾਲਾ ਸ਼ਿੰਗਾਰਾ ਸਿੰਘ, ਮੁਹਾਲੀ ਤੋਂ 72 ਸਾਲਾ ਯਸ਼ਪਾਲ, ਪਟਿਆਲਾ ਦਾ ਬਲਰਾਜ ਜੋਸ਼ੀ ਅਤੇ ਭਗਤਾ ਭਾਈ ਕਾ ਤੋਂ ਹਰਜਿੰਦਰ ਕੌਰ ਬਿੰਦੂ ਅਜਿਹਾ ਇਕੱਠ ਬਣਦੇ ਹਨ ਜੋ ਅਰੁੰਧਤੀ ਰਾਏ ਨੂੰ ਮਹਾਂਨਗਰਾਂ ਵਿਚ ਸੁਣਨ ਆਉਂਦੇ ਬੁੱਧੀਜੀਵੀ ਤਬਕੇ ਤੋਂ ਵੱਖਰਾ ਹੈ। ਵੱਖਰੀ-ਵੱਖਰੀ ਹਰੀ ਭਾਅ ਮਾਰਦੀਆਂ ਪੱਗਾਂ ਪਾਸ਼ ਦੀ ਕਵਿਤਾ ਵਿਚਲਾ 'ਹਰੇ ਘਾਹ ਦਾ ਜੰਗਲ' ਜਾਪਦੀਆਂ ਹਨ। ਸ਼ਾਇਦ ਅਰੁੰਧਤੀ ਰਾਏ ਦੇ ਸਫ਼ਰ ਵਿਚ ਬਰਨਾਲਾ ਵੀ ਇਸੇ ਲਈ ਪੜਾਅ ਬਣਿਆ ਹੈ, "ਮੈਨੂੰ ਬਰਨਾਲੇ ਉਤਾਰ ਦੇਣਾ ਜਿਥੇ ਹਰੇ ਘਾਹ ਦਾ ਜੰਗਲ ਹੈ।"

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜੁਲਾਈ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-334




**ਭੁੱਲ ਭੁਲਾ ਕੇ ਸਿਹਤ ਆਪਣੀ ਆਪਾਂ ਜੀ ਐਸੇ ਖੋ ਗਏ।**
**ਫੋਨ, ਕੰਪਿਊਟਰ, ਟੀ. ਵੀ. ਦੇਖੋ ਹੋਰ 'ਸਮਾਰਟ' ਹੋ ਗਏ।**

## ਕੈਪਸ਼ਨ ਮੁਕਾਬਲਾ-332



ਪਹਿਲਾਂ ਛੋਟੀ ਧੀ ਸ਼ਿੰਗਾਰੀ
ਫਿਰ ਸ਼ਿੰਗਾਰੀ ਵੱਡੀ।
ਵੱਡੀ ਗਿੱਧੇ ਦੇ ਵਿਚ ਘੁੰਮੇ
ਛੋਟੀ ਠੋਕੇ ਅੱਡੀ।
ਛੋਟੀਆਂ ਨੇ ਆ ਪਿੜ ਸ਼ਿੰਗਾਰਿਆ
ਵੱਡੀਆਂ ਚੜ੍ਹ ਗਈਆਂ ਗੱਡੀ।
ਵਿਰਸਾ ਸਾਂਭਣ ਦੇ ਵਿਚ ਮਾਂ ਨੇ
ਕਸਰ ਜ਼ਰਾ ਨਾ ਛੱਡੀ।
***-ਮਲਕੀਅਤ ਸਿੰਘ ਧਾਲੀਵਾਲ***
***ਓਟਵਾ, ਕੈਨੇਡਾ।***

---

ਚਾਵਾਂ-ਲਾਡਾਂ ਨਾਲ ਪਾਲੀ-ਪੋਸੀ
ਮੋਤੀਆ ਤੇ ਰੂਬੀ ਦੀ ਇਹ ਜੋੜੀ।
ਪਰ ਕੋਈ ਨਾ ਚਾਹਵੇ ਸਾਡੇ ਘਰ ਜਨਮੇ
ਔਰਤ ਜਾਤ ਦੀ ਪੱਥਰ ਰੋੜੀ।
ਪੁੱਤਰ ਜਨਮ ਦਾ ਹੋਵੇ ਸਵਾਗਤ
ਭਾਵੇਂ ਸਾਬਤ ਹੋਏ ਨਸ਼ੇੜੀ-ਕੋਹੜੀ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਫੋਟੋ ਖਿਚਵਾਣ ਤਿਆਰ ਹੋ ਕੇ ਮੁੰਨੀਆਂ।
ਸੰਗਤਰੀ ਸੂਟ, ਜਾਕੇਟਾਂ ਨਾਲ ਚੁੰਨੀਆਂ।
ਲੱਗਦਾ ਖਿੱਚੀ ਗਿੱਧੇ ਦੀ ਤਿਆਰੀ ਹੈ।
ਕਿੰਨੀਆਂ ਮਾਸੂਮ, ਸੂਰਤ ਪਿਆਰੀ ਹੈ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ***
***ਫੋਨ: 408-912-3438***

---

ਵਿਚ ਪਰਦੇਸੀਂ ਵੱਸਣ ਭਾਵੇਂ
ਭੁੱਲਣ ਨਾ ਕਦੇ ਮੇਲੇ, ਤੀਆਂ।
ਇੱਕੋ ਜਿਹੇ ਸੂਟ, ਟਿੱਕੇ, ਬਿੰਦੀਆਂ
ਪੱਬਾਂ ਭਾਰ ਇਹ ਨੱਚਣ ਧੀਆਂ।
ਹਰ ਵਰ੍ਹੇ ਹੀ ਕੱਠੀਆਂ ਹੋਵਣ
ਨਿੱਕੀਆਂ ਵੱਡੀਆਂ ਜਦ ਹੋਵਣ ਧੀਆਂ।
***-ਦਵਿੰਦਰ ਕੌਰ***

---

ਲਾਡਾਂ ਪਿਆਰਾਂ ਨਾਲ ਪਾਲ-ਪੋਸ ਕੇ
ਧੀਆਂ ਨੂੰ ਕਰਨ ਜਵਾਨ ਮਾਪੇ।
ਤੰਦਾਂ ਪੀਡੀਆਂ ਕਰਨ ਸਮਾਜ ਦੀਆਂ
ਪਰਾਏ ਦਰ ਤੋਰ ਕੇ ਪਸ਼ੇਮਾਨ ਮਾਪੇ।
ਖੁਸ਼ਬੋਆਂ ਖਿਲਾਰਨ ਵਿਰਸੇ ਦੀਆਂ
ਪੁੱਤਰਾਂ ਨਾਲੋਂ ਕਰਨ ਵੱਧ ਮਾਣ ਮਾਪੇ।
***-ਜਗਜੀਤ ਕੌਰ ਤੂਰ, ਚੰਡੀਗੜ੍ਹ।***

---

ਸਜ-ਧਜ ਵਿਆਹੁਤਾ ਲਾੜੀ ਵਾਂਗ
ਦੋਵੇਂ ਅੱਲ੍ਹੜ ਸਹੇਲੀਆਂ
ਕਰ ਪੂਰਾ ਹਾਰ-ਸ਼ਿੰਗਾਰ
ਤੁਰ ਪਈਆਂ ਘਰੋਂ ਬਾਹਰ।
ਪਾਉਣਗੀਆਂ ਧਮਾਲਾਂ
ਅੱਡੀ ਦੀ ਧਮਕ, ਬੁਲੰਦ ਆਵਾਜ਼ ਨਾਲ।
ਦਰਸ਼ਕ ਵੀ ਰਹਿ ਜਾਣਗੇ ਦੰਗ
ਦੇਖ ਸ਼ੌਕ ਬੱਚੀਆਂ ਦਾ।
ਮੋਹ ਲੈਣਗੀਆਂ ਸਭ ਨੂੰ
ਰਹਿ ਨਾ ਸਕੇਗਾ ਕੋਈ ਸਲਾਹੁਣੋ।
ਹੋ ਗਦ ਗਦ ਮੁੜਨਗੇ ਘਰਾਂ ਨੂੰ
ਦੇਣਗੇ ਨਸੀਹਤਾਂ ਪੋਤੀਆਂ ਨੂੰ
ਬਣੋ ਵਿਰਸਾ ਸਮਾਜ ਦਾ
ਤੰਗ ਦਿਲੀਆਂ ਨੂੰ ਪਛਾੜ ਸੁੱਟੋ।
***-ਦਰਸ਼ਨਪਾਲ ਦੋਸਾਂਝ***

---

ਮਾਂ, ਸ਼ਰਟ ਨਿੱਕਰ ਅਸਾਂ ਨਾ ਪਾਉਣੀ
ਦਾਦਾ ਜੀ ਹਨ ਬੁਰਾ ਮਨਾਉਂਦੇ।
ਸਾਨੂੰ ਅੱਜ ਤੋਂ ਬਾਅਦ ਨਾ ਕਹਿਣਾ,
"ਬੱਚਿਓ ਕਪੜੇ ਪਾਉ ਮਨ ਭਾਉਂਦੇ।"
ਬੋਲੀ ਤੇ ਪਹਿਰਾਵਾ ਹੁੰਦੇ
ਕੌਮਾਂ ਦੀ ਪਹਿਚਾਣ।
ਸੂਟ ਪੰਜਾਬੀ ਪਾ ਕੇ ਨੰਨ੍ਹੀਆਂ
ਖੁਸ਼ੀ ਵਿਚ ਫੁੱਲੀਆਂ ਨਾ ਸਮਾਣ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

**To Advertise with Punjab Times**
**Call: 847-359-0746**

# ਸੱਟੇਬਾਜ਼ੀ ਨੂੰ ਕਾਨੂੰਨੀ ਮਾਨਤਾ ਦੇਣ ਦੀ ਤਿਆਰੀ

**ਚੰਡੀਗੜ੍ਹ:** ਭਾਰਤੀ ਕਾਨੂੰਨ ਕਮਿਸ਼ਨ (ਐਲ.ਸੀ.ਆਈ.) ਨੇ ਖੇਡਾਂ ਵਿਚ ਸੱਟੇਬਾਜ਼ੀ ਨੂੰ ਕਾਨੂੰਨੀ ਰੂਪ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਇਹ ਗੈਰਕਾਨੂੰਨੀ ਸਿੰਡੀਕੇਟਾਂ ਅਤੇ ਅਪਰਾਧ ਜਗਤ ਨਾਲ ਜੁੜੇ ਅਨਸਰਾਂ ਦੇ ਸ਼ਿਕੰਜੇ 'ਚੋਂ ਬਾਹਰ ਆ ਜਾਵੇ ਅਤੇ ਸਰਕਾਰ ਲਈ ਆਮਦਨ ਦਾ ਵਸੀਲਾ ਬਣ ਜਾਵੇ। ਕਮਿਸ਼ਨ ਦੀ ਸਿਫਾਰਸ਼ ਦਾ ਸਬੰਧ 2013 ਦੀ ਇੰਡੀਅਨ ਪ੍ਰੀਮੀਅਰ ਕ੍ਰਿਕਟ ਲੀਗ (ਆਈ.ਪੀ.ਐਲ.) ਦੌਰਾਨ ਵਾਪਰੇ ਸੱਟੇਬਾਜ਼ੀ ਤੇ ਸਪੌਟ ਫਿਕਸਿੰਗ ਸਕੈਂਡਲ ਨਾਲ ਜੁੜਿਆ ਹੋਇਆ ਹੈ।



ਇਸੇ ਸਕੈਂਡਲ ਕਾਰਨ ਸੁਪਰੀਮ ਕੋਰਟ ਨੂੰ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਪ੍ਰਬੰਧ ਵਿਚ ਦਖਲ ਦੇਣਾ ਪਿਆ ਸੀ ਅਤੇ ਇਸ ਪ੍ਰਬੰਧ ਨੂੰ ਸੁਧਾਰਨ ਲਈ ਲੋਢਾ ਕਮੇਟੀ ਦੀ ਸਥਾਪਨਾ ਕਰਨੀ ਪਈ ਸੀ। ਜਸਟਿਸ ਲੋਢਾ ਕਮੇਟੀ ਨੇ ਹੀ ਕ੍ਰਿਕਟ ਤੇ ਹੋਰ ਖੇਡਾਂ ਵਿਚ ਸ਼ਰਤਬਾਜ਼ੀ (ਦੂਜੇ ਸ਼ਬਦਾਂ ਵਿਚ ਸੱਟੇਬਾਜ਼ੀ) ਨੂੰ ਜਾਇਜ਼ ਕਰਾਰ ਦੇਣ ਦੀ ਸਿਫਾਰਸ਼ ਕੀਤੀ ਸੀ।

ਸੱਟੇਬਾਜ਼ੀ, ਜੂਏਬਾਜ਼ੀ ਦਾ ਹੀ ਇਕ ਰੂਪ ਹੈ ਜਿਸ ਨੂੰ ਭਾਰਤੀ ਦੰਡ ਵਿਧਾਨ ਦੇ ਤਹਿਤ ਗ਼ੈਰਕਾਨੂੰਨੀ ਮੰਨਿਆ ਜਾਂਦਾ ਹੈ। ਉਂਜ, ਕਈ ਰਾਜਾਂ ਵਿਚ ਜੂਆਘਰਾਂ (ਕੈਸੀਨੋਜ਼) ਨੂੰ ਕਾਨੂੰਨੀ ਮਾਨਤਾ ਹਾਸਲ ਹੈ। ਇਸੇ ਤਰ੍ਹਾਂ ਰਾਜ ਸਰਕਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਲਾਟਰੀਆਂ ਵੀ 'ਸਰਕਾਰੀ ਜੂਏਬਾਜ਼ੀ' ਦਾ ਹੀ ਇਕ ਰੂਪ ਹਨ। ਭਾਰਤ ਵਿਚ ਘੁੜ-ਦੌੜਾਂ ਲਈ ਸ਼ਰਤਬਾਜ਼ੀ ਨੂੰ ਕਾਨੂੰਨੀ ਪ੍ਰਵਾਨਗੀ ਹਾਸਲ ਹੈ। ਕਾਨੂੰਨ ਕਮਿਸ਼ਨ ਦਾ ਕਹਿਣਾ ਹੈ ਕਿ ਘੁੜ-ਦੌੜਾਂ ਨੂੰ ਛੱਡ ਕੇ ਬਾਕੀ ਸਾਰੀਆਂ ਖੇਡਾਂ ਲਈ ਸ਼ਰਤਬਾਜ਼ੀ ਗ਼ੈਰਕਾਨੂੰਨੀ ਹੋਣ ਕਾਰਨ ਸ਼ਰਤਬਾਜ਼ ਆਪਣੇ ਸ਼ੌਕ ਦੀ ਪੂਰਤੀ ਗੁਪਤ ਢੰਗਾਂ ਨਾਲ ਕਰਦੇ ਹਨ। ਇਸ ਰੁਝਾਨ ਨੇ ਦਰਜਨਾਂ ਸਿੰਡੀਕੇਟ ਤੇ ਅਪਰਾਧੀ ਗਰੋਹ ਪੈਦਾ ਕੀਤੇ ਜਿਨ੍ਹਾਂ ਦਾ ਜਾਲ ਨਾ ਸਿਰਫ ਭਾਰਤ ਸਗੋਂ ਖਾੜੀ ਦੇਸ਼ਾਂ, ਦੱਖਣ ਪੂਰਬੀ ਏਸ਼ੀਆ, ਅਫਰੀਕਾ, ਯੂਰਪ ਅਤੇ ਅਮਰੀਕਾ-ਕੈਨੇਡਾ ਤੱਕ ਫੈਲਿਆ ਹੋਇਆ ਹੈ।

ਕਮਿਸ਼ਨ ਨੇ ਸੁਝਾਅ ਦਿੱਤਾ ਹੈ ਕਿ ਸੱਟੇਬਾਜ਼ ਨੂੰ ਬਿਹਤਰ ਢੰਗ ਨਾਲ ਨੇਮਬੰਦ ਕਰਨ ਲਈ ਸਾਰੀਆਂ ਅਦਾਇਗੀਆਂ ਨਕਦੀ-ਰਹਿਤ ਬਣਾਈਆਂ ਜਾਣ ਅਤੇ ਇਨ੍ਹਾਂ ਨੂੰ ਪੈਨ ਤੇ ਆਧਾਰ ਕਾਰਡਾਂ ਨਾਲ ਜੋੜਿਆ ਜਾਵੇ। ਇਸ ਰਾਹੀਂ ਇਹ ਪਤਾ ਰਹੇਗਾ ਕਿ ਕੌਣ ਕਿੰਨੀ ਰਕਮ ਜਿੱਤਿਆ, ਕਿੰਨੀ ਹਾਰਿਆ, ਕਿਸ ਨੂੰ ਕਿੰਨਾ ਕਮਿਸ਼ਨ ਮਿਲਿਆ ਅਤੇ ਕਿੰਨਾ ਟੈਕਸ ਕੱਟਿਆ ਗਿਆ।

ਵੱਖ ਵੱਖ ਅਨੁਮਾਨਾਂ ਅਨੁਸਾਰ ਭਾਰਤੀ ਸੱਟਾ ਬਾਜ਼ਾਰ 9.6 ਲੱਖ ਕਰੋੜ ਰੁਪਏ ਤੱਕ ਦਾ ਹੈ। ਇਸ ਵਿਚੋਂ ਬਹੁਤਾ ਕ੍ਰਿਕਟ ਉਤੇ ਕੇਂਦਰਿਤ ਹੈ। ਸਰਕਾਰ ਇਸ ਰਕਮ ਤੋਂ ਮੋਟੀ ਟੈਕਸ ਵਸੂਲੀ ਕਰ ਸਕਦੀ ਹੈ।

# ਜੱਗੀ ਜੌਹਲ ਦੇ ਹੱਕ 'ਚ ਬ੍ਰਿਟਿਸ਼ ਸੰਸਦ ਮੈਂਬਰਾਂ ਦੀ ਲਾਮਬੰਦੀ

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੇ ਸੰਸਦ ਮੈਂਬਰਾਂ ਸਣੇ 70 ਕਾਨੂੰਨਦਾਨਾਂ ਨੇ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੂੰ ਜ਼ੋਰ ਦੇ ਕੇ ਆਖਿਆ ਹੈ ਕਿ ਉਹ ਹੱਤਿਆ ਦੇ ਸ਼ੱਕ ਹੇਠ ਪੰਜਾਬ



ਦੀ ਇਕ ਜੇਲ੍ਹ ਵਿਚ ਬੰਦ ਬਰਤਾਨਵੀ ਸਿੱਖ ਨੌਜਵਾਨ ਉਤੇ ਤਸ਼ੱਦਦ ਢਾਹੁਣ ਦੇ ਦੋਸ਼ਾਂ ਨੂੰ ਭਾਰਤ ਸਰਕਾਰ ਕੋਲ ਉਚਤਮ ਪੱਧਰ 'ਤੇ ਉਠਾਉਣ।

ਸਕਾਟਲੈਂਡ ਦੇ ਡੰਬਰਟਨ ਵਾਸੀ ਜਗਤਾਰ ਸਿੰਘ ਜੌਹਲ ਨੂੰ ਪਿਛਲੇ ਸਾਲ ਨਵੰਬਰ ਮਹੀਨੇ ਪੰਜਾਬ ਵਿਚ ਫਿਰਕੂ ਹਿੰਸਾ ਫੈਲਾਉਣ ਦੀਆਂ ਕਾਰਵਾਈਆਂ ਨੂੰ ਸ਼ਹਿ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਯੂਕੇ ਵਿਚ ਸਿੱਖ ਜਥੇਬੰਦੀਆਂ ਨੇ 31 ਸਾਲਾ ਜੌਹਲ ਦੀ ਰਿਹਾਈ ਲਈ 'ਫਰੀ ਜੱਗੀ' ਮੁਹਿੰਮ ਵਿੱਢੀ ਹੋਈ ਹੈ ਤੇ ਇਹ ਮਾਮਲਾ ਹਾਊਸ ਆਫ ਕਾਮਨਜ਼ ਵਿਚ ਵੀ ਉਠਾਇਆ ਗਿਆ ਹੈ।

ਆਲ ਪਾਰਟੀ ਪਾਰਲੀਮਾਨੀ ਗਰੁਪ (ਏ.ਪੀ.ਪੀ.ਜੀ.) ਫਾਰ ਬ੍ਰਿਟਿਸ਼ ਸਿੱਖਜ਼ ਨੇ ਇਕ ਪੱਤਰ ਉਪਰ 70 ਤੋਂ ਵੱਧ ਐਮਪੀਜ਼ ਦੇ ਦਸਤਖਤ ਇਕੱਤਰ ਕੀਤੇ ਹਨ ਜਿਨ੍ਹਾਂ ਮੰਗ ਕੀਤੀ ਹੈ ਕਿ ਯੂਕੇ ਦੇ ਵਿਦੇਸ਼ ਮੰਤਰੀ ਬੋਰਿਸ ਜੌਹਨਸਨ ਭਾਰਤ ਵਿਚ ਜੌਹਲ ਦੀ ਹਿਰਾਸਤ ਦੇ ਮਾਮਲੇ 'ਤੇ ਪਾਰਲੀਮੈਂਟ ਵਿਚ ਬਿਆਨ ਦੇਣ। ਲੇਬਰ ਐਮ.ਪੀ. ਤੇ ਏ.ਪੀ.ਪੀ.ਜੀ. ਫਾਰ ਬ੍ਰਿਟਿਸ਼ ਸਿੱਖਜ਼ ਦੀ ਚੇਅਰ ਪ੍ਰੀਤ ਕੌਰ ਗਿੱਲ ਨੇ ਡਾਊਨਿੰਗ ਸਟਰੀਟ ਨੂੰ ਲਿਖੇ ਆਪਣੇ ਪੱਤਰ ਵਿਚ ਕਿਹਾ ਕਿ ਸ੍ਰੀ ਜੌਹਲ ਨੇ ਦੋਸ਼ ਲਾਇਆ ਹੈ ਕਿ ਉਸ 'ਤੇ ਭਾਰਤੀ ਸੁਰੱਖਿਆ ਦਸਤਿਆਂ ਵੱਲੋਂ ਤਸ਼ੱਦਦ ਢਾਹਿਆ ਗਿਆ।

ਸ੍ਰੀ ਜੌਹਲ ਨਾਲ ਹੋ ਰਹੇ ਸਲੂਕ ਬਾਰੇ ਉਨ੍ਹਾਂ ਦਾ ਹੱਥ ਲਿਖਿਆ ਬਿਰਤਾਂਤ ਹਾਲ ਹੀ ਵਿਚ ਸਾਹਮਣੇ ਆਇਆ ਸੀ। ਇਸ ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ ਵਿਚ ਲੇਬਰ ਐਮ.ਪੀ. ਤੇ ਏ.ਪੀ.ਪੀ.ਜੀ. ਫਾਰ ਬ੍ਰਿਟਿਸ਼ ਸਿੱਖਜ਼ ਦੇ ਵਾਈਸ-ਚੇਅਰ ਤਨਮਨਜੀਤ ਸਿੰਘ ਢੇਸੀ ਤੇ ਲੇਬਰ ਪਾਰਟੀ ਵਿਚ ਉਨ੍ਹਾਂ ਦੇ ਸਹਿਕਰਮੀ ਸੀਮਾ ਮਲਹੋਤਰਾ, ਵਰਿੰਦਰ ਸ਼ਰਮਾ ਤੇ ਕੀਥ ਵਾਜ਼ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭੇਜੇ ਪੱਤਰਾਂ ਦਾ ਕੋਈ ਅਸਰ ਨਹੀਂ ਹੋਇਆ ਤੇ ਉਨ੍ਹਾਂ ਟੈਰੀਜ਼ਾ ਮੇਅ ਨੂੰ ਆਪਣੇ ਕੂਟਨੀਤਕ ਵਸੀਲਿਆਂ ਦੀ ਵਰਤੋਂ ਕਰ ਕੇ ਇਹ ਯਕੀਨੀ ਬਣਾਉਣ ਕਿ ਭਾਰਤ ਸਰਕਾਰ ਇਸ ਮਾਮਲੇ ਵਿਚ ਕਾਨੂੰਨ ਦੇ ਸ਼ਾਸਨ ਦੀ ਪਾਲਣਾ ਕਰੇ।

## ਨਾਬਾਲਗ ਨਾਲ ਜਬਰ ਜਨਾਹ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ

**ਸਾਗਰ (ਮੱਧ ਪ੍ਰਦੇਸ਼):** ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੀ ਇਕ ਅਦਾਲਤ ਨੇ 40 ਸਾਲਾ ਇਕ ਵਿਅਕਤੀ ਨੂੰ ਨਾਬਾਲਗ ਨਾਲ ਜਬਰ ਜਨਾਹ ਕਰਨ ਦੇ ਦੋਸ਼ 'ਚ ਮੌਤ ਦੀ ਸਜ਼ਾ ਸੁਣਾਈ ਹੈ। ਇਹ ਫੈਸਲਾ ਅਦਾਲਤ ਨੇ ਘਟਨਾ ਤੋਂ 45 ਦਿਨਾਂ ਵਿਚਕਾਰ ਸੁਣਾਇਆ ਹੈ। ਅਦਾਲਤ ਨੇ ਭਾਗੀਰਥ ਪਟੇਲ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ। ਇਹ ਘਟਨਾ ਬੀਤੀ 21 ਮਈ ਨੂੰ ਵਾਪਰੀ ਸੀ ਤੇ ਦੋਸ਼ੀ ਖਿਲਾਫ਼ ਪਿਛਲੇ ਹਫਤੇ ਦੋਸ਼ ਤੈਅ ਕੀਤੇ ਗਏ ਸਨ।

ਮੁਲਜ਼ਮ ਨੇ ਇਕ 9 ਸਾਲਾ ਬੱਚੀ ਨੂੰ ਇਕ ਮੰਦਰ 'ਚ ਖੜ ਕੇ ਉਸ ਨਾਲ ਜਬਰ ਜਨਾਹ ਕੀਤਾ। ਬੱਚੀ ਦੇ ਰੋਣ ਦੀਆਂ ਆਵਾਜ਼ਾਂ ਸੁਣ ਕੇ ਉਸ ਦੇ ਪਰਿਵਾਰ ਵਾਲੇ ਮੰਦਰ ਪਹੁੰਚੇ। ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ 3 ਦਿਨਾਂ ਦੇ ਅੰਦਰ ਹੀ ਜਾਂਚ ਪੂਰੀ ਕਰ ਲਈ ਅਤੇ 25 ਮਈ ਨੂੰ ਦੋਸ਼ ਪੱਤਰ ਦਾਖਲ ਕਰ ਦਿੱਤਾ। ਮਾਮਲੇ 'ਚ 25 ਗਵਾਹਾਂ ਨੇ ਆਪਣੇ ਬਿਆਨ ਦਰਜ ਕੀਤੇ ਜਿਸ ਤੋਂ ਬਾਅਦ ਅਦਾਲਤ ਨੇ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਉਪਰੰਤ ਇਹ ਫੈਸਲਾ ਸੁਣਾਇਆ।

# ਨਿਰਭਯਾ ਕੇਸ: ਦੋਸ਼ੀਆਂ ਨੂੰ ਫਾਂਸੀ ਦੇਣ ਦਾ ਰਾਹ ਸਾਫ

**ਨਵੀਂ ਦਿੱਲੀ:** ਦਿੱਲੀ ਵਿਚ 16 ਦਸੰਬਰ, 2012 ਦੀ ਰਾਤ ਨੂੰ ਵਾਪਰੇ ਭਿਆਨਕ ਨਿਰਭਯਾ ਬਲਾਤਕਾਰ ਕਾਂਡ ਦੇ ਤਿੰਨ ਦੋਸ਼ੀਆਂ ਦੀ ਸਜ਼ਾ-



ਏ-ਮੌਤ ਖਿਲਾਫ਼ ਦੋਸ਼ੀਆਂ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨਾਂ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤੀਆਂ। ਬੈਂਚ ਨੇ ਕਿਹਾ ਕਿ ਇਨ੍ਹਾਂ ਵਿਚ ਅਜਿਹੀ ਕੋਈ ਦਲੀਲ ਨਹੀਂ ਦਿੱਤੀ ਗਈ ਕਿ ਅਦਾਲਤ ਇਸ ਸਬੰਧੀ ਬੀਤੇ ਸਾਲ 5 ਮਈ ਨੂੰ ਸੁਣਾਏ ਆਪਣੇ ਫੈਸਲੇ ਉਤੇ ਮੁੜ ਗੌਰ ਕਰੇ।

ਇਹ ਫੈਸਲਾ ਬੈਂਚ ਨੇ ਦੋਸ਼ੀਆਂ ਮੁਕੇਸ਼ (31), ਪਵਨ ਗੁਪਤਾ (24) ਤੇ ਵਿਨੇ ਸ਼ਰਮਾ (25) ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨਾਂ ਦੇ ਆਧਾਰ ਉਤੇ ਸੁਣਾਇਆ। ਬੈਂਚ ਨੇ ਕਿਹਾ ਕਿ ਦੋਸ਼ੀ ਨਜ਼ਰਸਾਨੀ ਪਟੀਸ਼ਨਾਂ ਵਿਚ ਕੋਈ ਨਵਾਂ ਪੱਖ ਜਾਂ ਪਿਛਲੇ ਫੈਸਲਿਆਂ ਦੀ ਕੋਈ 'ਖਾਮੀ' ਉਜਾਗਰ ਕਰਨ ਵਿਚ ਨਾਕਾਮ ਰਹੇ ਹਨ, ਜਦੋਂਕਿ ਦਿੱਲੀ ਹਾਈ ਕੋਰਟ ਦੇ ਫੈਸਲੇ ਖਿਲਾਫ਼ ਉਨ੍ਹਾਂ ਦੀਆਂ ਅਪੀਲਾਂ ਉਤੇ ਅਦਾਲਤ ਪਹਿਲਾਂ ਹੀ ਤਫਸੀਲ ਨਾਲ ਸੁਣਵਾਈ ਕਰ ਚੁੱਕੀ ਹੈ।

ਇਹ ਘਟਨਾ 16-17 ਦਸੰਬਰ, 2012 ਦੀ ਰਾਤ ਨੂੰ ਦੱਖਣੀ ਦਿੱਲੀ ਦੀਆਂ ਸੜਕਾਂ ਉਤੇ ਚੱਲਦੀ ਬੱਸ ਵਿਚ ਵਾਪਰੀ ਸੀ, ਜਦੋਂ ਆਪਣੇ ਦੋਸਤ ਨਾਲ ਬੱਸ ਵਿਚ ਚੜ੍ਹੀ 23 ਸਾਲਾ ਪੈਰਾ ਮੈਡੀਕਲ ਵਿਦਿਆਰਥਣ ਨਾਲ ਬੱਸ ਦੇ ਅਮਲੇ ਦੇ ਛੇ ਮੈਂਬਰਾਂ ਨੇ ਸਮੂਹਿਕ ਬਲਾਤਕਾਰ ਕੀਤਾ ਸੀ। ਇਸ ਮੌਕੇ ਪੀੜਤਾ ਤੇ ਉਸ ਦੇ ਸਾਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ। ਪੀੜਤਾ ਦੀ ਬਾਅਦ ਵਿਚ ਸਿੰਗਾਪੁਰ ਦੇ ਇਕ ਹਸਪਤਾਲ ਵਿਚ ਇਲਾਜ ਦੌਰਾਨ 29 ਦਸੰਬਰ, 2012 ਨੂੰ ਮੌਤ ਹੋ ਗਈ ਸੀ।

ਅਦਾਲਤ ਦੇ ਫੈਸਲੇ ਉਤੇ ਟਿੱਪਣੀ ਕਰਦਿਆਂ ਪੀੜਤਾ ਦੀ ਮਾਤਾ ਆਸ਼ਾ ਦੇਵੀ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਫੈਸਲੇ ਰਾਹੀਂ ਅਜਿਹੇ ਘਿਨਾਉਣੇ ਜੁਰਮ ਕਰਨ ਵਾਲਿਆਂ ਨੂੰ ਸਖਤ ਸੁਨੇਹਾ ਦਿੱਤਾ ਹੈ। ਇਸ ਨਾਲ ਨਿਆਪਾਲਿਕਾ ਵਿਚ ਸਾਡਾ ਭਰੋਸਾ ਮੁੜ ਬਹਾਲ ਹੋਇਆ ਹੈ। ਮੇਰੀ ਪ੍ਰਧਾਨ ਮੰਤਰੀ ਨੂੰ ਅਪੀਲ ਹੈ ਕਿ ਕੁੜੀਆਂ ਤੇ ਔਰਤਾਂ ਨਾਲ ਅਜਿਹੇ ਜ਼ੁਲਮ ਕਰਨ ਵਾਲਿਆਂ ਖਿਲਾਫ਼ ਸਖਤ ਕਦਮ ਚੁੱਕੇ ਜਾਣ। ਛੇ ਦੋਸ਼ੀਆਂ ਵਿਚੋਂ ਇਕ ਬਾਲ ਅਪਰਾਧੀ ਪਹਿਲਾਂ ਹੀ ਬਾਲ ਸੁਧਾਰ ਘਰ ਵਿਚ ਤਿੰਨ ਸਾਲ ਦੀ ਸਜ਼ਾ ਭੁਗਤ ਕੇ ਰਿਹਾਅ ਹੋ ਚੁੱਕਾ ਹੈ। ਰਾਮ ਸਿੰਘ ਨਾਮੀ ਇਕ ਹੋਰ ਦੋਸ਼ੀ ਨੇ 11 ਮਾਰਚ, 2013 ਨੂੰ ਤਿਹਾੜ ਜੇਲ੍ਹ ਵਿਚ ਖੁਦਕੁਸ਼ੀ ਕਰ ਲਈ ਸੀ। ਮਾਮਲੇ ਦੇ ਬਚੇ ਚੌਥੇ ਦੋਸ਼ੀ ਅਕਸ਼ੇ ਕੁਮਾਰ ਸਿੰਘ (33) ਨੇ ਹਾਲੇ ਤੱਕ ਨਜ਼ਰਸਾਨੀ ਪਟੀਸ਼ਨ ਨਹੀਂ ਪਾਈ।

## ਕਰਨਾਟਕ ਸਰਕਾਰ ਨੇ ਖੁਸ਼ ਕੀਤੇ ਕਿਸਾਨ

**ਬੰਗਲੌਰ:** ਕਰਨਾਟਕ ਦੇ ਮੁੱਖ ਮੰਤਰੀ ਐਚ.ਡੀ. ਕੁਮਾਰ ਸਵਾਮੀ ਨੇ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਕਿਸਾਨਾਂ ਦੀ 34000 ਕਰੋੜ ਰੁਪਏ ਦੀ ਕਰਜ਼ ਮੁਆਫੀ ਦਾ ਐਲਾਨ ਕੀਤਾ ਹੈ ਪਰ ਇਸ ਦੇ ਨਾਲ ਹੀ ਜੇ.ਡੀ. (ਐਸ)-ਕਾਂਗਰਸ ਗੱਠਜੋੜ ਸਰਕਾਰ ਦੇ ਪਲੇਠੇ ਬਜਟ ਵਿਚ ਤੇਲ ਤੇ ਬਿਜਲੀ ਦੀਆਂ ਦਰਾਂ ਵਧਾ ਦਿੱਤੀਆਂ ਹਨ।

ਪਹਿਲੇ ਪੜਾਅ ਹੇਠ 31 ਦਸੰਬਰ 2017 ਤੱਕ ਕਿਸ਼ਤਾਂ ਫਸਲੀ ਕਰਜ਼ੇ ਦੀਆਂ ਕਿਸ਼ਤਾਂ ਨਾ ਤਾਰਨ ਵਾਲੇ ਸਾਰੇ ਡਿਫਾਲਟਰ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇਗੀ। ਹਰੇਕ ਕਿਸਾਨ ਵੱਲੋਂ ਮੋੜੇ ਗਏ ਕਰਜ਼ੇ ਦੀ ਰਕਮ ਜਾਂ 25000 ਰੁਪਏ ਜਿਨ੍ਹਾਂ 'ਚੋਂ ਜੋ ਵੀ ਘੱਟ ਹੋਵੇਗੀ, ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ।

# ਹੁਣ ਨਹੀਂ ਮਿਲਣਗੇ ਵਿਦੇਸ਼ੀ ਸੈਲਾਨੀਆਂ ਨੂੰ ਮੁਫਤ ਸਿਮ ਕਾਰਡ

**ਚੰਡੀਗੜ੍ਹ:** ਭਾਰਤ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਨੂੰ ਮੁਫਤ ਵਿਚ ਸਿਮ ਕਾਰਡ ਦੇਣ ਵਾਲੀ ਸਕੀਮ ਨੂੰ ਬੰਦ ਕਰ ਦਿੱਤਾ ਗਿਆ ਹੈ। ਸੈਰ ਸਪਾਟਾ ਸਕੱਤਰ ਰਸ਼ਮੀ ਵਰਮਾ ਨੇ ਦੱਸਿਆ ਕਿ ਵਿਦੇਸ਼ੀ ਸੈਲਾਨੀਆਂ ਨੂੰ ਇਹ ਸਹੂਲਤ ਉਨ੍ਹਾਂ ਦੀਆਂ ਸੰਚਾਰ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਲਈ ਦਿੱਤੀ ਜਾ ਰਹੀ ਸੀ ਪਰ ਹੁਣ ਇਹ ਸਕੀਮ ਬੇਲੋੜੀ ਮਹਿਸੂਸ ਹੋ ਰਹੀ ਹੈ।

ਇਸ ਸਕੀਮ ਦੇ ਤਹਿਤ ਈ-ਵੀਜ਼ਾ ਰਾਹੀਂ ਵਿਦੇਸ਼ਾਂ ਤੋ ਭਾਰਤ ਆਉਣ ਵਾਲੇ ਸੈਲਾਨੀਆਂ ਨੂੰ ਪ੍ਰੀ-ਐਕਟੀਵੇਟਿਡ ਸਿੰਮਾਂ ਮੁਫਤ ਵਿਚ ਦਿੱਤੀਆਂ ਜਾਂਦੀਆਂ ਸਨ। ਸੈਰ ਸਪਾਟਾ ਮੰਤਰੀ ਮਹੇਸ਼ ਸ਼ਰਮਾ ਨੇ ਇਹ ਸਕੀਮ ਪਿਛਲੇ ਸਾਲ ਫਰਵਰੀ ਵਿਚ ਲਾਂਚ ਕੀਤੀ ਸੀ। ਹਵਾਈ ਅੱਡਿਆਂ ਸਣੇ ਦੇਸ਼ ਦੀਆਂ ਬਹੁਤ ਸਾਰੀਆਂ ਥਾਵਾਂ ਉਤੇ ਵਿਦੇਸ਼ੀ ਸੈਲਾਨੀਆਂ ਲਈ ਸੋਸ਼ਲ ਮੀਡੀਆ ਐਪਸ ਤੇ ਵਾਈ-ਫਾਈ ਵਰਤਣ ਦੀ ਵੀ ਸਹੂਲਤ ਹੈ।

ਇਸ ਸਕੀਮ ਤਹਿਤ ਸੈਲਾਨੀਆਂ ਨੂੰ ਮੁਫਤ ਸਿਮ ਦਿੱਤੀ ਜਾਂਦੀ ਸੀ ਜਿਸ 'ਚ 50 ਰੁਪਏ ਦਾ ਟਾਕਟਾਈਮ ਤੇ 30 ਦਿਨਾਂ ਤੱਕ ਵੈਲਿਡਿਟੀ ਵਾਲਾ 50 ਜੀਬੀ ਡੇਟਾ ਦਿੱਤਾ ਜਾਂਦਾ ਸੀ। ਇਸ ਉਤੇ 24 ਘੰਟੇ ਰਸ਼ੀਆ, ਜਰਮਨ ਤੇ ਜੈਪੇਨੀਜ਼ ਸਣੇ 12 ਭਾਸ਼ਾਵਾਂ ਵਿਚ ਹੈਲਪਲਾਈਨ ਨੰਬਰ ਦੀ ਸਹੂਲਤ ਵੀ ਦਿੱਤੀ ਜਾਂਦੀ ਸੀ। ਇਹ ਸਹੂਲਤ ਇਸ ਲਈ ਸ਼ੁਰੂ ਕੀਤੀ ਗਈ ਸੀ ਤਾਂ ਕਿ ਭਾਰਤ ਵਿਚ ਲੈਂਡ ਕਰਦੇ ਸਮੇਂ ਜਿੰਨੀ ਦੇਰ ਉਨ੍ਹਾਂ ਦਾ ਆਪਣਾ ਸਿਮ ਕਾਰਡ ਐਕਟੀਵੇਟ ਨਹੀਂ ਹੁੰਦਾ, ਉਨੀ ਦੇਰ ਉਹ ਭਾਰਤ ਵੱਲੋਂ ਦਿੱਤੇ ਸਿਮ ਨਾਲ ਜੁੜੇ ਰਹਿ ਸਕਣ।

## ਰਾਂਚੀ 'ਚ ਮਦਰ ਟੈਰੇਜ਼ਾ ਸੰਸਥਾ ਦਾ ਬਾਲ ਆਸ਼ਰਮ ਸੀਲ

**ਚੇਨਈ:** ਪੁਲਿਸ ਨੇ ਮਦਰ ਟੈਰੇਜ਼ਾ ਸੰਸਥਾ ਵੱਲੋਂ ਚਲਾਏ ਜਾਂਦੇ ਬਾਲ ਆਸ਼ਰਮ ਨੂੰ ਸੀਲ ਕਰ ਦਿੱਤਾ ਹੈ ਤੇ ਇਸ ਦੀ ਇਕ ਸਾਧਵੀ ਤੇ ਇਕ ਹੋਰ ਵਿਅਕਤੀ 'ਤੇ ਬੱਚਿਆਂ ਦੀ ਤਸਕਰੀ ਕਰਨ ਦਾ ਦੋਸ਼ ਆਇਦ ਕੀਤਾ ਹੈ। ਝਾਰਖੰਡ ਵਿਚ ਇਹ ਬਾਲ ਆਸ਼ਰਮ ਮਦਰ ਟੈਰੇਜ਼ਾ ਵੱਲੋਂ ਸਥਾਪਤ ਮਿਸ਼ਨਰੀਜ਼ ਆਫ ਚੈਰਿਟੀ ਵੱਲੋਂ ਚਲਾਇਆ ਜਾਂਦਾ ਸੀ ਤੇ ਇਥੇ ਅਣਵਿਆਹੀਆਂ ਕੁਆਰੀਆਂ ਮਾਵਾਂ ਨੂੰ ਪਨਾਹ ਦਿੱਤੀ ਜਾਂਦੀ ਸੀ।

## ਦਿੱਲੀ-ਅੰਮ੍ਰਿਤਸਰ ਉਡਾਣ 30 ਸਤੰਬਰ ਤੱਕ ਮੁਅੱਤਲ

**ਅੰਮ੍ਰਿਤਸਰ:** ਏਅਰ ਇੰਡੀਆ ਨੇ ਪੰਜਾਬੀਆਂ ਨੂੰ ਇਕ ਵੱਡਾ ਝਟਕਾ ਦਿੰਦਿਆਂ ਸਵੇਰ ਵੇਲੇ ਚੱਲਦੀ ਦਿੱਲੀ-ਅੰਮ੍ਰਿਤਸਰ-ਦਿੱਲੀ ਉਡਾਣ ਨੂੰ 12 ਜੁਲਾਈ ਤੋਂ 30 ਸਤੰਬਰ 2018 ਤੱਕ ਮੁਅੱਤਲ ਕਰ ਦਿੱਤਾ ਹੈ।

## ਸੜੀ ਰੋਟੀ ਦੇਣ 'ਤੇ ਪਤਨੀ ਨੂੰ ਤਲਾਕ

**ਬੰਡਾ:** ਇਕ ਮਹਿਲਾ ਨੂੰ ਸਿਰਫ ਰੋਟੀ ਸੜ ਜਾਣ ਕਰ ਕੇ ਜ਼ਬਰਦਸਤੀ ਤਿੰਨ ਤਲਾਕ ਤਹਿਤ ਤਲਾਕ ਦਿੱਤਾ ਗਿਆ ਤੇ ਪਤੀ ਦੇ ਘਰ ਤੋਂ ਬਾਹਰ ਕੱਢ ਦਿੱਤਾ ਗਿਆ। ਮੋਹਾਬਾ ਜ਼ਿਲ੍ਹੇ ਦੇ ਪਾਹਰੇਠਾ ਪਿੰਡ ਦੀ ਇਹ ਘਟਨਾ ਉਸ ਵੇਲੇ ਸਾਹਮਣੇ ਆਈ ਜਦੋਂ 24 ਸਾਲਾ ਮਹਿਲਾ ਨੇ ਪੁਲਿਸ ਕੋਲ ਇਸ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ। ਮਹਿਲਾ ਦੀ ਸ਼ਿਕਾਇਤ ਉਤੇ ਘਰੇਲੂ ਹਿੰਸਾ ਤਹਿਤ ਉਸ ਦੇ ਪਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਮਹਿਲਾ ਨੇ ਦੱਸਿਆ ਕਿ ਇਕ ਸਾਲ ਪਹਿਲਾਂ ਉਨ੍ਹਾਂ ਦਾ ਵਿਆਹ ਹੋਇਆ ਸੀ। ਉਸ ਨੇ ਆਪਣੇ ਪਤੀ ਉਤੇ ਇਹ ਦੋਸ਼ ਵੀ ਲਾਇਆ ਕਿ ਤਿੰਨ ਤਲਾਕ ਤਹਿਤ ਤਲਾਕ ਦੇਣ ਤੋਂ ਪਹਿਲਾਂ ਉਸ ਦੇ ਪਤੀ ਤਿੰਨ ਦਿਨ ਪਹਿਲਾਂ ਉਸ ਨੂੰ ਸਿਗਰਟ ਨਾਲ ਸਾੜਨ ਦੀ ਕੋਸ਼ਿਸ਼ ਵੀ ਕੀਤੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਪਿਛਲੇ ਸਾਲ 22 ਅਗਸਤ ਨੂੰ ਤਿੰਨ ਤਲਾਕ ਦੇ ਵਿਰੁੱਧ ਫੈਸਲਾ ਸੁਣਾਇਆ ਸੀ।

# ਸਾਬਕਾ ਐਸ.ਐਸ.ਪੀ. ਦੇ ਪੁੱਤਰ ਸਣੇ ਛੇ ਨੂੰ ਕੈਦ

**ਫਰੀਦਾਬਾਦ:** ਅਦਾਲਤ ਨੇ ਹੀਰਿਆਂ ਦੀ ਲੁੱਟ ਦੇ ਮਾਮਲੇ ਵਿਚ ਪੰਜਾਬ ਦੇ ਸਾਬਕਾ ਵਿਜੀਲੈਂਸ ਐਸ.ਐਸ.ਪੀ. ਸ਼ਿਵ ਕੁਮਾਰ ਦੇ ਪੁੱਤਰ ਮੋਹਿਤ ਸ਼ਰਮਾ ਸਮੇਤ ਛੇ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ 2 ਜੁਲਾਈ ਨੂੰ ਮੋਹਿਤ ਸਮੇਤ ਛੇ ਜਣਿਆਂ ਨੂੰ ਇਸ ਮਾਮਲੇ ਵਿਚ ਦੋਸ਼ੀ ਠਹਿਰਾਇਆ ਸੀ। ਇਨ੍ਹਾਂ ਵਿਚੋਂ ਮੋਹਿਤ, ਅਸ਼ੋਕ ਕੁਮਾਰ, ਸੁਰੇਸ਼ ਕੁਮਾਰ, ਮੁਹੰਮਦ ਮਿਹਰਬਾਨ ਤੇ ਭੁਪਿੰਦਰ ਸਿੰਘ ਨੂੰ 10 ਸਾਲ ਜਦੋਂ ਕਿ ਹਰਬੰਸ ਲਾਲ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਵਿਚ ਇਸ ਕੇਸ ਦੀ ਸੁਣਵਾਈ 2013 ਤੋਂ ਚੱਲ ਰਹੀ ਸੀ ਜਦੋਂ ਤੋਂ ਇਹ ਕੇਸ ਲੁਧਿਆਣਾ ਤੋਂ ਇਥੇ ਤਬਦੀਲ ਹੋਇਆ ਸੀ। ਦੋ ਜੁਲਾਈ ਨੂੰ ਇਸ ਕੇਸ ਨਾਲ ਸਬੰਧਤ ਅਮਨਦੀਪ ਸਿੰਘ, ਸੁਖਦੇਵ ਸਿੰਘ ਅਤੇ ਗੁਰਧਿਆਨ ਸਿੰਘ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ। ਇਹ ਲੁੱਟ ਦੀ ਘਟਨਾ 9 ਅਕਤੂਬਰ 2008 ਨੂੰ ਵਾਪਰੀ ਸੀ ਜਦੋਂ ਮੁੰਬਈ ਅਧਾਰਤ ਇਕ ਗਹਿਣਿਆਂ ਦੀ ਕੰਪਨੀ ਦਾ ਸੇਲਜ਼ਮੈਨ ਭਾਵੇਸ਼ ਕੁਮਾਰ 45 ਲੱਖ ਰੁਪਏ ਦੇ ਹੀਰੇ ਲੈ ਕੇ ਲੁਧਿਆਣਾ ਆਇਆ ਸੀ। ਮੋਹਿਤ ਵੱਲੋਂ ਵਪਾਰ ਦੇ ਸਿਲਸਿਲੇ ਵਿਚ ਉਸ ਨੂੰ ਗੱਡੀ ਦੇ ਕੇ ਅੰਮ੍ਰਿਤਸਰ ਭੇਜਿਆ ਗਿਆ ਸੀ ਤੇ ਰਸਤੇ 'ਚ ਭਾਵੇਸ਼ ਕੁਮਾਰ ਨੂੰ ਚਾਕੂਆਂ ਨਾਲ ਜ਼ਖ਼ਮੀ ਕਰਕੇ ਇਸ ਲੁੱਟ ਨੂੰ ਅੰਜਾਮ ਦਿੱਤਾ ਗਿਆ।

# ਇਕੋ ਸਮੇਂ ਚੋਣਾਂ ਬਾਰੇ ਸਿਆਸੀ ਦਲਾਂ 'ਚ ਨਾ ਹੋਇਆ ਏਕਾ

**ਨਵੀਂ ਦਿੱਲੀ:** ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੀਆਂ ਕਰਾਉਣ ਦੀ ਆਪਣੀ ਤਜਵੀਜ਼ ਸਬੰਧੀ ਸਿਆਸੀ ਪਾਰਟੀਆਂ ਦੀ ਰਾਇ ਜਾਨਣ ਲਈ ਲਾਅ ਕਮਿਸ਼ਨ ਦੀ ਸੱਦੀ ਮੀਟਿੰਗ ਵਿਚ ਤਜਵੀਜ਼ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ।

ਸ਼੍ਰੋਮਣੀ ਅਕਾਲੀ ਦਲ ਨੇ ਤਜਵੀਜ਼ ਦੀ ਡਟਵੀਂ ਹਮਾਇਤ ਕੀਤੀ। ਪਾਰਟੀ ਐਮ.ਪੀ. ਨਰੇਸ਼ ਗੁਜਰਾਲ ਨੇ ਕਿਹਾ ਕਿ ਇਸ ਨਾਲ ਖਰਚਾ ਬਚੇਗਾ ਤੇ ਪ੍ਰਸ਼ਾਸਨ ਸੁਧਰੇਗਾ।

ਭਾਜਪਾ ਦੀ ਗੋਆ ਤੋਂ ਭਾਈਵਾਲ ਜੀ.ਐਫ਼.ਪੀ. ਨੇ ਜ਼ੋਰਦਾਰ ਵਿਰੋਧ ਕੀਤਾ। ਸੀ.ਪੀ.ਆਈ. ਤੇ ਤ੍ਰਿਣਮੂਲ ਕਾਂਗਰਸ ਵੀ ਵਿਰੋਧ 'ਚ ਸਨ, ਜਦੋਂਕਿ ਸੀ.ਪੀ.ਐਮ. ਨੇ ਬਾਈਕਾਟ ਕੀਤਾ। ਭਾਜਪਾ ਤੇ ਕਾਂਗਰਸ ਵੀ ਪਹਿਲੇ ਦਿਨ ਦੇ ਵਿਚਾਰ-ਵਟਾਂਦਰੇ ਤੋਂ ਲਾਂਭੇ ਰਹੀਆਂ।

# ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਵਿਚ ਕੰਮਕਾਜ


ਮੇਘਾਲਿਆ ਅਤੇ ਨਾਗਾਲੈਂਡ ਇਸਾਈ ਬਹੁਮਤ ਵਸੋਂ ਵਾਲੇ ਰਾਜ ਹਨ। ਇਸ ਲਈ ਇਨ੍ਹਾਂ ਰਾਜਾਂ ਨੇ ਅੰਗਰੇਜ਼ੀ ਨੂੰ ਆਪਣੀ ਰਾਜ ਭਾਸ਼ਾ ਬਣਾਇਆ ਹੋਇਆ ਹੈ। ਨਾਗਾਲੈਂਡ ਵਿਚ ਅੰਗਰੇਜ਼ੀ ਦੇ ਨਾਲ ਨਾਲ ਸਥਾਨਕ ਭਾਸ਼ਾ ਨਾਗਾਮਸੀ ਨੂੰ ਵੀ ਰਾਜ ਭਾਸ਼ਾ ਦਾ ਦਰਜਾ ਹਾਸਲ ਹੈ। ਇਨ੍ਹਾਂ ਰਾਜਾਂ ਵਿਚ ਪ੍ਰਸ਼ਾਸਨਿਕ ਦਫਤਰਾਂ ਦੇ ਨਾਲ ਨਾਲ ਵਿਧਾਨ ਸਭਾ ਵਿਚ ਹਰ ਤਰ੍ਹਾਂ ਦੀ ਕਾਰਵਾਈ ਵੀ ਰਾਜ ਭਾਸ਼ਾਵਾਂ ਵਿਚ ਹੁੰਦੀ ਹੈ। ਉਨ੍ਹਾਂ ਮੈਂਬਰਾਂ ਨੂੰ ਅੰਗਰੇਜ਼ੀ ਵਿਚ ਬੋਲਣ ਤੋਂ ਛੋਟ ਹੈ ਜਿਨ੍ਹਾਂ ਦੀ ਮਾਤ-ਭਾਸ਼ਾ

**ਮਿੱਤਰ ਸੈਨ ਮੀਤ**
**ਫੋਨ: 91-98556-31777**

ਅੰਗਰੇਜ਼ੀ ਨਹੀਂ। ਅਜਿਹੀ ਸਥਿਤੀ ਵਿਚ ਮੈਂਬਰ ਨੂੰ ਆਪਣੇ ਭਾਸ਼ਣ ਦਾ ਅੰਗਰੇਜ਼ੀ ਅਨੁਵਾਦ ਬਾਕੀ ਮੈਂਬਰਾਂ ਨੂੰ ਪਹਿਲਾਂ ਦੇਣਾ ਪੈਂਦਾ ਹੈ।

ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਦੀ ਗੱਲ ਤਾਂ ਛੱਡੋ, ਇਥੋਂ ਦਾ ਮੁੱਖ ਮੰਤਰੀ ਹੀ ਨਹੀਂ ਸਗੋਂ ਵਿਰੋਧੀ ਧਿਰ ਦਾ ਨੇਤਾ ਵੀ ਆਪਣੀ ਗੱਲ ਅੰਗਰੇਜ਼ੀ ਵਿਚ ਕਹਿਣ ਵਿਚ ਫ਼ਖਰ ਮਹਿਸੂਸ ਕਰਦਾ ਹੈ। ਪੰਜਾਬ ਦੇ ਵਿਧਾਇਕਾਂ, ਮੰਤਰੀਆਂ ਅਤੇ ਮੁੱਖ ਮੰਤਰੀ ਨੂੰ ਆਪਣੀ ਮਾਤ (ਰਾਜ) ਭਾਸ਼ਾ ਦਾ ਨਿਰਾਦਰ ਕਰਨ ਦਾ ਹੱਕ, ਪੰਜਾਬ ਭਾਸ਼ਾ ਐਕਟ 1967 ਦੀ ਧਾਰਾ 6 ਦਿੰਦੀ ਹੈ। ਇਹ ਧਾਰਾ ਕਹਿੰਦੀ ਹੈ ਕਿ ਵਿਧਾਨ ਸਭਾ ਵਿਚ ਹੁੰਦਾ ਕੰਮ-ਕਾਜ ਪੰਜਾਬੀ ਜਾਂ ਹਿੰਦੀ, ਕਿਸੇ ਵੀ ਭਾਸ਼ਾ ਵਿਚ ਹੋ ਸਕਦਾ ਹੈ। ਇਹ ਧਾਰਾ ਨਾਲ ਦੀ ਨਾਲ ਇਹ ਵੀ ਕਹਿੰਦੀ ਹੈ ਕਿ ਜਿੰਨਾ ਚਿਰ ਅੰਗਰੇਜ਼ੀ ਵਿਚ ਹੁੰਦੇ ਕੰਮ-ਕਾਜ ਨੂੰ ਬੰਦ ਕਰਨ ਲਈ ਵਿਸ਼ੇਸ਼ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਂਦਾ, ਓਨਾ ਚਿਰ ਇਹ ਕੰਮ-ਕਾਜ ਅੰਗਰੇਜ਼ੀ ਵਿਚ ਹੋ ਸਕਦਾ ਹੈ। ਅੱਜ ਤਕ ਇਹ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਕਾਨੂੰਨ ਦੀ ਇਸੇ ਵਿਵਸਥਾ ਕਾਰਨ ਪੰਜਾਬ ਵਿਧਾਨ ਸਭਾ ਵਿਚ ਹਿੰਦੀ ਵਿਚ ਭਾਵੇਂ ਨਾ ਸਹੀ, ਪਰ ਅੰਗਰੇਜ਼ੀ ਵਿਚ ਪੰਜਾਬੀ ਨਾਲੋਂ ਵੱਧ ਕੰਮ ਹੁੰਦਾ ਹੈ। ਵਿਧਾਨ ਸਭਾ ਵਿਚ ਹੁੰਦੇ ਦੂਜੀ ਤਰ੍ਹਾਂ ਦੇ ਕੰਮ-ਕਾਜ ਅਤੇ ਬਣਨ ਵਾਲੇ ਨਵੇਂ ਕਾਨੂੰਨਾਂ ਦੀ ਸਥਿਤੀ ਇਸ ਤੋਂ ਵੀ ਭੈੜੀ ਹੈ।

ਨਵੇਂ ਬਣਨ ਵਾਲੇ ਕਾਨੂੰਨਾਂ ਨੂੰ ਪੰਜਾਬੀ ਵਿਚ ਬਣਾਉਣ ਵਾਲੀ ਵਿਵਸਥਾ- ਧਾਰਾ 5 (ਮੂਲ ਰਾਜ ਭਾਸ਼ਾ ਐਕਟ 1967 ਦੀ ਧਾਰਾ 5) ਰਾਹੀਂ ਇਹ ਵਿਵਸਥਾ ਕੀਤੀ ਗਈ ਸੀ ਕਿ ਵਿਧਾਨ ਸਭਾ ਵਿਚ ਪਾਸ ਹੁੰਦੇ ਸਾਰੇ ਕਾਨੂੰਨਾਂ, ਨੋਟੀਫਿਕੇਸ਼ਨਾਂ, ਨਿਯਮਾਂ, ਹੁਕਮਾਂ ਆਦਿ ਦੀ ਭਾਸ਼ਾ ਪੰਜਾਬੀ ਹੋਵੇਗੀ, ਪਰ ਇਸ ਵਿਵਸਥਾ ਨੂੰ ਤੁਰੰਤ ਲਾਗੂ ਨਹੀਂ ਸੀ ਕੀਤਾ ਗਿਆ। ਪੰਜਾਬੀ ਵਿਚ ਕਾਨੂੰਨ ਕਿਸ ਤਰੀਕ ਤੋਂ ਬਣਨ ਲੱਗਣਗੇ, ਉਸ ਦਾ ਫੈਸਲਾ ਵੱਖਰੇ ਨੋਟੀਫਿਕੇਸ਼ਨ ਰਾਹੀਂ ਹੋਣਾ ਸੀ। ਪੰਜਾਬੀਆਂ ਨੂੰ ਅੱਜ ਤਕ ਇਸ ਨੋਟੀਫਿਕੇਸ਼ਨ ਦੀ ਵੀ ਉਡੀਕ ਹੈ। ਜਿੰਨਾ ਚਿਰ ਕਾਨੂੰਨ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਨਹੀਂ ਹੁੰਦਾ, ਓਨਾ ਚਿਰ ਕਾਨੂੰਨ ਨੂੰ ਲਾਗੂ ਹੋਇਆ ਨਹੀਂ ਮੰਨਿਆ ਜਾ ਸਕਦਾ।



ਕਦੇ ਕਦੇ ਕਿਸੇ ਸਿਆਸੀ ਸਵਾਰਥ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਜਾਰੀ ਕਰਨ ਦਾ ਮਨ ਬਣਦਾ ਹੈ। ਇਸ ਮਨਸ਼ਾ ਦੀ ਪੁਸ਼ਟੀ, ਭਾਸ਼ਾ ਵਿਭਾਗ ਦੇ (ਮਿਤੀ 5 ਸਤੰਬਰ 2012) ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾ ਨੂੰ ਲਿਖੇ ਨੋਟ ਤੋਂ ਹੁੰਦੀ ਹੈ। ਇਹ ਨੋਟ ਦੱਸਦਾ ਹੈ ਕਿ ਇਸ ਨੋਟੀਫਿਕੇਸ਼ਨ ਦੇ ਅਕਤੂਬਰ 2012 ਵਿਚ ਜਾਰੀ ਹੋਣ ਦੀ ਸੰਭਾਵਨਾ ਸੀ ਅਤੇ ਕਾਨੂੰਨਾਂ ਨੇ ਪੰਜਾਬੀ ਵਿਚ ਪਹਿਲੀ ਨਵੰਬਰ 2012 (ਪੰਜਾਬ ਦਿਵਸ) ਤੋਂ ਬਣਨਾ ਸ਼ੁਰੂ ਹੋਣਾ ਸੀ। ਭਾਸ਼ਾ ਵਿਭਾਗ ਵੱਲੋਂ ਲੋੜੀਂਦੀ ਨੋਟੀਫਿਕੇਸ਼ਨ ਦਾ ਖਰੜਾ ਤਿਆਰ ਕਰਕੇ ਨੋਟ ਦੇ ਨਾਲ ਹੀ ਪ੍ਰਮੁੱਖ ਸਕੱਤਰ ਨੂੰ ਭੇਜ ਦਿੱਤਾ ਗਿਆ ਸੀ। ਫਿਰ ਸਿਆਸੀ ਤੇ ਪ੍ਰਸ਼ਾਸਨਿਕ ਕਾਰਨਾਂ ਕਰਕੇ ਨੋਟੀਫਿਕੇਸ਼ਨ ਜਾਰੀ ਹੋਣ ਦਾ ਕੰਮ ਫਿਰ ਲਟਕ ਗਿਆ।

ਪੰਜਾਬੀ ਭਾਸ਼ਾ ਨੂੰ ਬਤੌਰ ਰਾਜ ਭਾਸ਼ਾ ਲਾਗੂ ਕਰਨ ਲਈ ਪੰਜਾਬ ਸਰਕਾਰ ਕਿੰਨੀ ਕੁ ਗੰਭੀਰ ਹੈ, ਇਸ ਦਾ ਅੰਦਾਜ਼ਾ ਭਾਸ਼ਾ ਵਿਭਾਗ ਦੇ (ਮਿਤੀ 5 ਸਤੰਬਰ 2012 ਦੇ ਇਕ ਹੋਰ) ਨੋਟ ਤੋਂ ਲੱਗਦਾ ਹੈ। ਕਾਨੂੰਨ ਤਾਂ ਪੰਜਾਬੀ ਵਿਚ ਕੀ ਬਣਨੇ ਹਨ, ਸਾਰੇ ਨੋਟੀਫਿਕੇਸ਼ਨ ਵੀ ਪੰਜਾਬੀ ਵਿਚ ਨਹੀਂ ਹੁੰਦੇ। ਨੋਟੀਫਿਕੇਸ਼ਨ ਸਿਰਫ਼ ਅੰਗਰੇਜ਼ੀ ਵਿਚ ਹੀ ਤਿਆਰ ਹੁੰਦੇ ਹਨ। ਇਨ੍ਹਾਂ ਦੇ ਪੰਜਾਬੀ ਅਨੁਵਾਦ ਤਿਆਰ ਕਰਨ ਅਤੇ ਗਜ਼ਟ ਵਿਚ ਛਾਪਣ ਤੋਂ ਟਾਲਿਆ ਜਾਂਦਾ ਹੈ। ਨੋਟੀਫਿਕੇਸ਼ਨ ਨੂੰ ਪੰਜਾਬੀ ਵਿਚ ਛਾਪਣ ਨਾਲ ਪੰਜਾਬ ਸਰਕਾਰ ਦੇ ਖਜ਼ਾਨੇ 'ਤੇ ਕੋਈ ਬੋਝ ਨਹੀਂ ਪੈਂਦਾ। ਫਿਰ ਪੰਜਾਬੀ ਪ੍ਰਤੀ ਇਹ ਬੇਰੁਖੀ ਕਿਉਂ?

ਲੋੜੀਂਦਾ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਾਰਨ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਜਾਂਦੇ ਸਾਰੇ ਕਾਨੂੰਨ ਅੰਗਰੇਜ਼ੀ ਵਿਚ ਹੀ ਬਣਦੇ ਹਨ। ਕਦੇ-ਕਦੇ ਕਿਸੇ ਵਿਸ਼ੇਸ਼ ਮਜਬੂਰੀ ਕਾਰਨ, ਕਿਸੇ ਖਾਸ ਕਾਨੂੰਨ ਦਾ ਪੰਜਾਬੀ ਅਨੁਵਾਦ ਵੀ ਸਰਕਾਰੀ ਗਜ਼ਟ ਵਿਚ ਛਪ ਜਾਂਦਾ ਹੈ। ਸਾਰੇ ਕਾਨੂੰਨਾਂ ਦੇ ਪੰਜਾਬੀ ਅਨੁਵਾਦ ਨਹੀਂ ਹੁੰਦੇ।

ਦਰਅਸਲ, ਕੇਂਦਰ ਸਰਕਾਰ ਵੱਲੋਂ ਬਣਾਏ ਰਾਜ ਭਾਸ਼ਾ ਐਕਟ 1963 ਨੇ ਇਹ ਜ਼ਰੂਰੀ ਕਰ ਦਿੱਤਾ ਹੈ ਕਿ ਜਦੋਂ ਕੋਈ ਰਾਜ ਸਰਕਾਰ ਕੋਈ ਨਵਾਂ ਕਾਨੂੰਨ ਆਪਣੀ ਰਾਜ ਭਾਸ਼ਾ ਵਿਚ ਬਣਾਏਗੀ ਤਾਂ ਉਸ ਕਾਨੂੰਨ ਦਾ ਪ੍ਰਮਾਣਿਤ ਅੰਗਰੇਜ਼ੀ ਅਨੁਵਾਦ ਵੀ ਆਪਣੇ ਗਜ਼ਟ ਵਿਚ ਛਾਪੇਗੀ। ਇਸ ਵਿਵਸਥਾ ਕਾਰਨ ਨਵੇਂ ਬਣਨ ਵਾਲੇ ਕਾਨੂੰਨ ਸਿਰਫ਼ ਪੰਜਾਬੀ ਵਿਚ ਹੀ ਨਹੀਂ, ਅੰਗਰੇਜ਼ੀ ਵਿਚ ਵੀ ਬਣਨਗੇ। ਅੰਗਰੇਜ਼ੀ ਸਮਰਥਕਾਂ ਦਾ ਜਦੋਂ ਕੁਝ ਵਿਗੜਨਾ ਹੀ ਨਹੀਂ, ਫਿਰ ਇਸ ਵਿਵਸਥਾ ਦਾ ਵਿਰੋਧ ਕਿਉਂ? ਜਿੰਨਾ ਚਿਰ ਕਾਨੂੰਨ ਪੰਜਾਬੀ ਵਿਚ ਉਪਲਬਧ ਨਹੀਂ ਹੋਣਗੇ, ਓਨਾ ਚਿਰ ਅਦਾਲਤੀ ਕੰਮ-ਕਾਜ ਪੰਜਾਬੀ ਵਿਚ ਸ਼ੁਰੂ ਨਹੀਂ ਹੋ ਸਕਦਾ।

ਪੁਰਾਣੇ ਕਾਨੂੰਨਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵਾਲੀ ਵਿਵਸਥਾ- ਧਾਰਾ 6 (ਏ): ਅੰਗਰੇਜ਼ਾਂ ਨੇ 1836 ਤੋਂ ਹੀ ਕਾਨੂੰਨ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਕਾਨੂੰਨ ਬਣੇ ਵੀ ਵੱਡੀ ਗਿਣਤੀ ਵਿਚ। ਅੰਗਰੇਜ਼ਾਂ ਦੀ ਆਪਣੀ ਮਾਤ-ਭਾਸ਼ਾ ਅੰਗਰੇਜ਼ੀ ਸੀ। ਇਸ ਲਈ ਉਨ੍ਹਾਂ ਨੇ ਖੁਦ ਨੂੰ ਸਮਝ ਆਉਣ ਵਾਲੀ ਭਾਸ਼ਾ ਵਿਚ ਕਾਨੂੰਨ ਬਣਾਏ। ਉਸ ਸਮੇਂ ਦੀਆਂ ਰਿਆਸਤਾਂ ਨੇ ਆਪਣੇ ਸ਼ਾਹੀ ਫਰਮਾਨ ਭਾਵੇਂ ਆਪਣੀ ਮਾਤ-ਭਾਸ਼ਾ ਵਿਚ ਜਾਰੀ ਕੀਤੇ, ਪਰ ਕਾਨੂੰਨ ਅੰਗਰੇਜ਼ੀ ਵਿਚ ਹੀ ਬਣਾਏ। ਆਜ਼ਾਦੀ ਦੇ 70 ਸਾਲ ਬਾਅਦ ਤਕ ਵੀ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਾਨੂੰਨਾਂ ਨੂੰ ਅੰਗਰੇਜ਼ੀ ਵਿਚ ਬਣਾਉਣ ਦੀ ਪ੍ਰਥਾ ਜਾਰੀ ਰੱਖੀ ਹੋਈ ਹੈ।

ਕੇਂਦਰ ਸਰਕਾਰ ਵੱਲੋਂ ਬਣਾਏ ਬਹੁਤੇ ਕਾਨੂੰਨ ਰਾਜਾਂ 'ਚ ਲਾਗੂ ਹਨ। ਇਸ ਕਾਰਨ ਸਿਰਫ਼ ਨਵੇਂ ਕਾਨੂੰਨਾਂ ਨੂੰ ਪੰਜਾਬੀ ਵਿਚ ਬਣਾਉਣ ਨਾਲ ਮਸਲਾ ਹੱਲ ਨਹੀਂ ਸੀ ਹੋਣਾ। ਅਦਾਲਤਾਂ ਵਿਚ ਕੰਮਕਾਜ ਪੰਜਾਬੀ ਵਿਚ ਕੀਤੇ ਜਾਣ ਲਈ ਨਵਿਆਂ ਦੇ ਨਾਲ-ਨਾਲ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਬਣਾਏ ਪੁਰਾਣੇ ਕਾਨੂੰਨਾਂ ਦੇ ਪੰਜਾਬੀ ਅਨੁਵਾਦ ਉਪਲਬਧ ਹੋਣੇ ਵੀ ਜ਼ਰੂਰੀ ਸਨ। ਇਸ ਲੋੜ ਨੂੰ ਮਹਿਸੂਸ ਕਰਦਿਆਂ 1969 ਵਿਚ ਹੀ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕੀਤੀ ਗਈ ਅਤੇ ਧਾਰਾ 6-(ਏ) ਜੋੜੀ ਗਈ। ਇਸ ਧਾਰਾ ਰਾਹੀਂ 'ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ' ਵੱਲੋਂ ਬਣਾਏ ਸਾਰੇ ਪੁਰਾਣੇ ਐਕਟਾਂ (ਅਤੇ ਕੋਡਜ਼) ਦੇ ਅਨੁਵਾਦ ਕਰਵਾ ਕੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿਚ ਛਾਪਣ ਦੀ ਵਿਵਸਥਾ ਕੀਤੀ ਗਈ ਤਾਂ ਜੋ ਉਨ੍ਹਾਂ ਅਨੁਵਾਦਾਂ ਨੂੰ 'ਪ੍ਰਮਾਣਿਤ ਪੰਜਾਬੀ ਅਨੁਵਾਦਾਂ' ਦੀ ਪਰਿਭਾਸ਼ਾ ਵਿਚ ਲਿਆਂਦਾ ਜਾ ਸਕੇ। ਇਸ ਵਿਵਸਥਾ ਨੂੰ ਲਾਗੂ ਕਰਨ ਲਈ ਲੋੜੀਂਦਾ ਨੋਟੀਫਿਕੇਸ਼ਨ 18 ਅਕਤੂਬਰ 1980 ਨੂੰ ਜਾਰੀ ਹੋਇਆ ਅਤੇ ਇਹ ਵਿਵਸਥਾ ਪਹਿਲੀ ਨਵੰਬਰ 1980 ਤੋਂ ਲਾਗੂ ਹੋ ਗਈ; ਭਾਵ ਇਹ ਕਿ ਪਹਿਲੀ ਨਵੰਬਰ 1980 ਤੋਂ ਬਾਅਦ ਭਾਰਤ ਅਤੇ ਪੰਜਾਬ ਵਿਚ ਪ੍ਰਚਲਿਤ ਹਰ ਕਾਨੂੰਨ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਅਤੇ ਗਜ਼ਟ ਵਿਚ ਛਾਪਣ ਦੀ ਵਿਵਸਥਾ ਹੋ ਗਈ।

ਅਨੁਵਾਦ ਦਾ ਪ੍ਰਮਾਣਿਤ ਹੋਣਾ ਜ਼ਰੂਰੀ ਹੈ ਕਿਉਂਕਿ ਅਦਾਲਤਾਂ ਵਿਚ ਕਾਨੂੰਨੀ ਵਿਵਸਥਾਵਾਂ 'ਤੇ ਵਿਚਾਰ ਵਟਾਂਦਰਾ ਹੁੰਦਾ ਹੈ ਤਾਂ ਕਈ ਵਾਰ ਕਾਨੂੰਨ ਦੀ ਇਬਾਰਤ ਵਿਚ ਆਏ ਕੌਮੇ ਅਤੇ ਪੂਰਨ ਵਿਸ਼ਰਾਮ (ਫੁਲ ਸਟਾਪ) ਲਾਉਣ ਦੇ ਕਾਰਨਾਂ ਅਤੇ ਮਹੱਤਵਾਂ ਤਕ ਨੂੰ ਵੀ ਗਹਿਰਾਈ ਨਾਲ ਘੋਖਿਆ ਜਾਂਦਾ ਹੈ। ਨਿੱਜੀ ਤੌਰ 'ਤੇ ਕੀਤੇ ਅਨੁਵਾਦਾਂ ਵਿਚ ਦੋਵੇਂ ਭਾਸ਼ਾਵਾਂ ਦੀ ਸਹੀ ਸਮਝ ਨਾ ਹੋਣ ਕਾਰਨ ਕਾਨੂੰਨ ਵਿਚ ਦਰਜ ਅਸਲ ਵਿਵਸਥਾਵਾਂ ਦੀ ਭਾਵਨਾ ਅਤੇ ਵਿਆਖਿਆ ਨੂੰ ਵਿਗਾੜੇ ਜਾਣ ਦੀ ਸੰਭਾਵਨਾ ਹੁੰਦੀ ਹੈ।

ਮਿਸਾਲ ਵਜੋਂ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧਾਂ ਕਰਨ ਲਈ ਬਣੇ 'ਪੰਜਾਬ ਰਾਜ ਭਾਸ਼ਾ ਸੋਧ ਐਕਟ 2008' ਦੇ ਅੰਗਰੇਜ਼ੀ ਪਾਠ (ਧਾਰਾ 3-ਏ) ਵਿਚ 'ਆਲ ਆਫੀਸ਼ੀਅਲ ਕੌਰਸਪੌਂਡੈਂਸ' ਸ਼ਬਦਾਂ ਦੀ ਵਰਤੋਂ ਹੋਈ ਹੈ। ਇਨ੍ਹਾਂ ਸ਼ਬਦਾਂ ਦਾ ਸਹੀ ਪੰਜਾਬੀ ਅਨੁਵਾਦ 'ਸਾਰਾ ਚਿੱਠੀ ਪੱਤਰ (ਜਾਂ ਪੱਤਰ ਵਿਹਾਰ)' ਬਣਦਾ ਹੈ। ਇਸ ਸੋਧ ਐਕਟ ਦੇ ਪੰਜਾਬੀ ਪਾਠ ਵਿਚ ਇਸ ਸ਼ਬਦ ਦਾ ਅਨੁਵਾਦ 'ਦਫ਼ਤਰਾਂ ਵਿਚ ਸਾਰਾ ਕੰਮਕਾਜ' ਕੀਤਾ ਗਿਆ ਹੈ। ਇਹ ਅੰਗਰੇਜ਼ੀ ਸ਼ਬਦਾਂ 'ਆਲ ਆਫੀਸ਼ੀਅਲ ਕੌਰਸਪੌਂਡੈਂਸ' ਦਾ ਸਹੀ ਅਨੁਵਾਦ ਨਹੀਂ ਹੈ। ਅਜਿਹੇ ਗ਼ਲਤ ਅਨੁਵਾਦ ਕਾਨੂੰਨੀ ਸਮੱਸਿਆ ਨੂੰ ਸੁਲਝਾਉਣ ਦੀ ਥਾਂ ਹੋਰ ਉਲਝਾ ਸਕਦੇ ਹਨ। ਇਸੇ ਲਈ ਅਦਾਲਤਾਂ ਪ੍ਰਵਾਨਿਤ ਅਨੁਵਾਦਾਂ ਵਿਚ ਛਪੀਆਂ ਵਿਵਸਥਾਵਾਂ ਨੂੰ ਹੀ ਸਹੀ ਮੰਨਦੀਆਂ ਅਤੇ ਉਨ੍ਹਾਂ ਨੂੰ ਹੀ ਵਿਚਾਰਦੀਆਂ ਹਨ। ਨਿੱਜੀ ਤੌਰ 'ਤੇ ਕੀਤੇ ਅਨੁਵਾਦ ਅਰਥਹੀਣ ਹੁੰਦੇ ਹਨ।

ਪੁਰਾਣੇ ਕਾਨੂੰਨਾਂ ਦੇ ਅਨੁਵਾਦ ਦੀ ਸਮੱਸਿਆ ਨੂੰ ਸੁਲਝਾਉਣ ਲਈ ਕੇਂਦਰ ਸਰਕਾਰ ਨੇ ਵੀ ਉਪਰਾਲਾ ਕੀਤਾ। 1973 ਵਿਚ 'ਦਿ ਅਥਾਰਟੇਟਿਵ ਟੈਕਸਟਜ਼ (ਸੈਂਟਰਲ ਲਾਅਜ਼) ਐਕਟ ਪਾਸ ਕੀਤਾ। ਇਸ ਕਾਨੂੰਨ ਦਾ ਇਕ ਉਦੇਸ਼ ਕੇਂਦਰ ਸਰਕਾਰ ਵੱਲੋਂ ਬਣਾਏ ਕਾਨੂੰਨਾਂ ਦਾ ਖੇਤਰੀ ਭਾਸ਼ਾਵਾਂ ਵਿਚ ਮਾਨਤਾਪ੍ਰਾਪਤ ਅਨੁਵਾਦ ਉਪਲਬਧ ਕਰਾਉਣਾ ਸੀ। ਦੂਜਾ ਉਦੇਸ਼ ਅਨੁਵਾਦ ਨੂੰ ਅਧਿਕਾਰਤ ਐਲਾਨਣ ਦੀ ਪ੍ਰਕਿਰਿਆ ਦੀ ਵਿਆਖਿਆ ਕਰਨਾ ਸੀ। ਇਸ ਐਕਟ ਨੇ ਰਾਸ਼ਟਰਪਤੀ ਦੀ ਸਹਿਮਤੀ ਬਾਅਦ ਕੇਂਦਰ ਸਰਕਾਰ ਦੇ ਗਜ਼ਟ ਵਿਚ ਛਪੇ ਅਨੁਵਾਦ ਨੂੰ ਹੀ ਪ੍ਰਮਾਣਿਤ ਅਨੁਵਾਦ ਹੋਣਾ ਘੋਸ਼ਿਤ ਕੀਤਾ।

ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਅਨੁਵਾਦਾਂ ਦੇ ਪ੍ਰਮਾਣਿਤ ਹੋਣ ਅਤੇ ਇਨ੍ਹਾਂ ਦੇ ਪ੍ਰਕਾਸ਼ਨ ਸਬੰਧੀ ਵਿਵਸਥਾਵਾਂ ਵਿਚ ਕੁਝ ਅੰਤਰ ਹੈ। ਪੰਜਾਬ ਰਾਜ ਭਾਸ਼ਾ ਐਕਟ 1967 ਅਨੁਸਾਰ ਸਾਰੇ ਕੇਂਦਰੀ ਅਤੇ ਪ੍ਰਾਂਤਕ ਅਨੁਵਾਦਾਂ ਨੂੰ ਪੰਜਾਬ ਦਾ ਰਾਜਪਾਲ ਪ੍ਰਵਾਨਗੀ ਦੇਵੇਗਾ ਅਤੇ ਫਿਰ ਉਹ ਪੰਜਾਬ ਸਰਕਾਰ ਦੇ ਗਜ਼ਟ ਵਿਚ ਛਪਣਗੇ ਪਰ ਉਕਤ ਕੇਂਦਰੀ ਐਕਟ 1973 ਮੁਤਾਬਿਕ ਕੇਂਦਰ ਸਰਕਾਰ ਵੱਲੋਂ ਬਣਾਏ ਐਕਟਾਂ ਦੇ ਅਨੁਵਾਦ ਦੀ ਪ੍ਰਵਾਨਗੀ ਰਾਸ਼ਟਰਪਤੀ ਦੇਵੇਗਾ ਅਤੇ ਫਿਰ ਉਹ ਕੇਂਦਰ ਸਰਕਾਰ ਦੇ ਗਜ਼ਟ ਵਿਚ ਛਪਣਗੇ। ਦੋਵਾਂ ਕਾਨੂੰਨਾਂ ਵਿਚ ਤਾਲਮੇਲ ਬਿਠਾਉਂਦਿਆਂ, ਕੇਂਦਰ ਸਰਕਾਰ ਦੇ ਐਕਟਾਂ ਦੇ ਅਨੁਵਾਦ ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਕੇਂਦਰ ਸਰਕਾਰ ਦੇ ਗਜ਼ਟ ਵਿਚ ਛਪਦੇ ਹਨ ਅਤੇ ਰਾਜ ਸਰਕਾਰਾਂ ਦੇ ਬਣਾਏ ਐਕਟਾਂ ਦੇ ਅਨੁਵਾਦ ਰਾਜਪਾਲ ਦੀ ਪ੍ਰਵਾਨਗੀ ਨਾਲ ਰਾਜ ਸਰਕਾਰ ਦੇ ਗਜ਼ਟ ਵਿਚ। ਕੇਂਦਰੀ ਕਾਨੂੰਨਾਂ ਨੂੰ ਮੁਫ਼ਤ ਵਿਚ ਅਨੁਵਾਦ ਕਰਾਉਣ ਅਤੇ ਛਾਪਣ ਦੀ ਵਿਵਸਥਾ ਤਾਂ ਕੇਂਦਰ ਸਰਕਾਰ ਨੇ ਕਰ ਦਿੱਤੀ, ਪਰ ਪੰਜਾਬ ਸਰਕਾਰ ਇਸ ਸਹੂਲਤ ਦਾ ਲਾਭ ਉਠਾਉਣ ਤੋਂ ਪਛੜ ਗਈ।

# ਅਫਗਾਨਿਸਤਾਨ ਅਤੇ ਸਿੱਖ

ਪਹਿਲੀ ਜੁਲਾਈ ਵਾਲੇ ਦਹਿਸ਼ਤੀ ਹਮਲੇ ਨੇ ਹਰ ਅਫਗਾਨ ਨੂੰ ਝੰਜੋੜ ਸੁੱਟਿਆ ਹੈ। ਇਸ ਕਾਲੇ ਦਿਹਾੜੇ ਬਾਬਤ ਜਿਸ ਕਿਸੇ ਨਾਲ ਵੀ ਗੱਲ ਹੋਈ, ਹਰ ਕੋਈ ਸੋਗ ਵਿਚ ਸੁੰਨ ਸੀ। ਇਸ ਕਾਰੇ ਵਿਚ ਸਿੱਖ ਭਾਈਚਾਰੇ ਦੇ ਦੋ ਪਿਆਰੇ ਪੁੱਤਰ ਜਾਂਦੇ ਲੱਗੇ। ਇਨ੍ਹਾਂ ਵਿਚੋਂ ਇਕ ਅਵਤਾਰ ਸਿੰਘ ਖ਼ਾਲਸਾ ਨੇ ਅਕਤੂਬਰ ਵਿਚ ਆ ਰਹੀ ਸੰਸਦੀ ਚੋਣ ਲੜਨੀ ਸੀ ਅਤੇ ਦੂਜਾ, ਰਵੇਲ ਸਿੰਘ ਸਮਾਜ ਨੂੰ ਹੋਰ ਸੱਭਿਆ ਤੇ ਨਿਮਰ ਬਣਾਉਣ ਲਈ ਜੂਝ ਰਿਹਾ ਸੀ।

ਮੇਰੇ ਜ਼ਿਹਨ ਅੰਦਰ 70ਵਿਆਂ ਦੌਰਾਨ

**ਸਾਇਦ ਮੋਹਸਿਨੀ**

ਕਾਬੁਲ ਦੇ ਪ੍ਰਾਇਮਰੀ ਸਕੂਲ ਵਾਲੇ ਜਮਾਤੀ ਹਰਿੰਦਰ ਸਿੰਘ ਤੇ ਅਮਰਜੀਤ ਸਿੰਘ ਘੁੰਮ ਗਏ। ਇਹ ਚਚੇਰੇ ਭਾਈ ਸਮਝੋ ਦੋ ਜਿਸਮ ਇਕ ਜਾਨ ਸਨ; ਗੱਪਾਂ ਮਾਰਦੇ, ਹੱਸਦੇ-ਖੇਡਦੇ ਅਤੇ ਫਰਲ ਫਰਲ ਫਾਰਸੀ ਤੇ ਪੰਜਾਬੀ ਅਲਫਾਜ਼ ਉਚਾਰਦੇ ਕਦੀ ਨਾ ਉਕਦੇ। ਇਨ੍ਹਾਂ ਵਿਚੋਂ ਇਕ ਲੰਮਾ-ਝੰਮਾ ਤੇ ਪਤਲੂ ਸੀ ਅਤੇ ਦੂਜਾ ਮੱਧਰਾ, ਕਾਲੂ ਤੇ ਗੋਭਲਾ ਜਿਹਾ ਸੀ। ਹੋਰ ਸਿੱਖਾਂ ਵਾਂਗ ਇਨ੍ਹਾਂ ਦੇ ਮਾਪਿਆਂ ਦਾ ਕੱਪੜੇ ਦਾ ਕਾਰੋਬਾਰ ਸੀ। ਅਨਿਲ ਕੁਮਾਰ ਸਾਡਾ ਇਕਲੌਤਾ ਹਿੰਦੂ ਜਮਾਤੀ ਸੀ ਜਿਸ ਦੇ ਰਸੂਖਵਾਨ ਪਰਿਵਾਰ ਦਾ ਕਾਬੁਲ ਵਿਚ ਸਿਨੇਮਾ ਚੱਲਦਾ ਸੀ। ਬੱਸ ਤੋਂ ਉੱਤਰ ਕੇ ਮੈਂ ਇਨ੍ਹਾਂ ਸਿੱਖ ਮੁੰਡਿਆਂ ਨਾਲ ਮੀਲ ਭਰ ਤੁਰ ਕੇ ਸਕੂਲ ਪੁੱਜਦਾ। ਅਸੀਂ ਫਲਾਵਰ ਸਟ੍ਰੀਟ ਨਾਲ ਪੈਂਦੇ ਇਸਾਈਆਂ ਦੇ ਘਰਾਂ ਕੋਲੋਂ ਲੰਘਦੇ। ਉਦੋਂ ਕਾਬੁਲ ਵਿਚ ਭਾਰਤੀ ਭਾਈਚਾਰਾ ਅਮਨ-ਅਮਾਨ ਨਾਲ ਵਸ ਰਿਹਾ ਸੀ। ਇਹੀ ਹਾਲ ਗਜ਼ਨੀ, ਕੰਧਾਰ, ਜਲਾਲਾਬਾਦ ਅਤੇ ਹੋਰ ਸ਼ਹਿਰਾਂ ਦਾ ਸੀ।

ਮੈਨੂੰ ਇਹ ਮੁੰਡੇ ਖੁਸ਼ਕਿਸਮਤ ਜਾਪਦੇ ਕਿਉਂਕਿ ਇਨ੍ਹਾਂ ਨੂੰ ਸਕੂਲ ਵਿਚ ਮਜ਼ਹਬੀ ਤਾਲੀਮ ਨਹੀਂ ਸੀ ਲੈਣੀ ਪੈਂਦੀ। ਇਨ੍ਹਾਂ ਮੁੰਡਿਆਂ ਦੀਆਂ ਨਿਆਰੀਆਂ ਤੇ ਨਿਰਾਲੀਆਂ ਪਗੜੀਆਂ ਅਤੇ ਇਨ੍ਹਾਂ ਦੀ ਮਜ਼ਹਬੀ ਤਾਲੀਮ ਵਾਲੇ ਪੀਰੀਅਡ ਤੋਂ ਗ਼ੈਰਹਾਜ਼ਰੀ ਤੋਂ ਇਲਾਵਾ ਹੋਰ ਕੁਝ ਵੀ ਵੱਖਰਾ ਨਹੀਂ ਸੀ। ਹਰਿੰਦਰ, ਅਮਰਜੀਤ ਤੇ ਅਨਿਲ ਹੋਰ ਨਿਆਣਿਆਂ ਵਾਂਗ ਓਨੇ ਹੀ ਭੋਲੇ-ਭਾਲੇ ਸਨ।

ਪੰਜ ਲੱਖ ਸਿੱਖਾਂ ਹਿੰਦੂਆਂ ਦਾ ਭਾਈਚਾਰਾ ਵਪਾਰ, ਬੈਂਕਿੰਗ, ਕੱਪੜਾ ਕਾਰੋਬਾਰ, ਖੁਰਾਕ ਤੇ ਹੋਰ ਨਿੱਕੇ-ਵੱਡੇ ਕਾਰੋਬਾਰਾਂ ਵਿਚ ਵਾਹਵਾ ਮਜ਼ਬੂਤ ਸੀ। ਪੂਰੇ ਸ਼ਹਿਰ ਅੰਦਰ ਇਨ੍ਹਾਂ ਦਾ ਆਪਣਾ ਮੁਕਾਮ ਸੀ ਜੋ ਦਰਸਾਉਂਦਾ ਸੀ ਕਿ ਅਫ਼ਗਾਨਿਸਤਾਨ ਕਿਸੇ ਵਕਤ ਮੱਧ ਪੂਰਬ ਅਤੇ ਦੱਖਣੀ ਏਸ਼ੀਆ ਵਿਚਕਾਰ ਪੱਕਾ ਲਾਂਘਾ ਸੀ। ਕਾਬੁਲ ਦੇ ਕਰਤੇ ਪਰਵਾਨ ਖਿੱਤੇ ਵਿਚ ਇਕ ਹਿੰਦੂ ਦੁਕਾਨਦਾਰ ਦੀਆਂ ਜਲੇਬੀਆਂ ਮੈਂ ਕਦੀ ਨਹੀਂ ਭੁੱਲ ਸਕਦਾ। ਪੰਜਾਬੀ ਮਿਸਿਕੀ ਅਤੇ ਮਸਾਲਿਆਂ ਵਾਲੀਆਂ ਦੁਕਾਨਾਂ ਦੀਆਂ ਕਤਾਰਾਂ ਵੀ ਚੇਤੇ ਵਿਚੋਂ ਕਦੀ ਮਨਫੀ ਨਹੀਂ ਹੋਣੀਆਂ। ਉਂਜ, ਇਨ੍ਹਾਂ ਬਾਬਤ ਜਿਹੜੀ ਗੱਲ ਵਧੇਰੇ ਧਿਆਨ ਖਿੱਚਦੀ ਸੀ, ਉਹ ਸੀ: ਅਫਗਾਨਿਸਤਾਨ ਇਨ੍ਹਾਂ ਦਾ ਆਪਣਾ ਮੁਲਕ ਸੀ। ਉਨ੍ਹਾਂ ਇਸ ਮੁਲਕ ਵਿਚ ਆਪਣੀ ਨਸਲੀ ਸ਼ਨਾਖਤ ਕਮਾ ਲਈ ਸੀ ਅਤੇ ਸੰਸਾਰ ਦੀ ਇਸ ਧਰਤ ਨਾਲ ਜੁੜ ਕੇ ਉਹ ਮਾਣ ਮਹਿਸੂਸ ਕਰਦੇ ਸਨ।

ਅਫਗਾਨ ਤਾਰੀਖਦਾਨਾਂ ਦਾ ਇਹ ਯਕੀਨ ਹੈ ਕਿ 'ਆਧੁਨਿਕ' ਹਿੰਦੂਆਂ ਦਾ ਪਹਿਲਾ ਪੂਰ ਹਜ਼ਾਰ ਸਾਲ ਪਹਿਲਾਂ ਮਹਿਮੂਦ ਗਜ਼ਨੀ ਦੇ ਸ਼ਾਸਨ ਵੇਲੇ ਆਇਆ। ਇਹ ਵੀ ਨੋਟ ਕਰਨਾ ਬਣਦਾ ਹੈ ਕਿ 7ਵੀਂ ਤੇ 8ਵੀਂ ਸਦੀ ਦੌਰਾਨ ਇਸਲਾਮ ਦੀ ਆਮਦ ਤੋਂ ਪਹਿਲਾਂ ਅਫਗਾਨਿਸਤਾਨ ਵਿਚ ਵੱਡੀ ਪੱਧਰ 'ਤੇ ਹਿੰਦੂਆਂ ਦੇ ਪੂਰ ਹੀ ਆਏ ਸਨ। ਮੁਲਕ ਵਿਚ ਸੋਵੀਅਤ ਦਖਲ ਅਤੇ ਫਿਰ ਘਰੋਗੀ ਜੰਗ ਲੱਖਾਂ





ਅਫਗਾਨਾਂ (ਮੁਸਲਮਾਨ, ਹਿੰਦੂ, ਸਿੱਖ, ਈਸਾਈ) ਉੱਤੇ ਆਫਤ ਬਣ ਕੇ ਟੁੱਟੀ। ਭਾਈਚਾਰੇ ਦੇ ਕਈ ਮੈਂਬਰਾਂ ਨੂੰ ਮੁਲਕ ਬਦਰ ਹੋਣਾ ਪਿਆ, ਫਿਰ ਵੀ ਕੁਝ ਕੁ ਟਿਕੇ ਰਹੇ। ਸੋਵੀਅਤ ਘਰੋਗੀ ਜੰਗ ਜਿਸ ਨੇ ਕਾਬੁਲ ਨੂੰ ਤਬਾਹ ਕਰਕੇ ਰੱਖ ਦਿੱਤਾ ਤੇ ਹਰ ਪਾਸੇ ਲਾਕਾਨੂੰਨੀ ਫੈਲ ਗਈ, ਤੋਂ ਬਾਅਦ ਸਮਾਜਿਕ, ਨੈਤਿਕ ਤੇ ਆਰਥਿਕ ਤਾਣਾ ਵੀ ਤਬਾਹ ਹੋ ਗਿਆ ਜਿਸ ਕਾਰਨ ਹਿੰਦੂਆਂ ਅਤੇ ਸਿੱਖਾਂ ਨੂੰ ਮੁਲਕ ਛੱਡਣਾ ਪਿਆ। ਇਕ ਵਾਰ ਫਿਰ, ਕੁਝ ਕੁ ਜਣੇ ਟਿਕੇ ਰਹੇ।

ਫਿਰ ਤਾਲਿਬਾਨ ਦੀ ਆਮਦ ਨੇ ਵੱਧ ਬਦਨਸੀਬੀ ਵਰਤਾਈ। ਪਹਿਲਾਂ-ਪਹਿਲ ਹਿੰਦੂਆਂ ਤੇ ਸਿੱਖਾਂ ਨੂੰ ਪੀਲੇ ਲਿਬਾਸ ਤੇ ਪਗੜੀਆਂ ਪਹਿਨਣ ਦੇ ਹੁਕਮ ਹੋਏ; ਘਰਾਂ ਉੱਤੇ ਪੀਲੇ ਝੰਡੇ ਵੀ ਲਾਉਣੇ ਪਏ। ਉਦੋਂ ਬਹੁਤਿਆਂ ਨੇ ਸੋਚਿਆ ਕਿ ਇਥੋਂ ਚਾਲੇ ਪਾਉਣ ਦਾ ਵਕਤ ਆਣ ਪੁੱਜਾ ਹੈ ਪਰ ਅਸਹਿਣਸ਼ੀਲ ਤੇ ਹਿੰਸਕ ਮਾਹੌਲ ਦੇ ਬਾਵਜੂਦ ਕੁਝ ਲੋਕ ਟਿਕੇ ਰਹੇ। ਤਾਲਿਬਾਨ ਦੀ ਹਾਰ ਅਤੇ ਕਾਬੁਲ ਵਿਚ ਨਵੀਂ ਸਰਕਾਰ ਨੇ ਕੁਝ ਉਮੀਦ ਜਗਾਈ। ਬਹੁਤਿਆਂ ਨੂੰ ਲੱਗਿਆ ਕਿ ਹੁਣ ਮੁਲਕ ਦਾ ਨਵਾਂ ਅਧਿਆਏ ਆਰੰਭ ਹੋ ਗਿਆ ਹੈ। 2003 ਵਿਚ ਇਕ ਜੁਰਅਤਮੰਦ ਸਿੱਖ ਸੱਜਣ ਇਸਲਾਮੀ ਕਮਾਂਡਰਾਂ, ਸਿਆਸਤਦਾਨਾਂ ਤੇ ਮੁਲਾਣਿਆਂ ਦੀ 'ਲੋਇਆ ਜਿਰਗਾ' ਅੱਗੇ ਜਾ ਖਲੋਇਆ ਅਤੇ ਕੂਕਿਆ: 'ਤੁਸੀਂ ਮੁਸਲਮਾਨਾਂ ਨੇ ਮੇਰਾ ਅਫਗਾਨਿਸਤਾਨ ਤਬਾਹ ਕਰ ਦਿੱਤਾ ਹੈ'। ਸਾਰੇ ਉਸ ਦੇ ਹੱਕ ਵਿਚ ਖਲੋਏ ਕਿਉਂਕਿ ਅਸੀਂ ਜਾਣਦੇ ਸਾਂ ਕਿ ਉਹ ਦਰੁਸਤ ਸੀ।

ਕਰਜ਼ਈ ਸ਼ਾਸਨ ਤੋਂ ਬਾਅਦ ਕਾਨੂੰਨ ਵਿਵਸਥਾ ਦਾ ਹਾਲ ਹਕੀਕਤ ਨਾਲੋਂ ਮਿਥ ਬਹੁਤਾ ਹੈ। ਬਹੁਤਿਆਂ ਦੀਆਂ ਜਾਇਦਾਦਾਂ ਕਮਾਂਡਰਾਂ ਜਾਂ ਹੋਰ ਰਸੂਖਵਾਨਾਂ ਨੇ ਹਥਿਆ ਲਈਆਂ। ਇਹ ਭਾਈਚਾਰਾ ਅਮਨ-ਅਮਾਨ ਨਾਲ ਹਜ਼ਾਰ ਸਾਲ ਤੋਂ ਬਚਿਆ ਚਲਿਆ ਆ ਰਿਹਾ ਸੀ ਪਰ ਹੁਣ ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਕਮਾਂਡਰ ਨਹੀਂ ਸੀ। ਇਨ੍ਹਾਂ ਵਿਚੋਂ ਬਹੁਤਿਆਂ ਨੇ ਇਕ ਵਾਰ ਫਿਰ ਮੁਲਕ ਛੱਡਣ ਦਾ ਫੈਸਲਾ ਕੀਤਾ; ਕੁਝ ਕੁ ਜਣੇ ਫਿਰ ਟਿਕੇ ਰਹੇ। ਆਸ ਅਜੇ ਬਾਕੀ ਸੀ। ਅਫਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਅਫਗਾਨ ਹਿੰਦੂ ਸ਼ਾਮ ਲਾਲ ਭਾਟੀਆ ਨੂੰ ਕੈਨੇਡਾ ਵਿਚ ਸਫੀਰ ਲਾਇਆ। ਮੁਲਕ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹਾਲਾਂਕਿ ਭਾਟੀਆ ਦਾ ਪਰਿਵਾਰ 350 ਸਾਲਾਂ ਤੋਂ ਕੰਧਾਰ ਵਿਚ ਰਹਿ ਰਿਹਾ ਸੀ।

ਹਰਿੰਦਰ, ਅਮਰਜੀਤ ਅਤੇ ਅਨਿਲ ਨਾਲ ਸਾਂਝੀ ਜਮਾਤ ਵਿਚ ਪੜ੍ਹਨ ਤੋਂ ਚਾਲੀ ਸਾਲ ਬਾਅਦ ਇਨ੍ਹਾਂ ਦਾ ਭਾਈਚਾਰਾ ਹੁਣ ਪੰਜ ਲੱਖ ਤੋਂ ਮਹਿਜ਼ 1300 ਤੱਕ ਸੁੰਗੜ ਗਿਆ ਹੈ। ਜਿਹੜੇ ਲੋਕ ਸਦੀਆਂ ਤੋਂ ਇਥੇ ਵੱਸ ਰਹੇ ਸਨ, ਹੁਣ ਖਤਮ ਹੋਣ ਕੰਢੇ ਪੁੱਜ ਗਏ ਹਨ। ਮੈਂ ਨਹੀਂ ਜਾਣਦਾ ਕਿ ਇਹ ਭਾਈਚਾਰਾ ਹੁਣ ਹੋਰ ਤਕਲੀਫਾਂ ਝੱਲ ਸਕਦਾ ਹੈ ਪਰ ਅਸੀਂ ਨਹੀਂ ਚਾਹੁੰਦੇ ਕਿ ਉਹ ਅਫਗਾਨ ਤਵਾਰੀਖ ਦੇ ਹਜ਼ਾਰ ਵਰ੍ਹਿਆਂ ਦੀ ਵਿਰਾਸਤ ਨੂੰ ਭੁੱਲ ਜਾਣ। ਹੁਣ ਅਫਗਾਨਿਸਤਾਨ ਨੂੰ ਇਨ੍ਹਾਂ ਦੀ ਲੋੜ ਪਹਿਲਾਂ ਨਾਲੋਂ ਵੀ ਵਧੇਰੇ ਹੈ।

# ਨਸ਼ਿਆਂ ਦਾ ਮਾਮਲਾ: ਜਥੇਦਾਰ ਅਕਾਲ ਤਖਤ ਸਾਹਿਬ ਦੇ ਨਾਂ ਖੁੱਲ੍ਹੀ ਚਿੱਠੀ

***ਇਸ ਸਮੇਂ ਪੰਜਾਬ ਵਿਚ ਨਸ਼ਿਆਂ ਦੀ ਫੈਲ ਰਹੀ ਵਬਾ ਨੂੰ ਲੈ ਕੇ ਫਿਕਰਮੰਦੀ ਜ਼ੋਰ ਫੜ੍ਹਦੀ ਜਾ ਰਹੀ ਹੈ। ਇਹ ਗੱਲ ਵੀ ਹਮੇਸ਼ਾ ਚਰਚਾ ਵਿਚ ਰਹੀ ਹੈ ਕਿ ਨਸ਼ੇ ਦੇ ਕਾਰੋਬਾਰ ਪਿਛੇ ਲਾਜ਼ਮੀ ਤੌਰ 'ਤੇ ਸਿਆਸਤਦਾਨਾਂ ਦਾ ਵੀ ਹੱਥ ਹੈ। ਪਰ ਇਸ ਦੇ ਨਾਲ ਹੀ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਸ਼ੇ ਦੇ ਮਾਮਲੇ ਨੂੰ ਲੈ ਕੇ ਸਿਆਸਤਦਾਨਾਂ ਵਿਚ ਸਿਆਸਤ ਵੀ ਵੱਡੇ ਪੱਧਰ 'ਤੇ ਹੋ ਰਹੀ ਹੈ। ਇਸ ਮਸਲੇ ਨੂੰ ਲੈ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਇਹ ਪੱਤਰ ਲਿਖਿਆ ਹੈ ਜੋ ਅਸੀਂ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ। -ਸੰਪਾਦਕ***

ਸੇਵਾ ਵਿਖੇ,
ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ
ਜਥੇਦਾਰ, ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਸਾਹਿਬ
ਵਿਸ਼ਾ: ਜਥੇਦਾਰ ਅਕਾਲ ਤਖਤ ਸਾਹਿਬ ਦੇ ਨਾਮ ਖੁੱਲ੍ਹੀ ਚਿੱਠੀ
ਸਤਿਕਾਰਯੋਗ ਜਥੇਦਾਰ ਸਾਹਿਬ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਮੇਰੀ ਪੁਸਤਕ "ਅਕਾਲ ਤਖਤ ਸਾਹਿਬ: ਜੋਤਿ ਤੇ ਜੁਗਤਿ" (ਛਾਪਕ ਸਿੰਘ ਬ੍ਰਦਰਜ਼, 2018) ਵਿਚ ਵਿਸਥਾਰ ਨਾਲ ਦੱਸਿਆ ਹੋਇਆ ਹੈ ਕਿ ਸਿੱਖ ਸੰਸਥਾਵਾਂ ਦੀਆਂ ਬਹੁਤੀਆਂ ਦੁਸ਼ਵਾਰੀਆਂ ਸਿੱਖ ਸਿਆਸਤਦਾਨਾਂ ਵੱਲੋਂ ਹੀ ਪੈਦਾ ਕੀਤੀਆਂ ਹੋਈਆਂ ਹਨ ਅਤੇ ਸਭ ਤੋਂ ਵੱਡੀ ਸਮੱਸਿਆ ਇਸ ਵੇਲੇ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣ ਦੀ ਹੈ। ਕਾਰਨ ਇਹ ਹੈ ਕਿ ਹਰ ਰੰਗ ਦਾ ਸਿੱਖ ਸਿਆਸਤਦਾਨ, ਸਿੱਖ ਸੰਸਥਾਵਾਂ ਨੂੰ ਆਪੋ ਆਪਣੀ ਸਿਆਸਤ ਵਾਸਤੇ ਵਰਤਣ ਲਈ ਪੱਬਾਂ ਭਾਰ ਹੋਇਆ ਦਿਖਾਈ ਦੇ ਰਿਹਾ ਹੈ।

ਨਸ਼ਿਆਂ ਨੂੰ ਲੈ ਕੇ ਜਿਸ ਤਰ੍ਹਾਂ ਇਸ ਵੇਲੇ ਪੰਜਾਬ ਦੀ ਸਿਆਸਤ ਭਖੀ ਹੋਈ ਹੈ, ਉਸ ਵਿਚ ਪਹਿਲਾਂ ਜਥੇਦਾਰ ਸਾਹਿਬ ਦਮਦਮਾ ਸਾਹਿਬ ਦਾ ਬਿਆਨ ਅਤੇ ਫਿਰ ਅਕਾਲ ਤਖਤ ਸਾਹਿਬ ਦੇ ਦਖਲ ਦੀ ਮੰਗ ਨੂੰ ਲੈ ਕੇ ਆਪ ਜੀ ਤੱਕ ਹੋ ਰਹੀ ਪਹੁੰਚ ਨਾਲ ਪੈਦਾ ਹੋ ਗਈ ਉਤਸੁਕਤਾ ਨੂੰ ਸਾਂਝੀ ਕਰਨ ਲਈ ਇਹ ਚਿੱਠੀ ਲਿਖ ਰਿਹਾ ਹਾਂ। ਇਸ ਨਾਲ ਸਬੰਧਤ ਆਪ ਜੀ ਦੇ ਧਿਆਨ ਵਿਚ ਇਹ ਗੱਲਾਂ ਲਿਆਉਣੀਆਂ ਚਾਹੁੰਦਾ ਹਾਂ:

ਪੰਜਾਬ ਵਿਚ ਨਸ਼ੇ ਦੀ ਬੀਮਾਰੀ ਸਿੱਖ ਵਿਸ਼ਵਾਸ ਤੋਂ ਨਾਬਰ ਹੋ ਕੇ ਲਗਾਤਾਰ ਪੈਦਾ ਹੁੰਦੀ ਰਹੀ ਹੈ। ਸੁੱਖੇ ਨਾਲ ਹੋਣ ਵਾਲੇ ਨੁਕਸਾਨ ਦੇ ਵਿਸਥਾਰ ਵਿਚ ਜਾਏ ਬਿਨਾ ਕਹਿਣਾ ਚਾਹੁੰਦਾ ਹਾਂ ਕਿ ਸ਼ਰਾਬ ਨੂੰ ਨਸ਼ਿਆਂ ਦੀ ਲਿਸਟ ਵਿਚੋਂ ਸੁੱਖੇ ਵਾਂਗ ਹੀ ਸਿੱਖਾਂ ਵੱਲੋਂ ਜਾਣੇ ਅਣਜਾਣੇ ਕੱਢ ਦਿੱਤਾ ਗਿਆ ਹੈ। ਪੋਤੂ ਪਿਛੋਕੜ ਵਾਲਿਆਂ ਨੂੰ ਪਤਾ ਹੈ ਕਿ ਅਫੀਮ ਦਾ ਸਬੰਧ ਸ਼ਰਾਬ ਨਾਲ ਹੀ ਸੀ ਅਤੇ ਇਹੀ ਬਰਾਸਤਾ ਭੁੱਕੀ ਚਿੱਟੇ ਤੱਕ ਪਹੁੰਚ ਚੁਕਾ ਹੈ। ਨਸ਼ਾ-ਮੁਕਤ ਹੋ ਸਕਣ ਦੀ ਸਿੱਖ ਵਿਧੀ ਦੀ ਅਣਦੇਖੀ ਸਿਆਸਤਦਾਨਾਂ ਵਲੋਂ ਲਗਾਤਾਰ ਚੋਣਾਂ ਵਿਚ ਕੀਤੀ ਜਾਂਦੀ ਰਹੀ ਹੈ। ਚਾਹੁਣ ਦੇ ਬਾਵਜੂਦ ਕੋਈ ਕੁਝ ਨਹੀਂ ਕਰ ਸਕਿਆ। ਇਸ ਵੇਲੇ ਵੀ ਸਿਆਸਤਦਾਨ ਅਤੇ ਅਫਸਰਸ਼ਾਹੀ ਦੇ ਅਪਵਿੱਤਰ ਗੱਠਜੋੜ ਤੋਂ ਦੂਰ ਰਹਿ ਕੇ ਹੀ ਕੋਈ ਭੂਮਿਕਾ ਨਿਭਾਈ ਜਾ ਸਕਦੀ ਹੈ। ਇਸ ਦੀ ਸ਼ੁਰੂਆਤ ਡਾ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਨਸ਼ਾ ਵਿਰੋਧੀ ਲਹਿਰ ਪੈਦਾ ਕਰਨ ਲਈ ਲੋੜੀਂਦੀ ਕਾਰਵਾਈ ਹੋ ਚੁਕੀ ਹੈ। ਆਪ ਜੀ ਦਾ ਆਸ਼ੀਰਵਾਦ ਇਸ ਵਾਸਤੇ ਸਹਾਇਕ ਸਾਬਤ ਹੋਵੇਗਾ।

ਜਿਹੜੇ ਸਿਆਸਤਦਾਨ ਇਕ ਵੇਲੇ ਇਹ ਕਹਿ ਰਹੇ ਸਨ ਕਿ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਕਹਿਣ ਵਾਲੇ ਪੰਜਾਬ ਨੂੰ ਬਦਨਾਮ ਕਰਨਾ ਚਾਹੁੰਦੇ ਹਨ, ਉਹੀ ਇਸ ਵੇਲੇ ਕੈਪਟਨ ਸਰਕਾਰ ਖਿਲਾਫ ਆਪ ਜੀ ਦਾ ਦਰਵਾਜ਼ਾ ਖੜਕਾ ਰਹੇ ਹਨ। ਨਸ਼ੇ ਦੀ ਆੜ ਵਿਚ ਹੋ ਰਹੀ ਸਿਆਸਤ ਤੋਂ ਉਪਰ ਉਠ ਕੇ ਹੀ ਕਿਸੇ ਸਾਂਝੀ ਸਮਝ 'ਤੇ ਪਹੁੰਚਣ ਲਈ ਇਹੋ ਜਿਹੀਆਂ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਧਾਰਮਿਕ ਸੁਰ ਵਿਚ ਸਮਾਜਕ ਭੈਅ ਨਸ਼ੇੜੀਆਂ ਵਿਰੁਧ ਪੈਦਾ ਕੀਤਾ ਜਾ ਸਕੇ। ਇਸ ਦੀ ਸ਼ੁਰੂਆਤ ਪਿੰਡਾਂ ਵਿਚੋਂ ਹੋਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਦਾ ਆ ਰਿਹਾ ਵਰ੍ਹਾ ਨਸ਼ਾਮੁਕਤ ਪੰਜਾਬ ਦੇ ਲੇਖੇ ਲਾ ਦੇਣਾ ਚਾਹੀਦਾ ਹੈ।

ਸਰਕਾਰਾਂ ਤਾਂ ਏਥੇ ਹੀ ਉਲਝੀਆਂ ਹੋਈਆਂ ਹਨ ਕਿ ਨਸ਼ਾ, ਬੀਮਾਰੀ ਹੈ ਕਿ ਅਪਰਾਧ ਹੈ? ਇਸ ਵੇਲੇ ਇਹ ਦੋਵੇਂ ਇਕ ਹੋ ਗਏ ਹਨ ਅਤੇ ਇਨ੍ਹਾਂ ਨੂੰ ਨਿਖੇੜ ਕੇ ਵੇਖੇ ਜਾਣ ਦੀ ਲੋੜ ਨਹੀਂ ਹੈ। ਦੋਹਾਂ ਨਾਲ ਚੋਰਾਂ ਅਤੇ ਜੇਬ ਕਤਰਿਆਂ ਵਾਂਗ ਨਿਪਟਣ ਦੀ ਜਿੰਮੇਵਾਰੀ ਬੇਸ਼ੱਕ ਸਰਕਾਰ ਦੀ ਹੈ, ਪਰ ਦੋਹਾਂ ਦੀਆਂ ਕੀਤੀਆਂ ਜਿਨ੍ਹਾਂ ਨੂੰ ਭੁਗਤਣੀਆਂ ਪੈ ਰਹੀਆਂ ਹਨ, ਉਨ੍ਹਾਂ ਨੂੰ ਲਾਮਬੰਦ ਕਰਕੇ ਲਹਿਰ ਚਲਾਉਣ ਦੀ ਮੁਹਿੰਮ, ਆਪ ਜੀ ਦੀ ਅਗਵਾਈ ਵਿਚ ਛੇੜੀ ਜਾ ਸਕਦੀ ਹੈ।

ਸਮਾਜ ਵਿਚ ਆਮ ਕਰਕੇ ਅਤੇ ਪਰਿਵਾਰ ਵਿਚ ਖਾਸ ਕਰਕੇ ਔਰਤ ਨੂੰ ਸੰਭਾਲੇ ਬਿਨਾ ਕਿਸੇ ਕਿਸਮ ਦਾ ਸੁਧਾਰ ਸੰਭਵ ਨਹੀਂ ਹੈ। ਨਸ਼ਾ ਛੁਡਾਊ ਕੇਂਦਰਾਂ ਵਿਚ ਔਰਤਾਂ ਦੀ ਭਰਤੀ ਨਾਲ ਪੈਦਾ ਹੋ ਗਈ ਸਥਿਤੀ ਨਾਲ ਕਿਵੇਂ ਨਿਪਟਣਾ ਹੈ, ਇਸ ਬਾਰੇ ਸਿਰ ਜੋੜ ਕੇ ਸੋਚੇ ਜਾਣ ਦੀ ਲੋੜ ਹੈ।

ਗੁਟਕਾ ਹੱਥ ਵਿਚ ਲੈ ਕੇ ਸਹੁੰ ਚੁੱਕਣ ਤੋਂ ਸ਼ੁਰੂ ਹੋ ਗਈ ਸਿਆਸਤ ਤੋਂ ਆਪ ਜੀ ਨੂੰ ਇਸ ਕਰਕੇ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਝੂਠ ਬੋਲਣ ਵਾਲੇ ਸਿਆਸਤਦਾਨਾਂ ਦੀ ਤਾਣੀ ਪਹਿਲਾਂ ਹੀ ਬਹੁਤ ਬੁਰੀ ਤਰ੍ਹਾਂ ਉਲਝੀ ਹੋਈ ਹੈ। ਵੈਸੇ ਵੀ ਸੌਂਹ ਚੁੱਕਣ ਦੀ ਲੋੜ ਯਕੀਨਦਹਾਨੀ ਵਾਸਤੇ ਪੈਂਦੀ ਹੈ ਅਤੇ ਯਕੀਨਦਹਾਨੀ ਤਾਂ ਕੈਪਟਨ ਅਮਰਿੰਦਰ ਸਿੰਘ ਭੱਜੇ ਵੀ ਨਹੀਂ ਹਨ। ਨਸ਼ਿਆਂ ਪ੍ਰਤੀ ਕੀਤੇ ਹੋਏ ਵਾਅਦੇ ਨਾਲ ਵਰਤਮਾਨ ਮੁੱਖ ਮੰਤਰੀ ਦਿੱਤੇ ਹੋਏ ਹਾਲਾਤ ਵਿਚ ਪੈਦਾ ਹੋ ਗਈਆਂ ਤਕਨੀਕੀ ਅਤੇ ਸਮਾਜਕ ਦੁਸ਼ਵਾਰੀਆਂ ਨਾਲ ਨਿਭਣ ਦੀਆਂ ਸੰਭਵ ਕੋਸ਼ਿਸ਼ਾਂ ਕਰ ਰਿਹਾ ਹੈ।

ਹਾਲ ਹੀ ਦੀ ਕੈਬਨਿਟ ਮੀਟਿੰਗ ਨੂੰ ਇਸ ਦੀ ਪੁਸ਼ਟੀ ਕਿਹਾ ਜਾ ਸਕਦਾ ਹੈ। ਪੁੱਛਿਆ ਜਾ ਸਕਦਾ ਹੈ ਕਿ ਵਿਗੜ ਗਏ ਨਸ਼ਾ-ਤੰਤਰ ਦੀ ਜਿੰਮੇਵਾਰੀ ਕਿਸੇ ਵੀ ਇਕ ਮੁੱਖ ਮੰਤਰੀ 'ਤੇ ਹੀ ਕਿਉਂ ਸੁੱਟਣੀ ਚਾਹੀਦੀ ਹੈ? ਸੋਚਾਂਗੇ ਤਾਂ ਮਹਿਸੂਸ ਕਰ ਸਕਾਂਗੇ ਕਿ 'ਉਡਦੇ ਪੰਜਾਬ' ਲਈ ਅਸੀਂ ਸਾਰੇ ਕਿਸੇ ਨਾ ਕਿਸੇ ਮਾਤਰਾ ਵਿਚ ਜਿੰਮੇਵਾਰ ਹਾਂ। ਇਸ ਨੂੰ ਲੈ ਕੇ ਸਿਆਸਤ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ।

ਆਪ ਜੀ ਦੇ ਧਿਆਨ ਵਿਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਕੈਨੇਡਾ ਵਰਗੇ ਦੇਸ਼ਾਂ ਵਿਚ ਵੀ ਨਸ਼ੇ ਨੂੰ ਲਗਾਮ ਨਹੀਂ ਪੈ ਸਕੀ। ਤਾਂ ਤੇ ਸਮਝ ਲੈਣਾ ਚਾਹੀਦਾ ਹੈ ਕਿ ਨਸ਼ਾ ਤਸਕਰਾਂ ਦੀ ਦੁਨੀਆਂ ਵਿਚ ਕਾਨੂੰਨ ਇਕ ਹੱਦ ਤੱਕ ਹੀ ਦਖਲ ਦੇ ਸਕਦਾ ਹੈ। ਜੇ ਕੈਨੇਡਾ ਵਿਚ ਨਸ਼ਿਆਂ ਵਿਰੁਧ ਲਹਿਰ ਪੈਦਾ ਨਹੀਂ ਹੋ ਰਹੀ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਘਰ ਵਿਚ ਲੱਗੇ ਤਾਲੇ ਦਾ ਚੋਰਾਂ ਨੂੰ ਕੋਈ ਬੰਧਨ ਨਹੀਂ ਹੁੰਦਾ। ਇਸ ਦੇ ਬਾਵਜੂਦ ਮੇਰਾ ਵਿਸ਼ਵਾਸ ਹੈ ਕਿ ਸਿੱਖ ਸੁਰ ਵਿਚ ਨਸ਼ਿਆਂ ਵਿਰੁਧ ਮੁਹਿੰਮ ਪੈਦਾ ਕੀਤੀ ਜਾ ਸਕਦੀ ਹੈ।

ਅਖੀਰ ਵਿਚ ਆਪ ਜੀ ਦੇ ਧਿਆਨ ਵਿਚ ਇਹੀ ਲਿਆਉਣਾ ਚਾਹੁੰਦਾ ਹਾਂ, ਸਾਰੇ ਭਾਰਤ ਵਿਚ ਪੰਜਾਬ ਦਾ ਸਿੱਖ ਮੁੱਖ ਮੰਤਰੀ ਇਸ ਵੇਲੇ ਆਪਣਿਆਂ ਅਤੇ ਬੇਗਾਨਿਆਂ ਦੇ ਸਿਆਸੀ ਨਿਸ਼ਾਨੇ 'ਤੇ ਹੈ। ਇਸ ਮੁਹਿੰਮ ਨੂੰ ਜੇ ਠੱਲ੍ਹ ਨਹੀਂ ਪਾ ਸਕਦੇ ਤਾਂ ਇਸ ਵਿਚ ਆਪ ਜੀ ਨੂੰ ਸ਼ਾਮਲ ਨਹੀਂ ਹੋਣਾ ਚਾਹੀਦਾ। ਮੌਕਾ ਦਿਉਗੇ ਤਾਂ ਇਸ ਨਾਲ ਜੁੜਿਆ ਹੋਇਆ ਹੋਰ ਵਿਸਥਾਰ ਜ਼ਬਾਨੀ ਦੱਸ ਦੇਵਾਂਗਾ। ਅੱਗੋਂ ਜੋ ਗੁਰੂ ਜੀ ਨੂੰ ਭਾਵੇ।

*ਸਤਿਕਾਰ ਸਹਿਤ,*
*ਗੁਰੂ ਪੰਥ ਦਾ ਦਾਸ*
*-ਬਲਕਾਰ ਸਿੰਘ (ਪ੍ਰੋਫੈਸਰ)*
*ਫੋਨ: 91-93163-01328*

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

## ਨਸ਼ਾ ਤਸਕਰਾਂ ਨਾਲ ਨਿੱਪਟਣ ਦੀ ਸਮੱਸਿਆ

ਆਪਣੇ ਪਰਿਵਾਰ ਦੇ ਆਪਣੇ ਤੋਂ ਛੋਟੇ ਦੋ ਮੈਂਬਰਾਂ ਦੀ ਮ੍ਰਿਤੂ ਦਾ ਕਾਰਨ ਸ਼ਰਾਬਨੋਸ਼ੀ ਹੋਣ ਕਾਰਨ, ਮੈਂ ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਵਿਚ ਹੋ ਰਹੇ ਵਾਧੇ ਦੀਆਂ ਖਬਰਾਂ ਦੀ ਪੈਰਵੀ ਬੜੇ ਧਿਆਨ ਨਾਲ ਕਰਦਾ ਹਾਂ। ਕਰਜ਼ਈ ਹੋ ਕੇ ਮਰਨ ਵਾਲੀ ਕਿਸਾਨੀ ਵਿਚ ਵੀ ਨਸ਼ਿਆਂ ਦਾ ਹੱਥ ਹੈ। ਵਰਤਮਾਨ ਪੰਜਾਬ ਸਰਕਾਰ ਨੇ ਨਸ਼ਿਆਂ ਦੀ ਰੋਕਥਾਮ ਲਈ ਐਸ. ਟੀ. ਐਫ. ਸਥਾਪਤ ਕੀਤੀ ਤਾਂ ਬੜਾ ਖੁਸ਼ ਹੋਇਆ ਸਾਂ ਕਿ ਪੇਂਡੂ ਪੰਜਾਬ ਠੀਕ ਰਸਤੇ ਪੈ ਜਾਵੇਗਾ। ਪੁਛ ਪ੍ਰਤੀਤ ਤੋਂ ਪਤਾ ਲੱਗਾ ਕਿ ਨਸ਼ੇ ਦੇ ਸੌਦਾਗਰਾਂ ਦੀਆਂ ਜੜ੍ਹਾਂ ਏਨੀ ਦੂਰ ਤੱਕ ਫੈਲ ਚੁਕੀਆਂ ਸਨ ਕਿ ਐਸ. ਟੀ. ਐਫ. ਦੇ ਕਿਸੇ ਵੀ ਸੁਝਾਅ ਉਤੇ ਅਮਲ ਨਹੀਂ ਸੀ ਹੋ ਰਿਹਾ।

ਦੋ ਜੁਲਾਈ ਨੂੰ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੋਂ ਜਾਪਦਾ ਹੈ ਕਿ ਗੱਡੀ ਲੀਹੇ ਪੈਣ ਲੱਗੀ ਹੈ। ਇੱਕ ਡੀ. ਐਸ. ਪੀ. ਅਤੇ ਇੱਕ ਹੈਡ ਕਾਂਸਟੇਬਲ ਦੀ ਬਰਖਾਸਤਗੀ ਅਤੇ ਇੱਕ ਐਸ. ਐਸ. ਪੀ. ਦਾ ਤਬਾਦਲਾ ਵੀ ਏਸੇ ਹੀ ਲੋਅ ਵਿਚ ਵੇਖਿਆ ਜਾ ਰਿਹਾ ਹੈ। ਨਸ਼ਾ ਤਸਕਰਾਂ ਨੂੰ ਮੌਤ ਦੀ ਸਜ਼ਾ ਦਾ ਸੁਝਾਅ ਦੇਣਾ ਵੀ ਸਰਕਾਰ ਦੀ ਵਰਤਮਾਨ ਰੁਚੀ ਉਤੇ ਮੋਹਰ ਲਾਉਂਦਾ ਹੈ। ਪੁਲਿਸ ਅਧਿਕਾਰੀਆਂ ਨੂੰ ਪ੍ਰਭਾਵਤ ਕਰਨ ਲਈ ਪੈਸੇ ਦੀ ਖੇਡ ਦੀਆਂ ਗੱਲਾਂ ਵੀ ਅੱਗੇ ਆਈਆਂ ਹਨ ਤੇ ਵਾਸਨਾ ਤ੍ਰਿਪਤੀ ਦੀਆਂ ਵੀ।

ਮੈਂ 1989-1990 ਵਿਚ ਪੰਜਾਬ ਰੈਡ ਕਰਾਸ ਵਲੋਂ ਚਲਾਏ ਗਏ ਨਸ਼ਾ ਛੁਡਾਊ ਕੇਂਦਰਾਂ ਵਿਚ ਇਸ ਰੁਚੀ ਦਾ ਟਰੇਲਰ ਵੇਖ ਚੁਕਾ ਹਾਂ। ਪੰਜਾਬ ਪੁਲਿਸ ਵਿਚ ਵੱਡੀ ਪੱਧਰ ਉਤੇ ਤਬਾਦਲੇ ਤੇ ਐਸ. ਟੀ. ਐਫ. ਨੂੰ ਵਧੇਰੇ ਖੁੱਲ੍ਹਾਂ ਤੇ ਸ਼ਕਤੀ ਦਿੱਤੇ ਬਿਨਾ ਪੰਜਾਬ ਦੀ ਕਿਸਾਨੀ ਤੇ ਜਵਾਨੀ ਬਚਾਉਣ ਦਾ ਕੰਮ ਅਤਿਅੰਤ ਕਠਿਨ ਹੈ। ਮੰਤਰੀ ਮੰਡਲ ਦੇ ਫੈਸਲੇ ਦਾ ਅਸਰ ਕਦੋਂ ਤੇ ਕਿਹੋ ਜਿਹਾ ਹੁੰਦਾ ਹੈ, ਸਮੇਂ ਨੇ ਦੱਸਣਾ ਹੈ। ਹਾਲ ਦੀ ਘੜੀ ਅਜੋਕੀ ਸੋਚ ਦਾ ਸਵਾਗਤ ਹੋਣਾ ਚਾਹੀਦਾ ਹੈ।

**ਹਿਮਾਚਲ ਪ੍ਰਦੇਸ਼ ਦਾ ਆਰਥਕ ਵਿਕਾਸ:** ਮੇਰੀ ਉਮਰ ਦੇ ਗੈਰ ਹਿਮਾਚਲੀ ਆਜ਼ਾਦੀ ਪਿੱਛੋਂ ਹਿਮਾਚਲ ਪ੍ਰਦੇਸ਼ ਦੀ ਆਰਥਕ ਉਨਤੀ ਤੋਂ ਜਾਣੂ ਹਨ। ਮੈਂ 1951 ਦਾ ਹਿਮਾਚਲ ਵੀ ਵੇਖਿਆ ਹੈ, 1959 ਤੇ 1966 ਦਾ ਵੀ। ਅਜ ਕੱਲ ਤਾਂ ਹਰ ਦਿਨ ਦੇਖਦਾ ਹਾਂ। 1959 ਵਿਚ ਮਨਾਲੀ ਸੁੰਨੀ ਸੀ ਤੇ ਲਾਹੌਲ ਸਪਿਤੀ ਅਪਹੁੰਚ।

ਅੱਜ ਸ਼ਿਮਲਾ, ਡਲਹੌਜ਼ੀ ਤੇ ਕਸੌਲੀ ਦੀ ਮਾਲ ਰੋਡ ਉਤੇ ਮੋਢੇ ਨਾਲ ਮੋਢਾ ਖਹਿੰਦਾ ਹੈ। ਹਿਮਾਚਲ ਸਰਕਾਰ ਦੇ ਅੰਕੜਾ ਵਿਭਾਗ ਅਨੁਸਾਰ ਹਿਮਾਚਲ ਦੀ ਆਮਦਨ ਪਿਛਲੇ ਦੋ ਦਹਾਕਿਆਂ ਵਿਚ ਅੱਠ ਗੁਣਾ ਹੋ ਗਈ ਹੈ। ਪਰ ਵਿਕਾਸ ਦੀ ਪੱਧਰ ਇੱਕੋ ਜਿਹੀ ਨਹੀਂ। ਸਭ ਤੋਂ ਵਧ ਆਮਦਨ ਜ਼ਿਲਾ ਸੋਲਨ ਦੀ ਹੈ, ਜਿੱਥੇ ਉਦਯੋਗ ਵਿਕਾਸ ਛੜੱਪੇ ਮਾਰ ਕੇ ਹੋਇਆ ਹੈ। ਕਾਂਗੜਾ, ਸ਼ਿਮਲਾ ਤੇ ਮੰਡੀ ਜ਼ਿਲ੍ਹੇ ਕ੍ਰਮਵਾਰ ਸੋਲਨ ਤੋਂ ਪਿੱਛੇ ਹਨ। ਕਿਨੌਰ ਤੇ ਲਾਹੌਲ ਸਪਿਤੀ ਹੋਰ ਵੀ ਥੱਲੇ।

ਮੈਨੂੰ ਪਿਛਲੇ ਸਮੇਂ ਵਿਚ ਧਰਮਪੁਰ ਸਬਾਟੂ ਮਾਰਗ ਦੇ ਨੇੜੇ ਤੇੜੇ ਦਾ ਆਰਥਕ ਵਿਕਾਸ ਵੇਖਣ ਦਾ ਮੌਕਾ ਮਿਲਿਆ ਹੈ। ਕਈ ਘਰਾਂ ਵਿਚ ਕਾਰਾਂ ਹਨ ਜਿਨ੍ਹਾਂ ਤੋਂ ਟੈਕਸੀਆਂ ਦਾ ਕੰਮ ਲਿਆ ਜਾਂਦਾ ਹੈ। ਰਾਜਸਥਾਨ ਦੇ ਭੁੱਜੇ ਹੋਏ ਛੋਲੇ ਵੇਚਣ ਵਾਲੇ ਕੋਲ ਮੋਟਰ ਸਾਈਕਲ ਹੈ। ਵੇਚਣ ਵਾਲੇ ਦੇ ਹੋਕੇ ਦੀ ਆਵਾਜ਼ ਮੋਟਰ ਸਾਈਕਲ ਦੀ ਫਿਟ ਫਿਟ ਨਾਲੋਂ ਉਚੀ ਹੁੰਦੀ ਹੈ।

ਅੰਕੜਾ ਵਿਭਾਗ ਦਾ ਦਾਅਵਾ ਠੀਕ ਜਾਪਦਾ ਹੈ ਕਿ ਹਿਮਾਚਲ ਦਾ ਆਰਥਕ ਵਿਕਾਸ ਦੇਸ਼ ਦੇ ਹੋਰ ਪਰਬਤੀ ਰਾਜਾਂ ਨੂੰ ਮਾਤ ਪਾਉਂਦਾ ਹੈ। ਇਸ ਦਾ ਸਵਾਗਤ ਕਰਦਿਆਂ ਹਿਮਾਚਲੀਆਂ ਨੂੰ ਕਹਿਣਾ ਚਾਹਾਂਗਾ, 'ਵਧੋ-ਫੁਲੋ ਪਰ ਸੰਭਲ ਕੇ।'

**ਖੇਡ ਖਿਡਾਰੀਆਂ ਦੀ ਵਿਦਿਅਕ ਯੋਗਤਾ:** ਮੋਗੇ ਦੀ ਜੰਮੀ ਜਾਈ ਹਰਮਨਪ੍ਰੀਤ ਕੌਰ ਕੋਲੋਂ ਡੀ. ਐਸ. ਪੀ. ਦੀ ਨੌਕਰੀ ਖੁੱਸ ਜਾਣ ਦੀ ਸੰਭਾਵਨਾ ਪੜ੍ਹ ਕੇ ਬੜੀ ਹੈਰਾਨੀ ਹੋਈ। ਉਹ ਕ੍ਰਿਕਟ ਦੀ ਖਿਡਾਰੀ ਹੈ ਤੇ ਅਰਜੁਨ ਐਵਾਰਡੀ। ਚਾਰ ਮਹੀਨੇ ਤੋਂ ਡੀ. ਐਸ. ਪੀ. ਵਜੋਂ ਤਾਇਨਾਤ ਹਰਮਨਪ੍ਰੀਤ ਦੀ ਬੀ. ਏ. ਡਿਗਰੀ ਦਾ ਰੇੜਕਾ ਉਭਾਰਿਆ ਜਾ ਰਿਹਾ ਹੈ। ਸਰਕਾਰ ਵਲੋਂ ਸਿਰਕੱਢ ਖਿਡਾਰੀਆਂ ਤੋਂ ਉਚੀ ਵਿੱਦਿਆ ਦੀ ਮੰਗ ਕਰਨਾ ਉੱਕਾ ਹੀ ਯੋਗ ਨਹੀਂ, ਖਾਸ ਕਰਕੇ ਉਨ੍ਹਾਂ ਨੌਕਰੀਆਂ ਲਈ ਜਿੱਥੇ ਕਾਗਜ਼ੀ ਵਿਦਿਆ ਨਾਲੋਂ ਹੋਰ ਤਰ੍ਹਾਂ ਦੀ ਯੋਗਤਾ ਦੀ ਆਸ ਰੱਖੀ ਜਾਂਦੀ ਹੈ। ਯੋਗਤਾ ਚਾਰ ਮਹੀਨੇ ਵਿਚ ਨਹੀਂ ਦਿਖਾਈ ਦਿੰਦੀ, ਸਮਾਂ ਮੰਗਦੀ ਹੈ। ਜੇ ਯੂਨੀਵਰਸਿਟੀਆਂ ਐਮ. ਏ., ਪੀਐਚ. ਡੀ. ਬਾਹਰੇ ਬੁਧੀਜੀਵੀਆਂ, ਇਥੋਂ ਤੱਕ ਕਿ ਮੈਟ੍ਰਿਕ ਪਾਸ ਨੂੰ ਵੀ ਪ੍ਰੋਫੈਸਰ ਲਾ ਸਕਦੀਆਂ ਹਨ ਤਾਂ ਪੁਲਿਸ ਦੀ ਨੌਕਰੀ ਲਈ ਖੇਡਾਂ ਦੀ ਉਤਮਤਾ ਹੀ ਕਾਫੀ ਹੋਣੀ ਚਾਹੀਦੀ ਹੈ।

**ਅੰਤਿਕਾ:** ਮੋਹਨ ਸਿੰਘ
ਪੜ੍ਹ ਪੜ੍ਹ ਪੁਸਤਕ ਢੇਰ ਕੁੜੇ
ਮੇਰਾ ਵਧਦਾ ਜਾਏ ਹਨੇਰ ਕੁੜੇ।
ਕੁਝ ਅਜਬ ਇਲਮ ਦੀਆਂ ਜ਼ਿਦਾਂ ਨੇ
ਮੈਨੂੰ ਮਾਰਿਆ ਕਿਉਂ, ਕੀ, ਕਿੱਦਾਂ ਨੇ।

## ਨਸ਼ਿਆਂ ਦੇ ਭੱਠ ਵਿਚ ਵਹਿ ਤੁਰਿਆ ਪੰਜਾਬ

ਪੰਜਾਬ ਦੀ ਜੁਆਨੀ ਨਸ਼ਿਆਂ ਦੇ ਵਹਿਣ ਵਿਚ ਰੁੜ੍ਹਦੀ ਨਜ਼ਰ ਆਉਂਦੀ ਹੈ। ਆਏ ਦਿਨ ਚਿੱਟੇ ਦੀ ਓਵਰਡੋਜ਼ ਨਾਲ ਉਜੜੇ ਪਰਿਵਾਰ ਦੀ ਖਬਰ ਨਾਲ ਦਿਲ ਟੁੱਟ ਜਾਂਦਾ ਹੈ। ਨਸ਼ਾ ਵੀ ਉਹ, ਜਿਸ ਨਾਲ ਹਾਥੀ ਨੂੰ ਬੇਹੋਸ਼ ਕੀਤਾ ਜਾਂਦਾ ਹੈ। ਇਸ ਮਹੀਨੇ 25 ਹੱਸਦੇ ਵੱਸਦੇ ਘਰਾਂ ਦੇ ਚਿਰਾਗ ਬੁਝਣ ਦੀਆਂ ਖਬਰਾਂ ਹਨ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਇੰਜੀ. ਸਤਨਾਮ ਸਿੰਘ ਮੱਟੂ
ਫੋਨ: 91-97797-08257

ਰਿਪੋਰਟਾਂ 'ਚ ਉਜੜੇ ਘਰਾਂ ਦੀਆਂ ਚੀਕਾਂ ਤੇ ਦਰਦ ਦੇ ਬੋਲਾਂ ਦੇ ਹਵਾਲੇ ਦਿਲ ਦਹਿਲਾਉਂਦੇ ਹਨ।

ਜਦੋਂ ਨੌਜਵਾਨ ਘਰੋਂ ਬਾਹਰ ਜਾਣ ਦੀ ਗੱਲ ਕਰਦਾ ਹੈ ਤਾਂ ਮਾਪਿਆਂ ਦੇ ਦਿਲ ਨੂੰ ਹੌਲ ਪੈਂਦਾ ਹੈ, ਉਹ ਅੰਦਰੋਂ ਅੰਦਰੀ ਝੁਰਦੇ ਹਨ। ਬੱਚਿਆਂ ਦੇ ਖੇਡਣ ਮੱਲਣ ਦੀ ਉਮਰੇ ਨਸ਼ੇ ਦੇ ਡਰੋਂ ਉਨ੍ਹਾਂ 'ਤੇ ਲਾਈਆਂ ਪਾਬੰਦੀਆਂ ਉਨ੍ਹਾਂ ਦਾ ਮਾਪਿਆਂ ਪ੍ਰਤੀ ਨਜ਼ਰੀਆ ਹੀਣਤਾ ਭਰਿਆ ਬਣਾ ਦਿੰਦੀਆਂ ਹਨ।

ਸਰਕਾਰਾਂ, ਪੁਲਿਸ ਅਤੇ ਸੂਹੀਏ ਵਿਭਾਗ ਪੜਤਾਲ ਦੀ ਆੜ ਹੇਠ ਪੰਜਾਬ ਦੀ ਜੁਆਨੀ ਨੂੰ ਨਸ਼ਿਆਂ ਦੀ ਭੱਠ ਵਿਚ ਜਾਣ ਤੋਂ ਰੋਕਣ ਵਿਚ ਅਸਮਰੱਥ ਹਨ। ਕਦੋਂ ਤੱਕ ਅਸੀਂ ਇਨਸਾਨੀਅਤ ਨੂੰ ਮਾਰ ਕੇ ਆਪਣੇ ਸੂਬੇ ਦਾ ਘਾਣ ਕਰਦੇ ਰਹਾਂਗੇ।

ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦੇਣ ਦੀਆਂ ਟਾਹਰਾਂ ਮਾਰਨ ਵਾਲੀ ਪੰਥਕ ਸਰਕਾਰ ਨੇ ਵੀ ਨੌਜਵਾਨੀ ਨੂੰ ਬਚਾਉਣ ਲਈ ਕੋਈ ਅਹਿਦ ਨਹੀਂ ਕੀਤਾ ਸੀ। ਨਸ਼ਿਆਂ ਦਾ ਬਹੁਤਾ ਪਸਾਰ ਪਿਛਲੇ 10-12 ਸਾਲ ਤੋਂ ਹੋਇਆ ਹੈ। ਕੋਈ ਵੀ ਸਰਕਾਰ ਨਸ਼ਿਆਂ ਦੇ ਫੈਲਾਅ ਵਿਚ ਸ਼ਮੂਲੀਅਤ ਤੋਂ ਮੁਨਕਰ ਨਹੀਂ ਹੋ ਸਕਦੀ। ਸਿਆਸਤਦਾਨ ਦੋਸ਼ ਦੂਜਿਆਂ ਦੇ ਸਿਰ ਮੜ੍ਹ ਕੇ ਖੁਦ ਨੂੰ ਨਿਰਦੋਸ਼ ਸਾਬਿਤ ਨਹੀਂ ਕਰ ਸਕਦੇ।

ਕਿਸੇ ਵੇਲੇ ਮਾਰਸ਼ਲ ਕੌਮ ਵਜੋਂ ਜਾਣੇ ਜਾਂਦੇ ਅਹਿਮਦ ਸ਼ਾਹ ਅਬਦਾਲੀ, ਦੁਰਾਨੀ ਵਰਗੇ ਧਾੜਵੀਆਂ ਨੂੰ ਭਾਂਜ ਦੇਣ ਵਾਲੇ ਪੰਜਾਬੀ ਅੱਜ ਢਾਈ ਇੰਚ ਸਰਿੰਜ ਅੱਗੇ ਢਹਿ ਢੇਰੀ ਹੋ ਰਹੇ ਹਨ। ਸਰਕਾਰਾਂ ਰਾਜਨੀਤੀ ਦੀ ਗੰਦੀ ਖੇਡ ਖੇਡਦੀਆਂ ਆਮ ਲੋਕਾਂ ਦੀਆਂ ਮੁਸੀਬਤਾਂ ਤੋਂ ਬੇਫਿਕਰ ਆਪਣੀ ਮਸਤੀ 'ਚ ਮਸ਼ਰੂਫ ਕੋਈ ਸਾਰਥਕ ਕਦਮ ਚੁੱਕਣ ਦੀ ਥਾਂ ਇੱਕ ਦੂਜੇ ਨੂੰ ਭੰਡਣ ਤੱਕ ਸੀਮਤ ਹਨ। ਲਾਲਚ ਤੇ ਸੱਤਾ ਦੇ ਨਸ਼ੇ 'ਚ ਗੜੁੱਚ ਸਿਆਸੀ ਗਲਿਆਰੇ ਮਸਲੇ ਨੂੰ ਸੁਲਝਾਉਣ ਦੀ ਥਾਂ ਸਿਆਸੀ ਰੰਗਤ ਦੇ ਕੇ ਆਪਣੀ ਬੇਪਤੀ ਛੁਪਾਉਣ ਲਈ ਦੋਸ਼ੀਆਂ ਨੂੰ ਬਚਾਉਣ ਦੀ ਵਾਹ ਲਾਉਂਦੇ ਹਨ। ਉਹ ਆਮ ਜਨਤਾ ਦੀ ਭਲਾਈ ਲਈ ਚੁੱਕੇ ਕਦਮਾਂ ਦੀ ਪ੍ਰੋੜ੍ਹਤਾ ਅਤੇ ਸਹਿਯੋਗ ਕਰਨ ਦੀ ਥਾਂ ਵਿਰੋਧੀ ਰੁਖ ਅਪਨਾਉਂਦੇ ਹਨ।

ਫੌਤ ਹੋ ਚੁਕੇ ਨੌਜਵਾਨਾਂ ਦੇ ਘਰਾਂ 'ਚ ਵਿਛੇ ਸੱਥਰ ਕੀ ਸਿਆਸੀ ਗਲਿਆਰਿਆਂ ਦੇ ਦਿਲਾਂ ਚ ਧੂਹ ਨਹੀਂ ਪਾਉਂਦੇ? ਲੀਡਰਾਂ ਨੂੰ ਅੰਦਰੋਂ ਨਹੀਂ ਝੰਜੋੜਦੇ? ਕੀ ਉਹ ਉਦੋਂ ਤਕ ਉਡੀਕ ਕਰਨਗੇ ਜਦੋਂ ਤਕ ਸੇਕ ਉਨ੍ਹਾਂ ਦੇ ਘਰਾਂ ਤਕ ਨਹੀਂ ਪਹੁੰਚਦਾ?

ਕੀ ਕਹਿੰਦੀ ਹੋਵੇਗੀ ਉਹ ਗਰੀਬ ਮਾਂ ਜਿਸ ਦਾ ਨੌਜਵਾਨ ਪੁੱਤ ਉਹਦੀਆਂ ਬਾਹਾਂ 'ਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਤੇ ਮਾਂ ਨੇ ਸਿਰੋਂ ਪਾਟੀ ਚੁੰਨੀ ਦਾ ਉਸ ਉਤੇ ਕਫਨ ਪਾ ਕੇ ਦਰਦਨਾਕ ਆਵਾਜ਼ 'ਚ ਕਿਹਾ, "ਲੈ ਪੁੱਤ ਤੇਰੇ ਲਈ ਮਾਂ ਬਸ ਇਤਨਾ ਹੀ ਕਰ ਸਕੀ ਹੈ।"

## ਖਿਡਾਰੀਆਂ ਦੇ ਡੋਪ ਟੈਸਟ

ਇਨ੍ਹੀਂ ਦਿਨੀਂ ਡੋਪ ਟੈਸਟਾਂ ਦੀ ਬੜੀ ਚਰਚਾ ਹੈ ਪਰ ਡੋਪ ਟੈਸਟ ਕੀ ਹੁੰਦਾ, ਕਾਹਦਾ ਹੁੰਦਾ ਤੇ ਕਿਵੇਂ ਹੁੰਦਾ ਹੈ? ਇਹਦਾ ਆਮ ਲੋਕਾਂ ਨੂੰ ਕੋਈ ਗਿਆਨ ਨਹੀਂ। ਓਲੰਪਿਕ ਖੇਡਾਂ ਦਾ ਮੈਡੀਕਲ ਕਮਿਸ਼ਨ ਗਾਹੇ-ਬਗਾਹੇ ਉਨ੍ਹਾਂ ਰਸਾਇਣਾਂ/ਡਰੱਗਾਂ ਦੀ ਸੂਚੀ ਜਾਰੀ ਕਰਦਾ ਰਹਿੰਦਾ ਹੈ ਜਿਨ੍ਹਾਂ ਦੀ ਖਿਡਾਰੀਆਂ ਨੂੰ ਮਨਾਹੀ ਹੁੰਦੀ ਹੈ।

ਡੋਪ ਟੈਸਟ ਰਾਹੀਂ ਪਤਾ ਲੱਗ ਜਾਂਦੈ ਕਿ ਕਿਹੜਾ ਖਿਡਾਰੀ ਵਰਜਿਤ ਡਰੱਗ ਲੈ ਰਿਹੈ ਯਾਨਿ ਪਾਜ਼ੇਟਿਵ ਹੈ। ਕੈਨੇਡਾ ਵਿਚ ਪ੍ਰਤੀ ਡੋਪ ਟੈਸਟ 200 ਡਾਲਰ ਲੱਗਦੇ ਹਨ ਜਦ ਕਿ ਰੈਪਿਡ ਡਰੱਗ ਟੈਸਟ 40 ਡਾਲਰ ਵਿਚ ਹੋ ਜਾਂਦੈ। ਕਈ ਕਬੱਡੀ ਫੈਡਰੇਸ਼ਨਾਂ ਖਿਡਾਰੀਆਂ ਦਾ ਡੋਪ ਟੈਸਟ ਕਰਵਾਉਣ ਦੀ ਥਾਂ ਡਰੱਗ ਟੈਸਟ ਕਰਵਾ ਕੇ ਹੀ ਬੁੱਤਾ ਸਾਰ ਲੈਂਦੀਆਂ ਹਨ। ਪੰਜਾਬ ਸਰਕਾਰ ਨੂੰ ਆਪਣੇ ਮੁਲਾਜ਼ਮਾਂ/ਅਫਸਰਾਂ/ਕਾਨੂੰਨਦਾਨਾਂ ਦਾ ਡੋਪ ਜਾਂ ਡਰੱਗ ਟੈਸਟ ਲੈਣ ਬਾਰੇ ਵਰਜਿਤ ਡਰੱਗਾਂ/ਨਸ਼ਿਆਂ ਦੀ ਸੂਚੀ ਜਾਰੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਵਰਜਿਤ ਡਰੱਗਾਂ/ਨਸ਼ੇ ਲੈਣ ਤੋਂ ਬਚ ਸਕਣ ਅਤੇ ਉਨ੍ਹਾਂ ਦੇ ਡੋਪ ਟੈਸਟ ਪਾਜ਼ੇਟਿਵ ਨਾ ਆਉਣ।

ਕੀ ਅਲਕੋਹਲ ਅਥਵਾ ਬੀਅਰ, ਵਾਈਨ, ਵਿਸਕੀ ਤੇ ਸਕਾਚ ਵੀ ਇਨ੍ਹਾਂ ਵਿਚ ਸ਼ਾਮਲ ਹਨ? ਸਰਕਾਰੀ ਨੋਟੀਫਿਕੇਸ਼ਨ ਵਿਚ ਸਭ ਕੁਝ ਸਪੱਸ਼ਟ ਹੋਣਾ ਚਾਹੀਦੈ। ਡਾਕਟਰੀ ਗਿਆਨ ਦੇਣ ਵਾਲੇ ਲੇਖਕਾਂ ਨੂੰ ਵੀ ਅਖਬਾਰਾਂ ਵਿਚ ਲੇਖ ਛਪਵਾ ਕੇ ਲੋਕਾਂ ਨੂੰ ਡਰੱਗਾਂ/ਨਸ਼ਿਆਂ ਦੇ ਡੋਪ ਟੈਸਟ ਤੋਂ ਸੁਚੇਤ ਕਰਨਾ ਚਾਹੀਦੈ। ਕਿਤੇ ਡੋਪ ਟੈਸਟ ਦੀ ਥਾਂ ਡੰਗ ਟਪਾਊ ਡਰੱਗ ਟੈਸਟ ਕਰਵਾ ਕੇ ਹੀ ਨਸ਼ਾ ਵਿਰੋਧੀ ਲਹਿਰ ਦਾ ਲੱਕ ਨਾ ਤੋੜ ਦਿੱਤਾ ਜਾਵੇ! ਲਹਿਰ ਚਲਾਉਣ ਵਾਲੇ ਵੀ ਸੁਚੇਤ ਰਹਿਣ ਕਿਉਂਕਿ ਅਜਿਹੀ ਲਹਿਰ ਕਦੇ ਕਦਾਈਂ ਹੀ ਬਣਦੀ ਹੈ।

*-ਪ੍ਰਿੰ. ਸਰਵਣ ਸਿੰਘ*
*principalsarwansingh@gmail.com*

# ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁਧ ਦੀ ਲੋੜ

## ਪ੍ਰਤੀਕਰਮ

**ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ ਸਿੱਖ ਬੁੱਧੀਜੀਵੀ ਸੁਮੇਲ ਸਿੰਘ ਸਿੱਧੂ ਨੇ ਆਪਣੇ ਲੇਖ 'ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁਧ ਦੀ ਸੇਧ ਦਾ ਸਵਾਲ' ਵਿਚ ਪੰਜਾਬ ਦੇ ਮੌਜੂਦਾ ਧਾਰਮਿਕ, ਸਿਆਸੀ, ਆਰਥਕ ਤੇ ਵਿਦਿਅਕ ਹਾਲਾਤ ਦੀ ਪੜਚੋਲ ਕੀਤੀ ਸੀ। ਉਸੇ ਲੇਖ ਵਿਚਲੀ ਗੱਲ ਨੂੰ ਅੱਗੇ ਤੋਰਦਿਆਂ ਸਿੱਖ ਵਿਚਾਰਵਾਨ ਗੁਰਬਚਨ ਸਿੰਘ ਜਲੰਧਰ ਨੇ ਆਪਣੇ ਪ੍ਰਤੀਕਰਮ ਵਿਚ ਇਨ੍ਹਾਂ ਹਾਲਾਤ ਦੀ ਪਰਖ-ਪੜਚੋਲ ਕੀਤੀ ਹੈ। -ਸੰਪਾਦਕ**

'ਪੰਜਾਬ ਟਾਈਮਜ਼' ਦੇ 7 ਜੁਲਾਈ ਦੇ ਅੰਕ ਵਿਚ ਛਪੇ ਆਪਣੇ ਲੇਖ 'ਹੀਰਵੰਨੇ ਪੰਜਾਬ ਦੀ ਸਿਰਜਣਾ ਲਈ ਧਰਮ ਯੁਧ ਦੀ ਸੇਧ ਦਾ ਸਵਾਲ' ਵਿਚ ਸੁਮੇਲ ਸਿੰਘ ਸਿੱਧੂ ਨੇ ਆਪਣੀ ਚਰਚਾ ਨੂੰ 1982 ਵਿਚ ਸ਼ੁਰੂ ਹੋਏ ਅਤੇ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਹੋਏ ਫੌਜੀ ਹਮਲੇ ਨਾਲ ਅਧਵਾਟੇ ਰੁਕ ਗਏ 'ਧਰਮ ਯੁਧ' ਮੋਰਚੇ ਨਾਲ ਜੋੜ ਦਿਤਾ ਹੈ। ਉਜੜ ਚੁਕੇ ਅਜੋਕੇ ਪੰਜਾਬ ਦੀ ਮੁੜ ਸਿਰਜਣਾ ਵਾਸਤੇ ਇਹ ਚਰਚਾ ਇਥੋਂ ਹੀ ਅਰੰਭ ਹੋਣੀ ਚਾਹੀਦੀ

**ਗੁਰਬਚਨ ਸਿੰਘ, ਜਲੰਧਰ**
**ਫੋਨ: 91-98156-98451**

ਹੈ। ਭਾਵੇਂ ਪੰਜਾਬ ਦੇ ਉਜੜਨ ਦਾ ਸਿਲਸਿਲਾ 1850 ਦੀ ਸਾਮਰਾਜੀ ਗੁਲਾਮੀ ਤੋਂ ਜਾਰੀ ਹੈ ਪਰ ਇਸ ਉਜਾੜੇ ਵਿਚ ਹੈਰਾਨੀਜਨਕ ਤੇਜੀ ਜੂਨ 1984 ਤੋਂ ਬਾਅਦ ਆਈ ਹੈ। ਇਸ ਉਜਾੜੇ ਦਾ ਕਾਰਨ ਪੰਜਾਬ ਦੀ ਸਿਰਫ ਆਰਥਕ ਲੁਟ ਨਹੀਂ ਸਗੋਂ ਸਭਿਆਚਾਰਕ ਲੁਟ ਵੀ ਹੈ।

ਸੁਮੇਲ ਸਿੰਘ ਸਿੱਧੂ ਨੇ ਪੰਜਾਬ ਦੀ ਅਜੋਕੀ ਹਾਲਤ ਨੂੰ ਠੀਕ ਬਿਆਨ ਕੀਤਾ ਹੈ, "ਜਿਵੇਂ ਆਈਲਿਟਸ ਦੇ ਬੈਂਡ ਹਾਸਲ ਕਰਨ ਲਈ ਪੰਜਾਬ 'ਚ ਕੋਈ 'ਭਵਿੱਖ ਬਣਾਓ' ਅੰਦੋਲਨ ਚਲ ਰਿਹਾ ਹੋਵੇ। ਪਰ ਇਹ ਭਵਿੱਖ ਹੁਣ ਪੰਜਾਬ ਵਿਚ ਨਹੀਂ ਸਗੋਂ ਇਸ ਤੋਂ ਛੁਟਕਾਰੇ ਵਿਚ ਹੀ ਬਣਾਇਆ ਜਾ ਸਕਦਾ ਹੈ।...ਗੋਰੀਆਂ ਧਰਤੀਆਂ ਉਤੇ ਚਾਕਰੀ ਦੇ ਚਾਹਵਾਨਾਂ ਵਾਸਤੇ ਪੀ. ਆਰ. ਜਾਂ ਸਟੱਡੀ ਵੀਜ਼ੇ ਦੀਆਂ ਸ਼ਰਤਾਂ ਪੂਰੀਆਂ ਕਰਨਾ ਸਭ ਤੋਂ ਵੱਡਾ ਨਿਸ਼ਾਨਾ ਬਣ ਚੁਕਾ ਹੈ ਅਤੇ ਇਸ ਮਹਾਨ ਪ੍ਰਾਪਤੀ ਤੋਂ ਖੁੰਝ ਜਾਣ ਵਾਲੇ 'ਚਿੱਟੇ' ਦੇ ਗਾਹਕ ਹਨ ਜਾਂ ਅੰਬਾਨੀ ਦੇ ਡਾਟਾ ਪੈਕ ਲੈ ਕੇ ਸੋਸ਼ਲ ਮੀਡੀਆ ਉਤੇ ਸਰਗਰਮ ਹਨ। ਪੰਜਾਬੀ ਬੋਲੀ ਦੇ ਨਾਂ ਉਤੇ ਬਣੇ ਸੂਬੇ ਵਿਚ ਪੰਜਾਬੀ ਦੇ ਸਹੀ ਸ਼ਬਦ ਜੋੜ ਲਿਖਣ ਵਾਲੇ ਵਿਰਲੇ-ਟਾਵੇਂ ਮਿਲਣਗੇ। ਬੇਗਾਨਗੀ ਦੀ ਭਾਵਨਾ ਵਿਚ ਗੁਸੇ ਹੋਏ ਪਿਛੇ ਰਹਿ ਗਏ ਅਜਿਹੇ ਰਾਂਝੇ ਹਨ, ਜਿਨ੍ਹਾਂ ਨੂੰ ਕਿਸੇ ਹੀਰ ਦੀ ਤਲਾਸ਼ ਨਹੀਂ। ਕੋਈ ਦਰਿਆ ਇਨ੍ਹਾਂ ਲਈ ਨਹੀਂ ਸੂਕਦਾ। ਪੰਜਾਬ ਦੀ ਧਰਤੀ ਇਨ੍ਹਾਂ ਸਰਾਪੀਆਂ ਰੂਹਾਂ ਲਈ ਸਿਰਫ ਸੈਲਫੀ ਖਿਚਣ ਦੀ ਮਜਬੂਰੀ ਵਾਲੀ ਸੈਟਿੰਗ ਹੈ। ਇਹ ਰੋਡ ਸ਼ੋਅ ਵਿਚ ਮੋਟਰ ਸਾਈਕਲ ਭਜਾ ਸਕਦੇ ਹਨ। ਕਦੇ-ਕਦੇ ਖ਼ੂਨਦਾਨ ਦਾਨ ਕੈਂਪ ਲਾ ਸਕਦੇ ਹਨ। ਲੰਗਰ ਲਾ ਸਕਦੇ ਹਨ ਜਾਂ ਬੰਦ ਕਰਵਾ ਸਕਦੇ ਹਨ। ਪਰ ਕਿਸੇ ਵਗਦੇ ਪਾਣੀ ਦੀ ਆਵਾਜ਼ ਤੇ ਉਸ ਨਾਲ ਜੁੜੇ ਗੀਤ-ਕਥਾਵਾਂ ਦੀ ਨਿਰਮਲ ਛੋਹ ਦੀ ਨਿਆਜ਼ ਇਨ੍ਹਾਂ ਲੁੱਡਣ ਮਲਾਹਾਂ ਦੇ ਉਜੜੇ ਯਾਰਾਂ ਲਈ ਭੈਂਸ ਬਰਾਬਰ ਹੈ।...ਸਾਡੇ ਦਰਿਆ ਪਾਣੀਆਂ ਦੇ ਨਹੀਂ ਸਗੋਂ ਰੇਤ ਕੱਢਣ ਦੇ ਅੱਡੇ ਹਨ।...ਪੀੜ੍ਹੀ ਗੁੰਮ ਹੈ।...ਸਰਕਾਰਾਂ, ਵਜੀਰ ਤੇ ਰਸੂਖਵਾਨ ਪੰਜਾਬ ਨੂੰ ਆਪਣੀ ਬਾਂਦੀ ਬਣਾਈ ਬੈਠੇ ਹਨ। ਕਿਸਾਨ ਭਾਈਚਾਰਾ ਨਾੜ ਨੂੰ ਅੱਗ ਲਾ ਕੇ ਪੰਜਾਬ ਦਾ ਨੁਕਸਾਨ ਕਰ ਰਿਹਾ ਹੈ। ਜਿਹੜੇ ਕੁਝ ਹੋਰ ਵਿਗਾੜਨ ਜੋਗੇ ਨਹੀਂ, ਉਹ ਪੰਜਾਬੀ ਬੋਲੀ ਦੇ ਆਹੂ ਲਾਹੀ ਤੁਰੇ ਆਉਂਦੇ ਹਨ।"



ਇਹ ਅਜੋਕੇ ਪੰਜਾਬ ਦੀ ਹਕੀਕੀ ਤਸਵੀਰ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਪੰਜਾਬ ਦੀ ਇਹ ਦੁਰਦਸ਼ਾ ਕਿਉਂ ਬਣੀ?

ਇਸ ਉਜਾੜੇ ਦਾ ਅਸਲੀ ਪਿਛੋਕੜ 1947 ਤੋਂ ਪਹਿਲਾ ਵਾਲਾ ਮਹਾਨ ਪੰਜਾਬ ਨਹੀਂ ਸਗੋਂ ਇਸ ਤੋਂ ਵੀ ਪਹਿਲਾ ਅੰਗਰੇਜ਼ ਸਾਮਰਾਜੀਆਂ ਵਲੋਂ 1850 ਵਿਚ ਪੰਜਾਬ ਉਤੇ ਕੀਤਾ ਗਿਆ ਕਬਜਾ ਹੈ। ਸਾਮਰਾਜੀ ਗੁਲਾਮੀ ਦੇ ਨਾਲ ਹੀ ਪੰਜਾਬ ਦੇ ਅਜੋਕੇ ਦੁਖਾਂਤ ਦਾ ਅਰੰਭ ਹੁੰਦਾ ਹੈ। ਪੰਜਾਬ ਦਾ ਭਾਈਚਾਰਕ ਮੌਲਿਕ ਵਿਕਾਸ ਰੁਕ ਜਾਂਦਾ ਹੈ, ਜਿਸ ਭਾਈਚਾਰਕ ਵਿਕਾਸ ਦੀ ਗੁਆਹੀ ਮੁਸਲਮਾਨ ਕਵੀ ਸ਼ਾਹ ਮੁਹੰਮਦ ਦੀਆਂ ਇਹ ਪੰਕਤੀਆਂ ਭਰਦੀਆਂ ਹਨ:

ਰਬ ਚਾਹੇ ਤਾਂ ਕਰੇਗਾ ਮਿਹਰਬਾਨੀ
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ-ਮੁਸਲਮਾਨਾਂ
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।

'ਜੰਗਨਾਮੇ' ਦਾ ਇਕ ਹੋਰ ਕਾਵਿ-ਬੰਦ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ-ਹਿੰਦੂ
ਸਿਰ ਦੋਹਾਂ ਦੇ ਉਤੇ ਆਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਸਿੱਖ ਕਦੇ ਵੀ ਪੰਜਾਬ ਵਿਚ ਤੀਸਰੀ ਜਾਤ ਨਹੀਂ ਸਨ। ਸਿੱਖ ਪੰਜਾਬ ਦੇ ਸਿਧਾਂਤਕ ਅਗਵਾਨੂੰ ਅਤੇ ਰਖਵਾਲੇ ਸਨ। ਸ਼ਾਹ ਮੁਹੰਮਦ ਦੇ ਉਪਰੋਕਤ ਕਾਵਿ ਬੰਦ ਹੀ ਇਹ ਸਾਖੀ ਭਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਧਰਮ ਦੇ ਆਧਾਰ ਉਤੇ ਕੋਈ ਵਿਤਕਰਾ ਨਹੀਂ ਸੀ।

ਬਾਬਾ ਬੰਦਾ ਸਿੰਘ ਬਹਾਦਰ ਵੇਲੇ ਤੋਂ ਹੀ ਇਹ ਪ੍ਰਬੰਧ ਚਲਿਆ ਆਉਂਦਾ ਸੀ ਕਿ ਪਿੰਡਾਂ ਦੀਆਂ ਖਾਲਸਈ ਪੰਚਾਇਤਾਂ ਖ਼ੁਦਮੁਖਤਿਆਰ ਸਨ ਅਤੇ ਬਾਹਰਲੇ ਧਾੜਵੀਆਂ ਤੋਂ ਰਾਖੀ ਖਾਲਸਾ ਫੌਜਾਂ ਕਰਦੀਆਂ ਸਨ। ਮਿਸਲਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤਕ ਇਹ ਪ੍ਰਬੰਧ ਚਲਦਾ ਆਇਆ, ਭਾਵੇਂ ਇਸ ਵਿਚ ਸ਼ਖ਼ਸੀ ਰਾਜ ਦੇ ਕੁਝ ਵਿਗਾੜ ਪੈਦਾ ਹੋ ਗਏ ਸਨ।

ਅੰਗਰੇਜ਼ ਸਾਮਰਾਜੀਆਂ ਨੇ ਪੰਜਾਬ ਉਤੇ ਕਬਜਾ ਕਰਕੇ ਸਭ ਤੋਂ ਪਹਿਲਾ ਕੰਮ ਸਿੱਖਾਂ, ਖਾਸ ਕਰਕੇ ਸਿੱਖ ਫੌਜੀਆਂ ਉਤੇ ਵਹਿਸ਼ੀ ਜਬਰ ਢਾਹੁਣ ਦਾ ਕੀਤਾ। ਸਿੱਖ ਫੌਜ 'ਚ ਰਹਿ ਚੁਕੇ ਬਾਬਾ ਰਾਮ ਸਿੰਘ ਦੀ ਅਗਵਾਈ ਵਿਚ ਉਠੀ ਕੂਕਿਆਂ ਦੀ ਬਗਾਵਤ ਨੂੰ ਜਿਸ ਵਹਿਸ਼ੀ ਢੰਗ ਨਾਲ ਕੁਚਲਿਆ ਗਿਆ, ਇਹ ਸਾਮਰਾਜੀ ਇਤਿਹਾਸ ਦਾ ਕਾਲਾ ਪੰਨਾ ਹੈ। ਸਿੱਖਾਂ ਨੂੰ ਕੁਚਲਣ ਤੋਂ ਬਾਅਦ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਆਪਸੀ ਦੁਫੇੜ ਪਾਉਣ ਦਾ ਕੰਮ ਵੀ ਅੰਗਰੇਜ਼ ਸਾਮਰਾਜੀਆਂ ਨੇ ਕੀਤਾ, ਜਿਸ ਦੀ ਪੁਸ਼ਟੀ ਮਹਾਤਮਾ ਗਾਂਧੀ ਦੀਆਂ ਲਿਖਤਾਂ ਕਰਦੀਆਂ ਹਨ। ਸਿਰਾਂ ਦੀ ਗਿਣਤੀ ਉਤੇ ਆਧਾਰਤ ਪੱਛਮੀ ਤਰਜ ਦੀ ਜਮਹੂਰੀਅਤ ਦੇ ਲਾਗੂ ਹੋਣ ਨਾਲ ਇਹ ਦੁਫੇੜ ਹੋਰ ਪੱਕੀ ਹੋ ਗਈ, ਜਿਸ ਦਾ ਸਿੱਟਾ 1947 ਦੀ ਹਿੰਦ-ਪਾਕਿ ਵੰਡ ਦੇ ਰੂਪ 'ਚ ਨਿਕਲਿਆ ਅਤੇ ਖਮਿਆਜਾ ਹੁਣ ਤਕ ਦੋਵੇਂ ਦੇਸ਼ਾਂ ਦੇ ਲੋਕ ਭੁਗਤਦੇ ਆ ਰਹੇ ਹਨ।

ਇਨ੍ਹਾਂ ਹੀ ਸਾਮਰਾਜੀ ਨੀਤੀਆਂ ਨੂੰ ਜਾਰੀ ਰੱਖਦਿਆਂ ਕੇਂਦਰ ਸਰਕਾਰ ਨੇ ਪੂਰਬੀ ਪੰਜਾਬ ਵਿਚ ਆਰੀਆ ਸਮਾਜੀ ਅਖ਼ਬਾਰਾਂ ਦੀ ਮਦਦ ਨਾਲ ਲਗਾਤਾਰ ਹਿੰਦੂ-ਸਿੱਖ ਦੁਫੇੜ ਨੂੰ ਵਧਾਇਆ ਅਤੇ ਐਨ ਮੁਢ ਤੋਂ ਹੀ ਅੰਗਰੇਜ਼ ਸਾਮਰਾਜੀਆਂ ਵਾਂਗ ਸਿੱਖਾਂ ਨੂੰ ਦਬੇਲ ਬਣਾ ਕੇ ਰੱਖਣ ਦੇ ਯਤਨ ਕੀਤੇ। ਜੇ ਕਿਸੇ ਨੂੰ ਇਸ ਧਾਰਨਾ ਬਾਰੇ ਕੋਈ ਸ਼ੰਕਾ ਹੈ ਤੇ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਇਸ ਮਸਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਸਮਝਦਾ ਹੈ ਤਾਂ ਉਹ ਮਾਸਟਰ ਤਾਰਾ ਸਿੰਘ ਦੀ ਸਵੈਜੀਵਨੀ ਪੜ੍ਹ ਲਵੇ।

ਸਿੱਖਾਂ ਨੇ 1947 ਤੋਂ ਹੀ ਆਪਣੇ ਉਤੇ ਹੋ ਰਹੇ ਇਸ ਜਬਰ ਦਾ ਵਿਰੋਧ ਕੀਤਾ ਹੈ। ਸਿੱਖਾਂ ਨੇ ਡਾ. ਭੀਮ ਰਾਓ ਅੰਬੇਡਕਰ ਦੀ ਸਲਾਹ ਉਤੇ ਹੀ ਪੰਜਾਬੀ ਸੂਬੇ ਦਾ ਮੋਰਚਾ ਅਰੰਭ ਕੀਤਾ ਸੀ, ਕਿਉਂਕਿ ਉਨ੍ਹਾਂ ਨੇ ਸਿੱਖਾਂ ਨੂੰ ਦਸਿਆ ਸੀ ਕਿ 'ਆਜ਼ਾਦ' ਭਾਰਤ ਵਿਚ ਧਰਮ ਦੇ ਆਧਾਰ ਉਤੇ ਨਹੀਂ ਸਗੋਂ ਭਾਸ਼ਾਈ ਆਧਾਰ ਉਤੇ ਹੀ ਸੂਬਾ ਮੰਗਿਆ ਜਾ ਸਕਦਾ ਹੈ। ਇਸ ਕਾਨੂੰਨੀ ਮੰਗ ਦਾ ਜੋ ਹਸ਼ਰ ਹੋਇਆ, ਉਹ ਸਭ ਦੇ ਸਾਹਮਣੇ ਹੈ। ਧਰਮ ਯੁਧ ਮੋਰਚਾ ਇਸ ਮੰਗ ਦੀ ਨਿਰੰਤਰਤਾ ਹੀ ਸੀ। ਸੰਤ ਭਿੰਡਰਾਂਵਾਲੇ ਤਾਂ ਸੰਜੋਗਵਸ ਹੀ ਇਸ ਮੋਰਚੇ ਦਾ ਹਿੱਸਾ ਬਣ ਗਏ ਸਨ।

ਇਨ੍ਹਾਂ ਸਾਮਰਾਜੀ ਨੀਤੀਆਂ ਦੀ ਸਿਖਰ ਹੀ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਕੀਤਾ ਗਿਆ ਫੌਜੀ ਹਮਲਾ ਸੀ। ਹਮਲਾ ਉਥੇ ਹੀ ਖਤਮ ਨਹੀਂ ਹੋਇਆ ਸਗੋਂ ਅੱਡ-ਅੱਡ ਰੂਪਾਂ ਵਿਚ ਅਜੇ ਤਕ ਵੀ ਜਾਰੀ ਹੈ। ਇਸੇ ਹਮਲੇ ਦਾ ਸਿੱਟਾ ਹੈ, ਬੰਜਰ ਪੰਜਾਬ ਦਾ ਮੌਜੂਦਾ ਰੂਪ। ਇਸ ਦੀ ਜਿੰਮੇਵਾਰ ਪੰਜਾਬ ਦੇ ਲੋਕ ਜਾਂ ਕਿਸਾਨੀ ਨਹੀਂ ਸਗੋਂ ਕੇਂਦਰ ਸਰਕਾਰ ਦੀਆਂ ਸਾਮਰਾਜੀ ਨੀਤੀਆਂ ਹਨ, ਜਿਨ੍ਹਾਂ ਨੂੰ ਪੰਜਾਬ 'ਤੇ ਜਬਰੀ ਮੜ੍ਹਿਆ ਹੋਇਆ ਹੈ। ਹਰ ਹਰਬਾ ਵਰਤ ਕੇ ਪੰਜਾਬ ਵਿਚ ਸਿਰਫ ਕੇਂਦਰ ਸਰਕਾਰ ਨੂੰ ਪ੍ਰਵਾਨਿਤ ਸੂਬੇਦਾਰ ਹੀ ਨਿਯੁਕਤ ਕੀਤੇ ਜਾਂਦੇ ਹਨ। ਨਹੀਂ ਤੇ ਸੁਖਬੀਰ ਸਿੰਘ ਬਾਦਲ ਤੇ ਅਮਰਿੰਦਰ ਸਿੰਘ ਵਰਗੇ ਲੋਕ ਆਪਣੇ ਆਪ ਨੂੰ ਪੰਜਾਬ ਵਰਗੇ ਖ਼ੁਦਪ੍ਰਸਤ ਸੂਬੇ ਦਾ ਆਗੂ ਅਖਵਾਉਣ ਦੇ ਦਾਅਵੇਦਾਰ ਕਿਵੇਂ ਬਣ ਸਕਦੇ ਹਨ? ਕੇਂਦਰ ਸਰਕਾਰ ਦੀ ਸ਼ਹਿ ਅਤੇ ਦਹਿਸ਼ਤ-ਵਹਿਸ਼ਤ ਨਾਲ ਹੀ 'ਸਰਕਾਰਾਂ, ਵਜੀਰ ਤੇ ਰਸੂਖਵਾਨ ਪੰਜਾਬ ਨੂੰ ਆਪਣੀ ਬਾਂਦੀ ਬਣਾਈ ਬੈਠੇ ਹਨ।'

# ਸੁਮੇਲ ਸਿੰਘ ਦਾ 'ਪੰਥ ਨੂੰ ਸਮਰਪਿਤ ਹੋਣ ਦਾ ਇਕਰਾਰ'

**ਪਿਆਰੇ ਅਮੋਲਕ ਸਿੰਘ, ਫਤਿਹ।**

ਸੁਮੇਲ ਸਿੰਘ ਸਿੱਧੂ ਮੇਰੇ ਵਰਗੇ ਅਕਾਦਮਿਕ ਬੁੱਢਿਆਂ ਦੀ ਆਸ ਵਾਂਗ ਵਿਚਰਦਾ ਆ ਰਿਹਾ ਹੈ ਅਤੇ ਉਸ ਨੂੰ ਸੁਣਨਾ ਤੇ ਪੜ੍ਹਨਾ ਸ਼ਾਇਦ ਹੀ ਕਿਸੇ ਨੂੰ ਚੰਗਾ ਨਾ ਲਗਦਾ ਹੋਵੇ। ਇਹ ਲੇਖ ਪੜ੍ਹਦਿਆਂ ਵਰਤੇ ਹੋਏ ਮੁਹਾਵਰਿਆਂ ਤੋਂ ਮੇਰੇ ਸਾਹਮਣੇ ਸ਼ਿਵ ਤੋਂ ਸੁਮੇਲ ਤੱਕ ਦਾ ਪੈਂਡਾ ਇਉਂ ਲੰਘਿਆ ਅਤੇ ਸੁਮੇਲ ਦਾ ਲੇਖ ਵੀ ਮੈਂ ਕਵਿਤਾ ਵਾਂਗ ਹੀ ਪੜ੍ਹ ਗਿਆ। ਕਵਿਤਾ ਇਸ ਕਰਕੇ ਕਿ ਕਵਿਤਾ ਸੰਵਾਦ ਨੂੰ ਛੇੜਦੀ ਹੈ, ਵਲੇਟਦੀ ਨਹੀਂ।

'ਪੱਜਲ ਸਿਆਣਪ' ਅਤੇ 'ਸਰਾਪੇ ਓਹੜ ਪੋਹੜ' ਨਾਲ ਵਰਤਮਾਨ ਪੰਜਾਬ ਦਾ ਕੀ ਨਹੀਂ ਖੋਲ੍ਹਿਆ ਜਾ ਸਕਦਾ? ਹਵਾਲੇ ਵਿਚ ਬੇਸ਼ੱਕ ਵਰਤਮਾਨ "ਸੂਬੀ ਪੰਜਾਬ" ਹੈ ਅਤੇ ਭਾਰਤੀ ਸੰਵਿਧਾਨ ਦੇ ਅੰਤਰਗਤ ਜਿਹੋ ਜਿਹਾ 'ਖਾਲਿਸਤਾਨ' ਬਣ ਸਕਦਾ ਹੈ, ਉਹੋ ਜਿਹਾ 'ਸੂਬੀ ਪੰਜਾਬ' ਬਣ ਗਿਆ ਹੈ। ਇਹੀ ਸੁਮੇਲ ਦੇ ਸ਼ਬਦਾਂ ਵਿਚ 'ਬੌਣੇ, ਬਦਰੰਗ ਅਤੇ ਬੰਜਰ ਪੰਜਾਬ' ਵਾਂਗ ਪ੍ਰਗਟ ਹੋ ਕੇ ਜਿਹੋ ਜਿਹੀ ਹੋਣੀ ਦਾ ਸ਼ਿਕਾਰ ਹੋ ਗਿਆ ਹੈ, ਉਸ ਬਾਰੇ ਇਸ ਲੇਖ ਦੇ ਹਵਾਲੇ ਨਾਲ ਚਰਚਾ ਇਸ ਕਰਕੇ ਛਿੜਨੀ ਚਾਹੀਦੀ ਹੈ ਤਾਂ ਕਿ ਅਸੀਂ ਆਪਣਾ ਏਜੰਡਾ ਆਪ ਬਣਾਉਣ ਦੀ ਕੋਸ਼ਿਸ਼ ਕਰ ਸਕੀਏ। ਚਰਚਾ ਨੂੰ ਸੱਚੇ ਹੋਣ ਦੇ ਭਰਮ ਤੋਂ ਮੁਕਤ ਰੱਖਣਾ ਵੀ ਇਸ ਵੇਲੇ ਦੀ ਸਮੱਸਿਆ ਹੀ ਸਮਝਣਾ ਚਾਹੀਦਾ ਹੈ।

ਸੁਮੇਲ ਨੂੰ ਜਾਣਨ ਵਾਲਿਆਂ ਨੇ ਉਸ ਨੂੰ ਕਾਮਰੇਡ ਅਤੇ ਖਾਲਸੇ ਦੇ ਸੰਗਮ ਵਜੋਂ ਵੇਖਣ ਦੀਆਂ ਅਕਸਰ ਕੋਸ਼ਿਸ਼ਾਂ ਕੀਤੀਆਂ ਹੋਈਆਂ ਹਨ। ਅਜਿਹੀ ਸੰਗਮੀ ਪਰਤ ਦਾ ਪ੍ਰਤੀਨਿਧ ਨਾ ਸੁਮੇਲ ਪਹਿਲਾ ਹੈ ਤੇ ਨਾ ਆਖਰੀ ਹੈ। ਇਹ ਮੈਂ ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਦੇ ਹਵਾਲੇ ਨਾਲ ਕਹਿ ਰਿਹਾ ਹਾਂ। ਪਰ ਸੁਮੇਲ ਤਾਂ ਦੋਹਾਂ ਵਿਚੋਂ ਕਿਸੇ ਦੇ ਵੀ ਕਦੇ ਕਾਬੂ ਨਹੀਂ ਆਇਆ ਕਿਉਂਕਿ ਉਹ ਮੈਨੂੰ ਬੰਧਨਮੁਕਤ ਸੰਤ ਵਾਂਗ ਵਿਚਰਨ ਵੱਲ ਛਾਲਾਂ ਵਧਦਾ ਨਜ਼ਰ ਆਉਂਦਾ ਰਿਹਾ ਹੈ।

ਮਸਲਾ ਇਸ ਵੇਲੇ ਪੰਜਾਬ ਦੀ ਸਿਰਜਣਾ ਨਾਲੋਂ ਵੱਧ ਪੰਜਾਬਾਂ ਦੀ ਸੰਭਾਲ ਦਾ ਹੈ ਕਿਉਂਕਿ ਪੰਜਾਬ ਦਾ ਸਿਆਸੀ ਅਪਹਰਣ ਹੋ ਗਿਆ ਹੈ ਅਤੇ ਪੰਜਾਬਾਂ ਨੂੰ ਸਿਆਸੀ ਅਪਹਰਣ ਤੋਂ ਬਚਾਏ ਜਾਣ ਦੀ ਲੋੜ ਹੈ। ਇਸ ਵਾਸਤੇ ਪ੍ਰਾਪਤ ਵਿਧੀਆਂ ਮੁਤਾਬਕ ਏਜੰਡਾ ਤੈਅ ਕਰਨ ਵਾਲੇ ਰਾਹ ਅਜੇ ਅਸੀਂ ਤੁਰਨਾ ਹੈ। ਸੁਮੇਲ ਦੇ ਲੇਖ ਦੀ ਸੁਭਾਅ ਨਾਲ ਸਹਿਮਤ ਹੋਏ ਬਿਨਾ ਵੀ ਕਿਸੇ ਸਾਂਝੀ-ਸਮਝ 'ਤੇ ਪਹੁੰਚਣ ਦੇ ਯਤਨ ਹੋਣੇ ਚਾਹੀਦੇ ਹਨ। ਇਸ ਰਾਹੇ ਤੁਰਾਂਗੇ ਤਾਂ ਸਮਝ ਸਕਾਂਗੇ ਕਿ ਸਿੱਖ ਹੋਏ ਬਿਨਾ ਸਿੱਖ ਹੋ ਸਕਣ ਦੀ ਵਿਵਸਥਾ ਕੇਵਲ ਸਿੱਖ ਧਰਮ ਨਾਲ ਹੀ ਸਾਹਮਣੇ ਆਈ ਸੀ। ਇਸ ਪਾਸੇ ਉਸ ਤਰ੍ਹਾਂ ਦੇ ਖਿਲਰੇ-ਪੁਲਰੇ ਯਤਨ ਲੇਖਕਾਂ ਰਾਹੀਂ ਸ਼ੁਰੂ ਹੋ ਵੀ ਚੁਕੇ ਹਨ ਅਤੇ ਉਨ੍ਹਾਂ ਵਿਚੋਂ ਇਕ ਹਵਾਲਾ ਸਵਰਾਜਬੀਰ ਦਾ ਇਸ ਲੇਖ ਵਿਚ ਆ ਗਿਆ ਹੈ।

ਪੰਜਾਬੀ ਸੂਬੇ ਦੇ ਹਵਾਲੇ ਨਾਲ ਨਤੀਜਿਆਂ 'ਤੇ ਨਹੀਂ, ਸਿਆਸਤ ਤੱਕ ਹੀ ਪਹੁੰਚਿਆ ਜਾ ਸਕਦਾ ਹੈ। ਸਿੱਖੀ ਦੇ ਸਿਆਸਤ ਵਲੋਂ ਅਪਹਰਣ ਨੇ ਅਜਿਹਾ ਪੰਥਕ ਸ਼ਿਕੰਜਾ ਪੈਦਾ ਕਰ ਲਿਆ ਹੈ, ਜਿਸ ਨਾਲ ਸਿੱਖੀ ਘੁਟਣ ਮਹਿਸੂਸ ਕਰ ਰਹੀ ਹੈ ਅਤੇ ਪੰਥਕਤਾ ਆਵਾਜਾਰੀ ਮਹਿਸੂਸ ਕਰ ਰਹੀ ਹੈ। ਇਹ ਸੋਚਣ ਦਾ ਮੌਕਾ ਆ ਗਿਆ ਹੈ ਕਿ ਸਿੱਖ ਦੇ ਤੌਰ 'ਤੇ ਅਸੀਂ ਕਿਥੇ ਤੱਕ ਪਹੁੰਚਦੇ ਰਹੇ ਹਾਂ ਅਤੇ ਪੰਥ ਦੇ ਤੌਰ 'ਤੇ ਅਸੀਂ ਕਿਥੋਂ ਤੱਕ ਪਹੁੰਚ ਸਕੇ ਹਾਂ? ਮੈਨੂੰ ਤਾਂ ਇਹੀ ਸਮਝ ਆਇਆ ਹੈ ਕਿ ਸਿੱਖ ਦੇ ਤੌਰ 'ਤੇ ਅਸੀਂ ਬਾਣੀ ਨੂੰ ਅੰਗ-ਸੰਗ ਰੱਖ ਕੇ ਪਹੁੰਚਦੇ ਰਹੇ ਹਾਂ ਅਤੇ ਪੰਥ ਦੇ ਤੌਰ 'ਤੇ ਅਸੀਂ ਇਤਿਹਾਸ ਦੇ ਆਸਰੇ ਤੁਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸਿੱਖੀ ਵਿਚ ਪੰਥ ਸੁਤੇ ਸਿੱਧ ਹੀ ਸ਼ਾਮਲ ਰਿਹਾ ਹੈ, ਪਰ ਪੰਥ ਵਿਚ ਸਿੱਖੀ ਨੂੰ ਸ਼ਾਮਲ ਕਰਨ ਦੀ ਲੋੜ ਪੈ ਰਹੀ ਹੈ। ਇਹ ਇਸ ਲਈ ਕਹਿ ਰਿਹਾ ਹਾਂ ਕਿ ਸੁਮੇਲ ਨੇ ਇਸ ਲੇਖ ਦੇ ਆਖਰੀ ਵਾਕ ਵਿਚ 'ਪੰਥ ਨੂੰ ਸਮਰਪਿਤ ਹੋਣ ਦਾ ਇਕਰਾਰ ਕਰੀਏ' ਕਹਿ ਕੇ ਆਪਣੇ ਨੈਰੇਟਿਵ ਨੂੰ ਬੰਨ੍ਹ ਮਾਰਨ ਦੀ ਵਧੀਕੀ ਕਰ ਲਈ ਹੈ। ਪੰਥ, ਗੁਰੂ-ਕਿਰਤ ਹੈ ਅਤੇ ਰਹੇਗਾ, ਪਰ ਵਰਤਮਾਨ ਵਿਚ ਪੰਥ, ਪੰਥਕ ਕਿਰਤ ਹੋ ਜਾਣ ਦੇ ਰੋਹੜ ਵਿਚ ਧਰਮ ਨੂੰ ਸਿਆਸਤ ਵਾਸਤੇ ਵਰਤਣ ਦੀ ਸਿੱਖ ਸਿਆਸਤ ਹੁੰਦਾ ਜਾ ਰਿਹਾ ਹੈ। ਇਸ ਬਾਰੇ ਆਪ ਨਹੀਂ ਸੋਚਾਂਗੇ ਤਾਂ ਪੰਥਕ ਆਪਾਧਾਪੀ ਨੂੰ ਸਿੱਖੀ ਸਮਝਣ ਦਾ ਸ਼ਿਕਾਰ ਹੋ ਜਾਣ ਤੋਂ ਬਚ ਸਕਾਂਗੇ। ਮੇਰੀ ਇਹ ਟਿਪਣੀ ਜੇ ਸੁਮੇਲ ਦੇ ਲੇਖ ਤੋਂ ਬਾਹਰ ਵੀ ਲਗਦੀ ਹੋਵੇ ਤਾਂ ਵੀ ਇਸ ਨੂੰ ਸੁਮੇਲ ਦੀ ਨਿਰੰਤਰਤਾ ਵਿਚ ਹੀ ਵੇਖਿਆ ਜਾਣਾ ਚਾਹੀਦਾ ਹੈ।

*-ਬਲਕਾਰ ਸਿੰਘ (ਪ੍ਰੋਫੈਸਰ)*
*ਫੋਨ: 91-93163-01328*

## ਘੁੰਡ ਵਾਲੀ ਵਹੁਟੀ

ਚੁੱਲ੍ਹੇ ਪੱਕੀ ਰੋਟੀ ਦਾ,
ਨਜ਼ਾਰਾ ਕੁਝ ਹੋਰ ਸੀ
ਤੂਤ ਵਾਲੀ ਸੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਨਿੱਕੇ ਹੁੰਦੇ ਕੱਪੜੇ 'ਤੇ
ਕੱਪੜੇ ਹੀ ਪਾਈ ਜਾਣੇ
ਥੱਲੇ ਪਾਈ ਕੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਇੱਕ ਦੂਜੇ ਨਾਲ
ਰੋਜ ਫੱਟੀਆਂ ਵਟਾਉਣੀਆਂ
ਸਕੂਲ ਵਾਲੀ ਜੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਤੋਕੜ ਜਿਹੀ ਮੱਝ ਦਾ
ਸਵਾਦ ਬੜਾ ਦੁੱਧ ਹੁੰਦਾ
ਪਹਿਲੇ ਸੂਏ ਝੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਪੱਗ ਨੂੰ ਵਟਾ ਕੇ ਤੇ
ਭਰਾ ਬਣ ਜਾਈ ਦਾ ਸੀ
ਯਾਰ ਲੰਗੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਬਾਂਟੇ ਬੁੱਤੀ ਪਾਉਣੇ ਤੇ
ਖੜ੍ਹ ਖੜ੍ਹ ਚੋਟ ਲਾਉਣੀ
ਉਹ ਖੇਡੀ ਪੋਲ ਚੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
ਮੱਠੇ ਮੱਠੇ ਸੇਕ ਉਤੇ
ਸਾਗ ਸੀ ਬਣਾਉਂਦੀ ਬੇਬੇ
ਮੱਧਨੀ ਨਾਲ ਘੋਟੀ ਦਾ,
ਨਜ਼ਾਰਾ ਕੁਝ ਹੋਰ ਸੀ।
'ਗੁਲਾਮੀ ਵਾਲੇ' ਵਹੁਟੀਆਂ
ਅੱਜ ਵੀ ਆਉਂਦੀਆਂ
ਘੁੰਡ ਵਾਲੀ ਵਹੁਟੀ ਦਾ,
ਨਜ਼ਾਰਾ ਕੁਝ ਹੋਰ ਸੀ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ:91-94171-97395*

---

## ਸ਼ੁਕਰਾਨਾ

ਘਰ ਦੇ ਮਾਲਿਕ ਨੇ ਪੁੱਛਿਆ
ਮੈਨੂੰ ਇਕ ਸਵਾਲ,
'ਠੀਕ ਤਾਂ ਹੈ?
ਕਿ ਚੰਗਾ ਹੈ ਤੇਰਾ ਹਾਲ?
ਲੱਭਦਾ ਹੈ ਰੋਜ਼ਗਾਰ,
ਕਿਵੇਂ ਦਾ ਕਰੇਂਗਾ ਕੰਮ ਕਾਰ?"
ਮੈਂ ਕਿਹਾ, "ਹਲੀਮੀ ਹੈ ਤੇਰੀ
ਪੁੱਛਦਾ ਹੈਂ ਆਪਣੇ ਗੁਲਾਮ ਨੂੰ
ਕਾਮਯਾਬੀ ਹੈ ਮੇਰੀ,
ਸਾਂਭਦਾ ਹਾਂ ਤੇਰੇ ਸਲਾਮ ਨੂੰ।"

"ਬਸ ਬਰਕਤ ਦਾ ਇਕ ਬੂਟਾ,
ਜੋ ਕਰ ਦੇਵੇ ਤੇਰੇ ਨੇੜੇ
ਵਿਚ ਗਿੱਲੀ ਜਿਹੀ ਮਿੱਟੀ,
ਲੈ ਦੇ ਮਨ ਦੇ ਵਿਹੜੇ।
ਖਵਾਇਸ਼ਾਂ ਦੇ ਝਾੜ
ਉਗਣੇ ਨੇ ਬਥੇਰੇ
ਲੈ ਦਾਤੀ ਨਾਲ ਵੱਢ ਦੇ
ਨਦੀਨ ਨੇ ਜਿਹੜੇ।"

ਘਰ ਦਾ ਮਾਲਿਕ ਹੈ ਹੱਸਿਆ
ਕਹਿੰਦਾ, "ਤੂੰ ਮੈਨੂੰ ਕੱਸਿਆ
ਬੀਜ ਦੇ ਤੈਨੂੰ ਘੱਲਿਆ
ਫਿਰ ਵੀ ਫਿਰਦਾ ਹੈਂ ਨੱਸਿਆ
ਹੁਣ ਵੀ ਹੈਂ ਮੰਗਦਾ
ਕਾਹਦੇ 'ਚ ਹੈਂ ਫਸਿਆ।"
ਹਾਸੇ 'ਚ ਓਹਦੇ ਸੀ
ਚਮਕਾ ਦੇ ਕੋਹੜੇ।
ਮੰਗਦੇ ਸੀ ਜੋ ਹੱਥ
ਹੁਣ ਇਬਾਦਤ 'ਚ ਜੋੜੇ।
ਸਾਹਾਂ ਨੂੰ ਸਮੇਟਿਆ
ਜੋ ਰਹਿੰਦੇ ਸੀ ਥੋੜ੍ਹੇ।
ਕਰ ਸ਼ੁਕਰਾਨਾ ਉਸ ਦਾ
ਸਭ ਸਵਾਲ ਉਸ ਨੂੰ ਮੋੜੇ।

*-ਗੁਰਪ੍ਰੀਤ ਕੌਰ ਪਨੇਸਰ*
*ਫੋਨ:469-925-4767*

# ਦਰਦ ਕਿਸਾਨੀ: ਪਿਛੋਕੜ 'ਤੇ ਇਕ ਝਾਤ (ਭਾਗ 5)

**ਕਿਸਾਨੀ ਦਰਦ**

***ਹਰੇ ਇਨਕਲਾਬ ਨੇ ਭਾਰਤ ਨੂੰ ਅਨਾਜ ਦੀ ਤੋਟ ਤੋਂ ਸੁਰਖਰੂ ਕੀਤਾ ਪਰ ਮੁਲਕ ਨੂੰ ਸਵੈ-ਨਿਰਭਰ ਕਰਨ ਵਾਲਾ ਕਿਸਾਨ ਇਸੇ ਹਰੇ ਇਨਕਲਾਬ ਦੇ ਮਾਰੂ ਸਿੱਟਿਆਂ ਕਾਰਨ ਪੈਰੋਂ ਹਿੱਲ ਗਿਆ। ਉਸ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ। ਕਰਜ਼ੇ ਦੀ ਮਾਰ ਹੇਠ ਆਇਆ ਕਿਸਾਨ ਹੁਣ ਖੁਦਕੁਸ਼ੀਆਂ ਦੇ ਰਾਹ ਪੈ ਚੁਕਾ ਹੈ। ਉਸ ਦੀ ਮਦਦ ਲਈ ਕੋਈ ਨਹੀਂ ਬਹੁੜ ਰਿਹਾ। ਇਨ੍ਹਾਂ ਹਾਲਾਤ ਦੇ ਪਿਛੋਕੜ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਦੇ ਲੰਮੇ ਲੇਖ ਦੀ ਪਾਠਕਾਂ ਲਈ ਪੰਜਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪਿਛਲੇ ਵਰ੍ਹੇ ਵਾਂਗ ਇਸ ਸਾਲ ਵੀ ਪਹਿਲਾ ਮੀਂਹ ਪੈਣ ਨਾਲ ਜੀਰੀਆਂ ਦੀ ਲੁਆਈ ਸ਼ੁਰੂ ਹੋ ਗਈ। ਇਸ ਸਾਲ ਮੈਂ ਚੰਡੀਗੜ੍ਹ ਹੀ ਬਹੁਤ ਉਲਝ ਗਿਆ ਸਾਂ ਤੇ ਮੇਰਾ ਪਿੰਡ ਆਉਣਾ ਬਹੁਤਾ ਸੰਭਵ ਨਹੀਂ ਸੀ। ਦਰਅਸਲ ਮੇਰਾ ਲੜਕਾ ਪ੍ਰੀ-ਇੰਜੀਨੀਅਰਿੰਗ ਵਿਚ ਪਾਸ ਹੋ ਗਿਆ ਸੀ ਤੇ ਅਸੀਂ ਉਸ ਲਈ ਇੰਜੀਨੀਅਰਿੰਗ ਕਾਲਜਾਂ ਵਿਚ ਦਾਖਲਾ ਫਾਰਮ ਭਰਨੇ ਸਨ। ਇੰਟਰਨੈਟ ਦਾ ਜ਼ਮਾਨਾ ਨਾ ਹੋਣ ਕਰਕੇ ਦਾਖਲਾ ਫਾਰਮ ਕਾਲਜਾਂ ਦੇ ਦਫਤਰੋਂ ਜਾ ਕੇ ਲਿਆਉਣੇ ਪੈਂਦੇ ਸਨ ਤੇ ਜਾ ਕੇ ਹੀ ਦੇਣੇ ਪੈਂਦੇ ਸਨ। ਸਾਡੀ ਭੱਜ ਨੱਠ ਕਰਕੇ ਉਸ ਦਾ ਦਾਖਲਾ ਦੋ ਤਿੰਨ ਕਾਲਜਾਂ ਵਿਚ ਹੋ ਗਿਆ, ਪਰ ਨੇੜੇ ਹੋਣ ਕਰ ਕੇ ਉਸ ਨੂੰ ਥਾਪਰ ਕਾਲਜ, ਪਟਿਆਲਾ ਵਿਚ ਦਾਖਲ ਕਰਵਾ ਦਿੱਤਾ। ਦੂਜੀ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਅਚਨਚੇਤ ਗੱਲ ਇਹ ਹੋਈ ਕਿ ਅਗਲੇ ਸਾਲ ਤੋਂ ਮੇਰੀ ਬਦਲੀ ਸਰਕਾਰੀ ਕਾਲਜ ਰੋਪੜ ਤੋਂ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੀ ਹੋ ਗਈ। ਉਥੇ ਜੁਆਇਨ ਤਾਂ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਹੀ ਕਰ ਲਿਆ ਪਰ ਰਿਹਾਇਸ਼ ਚੰਡੀਗੜ੍ਹੋਂ ਪਟਿਆਲੇ ਬਦਲਣੀ ਅਜੇ ਰਹਿੰਦੀ ਸੀ।

ਵਿਹਲ ਨਾ ਹੋਣ ਕਰਕੇ ਮੈਂ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਨੂੰ ਕੱਦੂ ਕਰਨ ਲਈ ਮਨਾ ਲਿਆ। ਆਉਣ ਤੋਂ ਦੋ ਦਿਨ ਪਹਿਲਾਂ ਉਹ ਆਪਣੇ ਪਿੰਡੋਂ ਪੌਧ ਦਾ ਇਕ ਰੇਹੜਾ ਵੀ ਛੱਡ ਗਿਆ। ਅਸੀਂ ਦੋਹਾਂ ਭਰਾਵਾਂ ਨੇ ਤਿੰਨ ਤਿੰਨ ਦਿਨ ਦੀ ਟਰੈਕਟਰ ਦੀ ਵਾਰੀ ਵੰਡੀ ਹੋਈ ਸੀ। ਸਾਡੀ ਵਾਰੀ ਦੇ ਪਹਿਲੇ ਗੇੜ ਵਿਚ ਅਮਰੇ ਨੇ ਘਰ ਦੀ ਪੌਧ ਦੇ ਨਾਲ ਨਾਲ ਰਿਸ਼ਤੇਦਾਰੀ 'ਚੋਂ ਆਈ ਪੌਧ ਵਰਤ ਲਈ ਤੇ ਦੂਜੇ ਗੇੜ 'ਚ ਉਸ ਨੇ ਪਿੰਡ ਵਿਚੋਂ ਆਪਣੇ ਮੁਲਾਹਜ਼ੇਦਾਰਾਂ ਤੋਂ ਮੰਗੀ ਪੌਧ ਲਵਾਈ।

ਵੱਖ ਵੱਖ ਸ੍ਰੋਤਾਂ ਤੋਂ ਪਲ ਕੇ ਆਈ ਪੌਧ ਨਾਲ ਸਾਡੀ ਜੀਰੀ ਬਾਕੀਆਂ ਤੋਂ ਵਧੀਆ ਜੜ ਗਈ। ਸੜਕ ਤੋਂ ਲੰਘਦੇ ਲੋਕ ਅੱਸ਼ ਅੱਸ਼ ਕਰਦੇ ਅਮਰੇ ਨੂੰ ਵਡਿਆਈਆਂ ਦਿੰਦੇ ਜਾਇਆ ਕਰਨ। ਜਦੋਂ ਮੈਂ ਆਉਂਦਾ, ਮੇਰੇ ਕੋਲ ਵੀ ਉਸ ਦੇ ਕੰਮ ਦੀ ਸ਼ਲਾਘਾ ਕਰਦੇ ਨਾ ਥੱਕਦੇ। ਮੈਨੂੰ ਲੱਗਾ, ਹੌਲੀ ਹੌਲੀ ਮੇਰਾ ਖੇਤੀ ਦਾ ਕੰਮ ਗਿੜ ਗਿਆ ਹੈ। ਉਧਰ ਅਮਰੇ ਨੇ ਇਕ ਦਿਨ ਕਿਹਾ, "ਲਾਣੇਦਾਰ ਜੀਰੀ ਤੋ ਆਪਣੀ ਸਭ ਨੂੰ ਮਾਤ ਪਾਗੀ ਐਤਕੀਂ, ਦੇਖੀਂ ਕਿਤੇ ਕਿਸੇ ਗੀ ਨਜਰ ਨਾ ਲਗ ਜੈ।"

ਮੈਂ ਉਸ ਨੂੰ ਚੁੱਪ ਕਰਾਉਂਦਾ ਬੋਲਿਆ, "ਬਹੁਤਾ ਬਹਿਮਾਂ ਮਾਂ ਨੀ ਪਏ ਕਰਦੇ, ਤੌਂਹ ਡੰਗਰ ਬੱਛੇ ਤੇ ਬਚਾ ਗੈ ਰੱਖੀਂ। ਕੁਸ ਨੀ ਪਤਾ ਲਗਦਾ ਕੋਈ ਰਾਤ ਨੂੰ ਹੱਕ ਗੈ ਚੌਣਾ ਬਾੜ ਜੈ ਜਲਤ ਗਾ ਮਾਰਿਆ।"

ਉਹ ਭਰੋਸਾ ਦਿੰਦਾ ਬੋਲਿਆ, "ਪੱਕੀ ਬਾਤ ਐ! ਤੌਂਹ ਫਿਕਰ ਨਾ ਕਰੈਂ, ਮੈਂ ਊਰੀਓ ਹੋਆਂ।"

ਚੌਣਾ ਤਾਂ ਕਿਸੇ ਨੇ ਨਾ ਵਾੜਿਆ ਪਰ ਕਿਸੇ ਦੀ ਨਜ਼ਰ ਲੱਗਦੀ ਜਰੂਰ ਜਾਪੀ। ਇਕ ਦਿਨ ਦੁਪਹਿਰ ਬਾਅਦ ਗੱਜਣ ਦਾ ਕਰਮ ਸਿੰਘ ਸੜਕ 'ਤੇ ਜਾਂਦਾ ਜੁੱਤੀ ਝਾੜਨ ਲਈ ਰੁਕਿਆ। ਉਸ ਨੇ ਹੱਥ ਦੀ ਓਟ ਕਰ ਕੇ ਜੀਰੀ 'ਤੇ ਨਜ਼ਰ ਮਾਰੀ ਤੇ ਮੇਰੇ ਵੱਲ ਮੂੰਹ ਕਰ ਕੇ ਬੋਲਿਆ, "ਕੇ ਬਾਤ ਬਾਈ ਦੋ ਮੇਲ ਐ?"

ਉਸ ਦੀ ਗੱਲ ਮੇਰੀ ਸਮਝ ਵਿਚ ਨਾ ਆਈ ਤੇ ਕੋਲ ਖੜ੍ਹਿਆ ਅਮਰਾ ਬੋਲਿਆ, "ਦੋ ਮੇਲ ਗੀ ਛੱਡ ਇੰਨਾ ਸੂਕਰ ਲਗ ਗੀ।"

ਮੈਨੂੰ ਕੁਝ ਸ਼ੱਕ ਜਿਹਾ ਹੋਇਆ ਤੇ ਮੈਂ ਉਸ ਦੇ ਜਾਣ ਮਗਰੋਂ ਅਮਰੇ ਤੋਂ ਪੁੱਛਿਆ, "ਜੋਹ ਦੋ ਮੇਲ ਗਾ ਕੇ ਬਹਿਮ ਹੋਆ ਰੈ?"

ਉਹ ਕਹਿਣ ਲੱਗਾ, "ਕੋਈ ਬਹਿਮ ਨੀ ਲਾਣੇਦਾਰ। ਜੀਰੀ ਤੋ ਜੀਰੀਓ ਐ, ਸਾਰੀ ਬਿਕ ਜੇ ਗੀ। ਆਪਾਂ ਨੈ ਕੇੜ੍ਹਾ ਘਰਾਂ ਰੱਖਣੀ ਐ।" ਸੁਣ ਕੇ ਮੈਂ ਘੜੀ ਦੀ ਘੜੀ ਤਾਂ ਬੇਫਿਕਰ ਹੋ ਗਿਆ ਪਰ ਪਿਛੋਂ ਪਤਾ ਲੱਗਾ, ਗੱਲ ਇੰਨੀ ਸੌਖੀ ਨਹੀਂ ਸੀ।

ਕਾਲਜ ਖੁੱਲ੍ਹਣ ਤੋਂ ਪਹਿਲਾਂ ਪਹਿਲਾਂ ਮੈਂ ਕਿਰਾਏ ਦਾ ਮਕਾਨ ਲੈ ਕੇ ਪਟਿਆਲੇ ਰਿਹਾਇਸ਼ ਕਰ ਲਈ। ਮੈਨੂੰ ਸਾਥੀ ਅਧਿਆਪਕਾਂ ਤੋਂ ਬੜਾ ਮਾਣ ਸਨਮਾਨ ਮਿਲਿਆ। ਸ਼ਾਇਦ ਉਹ ਸਮਝਦੇ ਹੋਣ ਕਿ ਮੈਂ ਬੜੀ ਪਹੁੰਚ ਵਾਲਾ ਚੋਬਰ ਬੰਦਾ ਸਾਂ ਜੋ ਪਟਿਆਲੇ ਦੇ ਦੁਰਲੱਭ ਮਹਿੰਦਰਾ ਕਾਲਜ ਵਿਚ ਬਦਲੀ ਕਰਵਾ ਕੇ ਆਇਆ ਸਾਂ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮੈਂ ਪੀਐਚ. ਡੀ. ਵੀ ਹਾਂ ਤੇ ਨਾਲ ਦੇ ਪਿੰਡ ਵਿਚ ਜਿਮੀਂਦਾਰ ਵੀ ਹਾਂ ਤੇ ਮੈਂ ਅੰਗਰੇਜ਼ੀ ਟ੍ਰਿਬਿਊਨ ਵਿਚ ਵੀ ਛਪਦਾ ਰਹਿੰਦਾ ਹਾਂ ਤਾਂ ਮੇਰੇ ਸਨਮਾਨ ਵਿਚ ਹੋਰ ਵੀ ਬਹੁਤ ਵਾਧਾ ਹੋਇਆ।

ਇਸ ਕਾਲਜ ਵਿਚ ਵੀ ਦੋ ਪ੍ਰੋਫੈਸਰ-ਪਰਮਿੰਦਰ ਸਿੰਘ ਸਿੱਧੂ ਤੇ ਹਰਦੇਵ ਸਿੰਘ ਢੀਂਡਸਾ ਪੜ੍ਹਾਉਣ ਦੇ ਨਾਲ ਨਾਲ ਖੇਤੀ ਵੀ ਕਰਦੇ ਸਨ। ਉਹ ਖੁਦ ਨੂੰ ਸਫਲ ਕਿਸਾਨ ਦੱਸਦੇ, ਪਰ ਮੇਰਾ ਕੰਮ ਨਵਾਂ ਹੋਣ ਕਰਕੇ ਢਿੱਲਾ ਸੀ, ਮੈਂ ਆਪਣੇ ਬਾਰੇ ਉਨ੍ਹਾਂ ਨੂੰ ਕੁਝ ਦੱਸਣ ਤੋਂ ਝੇਂਪਦਾ ਸਾਂ। ਉਂਜ ਉਨ੍ਹਾਂ ਦਾ ਸਲਾਹ ਮਸ਼ਵਰਾ ਮੈਨੂੰ ਬਿਨ ਮੰਗਿਆਂ ਮਿਲ ਜਾਂਦਾ ਤੇ ਮੇਰਾ ਸਰੀ ਜਾਂਦਾ। ਉਨ੍ਹਾਂ ਤੋਂ ਉਤਸ਼ਾਹਿਤ ਹੋ ਕੇ ਹੁਣ ਮੈਂ ਵੀ ਬਾਕਾਇਦਾ ਪਿੰਡ ਜਾਣਾ ਸ਼ੁਰੂ ਕਰ ਦਿੱਤਾ।

ਜੀਰੀ ਥੋੜ੍ਹੀ ਹੋਰ ਵੱਡੀ ਹੋਈ ਤਾਂ ਦੇਖਿਆ ਕਿ ਵੱਖ ਵੱਖ ਨਸਲਾਂ ਦੀ ਹੋਣ ਕਰਕੇ ਕੁਝ ਥਾਂਈਂ ਬੌਣੀ ਅਤੇ ਕੁਝ ਥਾਂਈਂ ਉਚੀ ਲੰਮੀ ਹੁੰਦੀ ਜਾ ਰਹੀ ਸੀ। ਕਈ ਥਾਂਈਂ ਸਿੱਟੇ ਵੀ ਪੈਣੇ ਸ਼ੁਰੂ ਹੋ ਗਏ ਅਤੇ ਕੁਝ ਥਾਂਈਂ ਪੌਦੇ ਹਾਲੇ ਕੱਚੀ ਪੌਧ ਵਾਂਗੂੰ ਲਗਰਾਏ ਤੇ ਹਰੇ ਹੀ ਖੜ੍ਹੇ ਸਨ। ਥੋੜ੍ਹੇ ਥੋੜ੍ਹੇ ਦਿਨਾਂ ਪਿਛੋਂ ਕੁਝ ਹੋਰ ਨਵੀਆਂ ਥਾਂਵਾਂ ਤੇ ਸਿੱਟੇ ਨਿਕਲ ਆਉਂਦੇ ਤੇ ਬਾਕੀ ਜੀਰੀ ਹਰੀ ਰਹਿੰਦੀ। ਵੱਡਾ ਮਸਲਾ ਇਹ ਸੀ ਕਿ ਇਕ ਤਰ੍ਹਾਂ ਦੀ ਜੀਰੀ ਪੰਜ-ਸੱਤ ਮੁਰਬਾ ਗਜ ਵਿਚ ਹੀ ਲੱਗੀ ਹੁੰਦੀ, ਉਸ ਤੋਂ ਅੱਗੇ ਦੂਜੀ ਤੇ ਫਿਰ ਤੀਜੀ ਸ਼ੁਰੂ ਹੋ ਜਾਂਦੀ। ਅਜਿਹਾ ਇਸ ਕਰਕੇ ਸੀ, ਲਾਉਣ ਵੇਲੇ ਪੌਧ ਵੱਖ ਵੱਖ ਗੁੱਟੀਆਂ ਵਿਚ ਬੰਨੀ ਹੋਈ ਸੀ ਤੇ ਲਾਉਣ ਵਾਲਾ ਪਹਿਲਾਂ ਇਕ ਪੂਰੀ ਗੁੱਟੀ ਖਤਮ ਕਰਦਾ ਤੇ ਫਿਰ ਦੂਜੀ ਸ਼ੁਰੂ ਕਰਦਾ ਸੀ। ਉਂਜ ਵੀ ਲਾਵਿਆਂ ਤੇ ਚੋਣੀਆਂ ਦੀ ਕਾਂਵਾਂ ਰੌਲੀ ਵਿਚ ਗੁੱਟੀਆਂ ਰਲ ਮਿਲ ਗਈਆਂ ਹੋਣਗੀਆਂ। ਹੌਲੀ ਹੌਲੀ ਅਗੇਤੀ ਜੀਰੀ, ਜਿਸ ਨੂੰ ਸੱਠੂ ਵੀ ਆਖਦੇ ਸਨ, ਪਹਿਲਾਂ ਪੱਕ ਆਈ ਤੇ ਬਾਕੀ ਦੀ ਕੁਝ ਕੱਚੀ ਤੇ ਕੁਝ ਹਰੀ ਖੜ੍ਹੀ ਰਹੀ। ਪਤਾ ਨਾ ਲੱਗੇ ਕਿ ਸਾਰੀ ਨੂੰ ਇਕੋ ਵੇਲੇ ਕਿਵੇਂ ਵਢਾਵਾਂਗੇ। ਕੰਬਾਈਨ ਵਾਲਿਆਂ ਨਾਲ ਗੱਲ ਕੀਤੀ, ਉਨ੍ਹਾਂ ਨੇ ਅੱਧੀ ਜੀਰੀ ਕੱਚੀ ਵੇਖ ਕੇ ਕੱਟਣ ਤੋਂ ਜਵਾਬ ਦੇ ਦਿੱਤਾ।

ਸੜਕ 'ਤੇ ਆਉਂਦੇ ਜਾਂਦੇ ਲੋਕ ਇਹ ਭਾਣਾ ਸੰਜੀਦਗੀ ਨਾਲ ਦੇਖਦੇ ਤੇ ਕਹਿੰਦੇ, "ਅੰਨ੍ਹੇ ਈ ਐਂ ਨੇਂਹ ਦੇਖ ਕੇ ਨੀ ਲੁਆਈ।" "ਨੌਕਰਾਂ ਗੇ ਹੱਥ ਮਾ ਖੇਤੀ ਦੇ ਕੈ ਜੋਹੀ ਹਾਲ ਹੋਆ।" ਕਈ ਲੋਕ ਗੱਲਾਂ ਕਰਦੇ ਸੁਝਾਅ ਵੀ ਦਿੰਦੇ, "ਪੱਕੀ ਬੀ ਨੂੰ ਤੋ ਹੁਣੇ ਬੱਢ ਲੇਣਾ ਚਹੀਏ ਨਹੀਂ ਤੋ ਦੂਈ ਗੇ ਔਂਦੇ ਤਕ ਜੋਹ ਖੇਤ ਮਾਂ ਏਂ ਝੜ ਗੈ ਗਿਰ ਜੇ ਗੀ। ਅਰ ਜੇ ਮੀਂਹ ਪੈ ਗਿਆ ਫੇਰ ਤੋ ਸਿੱਟਿਆਂ ਮਾਂ ਏ ਜੰਮ ਜੇਗੀ।" ਸੁਣ ਮੈਂ ਬੜਾ ਘਬਰਾਉਂਦਾ ਕਿਉਂਕਿ ਉਨ੍ਹਾਂ ਦੇ ਸੁਝਾਅ ਬੜੇ ਖਲਜਗਣ ਵਾਲੇ ਸਨ।

ਇਕ ਦਿਨ ਅਮਰਾ ਕਹਿਣ ਲੱਗਾ, "ਲਾਣੇਦਾਰ ਮੇਰੀ ਕਈਆਂ ਗੈਲ ਸਲਾਹ ਹੋਈ ਐ, ਆਪਾਂ ਪੱਕੀ ਪੱਕੀ ਪਹਿਲਾਂ ਹੱਥਾਂ ਗੈਲ ਬਢ੍ਹੋਆ ਦੀਏ?" ਮੈਂ ਸ਼ਸ਼ੋਪੰਜ ਵਿਚ ਪਏ ਨੇ ਕਿਹਾ, "ਇੱਤਰਾਂ ਕਿੱਤਰਾਂ ਬਢੇਗੀ? ਬਿੱਚ ਬਿੱਚ ਜਾ ਗੈ ਕੌਣ ਬੱਢੇਗਾ ਇਸ ਨੂੰ? ਝੜ ਨੀ ਜਾਹੇਗੀ?"

ਉਹ ਬੋਲਿਆ, "ਲੈ ਬੱਢਣ ਨੂੰ ਕੇ ਊਟ ਘੋੜਾ? ਮੱਲਕ ਦੇ ਗੈ ਬਿੱਚ ਬੜ ਜੇਂ ਗੀਆਂ ਚੋਣੀਆਂ, ਝੜਨੇ ਦੇ ਬਚਾ ਗੈ, ਹੌਲੀ ਹੌਲੀ ਬੱਢ ਦੇਂ ਗੀਆਂ। ਨਾਲੇ ਆਪਾਂ ਆਪਣੇ ਬੰਦਿਆਂ ਤੇ ਬਢਾਵੇਂਗੇ।"

ਮੇਰੇ ਲਈ ਗੱਲ ਹੈ ਤਾਂ ਅਨੋਖੀ ਸੀ ਪਰ ਮੈਂ ਹਾਂ ਕਰ ਦਿੱਤੀ। ਉਸ ਨੇ ਅਗਲੇ ਦਿਨ ਹੀ ਆਪਣੇ ਘਰ ਦੇ ਸਾਰੇ ਜੀਅ ਦਾਤੀਆਂ ਦੇ ਕੇ ਜੀਰੀ ਵਿਚ ਵਾੜ ਦਿੱਤੇ। ਕੁਝ ਦਿਨਾਂ ਵਿਚ ਹੀ ਸਾਰੇ ਖੇਤਾਂ ਵਿਚੋਂ ਪੱਕੀ ਪੱਕੀ ਜੀਰੀ ਚੁਣ ਕੇ ਵੱਢ-ਝਾੜ ਦਿੱਤੀ। ਚੋਣੀਆਂ ਤੇ ਉਨ੍ਹਾਂ ਦੇ ਬੱਚਿਆਂ ਨੇ ਲੰਘਦੇ-ਵੜਦੇ ਖੜ੍ਹੀ ਜੀਰੀ ਦਾ ਕਬਾੜਾ ਕਰ ਦਿੱਤਾ। ਰਹਿੰਦੀ ਕਸਰ ਡੰਗਰਾਂ ਲਈ ਪਰਾਲੀ ਚੁੱਕਣ ਵਾਲਿਆਂ ਨੇ ਪੂਰੀ ਕਰ ਦਿੱਤੀ। ਇਹ ਸਭ ਮੇਰੇ ਤੋਂ ਜਰਿਆ ਨਾ ਗਿਆ। ਅਖੀਰ ਜਦੋਂ ਕੰਮ ਮੁੱਕਾ ਤਾਂ ਅਮਰਾ ਜੀਰੀ ਰੇਹੜੇ 'ਤੇ ਲੱਦ ਪਟਿਆਲੇ ਮੰਡੀ ਸੁੱਟ ਆਇਆ। ਇਸ ਵਾਰ ਮੇਰਾ ਹੈਡਕੁਆਰਟਰ ਪਟਿਆਲਾ ਆ ਜਾਣ ਕਾਰਨ ਅਸੀਂ ਫਸਲ ਪਟਿਆਲੇ ਸੁੱਟਣ ਦਾ ਫੈਸਲਾ ਕੀਤਾ ਹੋਇਆ ਸੀ ਤੇ ਆੜ੍ਹਤੀ ਵੀ ਉਹੋ ਚੁਣਿਆ ਸੀ ਜੋ ਮੇਰੇ ਭਰਾਵਾਂ ਦਾ ਸੀ।

ਵਿਚੋਂ ਵਿਚੋਂ ਜੀਰੀ ਕੱਟੀ ਜਾਣ ਕਰਕੇ ਫਸਲ ਦੀ ਸੱਤਿਆ ਨਿਕਲ ਗਈ ਤੇ ਮੇਰਾ ਖੇਤੀ ਦਾ ਉਤਸ਼ਾਹ ਕਿਰਕਿਰਾ ਹੋ ਗਿਆ। ਉਧਰ ਪਿੰਡ ਦੇ ਲੋਕ ਕੰਨਸੋਆਂ ਭਰਦੇ ਕਿ ਅਮਰੇ ਨੇ ਜੀਰੀ ਵਢਾਉਣ ਵਿਚ ਮਨਮਾਨੀ ਕੀਤੀ ਸੀ। ਕਹਿੰਦੇ, ਘਪਲੇ ਕਰਨ ਲਈ ਸਾਰੀ ਜੀਰੀ ਉਸ ਨੇ ਆਪਣੇ ਹੀ ਪਰਿਵਾਰ ਦੇ ਬੰਦਿਆਂ ਤੋਂ ਵਢਵਾਈ ਤੇ ਰੇਹੜੇ ਵਾਲਾ ਵੀ ਆਪਣਾ ਮੁਲਾਹਜੇਦਾਰ ਹੀ ਚੁਣਿਆ। ਸੁਣ ਸੁਣ ਮੇਰੇ ਕੰਨ ਪੱਕ ਗਏ। ਖੈਰ! ਮੈਂ ਗੌਲਿਆ ਨਾ ਕਿਉਂਕਿ ਬਹੁਤੀਆਂ ਗੱਲਾਂ ਮੇਰੇ ਭਰਾਵਾਂ ਵਲੋਂ ਹੀ ਆਈਆਂ ਸਨ। ਪਰ ਮੇਰੇ ਬਰਦਾਸ਼ਤ ਦੀ ਹੱਦ ਉਦੋਂ ਟੱਪ ਗਈ ਜਦੋਂ ਪਿੰਡ ਦੇ ਲੋਕਾਂ ਖਾਸ ਕਰ ਕੇ ਤ੍ਰੀਮਤਾਂ ਨੇ ਜੀਰੀ ਦੇ ਖੇਤਾਂ ਵਿਚ ਖੁੱਲ੍ਹੇ ਵੱਢਾਂ ਨੂੰ ਜੰਗਲ ਪਾਣੀ ਦਾ ਅੱਡਾ ਬਣਾ ਲਿਆ। ਸਵੇਰੇ-ਸ਼ਾਮ ਪਿੰਡ ਤੋਂ ਦੂਜੇ ਪਾਸੇ ਦੇ ਲੋਕ ਵੀ ਇੱਧਰ ਵਹੀਰਾਂ ਘੱਤੀ ਆਉਂਦੇ। ਲੋਕ ਜੀਰੀ ਮਧੋਲ ਕੇ ਖਾਲੀ ਥਾਂ ਵਲ ਭਜਦੇ ਤੇ ਫਸਲ ਦਾ ਜਰਾ ਵੀ ਧਿਆਨ ਨਾ ਕਰਦੇ। ਦੇਖਦਿਆਂ ਦੇਖਦਿਆਂ ਜੀਰੀ ਵਿਚ ਰਸਤੇ ਬਣ ਗਏ ਤੇ ਸਾਰਾ ਖੇਤ ਮਲ-ਮੂਤਰ ਨਾਲ ਭਰ ਗਿਆ।

ਮੈਂ ਅਮਰੇ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਰੋਕੇ। ਉਹ ਬੋਲਿਆ, "ਲਾਣੇਦਾਰ ਇੱਬ ਮੈਂ ਇਨ੍ਹਾਂ ਨੂੰ ਕੇ ਕਹਾਂ? ਕੇ ਗੋਲੀ ਮਾਰਾਂ ਇਨ੍ਹਾਂ ਗੈ? ਧੀਆਂ ਭੈਣਾਂ ਗੇ ਮਾਮਲੇ ਮਾ ਲੋਕ ਥੋੜੀ ਜੀ ਬਾਤ ਗਾ ਬੁਰਾ ਮੰਨਾ ਜਾਹਾਂ। ਮੰਨੂੰ ਤੋ ਕਹਿੰਦੇ ਬੀ ਸਰਮ



ਆਵਾ।"

ਮੈਂ ਦੁਖੀ ਹਿਰਦੇ ਨਾਲ ਕਿਹਾ, "ਬੁਰਾ ਮਨੌਣ ਨੂੰ ਤੈਂ ਕਿਸੇ ਗੈਲ ਲੜਾਈ ਥੋੜਾ ਕਰਨੀ ਐਂ ਭਲੇਮਾਣਸ! ਖੂੰਡਾ ਚੱਕ ਕੈ ਸੰਝ ਸਵੇਰੈ ਊਰੈ ਖੜ੍ਹ ਜੇ ਕਰ। ਲੋਕ ਸਮਝੇਂਗੇ ਡੰਗਰਾਂ ਤੇ ਖੜ੍ਹਿਆ। ਤੰਨੂੰ ਦੇਖ ਕੈ ਆਪੇ ਗਾਹਾਂ ਨਿਕਲਜੇਂਗੇ। ਜੇ ਕੋਈ ਆਪਣੀ ਡੌਲ੍ਹ ਕੰਨੀ ਆਵੈ ਖੰਗੂਰਾ ਗੈ ਉਸ ਗੇ ਪਿਛੈ ਪਿਛੈ ਚਲਦਾ ਡੰਡੀ ਟਪਾ ਗੈ ਆਏ ਕਰ। ਤੇਰੇ ਉਰੈ ਖੜ੍ਹਨੇ ਤੇ ਨਾਲੇ ਡੰਗਰ ਬੱਛੇ ਤੇ ਰਾਖੀ ਹੋ ਜੇਗੀ।"

ਮੈਨੂੰ ਡੰਗਰ ਤੇ ਮਨੁਖ ਇਕੋ ਜਿਹੇ ਲੱਗਣ ਲਗ ਪਏ। ਦੋਹਾਂ ਦਾ ਪੇਟ ਸਬੰਧੀ ਸਾਂਝਾ ਕੁਦਰਤੀ ਮਸਲਾ ਮੇਰਾ ਨੁਕਸਾਨ ਕਰ ਰਿਹਾ ਸੀ। ਬਹੁਤੀ ਖੇਹ ਖਰਾਬੀ ਹੋਣ ਕਾਰਨ ਮੈਂ ਅਮਰੇ ਨੂੰ ਕਿਹਾ ਕਿ ਇਸ ਨੂੰ ਕੱਚੀ ਪੱਕੀ ਕਟਵਾ ਦੇਵੇ। ਉਹ ਕਹਿਣ ਲੱਗਾ, "ਅਹੇ ਜੇ ਮਾਂ ਤੋ ਲਾਣੇਦਾਰ ਇਸ ਨੂੰ ਨਾ ਚੋਣੀਆਂ ਬੱਢੈਂ, ਨਾ ਕੰਪੈਨ ਕੱਟੈ। ਮੈਂ ਥਾਤੇ ਪੈਹਲਾਂ ਬਾਤ ਕਰੀ ਬੀ ਐ। ਥੋੜ੍ਹੇ ਦਿਨ ਰੁਕਣਾ ਪਬੇਗਾ, ਨਾਲੇ ਜਦ ਤਕ ਜੀਰੀ ਸਾਰੀ ਪੱਕ ਜੇ ਗੀ। ਪਰ ਬੱਢੇਗੀ ਹੁਣ ਕੰਪੈਨੇ ਇਸ ਨੂੰ।"

ਮੈਂ ਚਿੰਤਾ ਨਾਲ ਪੁੱਛਿਆ, "ਕੰਪੈਨ ਆਲੇ ਆਪਣੀ ਹੱਥਾਂ ਗੈਲ ਬੱਢੀ ਬੀ ਥੌਂ ਗੇ ਤੋ ਨੀ ਪੈਸੇ ਲਾਮੇਂਗੇ?"

ਅਮਰਾ ਗੁੱਸਾ ਖਾ ਕੇ ਇੱਦਾਂ ਬੋਲਿਆ ਜਿਵੇਂ ਆਪ ਹੀ ਕੰਬਾਇਨ ਦਾ ਮਾਲਕ ਹੋਵੇ, "ਪੈਸੇ ਤੋ ਔਂਹ ਸਾਰੀ ਗੇ ਈ ਲਾਮੇਂਗੇ। ਮਸੀਨ ਤੋ ਸਾਰੇ ਖੇਤ ਮਾਂ ਏਂ ਫਿਰੇਗੀ। ਤੌਂਹ ਨਰੀਹੇ ਬੱਢ ਮਾਂ ਫਰੁਆ ਲੈ ਪੈਸੇ ਤੋ ਤਾਂ ਬੀ ਪੂਰੇ ਈ ਲੇਹੇਂਗੇ ਤੇਰੇ ਪਾ ਦੇ। ਇੰਨਾ ਸੂਕਰ ਮੰਨ ਗੇ ਔਂਹ ਇਸ ਨੂੰ ਬੱਢਣੇ ਨੂੰ।"

ਮੈਂ ਸੋਚਿਆ, ਚੰਗਾ ਹੋਇਆ ਮੰਨ ਤਾਂ ਗਏ। ਜੇ ਨਾ ਮੰਨਦੇ ਤਾਂ ਕੀ ਕਰਦੇ?

ਖਰਚਾ ਤਾਂ ਇਕੋ ਮਾਣ ਨਹੀਂ ਸੀ ਪਰ ਮੇਰੀ ਫਸਲ 'ਤੇ ਤਾਂ ਦੂਹਰੇ-ਤੀਹਰੇ ਖਰਚੇ ਹੋ ਰਹੇ ਸਨ। ਇਕ ਝਾੜ ਘੱਟ ਤੇ ਉਪਰੋਂ ਫਸਲ ਦਾ ਉਹੀ ਪੁਰਾਣਾ ਸਰਕਾਰੀ ਰੇਟ। ਜੀਰੀ ਲੇਟ ਹੋਣ ਕਰਕੇ ਅੱਗੋਂ ਤੋਰੀਏ ਦੀ ਫਸਲ ਵੀ ਨਹੀਂ ਸੀ ਹੋ ਸਕਣੀ। ਫਿਕਰ ਸੀ ਕਿ ਖਰਚਾ ਕਿਵੇਂ ਪੂਰਾ ਹੋਊ। ਖਾਦ, ਦਵਾਈਆਂ, ਪਾਣੀ, ਡੀਜ਼ਲ, ਰੇਹੜਾ, ਚੋਣੀਆਂ, ਲਾਵੇ, ਕੰਬਾਈਨ ਦਾ ਭਾੜਾ, ਨੌਕਰ ਦੀ ਨੌਕਰੀ, ਟਰੈਕਟਰ ਦੀ ਕਿਸ਼ਤ, ਮੇਰਾ ਰੋਜ ਪਿੰਡ ਆਉਣਾ-ਜਾਣਾ ਤੇ ਆੜ੍ਹਤ ਆਦਿ ਦੇ ਖਰਚੇ ਸਭ ਇਸ ਵਟਤ ਤੋਂ ਪੂਰੇ ਹੋਣੇ ਔਖੇ ਹਨ।

ਮੈਂ ਪਿੰਡ ਵਿਚੋਂ ਆਪਣੇ ਹੀ ਇਕ ਬਹੁਤ ਪੁਰਾਣੇ ਤੇ ਪੜ੍ਹੇ-ਲਿਖੇ ਮਿੱਤਰ ਨਾਲ ਗੱਲ ਸਾਂਝੀ ਕੀਤੀ, "ਬਾਈ ਜੀ ਡੁੱਬਣ ਗੀ ਨੌਬਤ ਆਵੈ ਤੋ ਕੇ ਕਰਾਂ?" ਉਹ ਬੋਲਿਆ, "ਅੱਬਲ ਮਾਂ ਤੋ ਆਬੇਗੀ ਨੀ। ਸਭ ਗਾ ਲਾਂਘਾ ਇਤਰਾਂ ਏ ਲੰਘੀ ਜਾਹਾ। ਜੇ ਆਈ ਚੁੱਪ ਕਰ ਗੈ ਮ੍ਹੈਸਾਂ ਗਾ ਲੋਨ ਕਰੁਆ ਲੀਂ। ਤੈਂ ਬੀਹ ਕ ਹਜਾਰ ਗਾ ਵੀ ਕਰਾਇਆ ਪੰਦਰਾਂ ਤੰਨੂੰ ਖਰਚਣ ਨੂੰ ਮਿਲ ਜੇਂਗੇ। ਜਿਥੈ ਮਰਜੀ ਬੁੱਤਾ ਸਾਰ ਲੀਂ। ਭਮੈਂ ਮੋਟਰ-ਸੈਕਲ ਲੇ ਲੀਂ।"

ਮੈਨੂੰ ਕੁਝ ਸਮਝ ਨਾ ਆਈ ਤੇ ਪੁੱਛਿਆ, "ਮ੍ਹੈਸਾਂ ਤੋ ਮੈਂ ਪਾਲਨੀਆਂ ਨੀ। ਮ੍ਹੈਸਾਂ ਗਾ ਲੋਨ ਲੇ ਗੈ ਕੇ ਕਰਾਂਗਾ?"

ਉਹ ਸਮਝਾਉਣ ਲੱਗਾ, "ਮ੍ਹੈਸਾਂ ਲੇਣੀਆਂ ਥੋੜਾਂ ਪ੍ਰੋਫੈਸਰ, ਬੱਸ ਕਾਗਜ਼ਾਂ ਮਾਂ ਦਖਾਉਣੀਆਂ ਹੋਂਗੀਆਂ। ਬੈਂਕ ਆਲੇ ਥੋੜੇ ਜੇ ਪੈਸੇ ਲਿਹਾਂ ਇਸ ਕੰਮ ਗੇ, ਦੇ ਦੀਂ।"

ਮੈਨੂੰ ਸੁਣ ਕੇ ਹੈਰਾਨੀ ਹੋਈ ਤੇ ਦੁੱਖ ਵੀ। ਮੈਂ ਸੋਚਿਆ, ਕਰਜ਼ਾ ਤਾਂ ਟਰੈਕਟਰ ਦਾ ਹੀ ਨਹੀਂ ਉਤਰ ਰਿਹਾ ਉਤੋਂ ਮੱਝਾਂ ਦਾ ਹੋਰ ਲੈ ਲਵਾਂ! ਖਾ ਪੀ ਕੇ ਬੈਠ ਜਾਵਾਂ, ਜਦੋਂ ਦੇਣਾ ਪਵੇ ਤਾਂ ਕੁਰਕੀ ਕਰਵਾਵਾਂ। ਖੇਤੀ ਠੱਪ ਤੇ ਜ਼ਮੀਨ ਹੜੱਪ। ਜੇ ਇਹੀ ਕਰਨਾ ਹੈ ਤਾਂ ਖਜਲ-ਖੁਆਰੀ ਵਿਚ ਪੈਣ ਦੀ ਕੀ ਲੋੜ? ਖੇਤੀ ਆਪੇ ਠੱਪ ਕਰ ਲੈਨਾਂ ਆਂ। ਜਮੀਨ ਤਾਂ ਬਚੇਗੀ। ਮੈਂ ਉਸ ਦਾ ਸੁਝਾਓ ਠੁਕਰਾ ਕੇ ਚਲਾ ਆਇਆ। ਮੈਨੂੰ ਨਹੀਂ ਸੀ ਪਤਾ ਕਿਸਾਨੀ ਦਾ ਇਹ ਰੁਝਾਨ ਇਸ ਨੂੰ ਉਸ ਮੋੜ 'ਤੇ ਲੈ ਜਾਵੇਗਾ ਜਿਸ ਤੋਂ ਅੱਗੇ ਸਿਰਫ ਨਸ਼ੇ, ਬਰਬਾਦੀ, ਧਰਨੇ, ਵਾਅਦੇ, ਲਾਰੇ, ਖੁਦਕੁਸ਼ੀਆਂ ਤੇ ਰਾਜਨੀਤੀ ਹੋਵੇਗੀ।

ਕੁਝ ਦਿਨਾਂ ਪਿਛੋਂ ਕੰਬਾਈਨ ਨਾਲ ਜੀਰੀ ਵਢਾਈ ਤੇ ਮੰਡੀ ਸੁੱਟ ਦਿੱਤੀ। ਦੋ ਦਿਨ ਬੋਲੀ ਨਾ ਹੋਈ ਤੇ ਅਮਰੇ ਨੂੰ ਰਾਖੀ ਲਈ ਢੇਰੀ 'ਤੇ ਛੱਡ ਦਿੱਤਾ। ਹੋਰ ਕਿਸਾਨ ਵੀ ਆਪਣੀਆਂ ਜਿਣਸਾਂ ਕੋਲ ਬੈਠੇ ਸਨ। ਮੈਂ ਦੋ ਟਾਈਮ ਉਸ ਦੀ ਰੋਟੀ ਦੇਣ ਮੰਡੀ ਜਾਂਦਾ, ਨਾਲੇ ਪੁੱਛਦਾ, ਕਦੋਂ ਕੁ ਖਹਿੜਾ ਛੁਟੂ? ਪਹਿਲੇ ਦਿਨ ਸ਼ਾਮ ਨੂੰ ਗਿਆ ਅਮਰਾ ਕਹਿੰਦਾ, "ਲਾਣੇਦਾਰ ਨੇਂਹ ਗੈਲ ਗੇ ਕਾਹਾਂ ਜੀਰੀ ਮਾਂ ਹੱਥ ਫੇਰਦੇ ਰਹੋ ਨਹੀਂ ਤੋ ਗਰਮੈਸ ਖਾ ਜੇ ਗੀ ਅਰ ਰੇਟ ਮਾਂ ਡੌਨ ਜੈਹਗੀ। ਜੋਹ ਕੱਲੇ ਗਾ ਕੰਮ ਨੀ। ਕੱਲ ਨੂੰ ਇਕ ਬੰਦਾ ਦਿਹਾੜੀ ਪਰ ਰੱਖੇਂਗੇ।"

ਮੈਨੂੰ ਇੰਨਾ ਆਖ ਉਸ ਅਗਲੇ ਦਿਨ ਇਕ ਪੱਲੇਦਾਰ ਨੂੰ ਇਸ ਕੰਮ ਲਈ ਕਹਿ ਵੀ ਦਿੱਤਾ। ਤੀਜੇ ਦਿਨ ਗਏ ਨੂੰ ਅਮਰੇ ਨੇ ਦੱਸਿਆ, "ਲਾਣੇਦਾਰ ਆੜ੍ਹਤੀ ਕਹਾ ਜੀਰੀ ਤੋ ਹਾਲੇ ਗਿੱਲੀ ਐ, ਚੱਕ ਗੈ ਘਰਾਂ ਲੇਜੋ। ਸਕਾ ਗੈ ਲਿਆਓਣੀ ਪਵੇਗੀ ਤਾਂ ਬੋਲੀ ਹੋਅਗੀ। ਜਿਨ੍ਹਾਂ ਜਿਨ੍ਹਾਂ ਗੀ ਗਿੱਲੀ ਤੀ ਸਭ ਲੇ ਗੇ ਚੱਕ ਗੈ।"

ਮੈਂ ਢੇਰ ਵਿਚ ਹੱਥ ਮਾਰਿਆ, ਮੈਨੂੰ ਸੁੱਕੀ ਲੱਗੀ। ਆੜ੍ਹਤੀ ਨੂੰ ਪੁੱਛਿਆ, ਜੀਰੀ ਤਾਂ ਸੁੱਕੀ ਹੈ, ਹੋਰ ਸੁਕਾਉਣ ਦੀ ਕੀ ਲੋੜ? ਉਹ ਬੋਲਿਆ, "ਨੰਬਰਦਾਰ ਨਿਉਂ ਤੋ ਸੁੱਕੀ ਓ ਲਗੇਗੀ। ਪਰ ਇਸ ਗੇ ਅੰਦਰ ਸਲ੍ਹਾਬ ਐ। ਥੋਮੇਂ ਦੋ ਕੁ ਦਿਨ ਧੁੱਪ ਲੁਆ ਗੈ ਲਿਆਓ। ਫੇਰ ਭੱਜ ਕੇ ਬਿਕ ਜੇ ਗੀ।"

ਅਗਲੇ ਦਿਨ ਨਾਲ ਵਾਲੇ ਇਕ ਕਿਸਾਨ ਨੂੰ ਢੇਰੀ 'ਤੇ ਨਜ਼ਰ ਰੱਖਣ ਲਈ ਕਹਿ ਮੈਂ ਤੇ ਅਮਰਾ ਪਿੰਡੋਂ ਟਰੈਕਟਰ ਟਰਾਲੀ ਲੈ ਆਏ। ਮੰਡੀ ਵਿਚੋਂ ਹੀ ਕਿਰਾਏ ਦੀ ਲੇਬਰ ਤੋਂ ਲੱਦਵਾ ਕਈ ਗੇੜਿਆਂ ਵਿਚ ਜੀਰੀ ਪਿੰਡ ਢੋਈ। ਕਮਰੇ ਦੁਆਲੇ ਕਈ ਤਰਪਾਲਾਂ ਵਿਛਾ ਕੇ ਉਤੇ ਪਾਈ ਤੇ ਕਈ ਦਿਨ ਸੁਕਾਈ। ਅਮਰੇ ਦੀ ਡਿਊਟੀ ਚਿੜੀਆਂ-ਕਾਂ ਉਡਾਉਣ 'ਤੇ ਲਾਈ।

ਸੁੱਕਣ ਪਿਛੋਂ ਜੀਰੀ ਫਿਰ ਮੰਡੀ ਵਿਚ ਸੁੱਟੀ। ਦਾਣੇ ਸੁੱਕ ਕੇ ਪਤਲੇ ਜਿਹੇ ਹੋ ਗਏ ਤੇ ਰੰਗ ਵੀ ਸਿਆਹ ਝਲਕ ਮਾਰਨ ਲੱਗ ਪਿਆ। ਮੰਡੀ ਵਿਚ ਪਈ ਮੇਰੀ ਢੇਰੀ ਸਭ ਤੋਂ ਵੱਧ ਮਿਟਿਆਲੀ ਤੇ ਸਭ ਤੋਂ ਘਟ ਲਿਸ਼ਕਦਾਰ ਜਾਪਦੀ ਸੀ। ਨਿਰਸੰਦੇਹ ਇਹ ਰੇਟ ਵਿਚ ਵੀ ਬਾਕੀਆਂ ਨਾਲੋਂ ਹੇਠ ਗਈ ਹੋਵੇਗੀ। ਆੜ੍ਹਤੀ ਨੇ ਦੱਸਿਆ ਕਿ ਜੀਰੀ ਵਿਕ ਗਈ ਹੈ ਪਰ ਪੈਸਿਆਂ ਦਾ ਭੁਗਤਾਨ ਠਹਿਰ ਕੇ ਹੋਵੇਗਾ। ਮੈਂ ਸੋਚਿਆ, ਇਸ ਨੂੰ ਕਹਿੰਦੇ ਹਨ ਮਿੰਗਣਾਂ ਪਾ ਕੇ ਦੁੱਧ ਦੇਣਾ। ਅਜਿਹੀ ਖੇਤੀ ਦਾ ਕਿਸਾਨ ਨੂੰ ਕੀ ਲਾਭ? ਕਿਉਂ ਹੁੰਦਾ ਹੈ ਇਹ ਮਿੱਟੀ ਨਾਲ ਮਿੱਟੀ? ਕਿਉਂ ਕਹਿੰਦੇ ਹਨ ਇਸ ਨੂੰ ਦੇਸ਼ ਦਾ ਅੰਨ ਦਾਤਾ? ਘਟੋ ਘਟ ਮੈਂ ਤਾਂ ਨਹੀਂ ਸੁਣਿਆਂ ਕਿ ਕਿਸੇ ਨੇ ਕਿਸੇ ਕਿਸਾਨ ਨੂੰ ਅੰਨ ਦਾਤਾ ਕਹਿ ਕੇ ਸਨਮਾਨਿਆ ਹੋਵੇ ਤੇ ਉਹ ਵਡਿਆਇਆ ਇਹ ਸਭ ਜੋਖਮ ਝੇਲ ਰਿਹਾ ਹੋਵੇ। ਇਹ ਤਾਂ ਮਹਿਜ ਅਖਬਾਰਾਂ ਤੇ ਸੈਮੀਨਾਰਾਂ ਵਿਚ ਚਲਦੇ ਜੁਮਲੇ ਸਨ। ਉਹ ਤਾਂ ਅਤਿ ਗਰੀਬ ਘਸਿਆਰੇ ਵਾਂਗ ਸੀ, ਜਿਸ ਤੋਂ ਚੰਗੇ ਤਾਂ ਸਰਕਾਰੀ ਚਪੜਾਸੀ ਸਨ ਜੋ ਸਾਫ ਸੁਥਰੇ ਰਹਿੰਦੇ ਸਨ ਤੇ ਕੁਝ ਘੰਟੇ ਦੇ ਕੰਮ ਪਿਛੋਂ ਘਰ ਦੇ ਜੀਆਂ ਵਿਚ ਜਾ ਬਹਿੰਦੇ ਸਨ।

ਜੀਰੀ ਛੱਡ ਹੁਣ ਮੈਨੂੰ ਕਣਕ ਦੀ ਬਿਜਾਈ ਦਾ ਫਿਕਰ ਪਿਆ ਹੋਇਆ ਸੀ। ਤੋਰੀਏ ਦੀ ਬਿਜਾਈ ਤੋਂ ਤਾਂ ਲੇਟ ਹੋ ਗਏ ਸਾਂ, ਇਸ ਲਈ ਸਿੱਧੀ ਕਣਕ ਹੀ ਬੀਜਣੀ ਪੈਣੀ ਸੀ। ਪਰ ਕਣਕ ਲਈ ਭੂਮੀ ਵਿਚਲੀ ਗਿੱਲ ਸਾਂਭਣ ਲਈ ਜੀਰੀ ਵੱਢਣ ਤੋਂ ਤੁਰੰਤ ਪਿਛੋਂ ਜਮੀਨ ਵਾਹੁਣੀ ਪੈਂਣੀ ਸੀ। ਅਸੀਂ ਤਾਂ ਜੀਰੀ ਸੁਕਾਉਣ ਦੇ ਚੱਕਰ ਵਿਚ ਇਸ ਕੰਮੋਂ ਵੀ ਖੁੰਝ ਗਏ, ਤੇ ਜਮੀਨ ਨੂੰ ਪਾਣੀ ਲਾ ਕੇ ਫਿਰ ਵਾਹੁਣਾ ਪੈਣਾ ਸੀ। ਇਸ ਲਈ ਅਸੀਂ ਕਣਕ ਦੀ ਬਿਜਾਈ ਲਈ ਜਮੀਨ ਤਿਆਰ ਕਰਨ ਦੀ ਇਸ ਲੰਮੀ ਪ੍ਰਕ੍ਰਿਆ ਵਿਚ ਲੱਗ ਗਏ। ਪੰਦਰਾਂ ਦਿਨਾਂ ਪਿਛੋਂ ਆੜ੍ਹਤੀਏ ਤੋਂ ਪੈਸੇ ਲੈਣ ਗਿਆ ਤਾਂ ਜਵਾਬ ਮਿਲਿਆ, "ਸੈਲਰਾਂ ਆਲੇ ਮਾਲ ਚਕੇਂਗੇ ਜੀ ਫੇਰ ਰਕਮ ਮਿਲੇਗੀ। ਹਾਲੇ ਤਾਂ ਥੋਡੇ ਅੱਗੇ ਕਈ ਲੋਕ ਐਂ ਜਿਨ੍ਹਾਂ ਨੂੰ ਪਹਿਲਾਂ ਦੇਣੇ ਐਂ।"

ਇੱਧਰ ਗਰਦ, ਥਕਾਵਟ ਤੇ ਫਿਕਰ ਨਾਲ ਮੇਰਾ ਹਾਲ ਮੇਰੀ ਜੀਰੀ ਜਿਹਾ ਹੀ ਹੋਇਆ ਪਿਆ ਸੀ ਕਿਉਂਕਿ ਇਹੋ ਜਿਹੀ ਮੁਫਤ ਦੀ ਖਿੱਚ ਪਾੜ ਮੈਂ ਕਦੇ ਨਹੀਂ ਸੀ ਹੰਢਾਈ। ਸਵੇਰੇ ਕਾਲਜ ਦੇ ਸਵੱਛ ਮਾਹੌਲ ਵਿਚ ਪੜ੍ਹਾਈ ਲਿਖਾਈ ਵਿਚ ਰੁੱਝੇ ਤੇ ਕਲੋਲਾਂ ਕਰਦੇ ਵਿਦਿਆਰਥੀਆਂ ਦੇ ਸਾਗਰ ਵਿਚ ਤਾਰੀਆਂ ਲਾ ਰਿਹਾ ਹੁੰਦਾ ਤੇ ਸ਼ਾਮ ਨੂੰ ਘਸੇ ਪਿਟੇ ਕੱਪੜੇ ਪਾ ਕੇ ਮੈਂ ਮਿੱਟੀ ਫੱਕਣੀ ਸ਼ੁਰੂ ਕਰਦਾ। ਭਾਵੇਂ ਗਰਮੀ ਘਟ ਚੁਕੀ ਸੀ ਪਰ ਕੰਮ ਕਰਦਿਆਂ ਮੁੜ੍ਹਕੇ ਆਉਂਦੇ ਸਨ। ਵਹਿੰਦੇ ਖੇਤ ਵਿਚੋਂ ਬਾਰੀਕ ਬਾਰੀਕ ਗਰਦ ਉਠ ਕੇ ਸਰੀਰ ਤੇ ਕੱਪੜਿਆਂ 'ਤੇ ਜੰਮਦੀ ਰਹਿੰਦੀ। ਮਿੱਟੀ ਸੂਈਆਂ ਵਾਂਗ ਚੁਭਦੀ ਤੇ ਚਮੜੀ ਦਾ ਰੰਗ ਕਾਲਾ ਪੈ ਗਿਆ। ਚੁਫੇਰੇ ਪੇਂਡੂ ਮਾਹੌਲ ਤੇ ਪਿਛਾਂਹ-ਖਿੱਚੂ ਦਿਹਾਤੀ ਕਿਰਸੀਆਂ ਦੀ ਸੰਗਤ।

ਮੈਂ ਡਰਦਾ ਕਿ ਉਸ ਹਾਲ ਵਿਚ ਮੈਨੂੰ ਕੋਈ ਵਿਦਿਆਰਥੀ ਨਾ ਵੇਖ ਲਵੇ। ਮੈਨੂੰ ਰਹਿ ਰਹਿ ਕੇ ਸਰ ਅਰਥਰ ਕਾਨਨ ਡਾਇਲ ਦੀ ਲਿਖੀ ਉਹ ਕਹਾਣੀ ਯਾਦ ਆਉਂਦੀ ਜਿਸ ਵਿਚ ਇਕ ਮਨੁੱਖ ਦਿਨ ਵੇਲੇ ਤਾਂ ਦਫਤਰ ਵਿਚ ਕਲਰਕ ਦਾ ਕੰਮ ਕਰਦਾ ਸੀ ਤੇ ਸ਼ਾਮ ਨੂੰ ਭੇਦ ਭਰੇ ਢੰਗ ਨਾਲ ਭਿਖਾਰੀ ਬਣ ਸੜਕ 'ਤੇ ਮੰਗਣ ਬੈਠ ਜਾਂਦਾ। ਆਖਰ ਸ਼ਰਲਾਕ ਹੋਮਜ਼ ਨੇ ਬੜੀ ਹੁਸ਼ਿਆਰੀ ਨਾਲ ਇਸ ਕੇਸ ਦੀ ਗੁੱਥੀ ਸੁਲਝਾਈ ਤੇ ਹੈਰਾਨੀਜਨਕ ਤੱਤ ਸਾਹਮਣੇ ਲਿਆਂਦੇ। ਮੈਂ ਘਬਰਾਉਂਦਾ ਕਿ ਕੋਈ ਸ਼ਰਲਾਕ ਹੋਮਜ਼ ਮੇਰੇ ਆਲੇ-ਦੁਆਲੇ ਵੀ ਨਾ ਘੁੰਮਦਾ ਹੋਵੇ ਜੋ ਮੇਰੇ ਵਿਦਿਆਰਥੀਆਂ ਅੱਗੇ ਮੇਰਾ ਸਾਰਾ ਰਾਜ਼ ਖੋਲ੍ਹ ਦੇਵੇ।

ਮੇਰੀ ਜਟਕੀ ਹਾਲਤ ਵੇਖ ਘਰ ਗਏ ਨੂੰ ਪਤਨੀ ਕਹਿੰਦੀ, "ਬੈਡ 'ਤੇ ਨਾ ਬੈਠਿਓ, ਪਹਿਲਾਂ ਨਹਾ ਕੇ ਆਓ।" ਬੱਚੇ ਕਹਿੰਦੇ, ਪਾਪਾ ਖੇਤੀ ਛੱਡ ਦਿਓ। ਮੈਨੂੰ ਲਗਦਾ ਕਿ ਮੈਂ ਨਾ ਘਰ ਦਾ ਰਿਹਾ, ਨਾ ਘਾਟ ਦਾ। ਡਰ ਲਗਦਾ, ਕਿਤੇ ਮੈਨੂੰ ਸਕਿਜ਼ੋਫਰੇਨੀਆ ਦੀ ਬਿਮਾਰੀ ਨਾ ਹੋ ਜਾਵੇ।

**(ਚਲਦਾ)**

# ਤਿੰਨਾਂ ਦਰਿਆਵਾਂ ਦੇ ਹਾਣੀ, ਕੂਕਣ ਪਾਣੀ-ਪਾਣੀ


***ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅੱਜ ਪਾਣੀ ਲਈ ਤਰਸ ਰਹੀ ਹੈ। ਇਸ ਦੀ ਇਹ ਹਾਲਤ ਕਿਉਂ ਹੋਈ ਅਤੇ ਇਸ ਲਈ ਕੌਣ ਜ਼ਿੰਮੇਵਾਰ ਹੈ? ਪਾਣੀਆਂ ਦੇ ਮਾਮਲੇ ਵਿਚ ਇਸ ਨਾਲ ਹੁੰਦੇ ਆ ਰਹੇ ਵਿਤਕਰੇ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਲਈ ਕੌਣ ਜ਼ਿੰਮੇਵਾਰ ਹੈ? ਪੰਜਾਬ ਦੇ ਪਾਣੀਆਂ ਨੂੰ ਜਹਿਰੀਲਾ ਬਣਾਉਣ ਵਿਚ ਕਿਸ ਦਾ ਕਸੂਰ ਹੈ? ਇਹ ਮਸਲੇ ਹਨ ਜੋ ਆਪਣੇ ਇਸ ਲੇਖ ਵਿਚ ਡਾ. ਮਲਕੀਅਤ ਸਿੰਘ ਸੈਣੀ ਨੇ ਵਿਚਾਰਦਿਆਂ ਪੰਜਾਬੀਆਂ ਨੂੰ ਆਗਾਹ ਕੀਤਾ ਹੈ ਕਿ ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ। -ਸੰਪਾਦਕ***

ਕਹਿੰਦੇ ਨੇ ਦੂਰੋਂ ਤੁਫਾਨ ਆਉਂਦਾ ਦੇਖ ਕੇ ਸ਼ੁਤਰ ਮੁਰਗ ਡਰਦਾ ਮਾਰਾ ਆਪਣਾ ਸਿਰ ਰੇਤ 'ਚ ਘਸੋੜ ਲੈਂਦਾ ਹੈ। ਸ਼ਾਇਦ ਉਹ ਸੋਚਦਾ ਹੈ ਕਿ ਉਸ ਨੂੰ ਕੋਈ ਨੁਕਸਾਨ ਪਹੁੰਚਾਏ ਬਿਨਾ ਤੁਫਾਨ ਆਪਣੇ ਆਪ ਉਪਰੋਂ ਦੀ ਗੁਜ਼ਰ ਜਾਵੇਗਾ। ਵੈਸੇ ਇਹ ਸੱਚਾਈ ਹੈ ਕਿ ਕੋਈ ਵੀ ਆਫਤ, ਮਹਾਂਮਾਰੀ ਜਾਂ ਕੁਦਰਤ ਦੀ ਕਰੋਪੀ ਆਉਣ ਤੋਂ ਪਹਿਲਾਂ ਇਕ ਹਲਕੀ ਜਿਹੀ ਦਸਤਕ ਜ਼ਰੂਰ ਦਿੰਦੀ ਹੈ ਪਰ ਉਸ ਨੂੰ ਦੇਖ ਕੇ ਸ਼ੁਤਰ ਮੁਰਗ ਵਾਂਗ ਨਜ਼ਰਅੰਦਾਜ਼ ਕਰ ਦੇਣਾ ਕੋਈ ਸਿਆਣਪ ਨਹੀਂ।

ਪੰਜਾਬ ਦੇ ਪਾਣੀਆਂ 'ਤੇ ਦਿਨ ਦਿਹਾੜੇ ਵੱਡਾ ਡਾਕਾ ਪਏਗਾ, ਐਨੇ ਵੱਡੇ ਦਰਿਆਵਾਂ ਦੇ ਹੁੰਦਿਆਂ ਇਸ ਖਿੱਤੇ ਦੀ ਮਿੱਟੀ ਦੀ ਜੀਭ ਸੁੱਕੇਗੀ, ਇਸ ਦੇ ਸਾਫ ਸੰਕੇਤ ਤਾਂ ਉਦੋਂ ਹੀ ਮਿਲਣੇ ਸ਼ੁਰੂ ਹੋ ਗਏ ਸਨ ਜਦੋਂ ਦੇਸ਼ ਦੀ ਆਜ਼ਾਦੀ ਤੋਂ ਮਹਿਜ ਦੋ ਸਾਲ

**ਡਾ. ਮਲਕੀਅਤ ਸਿੰਘ ਸੈਣੀ***
**ਫੋਨ: 91-94171-20251**

ਬਾਅਦ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਹਰੀਕੇ ਹੈਡ ਵਰਕਸ ਬਣਾਉਣ ਲਈ 1949 ਵਿਚ ਇੱਕ ਤਜਵੀਜ਼ ਪੇਸ਼ ਕੀਤੀ ਸੀ। ਕੇਂਦਰ ਸਰਕਾਰ ਦੀ ਮਾੜੀ ਨੀਅਤ ਉਦੋਂ ਸਾਹਮਣੇ ਆਈ ਜਦੋਂ ਉਸ ਨੇ ਇਹ ਸ਼ਰਤ ਲਾ ਦਿੱਤੀ ਕਿ ਇਸ ਤਜਵੀਜ਼ ਨੂੰ ਅਮਲੀ ਰੂਪ ਤਾਂ ਹੀ ਦਿੱਤਾ ਜਾ ਸਕਦਾ ਹੈ ਜੇ ਪੰਜਾਬ ਸਰਕਾਰ ਇਹ ਮੰਨੇ ਕਿ ਇਸ ਹੈਡ ਵਰਕਸ



***ਹਰੀਕੇ ਪੱਤਣ, ਜਿੱਥੋਂ ਰਾਜਸਥਾਨ ਨੂੰ ਜਾਂਦੀ ਨਹਿਰ ਨਿਕਲਦੀ ਹੈ***

ਤੋਂ ਰਾਜਸਥਾਨ ਨੂੰ ਵੀ 18500 ਕਿਊਸਿਕ ਪਾਣੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦੀ ਨਾਲਾਇਕੀ ਕਹਿ ਲਓ, ਕਮਜ਼ੋਰੀ ਕਹਿ ਲਓ ਜਾਂ ਬੇਅਕਲੀ ਕਿ ਉਸ ਨੇ ਸ਼ੁੱਰੇਆਮ ਹੋ ਰਹੀ ਇਸ ਧੱਕੇਸ਼ਾਹੀ ਤੇ ਹੱਦ ਦਰਜੇ ਦੇ ਘਾਟੇ ਵਾਲੇ ਸੌਦੇ ਨੂੰ ਪ੍ਰਵਾਨ ਕਰ ਲਿਆ। ਇਨ੍ਹਾਂ ਸ਼ਰਤਾਂ ਤਹਿਤ ਤਿੰਨ ਸਾਲਾਂ ਬਾਅਦ ਹਰੀਕੇ ਹੈਡ ਵਰਕਸ 1952 ਵਿਚ ਬਣ ਕੇ ਤਿਆਰ ਹੋ ਗਿਆ।

ਹੈਰਾਨੀ ਦੀ ਗੱਲ ਇਹ ਕਿ ਰਾਜਸਥਾਨ, ਜਿਸ ਲਈ ਪਾਣੀ ਦੀ ਇਹ ਵਿਵਸਥਾ ਕੀਤੀ ਗਈ, ਉਸ ਨੇ ਇਸ ਤੋਂ ਪਹਿਲਾਂ ਕਦੀ ਪੰਜਾਬ ਦੇ ਦਰਿਆਵਾਂ ਵਿਚੋਂ ਪਾਣੀ ਲੈਣ ਦੀ ਖਾਹਿਸ਼ ਜਾਂ ਮੰਗ ਕੇਂਦਰ ਅੱਗੇ ਰੱਖੀ ਹੀ ਨਹੀਂ ਸੀ। ਦਰਅਸਲ ਰਾਜਸਥਾਨ ਨੂੰ ਪਤਾ ਸੀ ਕਿ ਨਾਨ-ਰੀਪੇਰੀਅਨ ਸੂਬਾ ਹੋਣ ਕਰਕੇ ਪੰਜਾਬ ਦੇ ਪਾਣੀਆਂ 'ਤੇ ਉਸ ਦਾ ਕੋਈ ਹੱਕ ਹੀ ਨਹੀਂ ਬਣਦਾ। ਉਸ ਨੂੰ ਇਹ ਵੀ ਪਤਾ ਸੀ ਕਿ ਜੇ ਇਸ ਹਾਲਤ ਵਿਚ ਪੰਜਾਬ ਤੋਂ ਪਾਣੀ ਦੀ ਮੰਗ ਕੀਤੀ ਤਾਂ ਉਸ ਦੀ ਕੀਮਤ ਦੇਣੀ ਪਏਗੀ ਜਿਵੇਂ ਕਿ ਉਹ ਪਹਿਲਾਂ ਗੰਗ ਨਹਿਰ ਦੇ ਪਾਣੀ ਦੀ ਦੇ ਰਿਹਾ ਸੀ, ਜੋ ਉਹ ਦੇ ਨਹੀਂ ਸਕੇਗਾ। ਉਹ ਇਹ ਵੀ ਜਾਣਦਾ ਸੀ ਕਿ ਜੈਸਲਮੇਰ ਦਾ ਇਲਾਕਾ ਹਰੀਕੇ ਹੈਡ ਵਰਕਸ ਨਾਲੋਂ ਕਾਫੀ ਉਚਾ ਹੈ, ਸੋ ਨੀਵਾਣ ਤੋਂ ਉਚਾਣ ਵੱਲ ਨੂੰ ਪਾਣੀ ਲਿਜਾਣਾ ਸੌਖਾ ਕੰਮ ਨਹੀਂ।

ਪੰਜਾਬ ਆਪਣੀ ਨਾਲਾਇਕੀ ਕਰਕੇ ਪੰਜਾਬ ਦੇ ਦਰਿਆਵਾਂ ਦੇ ਸਾਰੇ ਵਾਧੂ ਪਾਣੀਆਂ 'ਤੇ ਆਪਣਾ ਦਾਅਵਾ ਜਤਾ ਹੀ ਨਾ ਸਕਿਆ, ਸੋ ਵਿਸ਼ਵ ਬੈਂਕ ਦੀ ਟੀਮ ਨੂੰ ਇਹ ਜਤਾਉਣ ਲਈ ਕਿ ਭਾਰਤ ਸਤਲੁਜ, ਬਿਆਸ ਤੇ ਰਾਵੀ ਦੇ ਵਾਧੂ ਪਾਣੀਆਂ (15.85 ਐਮ. ਏ. ਐਫ) ਨੂੰ ਵਰਤ ਸਕਦਾ ਹੈ, ਰਾਜਸਥਾਨ ਨੂੰ 8.00 ਐਮ. ਏ. ਐਫ. ਪਾਣੀ ਦੇ ਦਿੱਤਾ ਗਿਆ। ਜੇ ਕਿਤੇ ਉਸ ਵੇਲੇ ਪੰਜਾਬ ਨੇ ਆਪਣੀ ਖੇਤੀ ਦੇ ਭਵਿੱਖ ਨੂੰ ਸਾਹਮਣੇ ਰੱਖ ਕੇ 7.25 ਐਮ. ਏ. ਐਫ. ਦੀ ਥਾਂ 15.85 ਐਮ. ਏ. ਐਫ. ਵਾਧੂ ਪਾਣੀ ਦੀ ਯੋਜਨਾ ਉਲੀਕੀ ਹੁੰਦੀ ਤਾਂ ਅੱਜ ਇਹ ਦਿਨ ਨਾ ਦੇਖਣੇ ਪੈਂਦੇ। ਦੁੱਖ ਤਾਂ ਇਹ ਹੈ ਕਿ ਉਸ ਸਮੇਂ ਪੰਜਾਬ ਦੇ ਸਿਰਫ 14-15% ਹਿੱਸੇ ਨੂੰ ਹੀ ਨਹਿਰਾਂ ਦਾ ਪਾਣੀ ਲੱਗਦਾ ਸੀ।

ਚਲੋ ਮੰਨਿਆ ਇਹ ਪੰਜਾਬ ਦੀ ਨਾਲਾਇਕੀ ਸੀ ਪਰ ਜੇ ਕੇਂਦਰ ਵੀ ਪੰਜਾਬ ਪ੍ਰਤੀ ਸੁਹਿਰਦ ਹੁੰਦਾ ਤਾਂ ਉਹ ਪੰਜਾਬ ਵੱਲੋਂ ਦਿੱਤੀ ਯੋਜਨਾ ਨੂੰ ਮੁੜ ਜਾਂਚ ਕੇ ਨਵੇਂ ਸਿਰਿਓਂ ਤਜਵੀਜ਼ ਕਰਨ ਲਈ ਵੀ ਕਹਿ ਸਕਦਾ ਸੀ ਤਾਂਕਿ ਭਵਿੱਖ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਪੰਜਾਬ ਦੀ ਮਾਰੂ ਜਮੀਨ ਦੀ ਪਿਆਸ ਬੁਝਾਉਣ ਲਈ ਵਰਤਿਆ ਜਾ ਸਕੇ। ਨਿਹਾਇਤ ਅਫਸੋਸ ਦੀ ਗੱਲ ਹੈ ਕਿ ਕੇਂਦਰ ਨੂੰ ਉਸ ਵੇਲੇ ਰਾਜਸਥਾਨ ਦਾ ਰੇਗਿਸਤਾਨ ਤਾਂ ਨਜ਼ਰ ਆਇਆ ਪਰ ਪੰਜਾਬ 'ਚ ਮਾਲਵੇ ਦੇ ਕੱਕੇ ਰੇਤੇ ਦੇ ਟਿੱਬਿਆਂ 'ਤੇ ਉਸ ਦੀ ਨਿਗਾਹ ਨਾ ਪਈ।

ਖੈਰ! ਹਰੀਕੇ ਹੈਡ ਵਰਕਸ ਤੋਂ ਲੈ ਕੇ ਰਾਜਸਥਾਨ ਦੇ ਜੈਸਲਮੇਰ ਤੱਕ 1680 ਕਿਲੋਮੀਟਰ ਲੰਮੀ ਤੇ ਹਰ ਥਾਂ ਤੋਂ ਕਰੀਬ ਇਕ ਏਕੜ ਚੌੜੀ, ਦੁਨੀਆਂ ਦੀਆਂ ਸਭ ਤੋਂ ਲੰਮੀਆਂ ਤੇ ਚੌੜੀਆਂ ਨਹਿਰਾਂ ਵਿਚੋਂ ਇਕ, ਇੰਦਰਾ ਗਾਂਧੀ ਦੇ ਨਾਂ ਨਾਲ ਜਾਣੀ ਜਾਂਦੀ ਇਹ ਨਹਿਰ 1956 ਵਿਚ ਕੇਂਦਰ ਦੇ ਪੈਸੇ ਨਾਲ ਬਣਨੀ ਸ਼ੁਰੂ ਹੋਈ, ਜੋ 1965 ਵਿਚ ਨੇਪਰੇ ਚੜ੍ਹੀ। 1965 ਤੋਂ ਲੈ ਕੇ ਅੱਜ ਤੱਕ ਪੰਜਾਬ ਦੇ ਦਰਿਆਈ ਪਾਣੀਆਂ ਦਾ ਸਭ ਤੋਂ ਵੱਡਾ ਹਿੱਸਾ ਯਾਨਿ ਕਰੀਬ 8.12 ਐਮ. ਏ. ਐਫ. ਪਾਣੀ ਇਹ ਡੀਕੀ ਜਾ ਰਹੀ ਹੈ।

ਇਥੇ ਹੀ ਬੱਸ ਨਹੀਂ, ਇਸ ਨਹਿਰ ਨੇ ਪੰਜਾਬ ਦੇ ਦਰਿਆਵਾਂ ਦਾ ਇਕੱਲਾ ਪਾਣੀ ਹੀ ਨਹੀਂ ਡਕਾਰਿਆ ਸਗੋਂ ਪੰਜਾਬ ਵਿਚਲੀ ਇਸ ਦੀ 167 ਕਿਲੋਮੀਟਰ ਲੰਬਾਈ ਨੇ ਜਰਖੇਜ਼ ਜਮੀਨ ਦਾ 9000 ਏਕੜ ਰਕਬਾ ਵੀ ਹੜੱਪ ਲਿਆ ਤੇ ਆਲੇ-ਦੁਆਲੇ ਕਿੰਨੀ ਕਿੰਨੀ ਦੂਰ ਤੱਕ ਦਾ ਵਾਹੀਯੋਗ ਰਕਬਾ ਸੇਮ ਦੇ ਲੜ ਲਾ ਦਿੱਤਾ। ਕਰੀਬ ਸੱਭੇ ਨਹਿਰਾਂ ਉਚੇ ਤੋਂ ਨੀਵੇਂ ਪਾਸੇ ਵੱਲ ਨੂੰ ਵਗਦੀਆਂ ਹਨ ਪਰ ਇਹ ਆਪਣੀ ਕਿਸਮ ਦੀ ਇੱਕੋ ਇਕ ਨਹਿਰ ਹੈ ਜੋ ਨਿਵਾਣ ਤੋਂ ਉਚਾਣ ਵੱਲ ਵਗਦੀ ਹੈ। ਰਾਜਸਥਾਨ ਦਾ ਜੈਸਲਮੇਰ ਇਲਾਕਾ ਪੰਜਾਬ ਦੇ ਹਰੀਕੇ ਹੈਡ ਵਰਕਸ ਤੋਂ ਕਰੀਬ 100 ਫੁੱਟ ਉਚਾ ਹੈ। ਇਸ ਇਲਾਕੇ ਵਿਚ ਪਾਣੀ ਪਹੁੰਚਦਾ ਕਰਨ ਲਈ ਵੱਡੀਆਂ ਵੱਡੀਆਂ ਮੋਟਰਾਂ ਲਾ ਕੇ ਦੋ ਥਾਂਵਾਂ ਤੇ 60-60 ਫੁੱਟ ਪਾਣੀ ਉਤਾਹ ਚੁੱਕਿਆ ਗਿਆ, ਤਾਂ ਜਾ ਕੇ ਇਹ ਪਾਣੀ ਧੁਰ ਤੱਕ ਪਹੁੰਚਿਆ। ਇਹ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੀ ਗੱਲ ਨਹੀਂ ਤਾਂ ਹੋਰ ਕੀ ਹੈ!

ਕਹਿੰਦੇ ਨੇ, ਇਸ ਨਹਿਰ ਨੂੰ ਬਣਾਉਣ ਤੋਂ ਪਹਿਲਾਂ ਭਾਰਤ ਸਰਕਾਰ ਨੇ ਦੁਨੀਆਂ ਭਰ ਵਿਚ ਮਸ਼ਹੂਰ ਅਮਰੀਕਾ ਦੇ ਭੋਂ ਸੁਧਾਰ ਮਹਿਕਮੇ (U.S. Bureau of Reclamation) ਤੋਂ ਸਲਾਹ ਮੰਗੀ ਕਿ ਇਹ ਨਹਿਰ ਬਣਾਉਣ ਦੇ ਸਿੱਟੇ ਕੀ ਹੋਣਗੇ। ਚਾਰ ਸਾਲ ਦੇ ਡੂੰਘੇ ਅਧਿਐਨ ਪਿਛੋਂ 1954 ਵਿਚ ਅਮਰੀਕਾ ਦੇ ਭੋਂ ਸੁਧਾਰ ਮਹਿਕਮੇ ਨੇ ਕਿਹਾ, "ਰੱਬ ਦੇ ਵਾਸਤੇ ਰਾਜਸਥਾਨ ਦੇ ਰੇਤਾ ਦੇ ਟਿੱਬਿਆਂ ਨੂੰ ਸਿੰਜਣ ਲਈ ਇਹ ਨਹਿਰ ਨਾ ਬਣਾਉਣਾ। ਇਸ ਪਾਣੀ ਨਾਲ ਪੰਜਾਬ ਦੇ ਦਰਿਆਵਾਂ ਦੇ ਨਾਲ ਲਗਦੇ ਇਲਾਕਿਆਂ ਨੂੰ ਸਿੰਜਣਾ ਕਿਤੇ ਬਿਹਤਰ ਹੋਵੇਗਾ।"

ਪਰ ਕੇਂਦਰ ਨੇ ਇਸ ਦੀ ਕੋਈ ਪ੍ਰਵਾਹ ਕੀਤੇ ਬਿਨਾ ਨਹਿਰ ਬਣਾਉਣ ਦੀ ਠਾਣ ਲਈ। ਪੰਜਾਬ ਦੀ ਜਮੀਨ ਵੀ ਗਈ ਤੇ ਪਾਣੀ ਵੀ ਗਿਆ, ਤੇ ਗਿਆ ਵੀ ਉਸ ਨਾਨ ਰੀਪੇਰੀਅਨ ਸੂਬੇ ਲਈ ਜਿਸ ਦਾ ਦੁਨੀਆਂ ਦੇ ਪਾਣੀ ਵੰਡ ਸਿਧਾਂਤ ਮੁਤਾਬਕ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਜਾਂ ਦਾਅਵਾ ਨਹੀਂ ਬਣਦਾ। ਜਦੋਂ ਘਰ ਦੇ ਮਾਲਕ ਦੂਰਅੰਦੇਸ਼ ਨਾ ਹੋ ਕੇ ਸੱਤਾ ਦੇ ਨਸ਼ੇ 'ਚ ਗੜੂੰਦ ਹੋਣ, ਉਦੋਂ ਚੋਰਾਂ ਨੂੰ ਫਿਟਕਾਰਨਾ ਸ਼ੋਭਾ ਨਹੀਂ ਦਿੰਦਾ।

ਮੋਟੇ ਜਿਹੇ ਹਿਸਾਬ ਮੁਤਾਬਕ ਹੁਣ ਤੱਕ ਰਾਜਸਥਾਨ ਨੂੰ ਜਾ ਚੁਕੇ ਪਾਣੀ ਦੀ ਜੇ ਕੀਮਤ ਲਾਈ ਜਾਏ ਤਾਂ ਕਰੀਬ 11.75 ਲੱਖ ਕਰੋੜ ਬਣਦੀ ਹੈ (ਇਹ ਅਨੁਮਾਨ C. W. P. C. ਦੀ 2008 ਵਿਚ ਦਿੱਤੀ ਰਿਪੋਰਟ 'ਤੇ ਆਧਾਰਤ ਹੈ) ਜਿਸ ਨਾਲ ਪੰਜਾਬ ਦਾ ਤੇ ਪੰਜਾਬ ਦੇ ਸਾਰੇ ਕਿਸਾਨਾਂ ਦਾ ਸਾਰਾ ਕਰਜਾ ਅਦਾ ਕਰਕੇ ਵੀ 8 ਲੱਖ ਕਰੋੜ ਬਚਿਆ ਰਹੇਗਾ ਜਿਸ ਨਾਲ ਕੌਮ ਦੀ ਸਮੁੱਚੀ ਗੁਰਬਤ ਤੇ ਬੇਰੁਜ਼ਗਾਰੀ ਆਉਣ ਵਾਲੀ ਇਕ ਸਦੀ ਤੱਕ ਨਜਿੱਠੀ ਜਾ ਸਕਦੀ ਹੈ। ਪਰ ਅਫਸੋਸ! ਜਾਗਦਿਆਂ ਨੂੰ ਜਗਾਵੇ ਕੌਣ। ਬਿੱਲੀ ਗਲ ਟੱਲੀ ਬੰਨ੍ਹੇ ਕੌਣ। ਚੋਰ ਤੇ ਕੁੱਤੀ ਰਲੇ ਬੈਠੇ ਹਨ।

ਜੇ ਕੇਂਦਰ ਸਰਕਾਰ ਚਾਹੁੰਦੀ ਤਾਂ ਪੰਜਾਬ ਨੂੰ ਮਾਰੂਥਲ ਬਣਾਉਣ ਦੀ ਥਾਂ ਰਾਜਸਥਾਨ ਨੂੰ ਗੁਜਰਾਤ ਵਿਚ ਦੀ ਲੰਘਦੇ ਅੰਤਰਰਾਜੀ ਦਰਿਆ ਨਰਬਦਾ ਤੋਂ ਜਾਂ ਉਸ 'ਤੇ ਉਸਾਰੇ ਸਰਦਾਰ ਸਰੋਵਰ ਡੈਮ ਤੋਂ ਪਾਣੀ ਲੈ ਕੇ ਦਿੱਤਾ ਜਾ ਸਕਦਾ ਸੀ ਪਰ ਗੁਜਰਾਤ ਨੇ ਰਾਜਸਥਾਨ ਨੂੰ ਉਧਰ ਮੂੰਹ ਤੱਕ ਨਹੀਂ ਕਰਨ ਦਿੱਤਾ। ਇਹ ਤਾਂ ਪੰਜਾਬ ਸਰਕਾਰ ਤੇ ਇਥੋਂ ਦੇ ਸਿਆਸੀ ਲੀਡਰਾਂ ਦੀ ਨਾਮਰਦਗੀ ਹੀ ਸੀ ਜੋ ਆਪਣੇ ਸੌੜੇ ਹਿੱਤਾਂ ਖਾਤਰ ਕੇਂਦਰ ਅੱਗੇ ਗੋਡੇ ਟੇਕ ਗਈ। ਪੰਜਾਬ ਦੀ ਬੰਜਰ ਬਣ ਰਹੀ ਸਰਜ਼ਮੀਂ ਇਨ੍ਹਾਂ ਦੀ ਇਸ ਬਜਰ ਗਲਤੀ ਨੂੰ ਮੁੱਦਤਾਂ ਤੱਕ ਮੁਆਫ ਨਹੀਂ ਕਰੇਗੀ।

ਆਓ, ਜਰਾ ਹਰਿਆਣੇ ਵਲ ਮੂੰਹ ਮੋੜੀਏ। 1966 ਵਿਚ ਹੋਂਦ 'ਚ ਆਉਣ ਪਿਛੋਂ ਹਰਿਆਣੇ ਨੇ ਸੋਚਿਆ ਕਿ ਪੰਜਾਬ ਦੇ ਲੀਡਰ ਤਾਂ ਸੀਲ ਮੱਝਾਂ ਹਨ। ਜੇ ਇਨ੍ਹਾਂ ਨੂੰ ਰਾਜਸਥਾਨ ਬਿਨਾ ਪੱਠੇ ਪਾਉਣ ਤੇ ਸੇਵਾ ਕਰਨ ਤੋਂ ਮੁਫਤ ਵਿਚ ਚੋ ਸਕਦਾ ਹੈ ਤਾਂ ਫਿਰ ਸਾਡੇ ਵਾਰੀ ਤਾਂ ਇਹ ਬਿਲਕੁਲ ਵੀ ਛੜ ਨਹੀਂ ਮਾਰਨਗੇ। ਹਰਿਆਣੇ ਨੇ ਪੰਜਾਬ ਦੇ ਪਾਣੀਆਂ 'ਤੇ ਇਹ ਕਹਿ ਕੇ ਹੱਕ ਜਤਾਉਣਾ ਚਾਹਿਆ ਕਿ ਇਹ ਪ੍ਰਾਂਤ ਪਹਿਲਾਂ ਅਣਵੰਡੇ ਪੰਜਾਬ ਦਾ ਇਕ ਹਿੱਸਾ ਸੀ, ਸੋ ਉਸ ਨੂੰ ਮੌਜੂਦਾ ਪੰਜਾਬ ਵਿਚਲੇ ਤਿੰਨਾਂ ਦਰਿਆਵਾਂ ਵਿਚੋਂ ਉਸ ਦੇ ਏਰੀਏ ਮੁਤਾਬਕ ਬਣਦਾ ਪਾਣੀ ਦਾ ਹਿੱਸਾ ਮਿਲਣਾ ਚਾਹੀਦਾ ਹੈ।

***ਹਰੀਕੇ ਹੈਡ ਵਰਕਸ ਤੋਂ ਲੈ ਕੇ ਰਾਜਸਥਾਨ ਦੇ ਜੈਸਲਮੇਰ ਤੱਕ 1680 ਕਿਲੋਮੀਟਰ ਲੰਮੀ ਤੇ ਹਰ ਥਾਂ ਤੋਂ ਕਰੀਬ ਇਕ ਏਕੜ ਚੌੜੀ, ਦੁਨੀਆਂ ਦੀਆਂ ਸਭ ਤੋਂ ਲੰਮੀਆਂ ਤੇ ਚੌੜੀਆਂ ਨਹਿਰਾਂ ਵਿਚੋਂ ਇਕ, ਇੰਦਰਾ ਗਾਂਧੀ ਦੇ ਨਾਂ ਨਾਲ ਜਾਣੀ ਜਾਂਦੀ ਇਹ ਨਹਿਰ 1956 ਵਿਚ ਕੇਂਦਰ ਦੇ ਪੈਸੇ ਨਾਲ ਬਣਨੀ ਸ਼ੁਰੂ ਹੋਈ, ਜੋ 1965 ਵਿਚ ਨੇਪਰੇ ਚੜ੍ਹੀ। 1965 ਤੋਂ ਲੈ ਕੇ ਅੱਜ ਤੱਕ ਪੰਜਾਬ ਦੇ ਦਰਿਆਈ ਪਾਣੀਆਂ ਦਾ ਸਭ ਤੋਂ ਵੱਡਾ ਹਿੱਸਾ ਯਾਨਿ ਕਰੀਬ 8.12 ਐਮ. ਏ. ਐਫ. ਪਾਣੀ ਇਹ ਡੀਕੀ ਜਾ ਰਹੀ ਹੈ।***

ਮੁੱਢ ਕਦੀਮ ਤੋਂ ਪੰਜਾਬ ਦਾ ਦੁਸ਼ਮਣ ਕੇਂਦਰ ਤਾਂ ਪਹਿਲਾਂ ਹੀ ਇਹੋ ਕੁਝ ਚਾਹੁੰਦਾ ਸੀ ਤੇ ਹੋ ਸਕਦਾ ਹੈ ਅੰਦਰ ਖਾਤੇ ਦਿੱਲੀ ਸਰਕਾਰ ਨੇ ਹੀ ਹਰਿਆਣੇ ਨੂੰ ਤੀਲੀ ਲਾਈ ਹੋਵੇ। ਨਹੀਂ ਤਾਂ ਕਾਨੂੰਨ ਗਵਾਹ ਹੈ ਕਿ ਜਦੋਂ ਵੀ ਦੇਸ਼ਾਂ ਜਾਂ ਪ੍ਰਾਂਤਾਂ ਦਾ ਪੁਨਰਗਠਨ ਹੁੰਦਾ ਹੈ ਤਾਂ ਪਾਣੀਆਂ ਦੇ ਸੋਮੇ ਵੀ ਨਾਲ ਹੀ ਜਾਂਦੇ ਨੇ। ਪਰ ਇਥੇ ਏਦਾਂ ਨਹੀਂ ਹੋਇਆ। ਕੇਂਦਰ ਸਰਕਾਰ ਨੇ Reorganization act 1966 ਦੀ ਵਰਤੋਂ ਸਮੇਂ ਇਸ ਵਿਚ ਉਹ ਧਾਰਾਵਾਂ (78, 79, 80) ਵੀ ਘਸੋੜ ਦਿੱਤੀਆਂ ਜੋ ਅੰਤਰਰਾਜੀ ਦਰਿਆਵਾਂ 'ਤੇ ਲਾਗੂ ਹੀ ਨਹੀਂ ਹੁੰਦੀਆਂ। ਇਨ੍ਹਾਂ ਧਾਰਾਵਾਂ ਤਹਿਤ ਇਹ ਵਿਵਸਥਾ ਕਰ ਦਿੱਤੀ ਗਈ ਕਿ ਪੰਜਾਬ ਤੇ ਹਰਿਆਣਾ ਮਿਲ ਬੈਠ ਕੇ ਪਾਣੀਆਂ ਦਾ ਮਸਲਾ ਕੇਂਦਰ ਸਰਕਾਰ ਦੀ ਸਲਾਹ ਨਾਲ ਦੋ ਸਾਲਾਂ ਦੇ ਅੰਦਰ ਨਿਪਟਾਉਣਗੇ, ਵਰਨਾ ਇਸ ਮਸਲੇ ਨੂੰ ਨਿਪਟਾਉਣ ਦਾ ਹੱਕ ਕੇਂਦਰ ਕੋਲ ਚਲਾ ਜਾਵੇਗਾ।

ਸੋ, ਉਹੀ ਕੁਝ ਹੋਇਆ ਜਿਸ ਦਾ ਡਰ ਸੀ ਤੇ ਜੋ ਕੇਂਦਰ ਚਾਹੁੰਦਾ ਤੇ ਸੋਚਦਾ ਸੀ। ਦੋ ਸਾਲ ਬੀਤਣ ਪਿਛੋਂ ਜਦੋਂ ਕੋਈ ਫੈਸਲਾ ਨਾ ਹੋਇਆ ਤਾਂ ਹਰਿਆਣੇ ਨੇ 1969 ਵਿਚ ਲੋਕ ਦਿਖਾਵੇ ਖਾਤਰ ਫੇਰ ਕੇਂਦਰ ਦਾ ਦਰਵਾਜਾ ਜਾ ਖੜਕਾਇਆ ਤੇ ਅਖੀਰ 1976 ਵਿਚ ਦੇਸ਼ ਵਿਚ ਲੱਗੀ ਐਮਰਜੈਂਸੀ ਦਾ ਲਾਹਾ ਲੈਂਦਿਆਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣਾ ਫੈਸਲਾ ਪੰਜਾਬ ਦੇ ਗਲ ਮੜ੍ਹਦਿਆਂ ਰਾਵੀ ਤੇ ਬਿਆਸ ਦਰਿਆਵਾਂ ਦੇ ਵਾਧੂ ਪਾਣੀਆਂ 'ਚੋਂ 3.5 ਐਮ. ਏ. ਐਫ. ਹੋਰ ਪਾਣੀ ਹਰਿਆਣੇ ਨੂੰ ਦੇ ਦਿੱਤਾ। ਹਰਿਆਣੇ ਨੇ ਤੱਤੇ ਲੋਹੇ 'ਤੇ ਸੱਟ ਮਾਰਦਿਆਂ ਇਹ ਕਹਿ ਕੇ ਐਸ. ਵਾਈ. ਐਲ. ਦੀ ਤਜਵੀਜ਼ ਠਾਹ ਕਰਦੀ ਕੇਂਦਰ ਅੱਗੇ ਰੱਖ ਦਿੱਤੀ ਕਿ 3.5 ਐਮ. ਏ. ਐਫ. ਪਾਣੀ ਹਰਿਆਣੇ ਵਿਚ ਲਿਜਾਣ ਲਈ ਉਸ ਨੂੰ ਇਕ ਨਹਿਰ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਮੌਜੂਦਾ ਭਾਖੜਾ ਨਹਿਰ ਵਿਚ ਇਹ ਪਾਣੀ ਲਿਜਾਣ ਦੀ ਸਮਰੱਥਾ ਨਹੀਂ ਹੈ।

ਇਥੋਂ ਬੱਝਦਾ ਹੈ ਐਸ. ਵਾਈ. ਐਲ. ਦਾ ਮੁੱਢ। ਚਾਹੀਦਾ ਤਾਂ ਇਹ ਸੀ ਕਿ ਜਿਉਂ ਹੀ ਹਰਿਆਣਾ ਇਕ ਅਲੱਗ ਪ੍ਰਾਂਤ ਬਣਿਆ ਸੀ, ਪੰਜਾਬ ਦੇ ਦਰਿਆਵਾਂ ਤੋਂ ਭਾਖੜਾ ਤੇ ਹੋਰ ਛੋਟੀਆਂ ਮੋਟੀਆਂ ਨਹਿਰਾਂ ਰਾਹੀਂ ਜਾਂਦਾ ਪਾਣੀ ਵੀ ਫੌਰਨ ਰੋਕ ਦਿੱਤਾ ਜਾਂਦਾ ਜਾਂ ਉਸ ਬਦਲੇ ਹਰਿਆਣੇ ਤੋਂ ਪੈਸੇ ਵਸੂਲੇ ਜਾਂਦੇ। ਪਰ ਪੰਜਾਬ ਦੇ 'ਦਰਿਆ ਦਿਲ' ਸਿਆਸੀ ਲੀਡਰਾਂ ਨੇ ਅਜਿਹਾ ਕੁਝ ਨਾ ਕੀਤਾ। ਹਰਿਆਣੇ ਨੂੰ ਇਕ ਨਾਨ-ਰੀਪੇਰੀਅਨ ਪ੍ਰਾਂਤ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਦਰਿਆਵਾਂ ਦਾ ਪਾਣੀ ਨਿਰੰਤਰ ਜਾਂਦਾ ਰਿਹਾ। ਪੰਜਾਬ ਨਾਲ ਇਹ ਇਕ ਹੋਰ ਵੱਡਾ ਧੱਕਾ ਸੀ ਜੋ ਅੱਜ ਵੀ ਜਾਰੀ ਹੈ।

ਜਰਾ ਸੋਚੋ, ਜਦੋਂ 1953 ਵਿਚ ਮਦਰਾਸ (ਚੇਨਈ) ਸੂਬੇ ਦੇ ਪੁਨਰਗਠਨ ਵੇਲੇ ਉਸ ਵਿਚੋਂ ਆਂਧਰਾ ਪ੍ਰਦੇਸ਼ ਸਟੇਟ ਨਿਕਲੀ ਤਾਂ ਉਸ ਵਕਤ ਮਦਰਾਸ ਸਟੇਟ ਵਿਚ ਤਿੰਨ ਦਰਿਆ-ਗੋਦਾਵਰੀ, ਕ੍ਰਿਸ਼ਨਾ ਤੇ ਕਾਵੇਰੀ ਵਗਦੇ ਸਨ। ਵੰਡ ਪਿਛੋਂ ਗੋਦਾਵਰੀ ਤੇ ਕ੍ਰਿਸ਼ਨਾ ਦਰਿਆ ਆਂਧਰਾ ਪ੍ਰਦੇਸ਼ ਦੇ ਹਿੱਸੇ ਆਉਣ ਕਰਕੇ ਮਦਰਾਸ ਇਨ੍ਹਾਂ ਦਰਿਆਵਾਂ ਲਈ ਨਾਨ-ਰੀਪੇਰੀਅਨ ਸਟੇਟ ਬਣ ਗਿਆ ਤੇ ਉਸ ਦੇ ਵਾਰ ਵਾਰ ਕਹਿਣ 'ਤੇ ਵੀ ਆਂਧਰਾ ਪ੍ਰਦੇਸ਼ ਨੇ ਉਸ ਨੂੰ ਇਨ੍ਹਾਂ ਦਰਿਆਵਾਂ ਵਿਚੋਂ ਪਾਣੀ ਦਾ ਇਕ ਤੁਪਕਾ ਤੱਕ ਵੀ ਨਾ ਦਿੱਤਾ।

ਹਾਲਾਂਕਿ ਗੋਦਾਵਰੀ ਅਤੇ ਕ੍ਰਿਸ਼ਨਾਂ ਦਰਿਆਵਾਂ ਵਿਚ ਮੌਜੂਦਾ ਪੰਜਾਬ ਦੇ ਦਰਿਆਵਾਂ ਦੇ ਮੁਕਾਬਲੇ 5 ਗੁਣਾ ਵੱਧ ਪਾਣੀ ਵਗਦਾ ਹੈ (ਗੋਦਾਵਰੀ=100 ਐਮ. ਏ. ਐਫ; ਕ੍ਰਿਸ਼ਨਾ=60 ਐਮ. ਏ. ਐਫ ਅਤੇ ਸਤਲੁਜ+ ਬਿਆਸ+ ਰਾਵੀ=34.3 ਐਮ. ਏ. ਐਫ)। ਇਸੇ ਤਰ੍ਹਾਂ ਮਦਰਾਸ ਦੇ ਹਿੱਸੇ ਆਈ ਕਾਵੇਰੀ ਨਦੀ 'ਚੋਂ ਪਾਣੀ ਲੈਣ ਲਈ ਆਂਧਰਾ ਪ੍ਰਦੇਸ਼ ਨੇ ਕਦੀ ਆਪਣਾ ਹੱਕ ਪੇਸ਼ ਨਾ ਕੀਤਾ। ਅਜਿਹੀਆਂ ਸੈਂਕੜੇ ਹੋਰ ਮਿਸਾਲਾਂ ਹਿੰਦੋਸਤਾਨ ਤੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਤੋਂ ਮਿਲ ਜਾਣਗੀਆਂ ਜਿੱਥੇ ਵੰਡ ਪਿਛੋਂ ਨਾਨ-ਰੀਪੇਰੀਅਨ ਸੂਬਿਆਂ, ਇਲਾਕਿਆਂ ਜਾਂ ਦੇਸ਼ਾਂ ਨੂੰ ਦਰਿਆਵਾਂ ਦੇ ਪਾਣੀ ਦੇ ਨਜ਼ਰੀਏ ਤੋਂ ਕੁਝ ਵੀ ਨਹੀਂ ਮਿਲਿਆ। ਇਸ ਸਬੰਧੀ Servai's Constitutinal Law of India ਪਹਿਲਾਂ ਹੀ ਮੌਜੂਦ ਹੈ ਜੋ ਕਿ ਸਰਬ ਪ੍ਰਵਾਨਤ ਹੈ।

ਵੈਸੇ ਵੀ ਬੜੀ ਸਿੱਧੀ ਜਿਹੀ ਗੱਲ ਹੈ ਕਿ ਜਦੋਂ ਜੱਦੀ ਪੁਸ਼ਤੀ ਜਮੀਨ ਦੋ ਪੁੱਤਰਾਂ ਵਿਚ ਵੰਡੀ ਜਾਂਦੀ ਏ ਤਾਂ ਉਸ ਵਿਚ ਮੌਜੂਦ ਟਾਹਲੀਆਂ, ਬੇਰੀਆਂ, ਕਿੱਕਰਾਂ, ਰਾਹ-ਬੰਨੇ, ਖੂਹ-ਖਾਲ ਤੇ ਹੋਰ ਏਦਾਂ ਦਾ ਨਿੱਕ-ਸੁਕ ਨਾਲ ਦੀ ਨਾਲ ਹੀ ਵੰਡਿਆ ਜਾਂਦਾ ਏ। ਭਰਾ, ਭਰਾ ਨਾ ਰਹਿ ਕੇ ਸ਼ਰੀਕ ਬਣ ਜਾਂਦੇ ਨੇ। ਵੰਡ ਪਿਛੋਂ ਕੀ ਮਜਾਲ ਕਿ ਇਕ ਸ਼ਰੀਕ ਦੂਸਰੇ ਦੀ ਬੇਰੀ ਦੇ ਬੇਰ ਤੱਕ ਵੀ ਤੋੜ ਕੇ ਖਾ ਲਵੇ! ਰਾਹਾਂ, ਖੂਹਾਂ, ਖਾਲਾਂ ਪਿੱਛੇ ਤਾਂ ਕਤਲ ਤੱਕ ਹੋ ਜਾਂਦੇ ਨੇ।



***ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਸਮਝੌਤੇ ਪਿਛੋਂ ਸਰਜੀਤ ਸਿੰਘ ਬਰਨਾਲਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ***

1966 ਤੋਂ ਬਾਅਦ ਹਰਿਆਣਾ ਪੰਜਾਬ ਦਾ ਸ਼ਰੀਕ ਬਣ ਗਿਆ। ਪੰਜਾਬ ਨੇ ਤਾਂ ਕਦੀ ਹਰਿਆਣੇ ਦੇ ਹਿੱਸੇ ਆਏ ਜਮੁਨਾ ਦਰਿਆ 'ਚੋਂ ਪਾਣੀ ਨਹੀਂ ਮੰਗਿਆ। ਫਿਰ ਹਰਿਆਣੇ ਦਾ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ 'ਤੇ ਕਾਹਦਾ ਹੱਕ? ਜਰਾ ਸੋਚੋ, ਇਸ ਵਕਤ ਪੰਜਾਬ ਨੂੰ ਆਪਣੇ ਦਰਿਆਵਾਂ ਵਿਚੋਂ ਦੇਸ਼ ਦੀ ਵੰਡ ਤੋਂ ਬਾਅਦ ਮਹਿਜ 8.00 ਐਮ. ਏ. ਐਫ. ਪਾਣੀ ਮਿਲਦਾ ਹੈ ਜਦੋਂ ਕਿ ਹਰਿਆਣਾ ਕਰੀਬ 7.00 ਐਮ. ਏ. ਐਫ. ਤਾਂ ਪੰਜਾਬ ਦੇ ਦਰਿਆਵਾਂ ਤੋਂ ਲਈ ਬੈਠਾ ਹੈ, 5.60 ਐਮ. ਏ. ਐਫ. ਯਮੁਨਾ 'ਚੋਂ ਲੈ ਰਿਹਾ ਹੈ ਤੇ 1.10 ਐਮ. ਏ. ਐਫ. ਘੱਗਰ 'ਚੋਂ ਵੀ ਮਾਰੀ ਬੈਠਾ ਹੈ। ਯਾਨਿ ਕੁਲ ਮਿਲਾ ਕੇ ਪੰਜਾਬ ਦੇ 8 ਐਮ. ਏ. ਐਫ. ਦੇ ਮੁਕਾਬਲੇ 14.50 ਐਮ. ਏ. ਐਫ. ਪਾਣੀ ਵਰਤੀ ਜਾ ਰਿਹਾ ਹੈ ਪਰ ਫਿਰ ਵੀ ਸਬਰ-ਸੰਤੁਸ਼ਟੀ ਨਹੀਂ, ਰੱਜ ਨਹੀਂ। ਕਹਿੰਦੇ ਨੇ, ਭੁੱਖਾ ਤਾਂ ਰੱਜ ਜਾਂਦੈ ਪਰ ਰੱਜੇ ਨੂੰ ਰਜਾਉਣਾ ਬਹੁਤ ਔਖਾ ਹੁੰਦੈ। ਐਨਾ ਪਾਣੀ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੇ ਉਸਲਵੱਟੇ ਲੈਣੇ ਬੰਦ ਨਾ ਕੀਤੇ ਤੇ ਮੌਕਾ ਤਾੜ ਕੇ ਟਿੰਡ ਵਿਚ ਕਾਨਾ ਪਾਈ ਰੱਖਿਆ। ਦੇਖੋ, 29 ਜਨਵਰੀ 1955 ਵਾਲੇ ਫੈਸਲੇ ਵਿਚ ਇਹ ਸਾਫ ਲਿਖਿਆ ਸੀ ਕਿ ਰਾਜਸਥਾਨ ਨੂੰ ਜਾਂਦੇ

***(ਬਾਕੀ ਅਗਲੇ ਸਫੇ 'ਤੇ)***

8.0 ਐਮ. ਏ. ਐਫ. ਪਾਣੀ ਦੀ ਕੀਮਤ ਤੈਅ ਕੀਤੀ ਜਾਵੇਗੀ, ਜਿਸ ਤੋਂ ਸਾਫ ਜਾਹਰ ਸੀ ਕਿ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਦੀ ਕੀਮਤ ਪੰਜਾਬ ਨੂੰ ਮਿਲੇਗੀ। ਲੇਕਿਨ ਨਾ ਤਾਂ ਉਹ ਕੀਮਤ ਕਦੇ ਤੈਅ ਹੋਈ ਤੇ ਨਾ ਹੀ ਪੰਜਾਬ ਨੂੰ ਮਿਲੀ।

29 ਜਨਵਰੀ 1955 ਤੋਂ ਲੈ ਕੇ 31 ਦਸੰਬਰ 1981 ਤੱਕ ਕਈ ਵਾਰ ਹਰਿਆਣੇ ਤੇ ਰਾਜਸਥਾਨ ਨੂੰ ਖੁਸ਼ ਕਰਨ ਲਈ ਕੇਂਦਰ ਸਰਕਾਰ ਨੇ ਪਾਣੀਆਂ ਦੇ ਮੁੱਦੇ ਦਾ ਸਮੁੰਦਰ ਮੰਥਨ ਕੀਤਾ। ਲੇਕਿਨ 1981 ਵਿਚ ਤਾਂ ਹੱਦ ਹੀ ਹੋ ਗਈ ਜਦੋਂ ਇੰਦਰਾ ਗਾਂਧੀ ਦੇ ਕਹਿਣ 'ਤੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਅਤੇ ਰਾਜਸਥਾਨ ਦੇ ਸ਼ਿਵਚਰਨ ਮਾਥੁਰ ਨਾਲ ਫੇਰ ਇਸੇ ਮੁੱਦੇ ਨੂੰ ਰਿੜਕਿਆ। ਇਸ ਤੋਂ ਪਹਿਲਾਂ ਕਿ ਨਿਕਲਿਆ ਮੱਖਣ ਬੁੱਸ ਜਾਵੇ, ਇੰਦਰਾ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਵਿਚ ਕੈਪਟਨ ਵੱਲੋਂ ਪੇਸ਼ ਕੀਤੀ ਚਾਂਦੀ ਦੀ ਕਹੀ ਤੇ ਤਸਲੇ ਨਾਲ ਤੱਤੇ ਘਾਅ 8 ਅਪਰੈਲ 1982 ਨੂੰ ਐਸ. ਵਾਈ. ਐਲ. ਦਾ ਟੱਕ ਲਾ ਕੇ ਹਰਿਆਣੇ ਨੂੰ ਪੰਜਾਬ ਦੇ ਦਰਿਆਵਾਂ 'ਚੋਂ 3.5 ਐਮ. ਏ. ਐਫ. ਪਾਣੀ ਹੋਰ ਦੇਣ ਦਾ ਰਾਹ ਖੋਲ੍ਹ ਦਿੱਤਾ।

ਬਲਿਹਾਰੇ ਜਾਈਏ ਆਪਣੇ ਲੀਡਰਾਂ ਦੇ ਤੇ ਕੇਂਦਰ ਸਰਕਾਰ ਦੀਆਂ ਕਮੀਨੀਆਂ ਚਾਲਾਂ ਦੇ। ਪੰਜਾਬ ਦਿਨ ਦਿਹਾੜੇ, ਸ਼ਰ੍ਹੇਆਮ ਆਪਣਿਆਂ ਦੇ ਹੱਥੋਂ ਲੁਟਿਆ ਗਿਆ। ਹਰਿਆਣੇ ਨੂੰ ਐਸ. ਵਾਈ. ਐਲ. ਰਾਹੀਂ 3.5 ਐਮ. ਏ. ਐਫ. ਹੋਰ ਪਾਣੀ ਦੇਣ ਦਾ ਮਤਲਬ ਸੀ, ਵਾਧੂ ਪਾਣੀਆਂ ਦੀ ਵੰਡ ਵਿਚੋਂ ਪੰਜਾਬ ਕੋਲ ਸਿਰਫ 4.5 ਐਮ. ਏ. ਐਫ. ਪਾਣੀ ਰਹਿ ਜਾਏਗਾ। ਇਥੇ ਹੀ ਬੱਸ ਨਹੀਂ, ਭਵਿੱਖ ਵਿਚ ਪੰਜਾਬ ਸਰਕਾਰ ਦੇ ਹੱਥ ਹਮੇਸ਼ਾ ਵਾਸਤੇ ਵੱਢਣ ਲਈ ਦਰਬਾਰਾ ਸਿੰਘ ਨੂੰ ਇਸ ਗੱਲ ਲਈ ਵੀ ਰਾਜੀ ਕਰ ਲਿਆ ਗਿਆ ਕਿ ਇਸ ਤੋਂ ਪਹਿਲਾਂ ਪਾਣੀਆਂ ਦੀ ਵੰਡ ਨਾਲ ਸਬੰਧਤ ਜਿੰਨੇ ਵੀ ਮੁਕੱਦਮੇ ਜਿਨ੍ਹਾਂ ਵੀ ਅਦਾਲਤਾਂ ਵਿਚ ਚਲਦੇ ਹਨ, ਉਹ ਸਾਰੇ ਵਾਪਸ ਲੈ ਲਏ ਜਾਣਗੇ, ਤੇ ਇੰਜ ਹੀ ਹੋਇਆ। ਇਸ ਤੋਂ ਵੱਧ ਹੋਰ ਹਨੇਰ ਗਰਦੀ ਕੀ ਹੋ ਸਕਦੀ ਹੈ ਕਿ ਪੰਜਾਬ ਵਿਚ ਵਗਦੇ ਹੋਣ ਤਿੰਨ ਦਰਿਆ ਤੇ ਵਾਧੂ ਪਾਣੀਆਂ 'ਚੋਂ ਉਸ ਦੇ ਹਿੱਸੇ ਆਵੇ ਮਹਿਜ 4.5 ਐਮ. ਏ. ਐਫ. ਪਾਣੀ ਅਤੇ ਰਾਜਸਥਾਨ ਤੇ ਹਰਿਆਣਾ, ਜਿਨ੍ਹਾਂ ਦਾ ਇਨ੍ਹਾਂ ਦਰਿਆਵਾਂ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ, ਨੂੰ ਕੁੱਲ ਮਿਲਾ ਕੇ ਕ੍ਰਮਵਾਰ ਮਿਲੇ 11.2 ਐਮ. ਏ. ਐਫ. ਤੇ 7.80 ਐਮ. ਏ. ਐਫ. ਪਾਣੀ। ਯਾਨਿ ਮੱਝ ਨੂੰ ਪੱਠੇ ਅਸੀਂ ਪਾਈਏ, ਗੋਹਾ ਅਸੀਂ ਚੁੱਕੀਏ, ਛੜਾਂ ਅਸੀਂ ਖਾਈਏ, ਤੇ ਦੁੱਧ ਚੋਣ ਮੌਕੇ ਹਰਿਆਣਾ ਤੇ ਰਾਜਸਥਾਨ ਬਾਲਟੀਆਂ ਲੈ ਕੇ ਸਾਡੇ ਸਿਰ 'ਤੇ ਆ ਧਮਕਣ।

ਜਦੋਂ ਪੰਜਾਬ ਦੇ ਦਰਿਆਵਾਂ ਵਿਚ ਹੜ ਆਵੇ, ਉਦੋਂ ਤਬਾਹੀ ਪੰਜਾਬ ਦੀ ਹੋਵੇ, ਲੋਕ ਪੰਜਾਬ ਦੇ ਮਰਨ, ਮਕਾਨ ਢੱਠਣ ਪੰਜਾਬ ਦੇ, ਜਮੀਨ ਪੰਜਾਬ ਦੀ ਰੁੜ੍ਹੇ, ਫਸਲਾਂ ਪੰਜਾਬ ਦੀਆਂ ਤਬਾਹ ਹੋਣ, ਪਸੂ ਧਨ ਪੰਜਾਬ ਦਾ ਉਜੜੇ, ਉਸ ਵਕਤ ਗਵਾਂਢੀਆਂ ਨੇ ਪੰਜਾਬ ਦੀ ਮਦਦ ਤਾਂ ਕੀ ਕਰਨੀ, ਇਨ੍ਹਾਂ ਤੋਂ ਤਾਂ ਟੁੱਟੇ ਮੂੰਹ ਨਾਲ ਹਾਅ ਦਾ ਨਾਹਰਾ ਤੱਕ ਨਾ ਸਰੇ। ਤੇ ਜਦੋਂ ਹਾਲਾਤ ਠੀਕ ਹੋ ਜਾਣ ਤਾਂ ਏਹੀ ਗਵਾਂਢੀ ਪੰਜਾਬ ਦੇ ਪਾਣੀਆਂ 'ਚੋਂ ਆਪਣਾ ਹਿੱਸਾ ਮੰਗਣ ਤੇ ਉਹ ਵੀ ਹਿੱਕ ਦੇ ਜੋਰ ਨਾਲ। ਇਹ ਤਾਂ ਉਹੀ ਗੱਲ ਹੋਈ ਕਿ ਖਾਣ-ਪੀਣ ਨੂੰ ਲੂੰਬੜੀਆਂ ਤੇ ਡੰਡੇ ਖਾਣ ਨੂੰ ਰਿੱਛ।

ਐਸ. ਵਾਈ. ਐਲ. ਨਹਿਰ ਦੇ ਮੁੱਦੇ 'ਤੇ ਪੰਜਾਬ ਦੇ ਸਿਆਣੇ ਤੇ ਸੂਝਵਾਨ ਲੋਕ ਬਥੇਰਾ ਪਿੱਟੇ, ਇਕੱਠ ਹੋਏ, ਮਤੇ ਪਾਸ ਹੋਏ, ਅਖਬਾਰਾਂ ਤੇ ਰਸਾਲਿਆਂ ਵਿਚ ਲੇਖ ਛਪੇ ਪਰ ਮੇਲੇ 'ਚ ਚੱਕੀਰਾਹੇ ਦੀ ਕੌਣ ਸੁਣਦਾ? ਨਹਿਰ ਪੁੱਟ ਹੋਣੀ ਸ਼ੁਰੂ ਹੋਈ, ਜਿਮੀਂਦਾਰਾਂ ਦੀ ਵਾਹੀਯੋਗ 5400 ਏਕੜ ਜਮੀਨ ਕੌਡੀਆਂ ਦੇ ਭਾਅ ਲੈ ਲਈ ਗਈ। ਸੱਚਾਈ ਤਾਂ ਪਤਾ ਨਹੀਂ ਕੀ ਸੀ ਪਰ ਚਰਚਾ ਸੀ ਕਿ 1980 ਤੋਂ ਪਹਿਲਾਂ ਹਰਿਆਣੇ ਦਾ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਐਸ. ਵਾਈ. ਐਲ. ਦੇ ਸਬੰਧ ਵਿਚ ਇਕ ਕਰੋੜ ਦਾ ਚੈਕ ਪ੍ਰਕਾਸ਼ ਸਿੰਘ ਬਾਦਲ ਨੂੰ ਦੇ ਚੁਕਾ ਸੀ। ਵੈਸੇ ਇਸ ਦੀ ਪੁਸ਼ਟੀ ਇਸ ਤੋਂ ਵੀ ਹੁੰਦੀ ਹੈ ਕਿ ਦਰਬਾਰਾ ਸਿੰਘ ਦੇ 31 ਦਸੰਬਰ 1981 ਦੇ ਸਮਝੌਤੇ ਤੋਂ ਪਹਿਲਾਂ ਹਰਿਆਣਾ ਆਪਣੇ ਹਿੱਸੇ ਦੀ 92 ਕਿਲੋਮੀਟਰ ਲੰਮੀ ਐਸ. ਵਾਈ. ਐਲ. ਪੂਰਾ ਕਰ ਹੀ ਚੁਕਾ ਸੀ।

ਸੋ, ਅਕਾਲੀਆਂ ਦਾ 1981 ਤੋਂ ਪਿੱਛੋਂ ਐਸ. ਵਾਈ. ਐਲ. ਵਿਰੁਧ ਮੋਰਚਾ ਤੇ ਹਾਲ ਪਾਰਿਆ ਇਕ ਸਿਆਸੀ ਸਟੰਟ ਤੇ ਲੋਕ ਦਿਖਾਵਾ ਹੀ ਸੀ। ਕਦੀ ਹੌਲੀ ਕਦੀ ਤੇਜ ਨਹਿਰ ਦਾ ਕੰਮ 1990 ਤੱਕ ਚੱਲਦਾ ਰਿਹਾ ਤੇ ਇਸ ਲਈ ਕੇਂਦਰ ਅਤੇ ਹਰਿਆਣਾ ਸਰਕਾਰਾਂ ਨੇ ਪੰਜਾਬ ਨੂੰ ਕਰੀਬ 600 ਕਰੋੜ ਦੀ ਅਦਾਇਗੀ ਕੀਤੀ। ਇਸ ਦੌਰਾਨ ਕਾਫੀ ਰਾਜਸੀ ਉਥਲ-ਪੁਥਲ ਹੋਈ ਤੇ ਇੰਦਰਾ ਗਾਂਧੀ ਦੀ ਮੌਤ ਪਿਛੋਂ ਅਕਾਲੀ ਮੋਰਚੇ ਨੂੰ ਠੰਢ ਪਾਉਣ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਜੀਵ ਗਾਂਧੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਾਲੇ 24 ਜੁਲਾਈ 1985 ਨੂੰ ਇਕ ਹੋਰ ਸਮਝੌਤਾ ਹੋਇਆ ਜੋ ਰਾਜੀਵ-ਲੌਂਗੋਵਾਲ ਸੰਧੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। 11 ਮੱਦਾਂ ਵਾਲੇ ਇਸ ਸਮਝੌਤੇ ਵਿਚੋਂ 9.1, 9.2 ਅਤੇ 9.3 ਮੱਦਾਂ ਨਿਰੋਲ ਪੰਜਾਬ ਦੇ ਪਾਣੀਆਂ ਦੀ ਵੰਡ ਦੀ ਗੱਲ ਕਰਦੀਆਂ ਹਨ। ਇਥੇ ਇਹ ਦੱਸਣਾ ਵੀ ਠੀਕ ਹੋਵੇਗਾ ਕਿ ਮੱਦ 9.3 ਅਨੁਸਾਰ ਐਸ. ਵਾਈ. ਐਲ. ਦੀ ਉਸਾਰੀ 15 ਅਗਸਤ 1986 ਤੱਕ ਮੁਕੰਮਲ ਕੀਤੀ ਜਾਣੀ ਸੀ ਅਤੇ ਮੱਦ 9.2 ਅਨੁਸਾਰ ਪਾਣੀ ਦੇ ਹੋਰ ਕਈ ਪਹਿਲੂਆਂ 'ਤੇ ਗੌਰ ਕਰਨ ਲਈ ਇਕ ਟ੍ਰਿਬਿਊਨਲ ਬਣਾਇਆ ਗਿਆ ਸੀ। ਪਰ ਨਾ ਤਾਂ ਵਕਤ ਸਿਰ ਐਸ. ਵਾਈ. ਐਲ. ਪੂਰੀ ਹੋਈ ਤੇ ਨਾ ਹੀ ਟ੍ਰਿਬਿਊਨਲ ਦੀ




ਕੋਈ ਰਿਪੋਰਟ ਆਈ। ਇਸ ਸਮਝੌਤੇ 'ਤੇ ਸਹੀ ਪੈਣ ਪਿਛੋਂ ਫੋਟੋ ਵਿਚ ਰਾਜੀਵ ਗਾਂਧੀ, ਸੁਰਜੀਤ ਸਿੰਘ ਬਰਨਾਲਾ ਤੇ ਹਰਚੰਦ ਸਿੰਘ ਲੌਂਗੋਵਾਲ ਦੇ ਹਾਰੇ ਹੋਏ ਜਵਾਰੀਏ ਵਾਲੀ ਖਸਿਆਨੀ ਜਿਹੀ ਹਾਸੀ ਹੱਸਦੇ ਬੀਬੇ ਚਿਹਰੇ ਨਜ਼ਰ ਆ ਰਹੇ ਨੇ। ਵੈਸੇ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਦਰਬਾਰਾ ਸਿੰਘ ਵੱਲੋਂ 1981 ਵਿਚ ਕੀਤੇ ਸਮਝੌਤੇ ਪਿਛੋਂ ਕਿਹੜੀ ਕਸਰ ਰਹਿ ਗਈ ਸੀ ਕਿ ਮੁੜ ਓਹੀ ਰਾਗ ਰਾਜੀਵ ਗਾਂਧੀ ਨੂੰ ਅਲਾਪਣਾ ਪਿਆ?

ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ। ਅਸਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਪਾਣੀਆਂ ਦੇ ਸਬੰਧ ਵਿਚ ਹੁਣ ਤੱਕ ਹੋਏ ਸਾਰੇ ਸਮਝੌਤੇ, ਚਾਹੇ ਉਹ 1955 ਦਾ ਫੈਸਲਾ ਹੋਵੇ ਜਾਂ 1966 ਦਾ, ਭਾਵੇਂ 1976 ਦਾ ਜਾਂ 1981 ਦਾ ਤੇ ਭਾਵੇਂ 1985 ਦਾ ਜਾਂ 2002 ਦਾ-ਸਾਰੇ ਫੈਸਲੇ ਗੈਰ-ਸੰਵਿਧਾਨਕ ਨਾ-ਮੰਨਣਯੋਗ, ਗਲਤ ਤੇ ਗੈਰ ਕਾਨੂੰਨੀ ਹਨ। ਪੰਜਾਬ ਦੇ ਸਾਰੇ ਦਰਿਆ ਪੰਜਾਬ ਦੀ ਜਮੀਨ ਜਾਂ ਹੱਦਾਂ ਵਿਚ ਵਗਦੇ ਹਨ ਤੇ ਭਾਰਤੀ ਸੰਵਿਧਾਨ ਦੀ ਧਾਰਾ 246 ਅਨੁਸਾਰ ਇਨ੍ਹਾਂ ਸਬੰਧੀ ਕੋਈ ਵੀ ਫੈਸਲਾ ਲੈਣ ਦਾ ਹੱਕ ਸਿਰਫ ਤੇ ਸਿਰਫ ਪੰਜਾਬ ਵਿਧਾਨ ਸਭਾ ਨੂੰ ਹੀ ਹੈ। ਜਦੋਂ ਕਿ ਸਾਰੇ ਸਮਝੌਤਿਆਂ ਵਿਚ ਸੰਵਿਧਾਨ ਦੀਆਂ ਧਾਰਾਵਾਂ 245 ਅਤੇ 262 ਦੀ ਵਰਤੋਂ ਕੀਤੀ ਗਈ ਜੋ ਅੰਤਰਰਾਜੀ ਦਰਿਆਵਾਂ ਦੇ ਪਾਣੀਆਂ ਦੀ ਵੰਡ ਜਾਂ ਹੋਰ ਕਿਸੇ ਝਗੜੇ ਉਤੇ ਹੀ ਲਾਗੂ ਹੁੰਦੀਆਂ ਹਨ।

ਰਾਜੀਵ-ਲੌਂਗੋਵਾਲ ਸਮਝੌਤੇ ਦਾ ਮਤਲਬ ਕੀ ਹੈ? ਨਾ ਤਾਂ ਰਾਜੀਵ ਗਾਂਧੀ ਦਾ ਪੰਜਾਬ ਵਿਧਾਨ ਸਭਾ ਨਾਲ ਕੋਈ ਸਬੰਧ ਹੈ ਤੇ ਨਾ ਹੀ ਹਰਚੰਦ ਸਿੰਘ ਲੌਂਗੋਵਾਲ ਦਾ। ਰਾਜੀਵ ਗਾਂਧੀ ਉਸ ਵਕਤ ਦੇਸ਼ ਦਾ ਪ੍ਰਧਾਨ ਮੰਤਰੀ ਸੀ ਤੇ ਹਰਚੰਦ ਸਿੰਘ ਲੌਂਗੋਵਾਲ ਇਕ ਰੀਜ਼ਨਲ ਸਿਆਸੀ ਪਾਰਟੀ ਦਾ ਪ੍ਰਧਾਨ, ਯਾਨਿ ਇਕ ਆਮ ਨਾਗਰਿਕ। ਜ਼ਰਾ ਸੋਚੋ, ਅੱਜ ਜੇ ਪੰਜਾਬ ਦੇ ਪਾਣੀਆਂ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਚ ਕੋਈ ਸਮਝੌਤਾ ਹੁੰਦਾ ਹੈ ਤਾਂ ਕੀ ਉਸ ਨੂੰ ਪੰਜਾਬ ਵਿਧਾਨ ਸਭਾ ਮੰਨ ਲਵੇਗੀ? ਸੰਵਿਧਾਨ ਦੀ ਧਾਰਾ 246 ਮੁਤਾਬਕ ਅੰਤਰਰਾਜੀ ਦਰਿਆਵਾਂ ਦੇ ਪਾਣੀਆਂ ਦੀ ਵੰਡ ਲਈ ਇਨ੍ਹਾਂ ਦੋਹਾਂ ਦੀ (ਪ੍ਰਧਾਨ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ) ਕੋਈ ਹੈਸੀਅਤ ਹੀ ਨਹੀਂ ਕਿ ਪੰਜਾਬ ਵਿਧਾਨ ਸਭਾ ਨੂੰ ਇਕ ਪਾਸੇ ਰੱਖ ਕੇ ਕੋਈ ਫੈਸਲਾ ਲੈ ਸਕਣ।

ਪਰ ਕਹਿੰਦੇ ਨੇ, ਤਗੜੇ ਦਾ ਸੱਤੀਂ ਵੀਹੀਂ ਸੌ। ਇਹ ਸਭ ਕੁਝ ਦਿਨ ਦਿਹਾੜੇ ਪੰਜਾਬ ਵਿਧਾਨ ਸਭਾ ਦੇ ਹੁੰਦਿਆਂ ਸੁੰਦਿਆਂ, ਲੋਕਾਂ ਦੀਆਂ ਨਜ਼ਰਾਂ ਦੇ ਸਾਹਮਣੇ ਵਾਪਰਿਆ। ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਕਾਨੂੰਨਦਾਨ ਸੁਰਜੀਤ ਸਿੰਘ ਬਰਨਾਲਾ 5 ਨਵੰਬਰ 1985 ਨੂੰ ਪੰਜਾਬ ਵਿਧਾਨ ਸਭਾ ਵਿਚ ਦਰਬਾਰਾ ਸਿੰਘ ਦਾ 1981 ਵਾਲਾ ਸਮਝੌਤਾ ਤਾਂ ਰੱਦ ਕਰਦੇ ਨੇ, ਪਰ 24 ਜੁਲਾਈ 1985 ਦਾ ਰਾਜੀਵ-ਲੌਂਗੋਵਾਲ ਸਮਝੌਤਾ ਰੱਦ ਕਰਨ ਬਾਰੇ ਗੱਲ ਤੱਕ ਨਹੀਂ ਕਰਦੇ ਜਦੋਂ ਕਿ ਦੋਵੇਂ ਸਮਝੌਤੇ ਇੱਕੋ ਜਿਹੇ ਗੈਰ ਕਾਨੂੰਨੀ ਤੇ ਗੈਰ ਸੰਵਿਧਾਨਕ ਸਨ।

ਮੁੱਕਦੀ ਗੱਲ, ਪਿਛਲੇ 67 ਸਾਲਾਂ ਦੌਰਾਨ ਯਾਨਿ 1950 ਤੋਂ ਲੈ ਕੇ 2017 ਤੱਕ ਪੰਜਾਬ ਵਿਚ ਅਕਾਲੀਆਂ ਤੇ ਕਾਂਗਰਸ ਦੀਆਂ ਸਰਕਾਰਾਂ ਨੇ ਆਪਣੇ ਸੌੜੇ ਮੁਫਾਦ ਖਾਤਰ ਪੰਜਾਬ ਦੇ ਹਿੱਤਾਂ ਨੂੰ ਛਿੱਕੇ ਟੰਗ ਕੇ ਇਸ ਸੂਬੇ ਦੇ ਲੋਕਾਂ ਨਾਲ ਲੂਕਣ ਮੀਟੀ ਖੇਡੀ ਹੈ। ਆਪਣੇ ਘਰ ਨੂੰ ਰੌਸ਼ਨੀ ਦੇਣ ਦੀ ਥਾਂ ਇਨ੍ਹਾਂ ਚਿਰਾਗਾਂ ਨੇ ਘਰ ਨੂੰ ਅੱਗ ਲਾਈ ਹੈ। ਆਓ ਦੇਖੀਏ, ਇਨ੍ਹਾਂ ਨੇ ਰਾਜ ਗੱਦੀ ਪਾਉਣ, ਹੰਢਾਉਣ ਤੇ ਬਚਾਉਣ ਦੀ ਖਾਤਰ ਪੰਜਾਬ ਦਾ ਹੋਰ ਕਿੰਨਾ ਕੁ ਨੁਕਸਾਨ ਕੀਤਾ ਹੈ।

1960 ਤੋਂ 1970 ਦੇ ਦਹਾਕੇ ਵਿਚ ਉਪਰੋਥਲੀ ਕਈ ਅਹਿਮ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 1963 ਵਿਚ ਭਾਖੜਾ ਨੰਗਲ ਡੈਮ ਦਾ ਉਦਘਾਟਨ, 1965 ਵਿਚ ਰਾਜਸਥਾਨ ਨੂੰ ਜਾਂਦੀ ਇੰਦਰਾ ਗਾਂਧੀ ਨਹਿਰ ਦਾ ਚਾਲੂ ਹੋਣਾ, 1966 ਵਿਚ ਪੰਜਾਬ ਦੇ ਪੁਨਰਗਠਨ ਦੌਰਾਨ ਹਰਿਆਣਾ ਦਾ ਪੰਜਾਬ ਤੋਂ ਅੱਡ ਹੋਣਾ, ਪੰਜਾਬ ਦੇ ਕੁਝ ਨੀਮ ਪਹਾੜੀ ਇਲਾਕਿਆਂ ਦਾ ਹਿਮਾਚਲ ਵਿਚ ਜਾਣਾ ਅਤੇ 1965-66 ਵਿਚ ਪਹਿਲੇ ਹਰੇ ਇਨਕਲਾਬ ਦਾ ਮੁੱਢ ਬੱਝਣਾ। ਇਨ੍ਹਾਂ ਸਭ ਘਟਨਾਵਾਂ ਨੇ ਪੰਜਾਬ ਦੇ ਅਰਥਚਾਰੇ, ਸਿਆਸਤ ਅਤੇ ਭਵਿੱਖ ਨੂੰ ਇੱਕ ਕੂਹਣੀ ਮੋੜ ਦਿੱਤਾ।

ਕਿਉਂਕਿ ਗੱਲ ਪੰਜਾਬ ਦੇ ਪਾਣੀਆਂ ਦੀ ਵੰਡ ਦੀ ਚਲ ਰਹੀ ਹੈ, ਸੋ ਇਸ ਸਾਰੇ ਘਟਨਾਕ੍ਰਮ ਨੂੰ ਉਸੇ ਪਹਿਲੂ ਤੋਂ ਦੇਖਣਾ ਵੱਧ ਉਚਿਤ ਹੋਵੇਗਾ। ਪਹਿਲੀ ਗੱਲ ਤਾਂ ਇਹ ਕਿ ਜਿਸ ਭਾਖੜਾ ਨੰਗਲ ਡੈਮ ਦੇ ਪੂਰੇ ਹੋਣ ਦੀ ਉਡੀਕ ਪੰਜਾਬ ਪਿਛਲੇ 5-6 ਦਹਾਕਿਆਂ (1908-1963) ਤੋਂ ਕਰ ਰਿਹਾ ਸੀ, ਉਹ ਪੰਜਾਬ ਦੇ ਪੁਨਰਗਠਨ (1966) ਦੌਰਾਨ ਕੇਂਦਰ ਸਰਕਾਰ ਨੇ ਹਿਮਾਚਲ ਦੇ ਹਵਾਲੇ ਕਰ ਦਿੱਤਾ ਤੇ ਉਸ ਦਾ ਕੰਟਰੋਲ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਨੂੰ ਸੌਂਪ ਦਿੱਤਾ ਤੇ ਬੇਬਸ ਪੰਜਾਬ ਸਰਕਾਰ ਟੱਡੀਆਂ ਅੱਖਾਂ ਨਾਲ ਅੱਡੀਆਂ ਚੁੱਕ ਚੁੱਕ ਦੇਖਦੀ ਰਹਿ ਗਈ। ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਰਾਜਸਥਾਨ ਤੇ ਹਰਿਆਣਾ ਨੇ ਹੜੱਪ ਲਿਆ ਤੇ ਪਾਣੀਆਂ ਤੋਂ ਬਿਨਾ ਖੁਸ਼ਕ ਹਰਾ ਇਨਕਲਾਬ ਪੰਜਾਬ ਦੇ ਮੱਥੇ ਮੜ੍ਹ ਦਿੱਤਾ ਗਿਆ।

ਇਹ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਹਾਈਬ੍ਰਿਡ ਬੀਜਾਂ ਤੋਂ ਪੂਰਾ ਝਾੜ ਲੈਣ ਲਈ ਤਿੰਨ ਚੀਜ਼ਾਂ ਦੀ ਖਾਸ ਲੋੜ ਪੈਂਦੀ ਹੈ ਤੇ ਉਹ ਹਨ-ਪਾਣੀ, ਖਾਦਾਂ ਤੇ ਕੀੜੇ ਮਾਰ ਦਵਾਈਆਂ। ਵੰਡ ਵੰਡਾਈ ਤੋਂ ਪਿੱਛੋਂ ਰਾਵੀ ਤੇ ਬਿਆਸ ਦੇ ਵਾਧੂ ਪਾਣੀਆਂ ਵਿਚੋਂ ਆਪਣੇ ਹਿੱਸੇ ਦੇ ਪਾਣੀ (8 ਐਮ. ਏ. ਐਫ.) ਨਾਲ ਤਾਂ ਸਿਰਫ 25-28% ਜਮੀਨ ਹੀ ਸਿੰਜੀ ਜਾ ਸਕਦੀ ਸੀ। ਜਾਹਰ ਸੀ ਕਿ ਜੇ ਪੰਜਾਬ ਬਾਕੀ ਬਚਦੇ 75% ਇਲਾਕੇ ਨੂੰ ਸਿੰਜਣਾ ਚਾਹੁੰਦਾ ਹੈ ਤਾਂ ਉਸ ਨੂੰ ਟਿਊਬਵੈਲਾਂ ਦੇ ਜ਼ਰੀਏ ਜਮੀਨ ਹੇਠਲਾ ਪਾਣੀ ਕੱਢਣਾ ਪਵੇਗਾ।

ਇਥੋਂ ਸ਼ੁਰੂ ਹੁੰਦਾ ਹੈ, ਪੰਜਾਬ ਵਿਚ ਟਿਊਬਵੈਲ ਲਾਉਣ ਦਾ ਸਿਲਸਿਲਾ, ਜਮੀਨ ਹੇਠਲੇ ਪਾਣੀ ਦੇ ਘਟਣ ਦਾ ਸਬੱਬ ਤੇ ਟਿਊਬਵੈਲ ਚਲਾਉਣ ਲਈ ਬਿਜਲੀ ਦੀ ਲੋੜ। ਹਰਾ ਇਨਕਲਾਬ, ਪਾਣੀ ਤੇ ਬਿਜਲੀ-ਤਿੰਨੇ ਇਕ ਲੜੀ 'ਚ ਪਰੋਤੇ ਗਏ। ਹਰਾ ਇਨਕਲਾਬ ਪਾਣੀ 'ਤੇ ਖੜ੍ਹਾ ਸੀ, ਪਾਣੀ ਟਿਊਬਵੈਲਾਂ ਉਤੇ ਅਤੇ ਟਿਊਬਵੈਲ ਬਿਜਲੀ ਜਾਂ ਡੀਜ਼ਲ 'ਤੇ। ਟਿਊਬਵੈਲਾਂ ਦੀ ਗਿਣਤੀ ਵਧਦੀ ਗਈ ਤੇ ਨਾਲ ਦੀ ਨਾਲ ਬਿਜਲੀ ਦੀ ਲੋੜ। ਕੁਝ ਦੇਰ ਤਾਂ ਸਾਡੀ ਡੀਜ਼ਲ ਤੇ ਡੈਮਾਂ ਤੋਂ ਆਉਣ ਵਾਲੀ ਪਣ ਬਿਜਲੀ ਨਾਲ ਸਰਦਾ ਗਿਆ ਪਰ ਟਿਊਬਵੈਲਾਂ ਦੀ ਗਿਣਤੀ ਤੇ ਆਮ ਸ਼ਹਿਰੀ ਤੇ ਪੇਂਡੂ ਲੋਕਾਂ ਵੱਲੋਂ ਰੋਜ਼ਮੱਰਾ ਜ਼ਿੰਦਗੀ ਲਈ ਬਿਜਲੀ ਦੀ ਮੰਗ ਇੰਨੀ ਵਧੀ ਕਿ ਸਾਨੂੰ ਤਾਪ ਬਿਜਲੀ ਘਰਾਂ ਦਾ ਰੁਖ ਕਰਨਾ ਪਿਆ। ਬਹੁਤੇ ਵਿਸਥਾਰ ਵਿਚ ਨਾ ਜਾਂਦਿਆਂ ਬੱਸ ਏਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਅੱਜ ਸਿਰਫ ਸਿੰਜਾਈ ਵਾਸਤੇ ਜਮੀਨ ਹੇਠਲਾ ਪਾਣੀ ਕੱਢਣ ਲਈ, ਤਾਂਕਿ 75% ਮਾਰੂ ਜਮੀਨ ਨੂੰ ਸਿੰਜਿਆ ਜਾ ਸਕੇ, ਕਰੀਬ 16 ਲੱਖ ਟਿਊਬਵੈਲ ਪੰਜਾਬ ਵਿਚ ਚਲ ਰਹੇ ਹਨ ਤੇ ਇਨ੍ਹਾਂ ਟਿਊਬਵੈਲਾਂ ਨੂੰ ਚਲਾਉਣ ਲਈ ਹਰ ਸਾਲ ਬਿਜਲੀ ਦੇ ਕਰੀਬ 1150 ਕਰੋੜ ਯੂਨਿਟਾਂ ਦੀ ਲੋੜ ਪੈਂਦੀ ਹੈ, ਜਿਨ੍ਹਾਂ ਦੀ ਕੀਮਤ ਕਰੀਬ 5800 ਕਰੋੜ ਬਣਦੀ ਹੈ। ਯਾਨਿ ਓਨੀ ਬਿਜਲੀ ਜਿੰਨੀ ਬਠਿੰਡੇ ਦੇ ਤਾਪ ਬਿਜਲੀ ਘਰ ਵਰਗੇ 4 ਬਿਜਲੀ ਘਰ ਰਲ ਕੇ ਪੈਦਾ ਕਰਦੇ ਹਨ।

ਜੇ ਇਸ ਸਿਲਸਿਲੇ ਨੂੰ ਸਾਲਾਂ ਦੇ ਹਿਸਾਬ ਦੇਖੀਏ ਤਾਂ ਇਹ ਪਿਛਲੇ 40 ਸਾਲਾਂ ਤੋਂ ਨਿਰੰਤਰ ਜਾਰੀ ਹੈ, ਯਾਨਿ 2,32,000 ਕਰੋੜ ਦੀ ਸਿਰਫ ਬਿਜਲੀ ਹੀ ਫੂਕੀ ਜਾ ਚੁਕੀ ਹੈ। ਹਰ ਟਿਊਬਵੈਲ ਲਾਉਣ 'ਤੇ ਅੰਦਾਜ਼ਨ 3 ਲੱਖ ਰੁਪਏ ਖਰਚ ਹੁੰਦੇ ਨੇ ਤੇ ਪਿਛਲੇ 40-50 ਸਾਲਾਂ ਦੌਰਾਨ ਪਾਣੀ ਦਾ ਪੱਧਰ ਹੇਠਾਂ ਡਿੱਗਣ ਕਰਕੇ ਇਹ ਟਿਊਬਵੈਲ 3-4 ਵਾਰੀ ਨਵੇਂ ਬੋਰ ਕਰਕੇ ਮੁੜ ਲੱਗ ਚੁੱਕੇ ਹਨ, ਯਾਨਿ ਇੱਕ ਇੱਕ ਜਿਮੀਂਦਾਰ ਦਾ ਕਰੀਬ ਬਾਰਾਂ ਬਾਰਾਂ ਲੱਖ ਦਾ ਖਰਚਾ ਹੋ ਚੁਕਾ ਹੈ ਤੇ 16 ਲੱਖ ਟਿਊਬਵੈਲਾਂ ਦੇ ਹਿਸਾਬ ਨਾਲ ਕੁੱਲ ਖਰਚਾ ਕਰੀਬ 1.2 ਲੱਖ ਕਰੋੜ ਹੋ ਨਿੱਬੜਦਾ ਹੈ। ਦੂਜੇ ਸ਼ਬਦਾਂ ਵਿਚ 75% ਜਮੀਨ ਨੂੰ ਸਿੰਜਣ ਲਈ ਪੰਜਾਬ ਅਤੇ ਪੰਜਾਬ ਦੇ ਜਿਮੀਂਦਾਰ ਹੁਣ ਤੱਕ 3,52,000 ਕਰੋੜ ਰੁਪਏ ਖਰਚ ਕਰ ਚੁਕੇ ਹਨ।

ਇਸ ਤੋਂ ਇਲਾਵਾ ਇਹ ਤਾਪ ਬਿਜਲੀ ਘਰ ਲਾਉਣ ਤੇ ਚਲਾਉਣ ਦਾ ਖਰਚਾ ਵੱਖ; ਉਨ੍ਹਾਂ ਵਿਚ ਕੰਮ ਕਰਦੇ ਅਫਸਰਾਂ, ਮੁਲਾਜ਼ਮਾਂ ਤੇ ਮਜਦੂਰਾਂ ਦੀਆਂ ਤਨਖਾਹਾਂ ਅਲੱਗ ਅਤੇ ਇਨ੍ਹਾਂ ਤਾਪ ਬਿਜਲੀ ਘਰਾਂ ਦੀ ਬਦੌਲਤ ਜੋ ਹਜਾਰਾਂ ਏਕੜ ਕੀਮਤੀ ਜਮੀਨ ਗਰਕ ਹੋ ਗਈ, ਉਹ ਅੱਲਗ। ਭਾਵ ਇਹ ਖਰਚਾ ਰੁਕ ਸਕਦਾ ਸੀ, ਜੇ ਪੰਜਾਬ ਦਾ ਪਾਣੀ ਪੰਜਾਬ ਵਿਚ ਰਹਿ ਜਾਂਦਾ। ਨਾ ਏਨੇ ਟਿਊਬਵੈਲਾਂ ਦੀ ਲੋੜ ਪੈਂਦੀ ਤੇ ਨਾ ਹੀ ਤਾਪ ਬਿਜਲੀ ਘਰਾਂ ਦੀ। ਬੀਤੇ ਸਮੇਂ ਵਿਚ ਜੇ ਪੰਜਾਬ ਦੀਆਂ ਸਰਕਾਰਾਂ ਪੰਜਾਬ ਦੇ ਹੱਕਾਂ ਪ੍ਰਤੀ ਸੁਹਿਰਦ ਹੁੰਦੀਆਂ ਤਾਂ ਅੱਜ ਪੰਜਾਬ ਪਾਣੀ ਲਈ ਇਸ ਤਰ੍ਹਾਂ ਤ੍ਰਾਹ ਤ੍ਰਾਹ ਨਾ ਕਰ ਰਿਹਾ ਹੁੰਦਾ। ਅੱਜ ਪੰਜਾਬ ਵਿਚ ਸਰਕਾਰੀ ਤੇ ਪ੍ਰਾਈਵੇਟ 9-10 ਤਾਪ ਬਿਜਲੀ ਘਰਾਂ ਵਿਚ ਹਰ ਸਾਲ ਫੂੱਕਦੇ ਲਗਭਗ 4,38,00000 ਟਨ ਕੋਲੇ ਤੋਂ ਉਪਜਦੀ 1,46,00000 ਟਨ ਕਈ ਖਤਰਨਾਕ ਰੇਡੀਓ ਐਕਟਿਵ ਕੈਂਸਰ ਪੈਦਾ ਕਰਨ ਵਾਲੇ ਜੂਰੇਨੀਅਮ ਵਰਗੇ ਤੱਤਾਂ ਨਾਲ ਭਰੀ ਸੁਆਹ ਪੰਜਾਬੀਆਂ ਦੇ ਸਿਰ ਵਿਚ ਨਾ ਪੈ ਰਹੀ ਹੁੰਦੀ। ਅੱਜ ਇਨ੍ਹਾਂ ਤਾਪ ਬਿਜਲੀ ਘਰਾਂ ਦੀ ਬਦੌਲਤ ਪੰਜਾਬ ਦੀ ਮਿੱਟੀ ਪਾਣੀ ਤੇ ਹਵਾ ਇਸ ਕਦਰ ਜ਼ਹਿਰੀਲੇ ਨਾ ਹੋਏ ਹੁੰਦੇ, ਅੱਜ ਪੰਜਾਬ ਦੇ 138 ਬਲਾਕਾਂ ਵਿਚੋਂ 110 ਬਲਾਕ ਡਾਰਕ ਜੋਨ ਵਿਚ ਨਾ ਚਲੇ ਗਏ ਹੁੰਦੇ, ਅੱਜ ਪੰਜਾਬ ਕੋਲੇ ਦੀ ਖਾਤਰ ਬਾਹਰਲੇ ਸੂਬਿਆਂ ਦੀ ਗੁਲਾਮੀ ਨਾ ਕਰ ਰਿਹਾ ਹੁੰਦਾ ਤੇ ਨਾਸਾ ਦੀ ਤਾਜਾ ਰਿਪੋਰਟ ਅਨੁਸਾਰ ਅੱਜ ਪੰਜਾਬ ਮਾਰੂਥਲ ਬਣਨ ਵਲ ਨਾ ਵਧ ਰਿਹਾ ਹੁੰਦਾ, ਅੱਜ ਪੰਜਾਬ ਨੂੰ ਕਿਸਾਨਾਂ ਦੇ ਕਰਜੇ ਮੁਆਫ ਕਰਵਾਉਣ ਦੀ ਖਾਤਰ ਕੇਂਦਰ ਸਰਕਾਰ ਦੀਆਂ ਲਿਲਕੜੀਆਂ ਨਾ ਕੱਢਣੀਆਂ ਪੈਂਦੀਆਂ। ਅੱਜ ਪੰਜਾਬ ਦਾ ਮੂੰਹ ਮੁਹਾਂਦਰਾਂ ਹੀ ਕੁਝ ਹੋਰ ਹੋਣਾ ਸੀ।

ਪੰਜਾਬ ਨੂੰ ਬੇਗਾਨਿਆਂ ਨੇ ਤਾਂ ਮਾਰਨਾ ਹੀ ਸੀ, ਆਪਣਿਆਂ ਵੀ ਘੱਟ ਨਾ ਕੀਤੀ। ਜੇ ਆਪਣੇ ਬੇਗਾਨੇ ਨਾ ਬਣਦੇ, ਨਿੱਜੀ ਹਿੱਤਾਂ ਲਈ ਪੰਜਾਬ ਦੇ ਭਵਿੱਖ ਦੀ ਬਲੀ ਨਾ ਦਿੰਦੇ ਤਾਂ ਅੱਜ ਇਹ ਅਰਬਾਂ-ਖਰਬਾਂ ਰੁਪਿਆ ਪੰਜਾਬ ਦੇ ਵਿਕਾਸ ਦੇ ਕਿਸੇ ਹੋਰ ਪਹਿਲੂ 'ਤੇ ਖਰਚਿਆ ਜਾ ਸਕਦਾ ਸੀ। ਜੇ ਹੋਰ ਕੁਝ ਨਹੀਂ ਤਾਂ ਘੱਟੋ ਘੱਟ ਖੁਦਕੁਸ਼ੀਆਂ ਦੀ ਗਿਣਤੀ ਜਰੂਰ ਘੱਟ ਹੋ ਜਾਂਦੀ, ਕਈ ਟੱਬਰ ਉਜੜਨ ਤੇ ਕਈ ਪਰਿਵਾਰ ਯਤੀਮ ਹੋਣ ਤੋਂ ਬਚ ਜਾਂਦੇ। ਦੇਰ ਜਰੂਰ ਹੋ ਗਈ ਹੈ ਪਰ ਅੱਜ ਵੀ ਜੇ ਪੰਜਾਬ ਦੇ ਵਾਸੀ ਨਿਰਸਵਾਰਥ ਹੋ ਕੇ ਤਹੱਈਆ ਕਰ ਲੈਣ ਤਾਂ ਹਾਲੇ ਵੀ ਆਪਣੇ ਹੱਕ ਲੈ ਸਕਦੇ ਹਨ।

ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੇ ਲੋਕਾਂ ਨੂੰ ਭਾਵੁਕ ਤੌਰ 'ਤੇ ਮੂਰਖ ਬਣਾਉਣ ਲਈ ਅਕਾਲੀ ਸਰਕਾਰ ਨੇ 16 ਨਵੰਬਰ 2016 ਨੂੰ ਯਾਨਿ ਚੋਣ ਜਾਬਤਾ ਲੱਗਣ ਤੋਂ ਕੁਝ ਹੀ ਦਿਨ ਪਹਿਲਾਂ ਵਿਧਾਨ ਸਭਾ ਵਿਚ ਇਕ ਮਤਾ ਪਾਸ ਕੀਤਾ, ਜਿਸ ਵਿਚ ਲਿਖਿਆ ਗਿਆ ਸੀ ਕਿ ਰਾਜਸਥਾਨ, ਹਰਿਆਣਾ ਤੇ ਦਿੱਲੀ ਤੋਂ ਪਾਣੀ ਦੀ ਕੀਮਤ ਵਸੂਲਣ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ। ਲਿਖਣਾ ਤਾਂ ਭਲਾ ਕਿਸ ਨੇ ਸੀ, ਰਾਤ ਗਈ ਬਾਤ ਗਈ। ਕੋਈ ਪੁੱਛਣ ਵਾਲਾ ਹੋਵੇ ਕਿ ਅਜਿਹੇ ਮਤੇ ਭਲਾ ਸਰਕਾਰ ਨੂੰ ਉਦੋਂ ਹੀ ਸੁੱਝਦੇ ਨੇ ਜਦੋਂ ਚੋਣਾਂ ਸਿਰ 'ਤੇ ਖੜ੍ਹੀਆਂ ਹੋਣ? ਬੱਸ ਕੁਲ ਮਿਲਾ ਕੇ ਵੋਟਾਂ ਦੀ ਰਾਜਨੀਤੀ, ਹੋਰ ਕੁਝ ਨਹੀਂ।

ਕਹਿੰਦੇ ਨੇ, ਦੇਰ ਆਇਦ ਦਰੁਸਤ ਆਇਦ, ਹੁਣ ਜਦੋਂ ਪੰਜਾਬ ਦੀ ਜਨਤਾ ਨੂੰ ਪਾਣੀ ਦੀ ਅਹਿਮੀਅਤ, ਸਮਝੌਤਿਆਂ ਦੀ ਅਸਲੀਅਤ ਅਤੇ ਸਿਆਸਤਦਾਨਾਂ ਦੀ ਜ਼ਹਿਨੀਅਤ ਦਾ ਪਤਾ ਲੱਗ ਚੁਕਾ ਹੈ ਤਾਂ ਸਰਕਾਰਾਂ ਨੂੰ (ਕੇਂਦਰੀ ਤੇ ਪ੍ਰਾਂਤਕ) ਕਿਸੇ ਹੋਰ ਪਹਿਲੂ ਤੋਂ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ। ਉਨ੍ਹਾਂ ਨੂੰ ਪਤਾ ਹੈ ਕਿ ਜਨਤਾ ਨੂੰ ਬਹੁਤੀ ਦੇਰ ਹਨੇਰੇ 'ਚ ਨਹੀਂ ਰੱਖਿਆ ਜਾ ਸਕਦਾ। ਪੰਜਾਬ ਦੇ ਲੋਕ ਕਿਸੇ ਵੇਲੇ ਵੀ ਆਪਣੇ ਹੱਕਾਂ ਦੀ ਖਾਤਰ ਝੰਡਾ ਚੁੱਕ ਸਕਦੇ ਹਨ। ਇਸ ਤੋਂ ਪਹਿਲਾਂ ਕਿ ਉਹ ਔਖੀ ਘੜੀ ਆ ਪਹੁੰਚੇ, ਚੰਗਾ ਹੋਵੇਗਾ ਹਰਿਆਣੇ ਤੇ ਰਾਜਸਥਾਨ ਦੀ ਖਾਤਰ ਕਿਸੇ ਹੋਰ ਪਾਸਿਓਂ ਪਾਣੀ ਦਾ ਇੰਤਜਾਮ ਕੀਤਾ ਜਾਵੇ। ਐਸ. ਵਾਈ. ਐਲ. ਦੇ ਮਸਲੇ ਨੂੰ ਸੁਲਘਦਾ ਵੇਖ ਤੇ ਧਿੰਗੋਜੋਰੀ ਵਰਤੇ ਪੰਜਾਬ ਦੇ ਪਾਣੀਆਂ ਦੀ ਕੀਮਤ ਦੀ ਹੌਲੀ ਹੌਲੀ ਉਠ ਰਹੀ ਆਵਾਜ ਦੇ ਮੱਦੇਨਜ਼ਰ ਹਰਿਆਣੇ ਨੇ ਸ਼ਾਰਧਾ-ਜਮੁਨਾ ਲਿੰਕ ਨਹਿਰ ਰਾਹੀਂ 9.1 ਐਮ. ਏ. ਐਫ. ਪਾਣੀ ਲੈਣ ਦਾ ਬਾਨ੍ਹਣੂ ਬੰਨ ਲਿਆ ਹੈ। ਸ਼ਾਰਦਾ ਨਦੀ ਉਤਰਾਖੰਡ ਤੇ ਨੇਪਾਲ ਦੇ ਬਾਰਡਰ 'ਤੇ ਵਗਦੀ ਹੈ। ਜ਼ਰਾ ਅੰਦਾਜ਼ਾ ਲਾਓ, ਕਿੱਥੇ ਨੇਪਾਲ ਦਾ ਬਾਰਡਰ ਤੇ ਕਿੱਥੇ ਜਮੁਨਾ, ਯਾਨਿ ਚਾਰ-ਪੰਜ ਸੋ ਕਿਲੋਮੀਟਰ ਦਾ ਫਾਸਲਾ ਤੇ ਰਾਹ ਵਿਚ ਦੋ ਵੱਡੇ ਦਰਿਆ।

ਇਹ ਵੀ ਸੁਣਨ ਵਿਚ ਆਇਆ ਹੈ ਕਿ ਇਸ ਨਹਿਰ ਰਾਹੀਂ ਹਰਿਆਣੇ ਦੇ ਨਾਲ ਨਾਲ ਰਾਜਸਥਾਨ ਤੇ ਗੁਜਰਾਤ ਨੂੰ ਵੀ ਪਾਣੀ ਦਿੱਤਾ ਜਾਵੇਗਾ। ਜੇ ਇਹ ਸੱਚ ਹੈ ਤਾਂ ਸ਼ਾਰਦਾ-ਜਮੁਨਾ ਲਿੰਕ ਨਹਿਰ ਜੋ ਟਨਕਪੁਰ ਤੋਂ ਸ਼ੁਰੂ ਹੋ ਕੇ ਗੁਜਰਾਤ ਦੀ ਧਰਤੀ ਤੱਕ ਪਹੁੰਚੇਗੀ, ਸ਼ਾਇਦ ਦੁਨੀਆਂ ਦੀ ਸਭ ਤੋਂ ਲੰਮੀ ਨਹਿਰ ਹੋਵੇਗੀ। ਸਿਰਫ ਪੰਜਾਬ ਦਾ ਪਾਣੀ ਹੀ ਕੇਂਦਰ ਸਰਕਾਰ ਦੀਆਂ ਅੱਖਾਂ ਵਿਚ ਰੜਕਦਾ ਹੈ, ਹਰਿਆਣੇ, ਰਾਜਸਥਾਨ ਤੇ ਗੁਜਰਾਤ ਲਈ ਤਾਂ ਉਹ ਰੱਬ ਦੀ ਧੁੰਨੀ ਵਿਚੋਂ ਵੀ ਪਾਣੀ ਲਿਆ ਸਕਦੇ ਹਨ। ਪੰਜਾਬ ਨੂੰ ਸ਼ਾਰਧਾ-ਜਮੁਨਾ ਲਿੰਕ ਨਹਿਰ ਨਾਲ ਕੋਈ ਗੁੱਸਾ ਗਿਲਾ, ਪ੍ਰੇਸ਼ਾਨੀ ਨਹੀਂ। ਹਰਿਆਣਾ ਤੇ ਰਾਜਸਥਾਨ ਜੰਮ ਜੰਮ ਇਸ ਲਿੰਕ ਨਹਿਰ ਤੋਂ ਪਾਣੀ ਲੈਣ, ਸਾਡੇ ਲਈ ਤਾਂ ਸਾਡੇ ਦਰਿਆ ਕਾਫੀ ਹਨ। ਸਾਡੇ ਦਰਿਆ ਸਾਡੀ ਧੁੰਨੀ ਹਨ ਤੇ ਇਸ ਨਾਲ ਪੰਜਾਬੀਆਂ ਦਾ ਨਾੜੂਆ ਜੁੜਿਆ ਹੋਇਆ ਹੈ। ਜੇ ਇਹ ਨਾੜੂਆ ਟੁੱਟਦਾ ਹੈ ਤਾਂ ਪੰਜਾਬ ਦੀ ਮੌਤ ਤੈਅ ਹੈ। ਪੰਜਾਬ ਦੀ ਖੇਤੀ, ਪੰਜਾਬ ਦਾ ਅਰਥਚਾਰਾ, ਪੰਜਾਬ ਦਾ ਭਵਿੱਖ ਇਸ ਨਾੜੂਏ 'ਤੇ ਖੜ੍ਹਾ ਹੈ। ਜਿਸ ਦਿਨ ਇਹ ਨਾੜੂਆ ਟੁੱਟ ਗਿਆ, ਸਾਰੇ ਪੰਜਾਬ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਪਵੇਗਾ, ਤੇ ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ ਲਗਦਾ ਹੈ, ਉਹ ਦਿਨ ਦੂਰ ਨਹੀਂ।

"ਨਾ ਸਮਝੋਗੇ ਤੋ ਮਿਟ ਜਾਓਗੇ ਐ ਪੰਜਾਬ ਕੇ ਲੋਗੋ, ਤੁਮਹਾਰੀ ਦਾਸਤਾਂ ਤੱਕ ਭੀ ਨਾ ਹੋਗੀ ਦਾਸਤਾਨੋ ਮੇਂ।" ਉਠੋ, ਲਾਮਬੰਦ ਹੋਵੋ ਤੇ ਆਪਣੇ ਹੱਕਾਂ ਲਈ ਡਟ ਜਾਓ। ਐਸ. ਵਾਈ. ਐਲ. ਦਾ ਬਣਨਾ ਤੇ ਹਰਿਆਣੇ ਨੂੰ ਪੰਜਾਬ ਦੇ ਦਰਿਆਵਾਂ ਵਿਚੋਂ ਹੋਰ ਪਾਣੀ ਜਾਣਾ, ਪੰਜਾਬ ਲਈ ਬਹੁਤ ਘਾਤਕ ਹੋਵੇਗਾ।

ਅਖੀਰ ਵਿਚ ਮੈਂ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਆਗਾਹ ਕਰ ਦਿਆਂ ਕਿ ਪੰਜਾਬ ਦੇ ਪਾਣੀਆਂ ਦਾ ਮਸਲਾ ਸਿਰਫ ਪੰਜਾਬ ਦੀ ਕਿਰਸਾਨੀ ਨਾਲ ਸਬੰਧਤ ਮਸਲਾ ਨਹੀਂ ਹੈ। ਇਹ ਪੰਜਾਬ ਦੀਆਂ ਹੱਦਾਂ ਅੰਦਰ ਵਸਦੀ ਤੇ ਵਿਗਸਦੀ ਹਰ ਸ਼ੈਅ ਦਾ ਮਸਲਾ ਹੈ। ਇਹ ਹਰ ਧਰਮ, ਹਰ ਮਜ਼ਹਬ ਤੇ ਹਰ ਫਿਰਕੇ ਦੇ ਲੋਕਾਂ ਦਾ ਮਸਲਾ ਹੈ। ਇਹ ਹਰ ਪਿੰਡ, ਹਰ ਕਸਬੇ ਅਤੇ ਹਰ ਸ਼ਹਿਰ ਦਾ ਮਸਲਾ ਹੈ। ਇਹ ਹਰ ਕਿਰਸਾਨ, ਮਜਦੂਰ ਅਤੇ ਹਰ ਸ਼ਹਿਰੀ ਦਾ ਮਸਲਾ ਹੈ। ਇਹ ਪੰਜਾਬ ਦੇ ਹਰ ਬੂਟੇ ਤੇ ਹਰ ਜਾਨਵਰ ਦਾ ਮਸਲਾ ਹੈ। ਹਰ ਜਿਉਂਦੀ ਸ਼ੈਅ ਲਈ ਸਾਫ-ਸੁਥਰੇ ਪਾਣੀ ਦੀ ਲੋੜ ਹੈ ਤੇ ਇਸ ਧਰਤੀ 'ਤੇ ਪਾਣੀ ਦਾ ਹੋਰ ਕੋਈ ਬਦਲ ਨਹੀਂ। ਗੁਰਬਾਣੀ ਦਾ ਮਹਾਵਾਂਕ ਹੈ, "ਪਹਿਲਾ ਪਾਣੀ ਜਿਉ ਹੈ ਜਿਤੁ ਹਰਿਆ ਸਭ ਕੋਇ॥" ਪਾਣੀ ਦਰਿਆਵਾਂ, ਖੂਹਾਂ, ਨਲਕਿਆਂ, ਜੈਟ ਪੰਪਾਂ ਤੇ ਸਬਮਰਸੀਬਲ ਪੰਪਾਂ ਤੋਂ ਸੁੰਗੜਦਾ ਸੁੰਗੜਦਾ ਆਰ. ਓ. 'ਚੋਂ ਨਿਕਲੇ ਪਾਣੀ ਨਾਲ ਭਰੀਆਂ ਬਿਸਲੇਰੀ ਦੀਆਂ ਬੰਦ ਬੋਤਲਾਂ ਤੱਕ ਸਿਮਟ ਗਿਆ ਹੈ ਤੇ ਸ਼ਾਇਦ ਇਸ ਤੋਂ ਅੱਗੇ ਜਾਣ ਦੀ ਹੋਰ ਗੁੰਜਾਇਸ਼ ਵੀ ਨਹੀਂ। ਇਸ ਤੋਂ ਪਹਿਲਾਂ ਕਿ ਇਹ ਬਿਮਾਰੀ ਇੱਕ ਮਹਾਮਾਰੀ ਦਾ ਰੂਪ ਧਾਰ ਕੇ ਇਸ ਖਿੱਤੇ ਦੇ ਜੀਵਨ ਨੂੰ ਨਿਗਲਣਾ ਸ਼ੁਰੂ ਕਰ ਦੇਵੇ, ਆਓ ਇਸ ਆਫਤ ਬਾਰੇ ਨਿਰਸਵਾਰਥ ਹੋ ਕੇ ਅਗਾਊਂ ਸੋਚੀਏ ਤੇ ਆਪਣਾ ਫਰਜ਼ ਪਛਾਣੀਏ।

---

***ਸਾਬਕਾ ਡੀਨ, ਅਕਾਦਮਿਕ ਮਾਮਲੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।***

## ਕਹਾਣੀ

# ਆ ਭੈਣ ਫਾਤਮਾ !

**ਕਹਾਣੀ 'ਆ ਭੈਣ ਫਾਤਮਾ' ਵਿਚ ਸੰਤਾਲੀ ਵਾਲੀ ਚੀਸ ਪਰੋਈ ਹੋਈ ਹੈ। ਕਹਾਣੀਕਾਰ ਬਲਦੇਵ ਸਿੰਘ ਨੇ ਇਸ ਚੀਸ ਨਾਲ ਇਉਂ ਸਾਂਝ ਪੁਆਈ ਹੈ ਕਿ ਅੱਖਾਂ ਨਮ ਹੋ ਉਠਦੀਆਂ ਹਨ। ਪਹਿਲੀ ਨਜ਼ਰੇ ਕਹਾਣੀ ਭਾਵੇਂ ਇਕਹਿਰੀ ਜਿਹੀ ਜਾਪਦੀ ਹੈ ਪਰ ਜਿਉਂ ਜਿਉਂ ਇਸ ਦੀਆਂ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ, ਪਾਠਕ ਮਨ ਵੈਰਾਗਮਈ ਹਾਲਾਤ ਨਾਲ ਜੁੜਨ ਲੱਗਦਾ ਹੈ। ਇਹ ਅਸਲ ਵਿਚ ਮਨੁੱਖੀ ਮਨ ਦੇ ਜਿਉਂਦੇ ਹੋਣ ਦੀ ਕੋਈ ਅਨੰਤ ਕਥਾ ਹੈ। -ਸੰਪਾਦਕ**

ਦੀਵਾਲੀ ਨੇੜੇ ਹੋਣ ਕਰ ਕੇ ਹਰ ਵਰ੍ਹੇ ਵਾਂਗ ਘਰ ਵਿਚ ਵਾਧੂ ਜਮ੍ਹਾ ਹੋਇਆ ਸਾਮਾਨ ਮੈਂ ਕੱਢ ਕੇ ਵਿਹੜੇ ਵਿਚ ਰੱਖਣ ਲੱਗ ਪਿਆ ਹਾਂ। ਐਤਵਾਰ ਦੀ ਛੁੱਟੀ ਦਾ ਮੈਂ ਫਾਇਦਾ ਉਠਾਉਣਾ ਚਾਹੁੰਦਾ ਹਾਂ। ਬੱਚਿਆਂ ਨੂੰ ਵੀ ਨਾਲ ਲਾ ਲਿਆ ਹੈ। ਉਹ ਬੜੇ ਚਾਅ ਨਾਲ ਪੁਰਾਣੀਆਂ ਜੁੱਤੀਆਂ, ਖਾਲੀ ਬੋਤਲਾਂ, ਸਕੂਲ ਦੀਆਂ ਵਰਤੀਆਂ ਕਾਪੀਆਂ, ਕਿਤਾਬਾਂ, ਪਲਾਸਟਿਕ ਦੀ ਜਰਜਰ ਹੋਈ ਨਵਾਰ, ਬਿਜਲੀ ਦੀਆਂ ਖਰਾਬ ਹੋਈਆਂ ਟਿਊਬਾਂ, ਸਵਿੱਚ, ਟੁੱਟੇ ਖਿਡੌਣੇ, ਸਾਈਕਲ ਦੇ ਪੁਰਾਣੇ ਟਾਇਰ ਤੇ ਹੋਰ ਪਤਾ ਨਹੀਂ ਕੀ-ਕੀ ਘੜੀਸੀ ਲਈ ਬਾਹਰ ਆ ਰਹੇ ਸਨ। ਉਨ੍ਹਾਂ ਲਈ ਇਹ ਖੇਡ ਜਿਹਾ ਰੁਝੇਵਾਂ ਸੀ। ਮੈਂ ਹੈਰਾਨ ਹਾਂ, ਬੇਬੇ ਪਤਾ ਨਹੀਂ ਕੀ ਕੁਝ ਚੁੱਕ-ਚੁੱਕ ਅੰਦਰ ਸਟੋਰ ਵਿਚ ਸੁੱਟੀ ਜਾਂਦੀ ਰਹਿੰਦੀ ਹੈ। "...ਕਦੇ ਕੰਮ ਆ ਜਾਂਦੈ...।" ਹਰ ਇਕ ਨੂੰ ਇਹੀ ਕਹਿੰਦੀ ਹੈ। ਅੱਜ ਬੇਬੇ ਸ਼ਾਇਦ ਗੁਆਂਢ ਵਿਚ ਕਿਸੇ ਦੇ ਘਰ ਗਈ ਹੋਈ



**ਬਲਦੇਵ ਸਿੰਘ**

ਹੈ। ਨਹੀਂ ਤਾਂ ਹੁਣ ਵੀ ਉਸ ਨੇ ਸਾਡੀ ਕਰਤੂਤ 'ਤੇ ਖਿਝਣਾ ਸੀ ਤੇ ਵਿਚੋਂ ਚੀਜ਼ਾਂ ਚੁੱਕ-ਚੁੱਕ ਪੁੱਛਣਾ ਸੀ, "ਆਹ ਕਾਹਨੂੰ ਸੁੱਟੀ ਜਾਨੈਂ? ਤੇ ਆਹ ਜੁੱਤੀ ਤਾਂ ਅਜੇ ਚੰਗੀ ਐ। ਬੱਚਿਆਂ ਦੇ ਖਿਡੌਣੇ ਵੀ ਕਦੇ ਸੁੱਟੀਦੇ ਹੁੰਦੇ ਐ? ਇਹ ਤਾਂ ਕਰਮਾਂ ਵਾਲਿਆਂ ਦੇ ਘਰ ਹੁੰਦੇ ਐ...।"

ਵਿਹੜੇ ਵਿਚ ਕਬਾੜੀਆਂ ਦੀ ਦੁਕਾਨ ਵਾਂਗ ਉਗੜ-ਦੁਗੜ ਢੇਰ ਲੱਗ ਗਿਆ ਹੈ। ਘਰਵਾਲੀ ਨੇ ਰਸੋਈ ਵਿਚੋਂ ਸੁੱਕੀਆਂ ਰੋਟੀਆਂ ਦਾ ਢੋਲ ਲਿਆ ਕੇ ਪਲਟ ਦਿੱਤਾ ਹੈ। "ਇਹ ਵੀ ਕੱਢੋ ਬਾਹਰ", ਆਖ ਕੇ ਉਹ ਉੱਲੀ ਲੱਗੀਆਂ ਰੋਟੀਆਂ ਵੱਲ ਦੇਖ ਨੱਕ ਚੜ੍ਹਾਉਂਦੀ ਹੈ। ਬੱਚੇ ਪੁਰਾਣਾ, ਕਿਤੋਂ-ਕਿਤੋਂ ਘੁਣ ਖਾਧਾ ਬੇਬੇ ਦਾ ਚਰਖਾ ਧੂਹੀ ਆਉਂਦੇ ਹਨ। 'ਚੱਲੋ ਇਹ ਵੀ ਕੱਢੋ', ਮੈਂ ਸੋਚਦਾ ਹਾਂ। ਪਿਛਲੇ ਵੀਹ-ਪੱਚੀ ਸਾਲਾਂ ਤੋਂ ਮੈਂ ਨਹੀਂ ਵੇਖਿਆ, ਬੇਬੇ ਨੇ ਕਦੇ ਇਸ ਚਰਖੇ 'ਤੇ ਕੱਤਿਆ ਹੋਵੇ ਪਰ ਕਦੇ-ਕਦੇ ਝਾੜਦੀ-ਪੂੰਝਦੀ ਜ਼ਰੂਰ ਰਹਿੰਦੀ ਹੈ। ਕਈ ਵਾਰ ਉਹਦੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰਦੀ ਹੈ ਜਿਵੇਂ ਉਹ ਹੱਡ-ਮਾਸ ਦਾ ਬਣਿਆ ਹੋਵੇ ਪਰ ਮੈਨੂੰ ਪਤਾ ਹੈ, ਉਸ ਦੀਆਂ ਸਾਰੀਆਂ ਚੂਲਾਂ ਹਿੱਲੀਆਂ ਪਈਆਂ ਹਨ।

ਹੁਣ ਮੈਂ ਚਾਹੁੰਦਾ ਹਾਂ, ਬੇਬੇ ਦੇ ਬਾਹਰੋਂ ਆਉਣ ਤੋਂ ਪਹਿਲਾਂ ਹੀ ਫੇਰੀ ਵਾਲਾ ਆ ਜਾਵੇ ਪਰ ਉਹੀ ਗੱਲ ਹੋਈ ਜਿਸ ਦਾ ਮੈਨੂੰ ਡਰ ਸੀ।

ਪੱਕੇ ਫਰਸ਼ 'ਤੇ ਬੇਬੇ ਦੀ ਸੋਟੀ ਖੜਕਦੀ ਵਿਹੜੇ ਵਿਚ ਆ ਗਈ ਹੈ ਤੇ ਉਹ ਹੈਰਾਨ ਹੋਈ ਖਿਲਰੇ ਢੇਰ ਵੱਲ ਵੇਖਦੀ ਹੈ, "ਵੇ ਆਹ ਕੀ ਕਰ ਬੈਠੈਂ ਪੁੱਤ?"

ਮੈਂ ਬੇਬੇ ਵੱਲ ਪਾੜ ਵਿਚੋਂ ਫੜੇ ਗਏ ਚੋਰ ਵਾਂਗ ਦੇਖਦਾ ਹਾਂ।

"ਤੇ ਆ ਕਾਹਨੂੰ ਬਾਹਰ ਕੱਢ ਲਿਆਇਐਂ?" ਮਾਂ ਦੇ ਚਿਹਰੇ ਉਤੇ ਪੀੜ ਉਭਰ ਆਈ। "ਇਹ ਸਿੱਟਣ ਆਲਾ ਭਲਾ?" ਉਹ ਚਰਖੇ ਨੂੰ ਮੋਹ ਨਾਲ ਵੇਖਦੀ ਹੈ। ਅੱਖਾਂ ਵਿਚ ਪਾਣੀ ਸਿੰਮ ਆਇਆ ਹੈ। ਮੈਂ ਮਹਿਸੂਸ ਕੀਤਾ ਕਿ ਬੇਬੇ ਦੁਖੀ ਹੋ ਗਈ ਹੈ।

ਪਰ ਮੈਂ ਸ਼ਰਮਿੰਦਗੀ ਮੰਨਣ ਦੀ ਥਾਂ ਖਿਝ ਕੇ ਪੁੱਛਦਾ ਹਾਂ, "ਬੇਬੇ ਕੀ ਕਰਨੈਂ ਇਹਤੋਂ? ਕੱਤਿਆ ਤਾਂ ਤੂੰ ਕਦੇ ਹੈ ਨੀਂ?"

"ਨਾ ਪੁੱਤ, ਫੇਰ ਕੀ ਹੋਇਆ ਜੇ ਕੱਤਿਆ ਨਹੀਂ ਤਾਂ ਇਹਨੂੰ ਘਰੋਂ ਬਾਹਰ ਥੋੜ੍ਹੀ ਸੁੱਟ ਦੇਣੈਂ। ਕੰਮ ਤਾਂ ਮੈਂ ਵੀ ਨੀਂ ਕਰਦੀ ਕੋਈ। ਦਸ ਸਾਲ ਹੋਗੇ ਕਦੇ ਰੋਟੀਆਂ ਨੀ ਪਕਾਈਆਂ, ਕਦੇ ਥਾਂ ਨਹੀਂ ਸੁੰਭਰਿਆ... ਮੈਨੂੰ ਤੁਸੀਂ ਘਰੋਂ ਕੱਢ'ਤਾ?" ਬੇਬੇ ਦੀ ਦਲੀਲ ਸੁਣ ਕੇ ਮੈਂ ਚੁੱਪ ਕਰ ਗਿਆ।

"ਤੈਨੂੰ ਨੀ ਪਤਾ, ਇਹ ਅਮਾਨਤ ਐ ਮੇਰੇ ਕੋਲ ਫਾਤਮਾ ਦੀ। ਜਿਉਂਦੀ-ਜਿਉਂਦੀ ਤਾਂ ਨੀਂ ਮੈਂ ਇਹਨੂੰ ਆਪਣੇ ਕੋਲੋਂ ਪਾਸੇ ਕਰਦੀ। ਮਰੀ ਤੋਂ ਜੋ ਮਰਜ਼ੀ ਕਰਿਓ ਇਹਦੇ ਨਾਲ", ਆਖ ਕੇ ਬੇਬੇ ਚਰਖੇ ਨੂੰ ਢੇਰ ਵਿਚੋਂ ਪਾਸੇ ਕਰ ਕੇ ਪੂੰਝਣ ਲੱਗੀ। ਨਾਲ ਹੌਲੀ-ਹੌਲੀ ਗੱਲਾਂ ਕਰਨ ਲੱਗ ਪਈ ਹੈ।

ਮੈਂ ਕਦੇ ਬੇਬੇ ਵੱਲ ਤੇ ਕਦੇ ਚਰਖੇ ਵੱਲ ਦੇਖਦਾ ਹਾਂ। ਚਰਮਖਾਂ ਸੁੱਕੀਆਂ ਪਈਆਂ ਹਨ। ਤੱਕਲਾ ਵਿੰਗਾ ਹੈ। ਮਾਲ੍ਹ ਹੈ ਹੀ ਨਹੀਂ। ਸਰੀਰ ਵੱਲੋਂ ਬੇਬੇ ਦਾ ਵੀ ਚਰਖੇ ਵਰਗਾ ਹੀ ਹਾਲ ਹੈ। ਗੋਡੇ ਦੁਖਦੇ ਹਨ। ਦੰਦ ਨਹੀਂ ਹਨ। ਨਿਗਾਹ ਬਹੁਤ ਘੱਟ ਹੈ।

"ਤੂੰ ਉਦੋਂ ਨਿੱਕਾ ਜਿਹਾ ਹੁੰਦਾ ਸੀ। ਤਿੰਨਾਂ-ਚਾਰਾਂ ਸਾਲਾਂ ਦਾ ਹੋਵੇਂਗਾ", ਬੇਬੇ ਚਰਖੇ ਵਿਚੋਂ ਹੀ ਬੀਤੇ ਪੰਜਾਹ ਵਰ੍ਹੇ ਵੇਖਣ ਲੱਗ ਪਈ ਹੈ। ਇਕ ਹੱਥ ਹੱਥੀ 'ਤੇ ਰੱਖ ਕੇ ਹੋਰ ਉਦਾਸ ਹੋ ਗਈ ਹੈ। "ਮੈਨੂੰ ਭੋਰਾ-ਭੋਰਾ ਯਾਦ ਹੈ। ਆਥਣੇ ਜਿਹੇ ਦਾ ਵੇਲਾ ਸੀ, ਜਦੋਂ ਫਾਤਮਾ ਰੋਂਦੀ ਆਈ ਆਪਣੇ ਘਰ। ਆਂਹਦੀ, ਕੁੜੇ ਸੁਣਿਐ, ਮੁਲਕ 'ਜਾਦ ਹੋ ਗਿਆ, ਨਾਲੇ ਪਾਕਿਸਤਾਨ ਅੱਡ ਬਣ ਗਿਆ। ਸਾਨੂੰ ਤਾਂ ਉਧਰ ਜਾਣਾ ਪਊ। ਮੇਰਾ ਅੱਬਾ ਤੇ ਚਾਚਾ ਸਮਾਨ ਬੰਨ੍ਹੀ ਜਾਂਦੇ ਐ।"

ਸੁਣ ਕੇ ਮੇਰਾ ਤਾਂ ਜਣਾ ਸਾਹ ਰੁਕ ਗਿਆ। ਫਾਤਮਾ ਰੋਣੋਂ ਨਾ ਹਟੇ। ਮੇਰੇ ਗਲ ਨੂੰ ਚਿੰਬੜਗੀ। ਕੋਹੜੀ ਮੋਹ ਵੀ ਬਾਹਲਾ ਕਰਦੀ ਸੀ। ਨਾਲੇ ਰੋਈ ਜਾਵੇ, ਨਾਲੇ ਆਖੀ ਜਾਵੇ- ਭੈਣੇ... ਇਹ ਗਲੀਆਂ, ਇਹ ਪਿੰਡ, ਇਹ ਘਰ, ਇਹ ਜ਼ਮੀਨਾਂ, ਇਹ ਦੇਸ਼ ਕਿਵੇਂ ਛੱਡ ਕੇ ਜਾਵਾਂਗੇ ਅਸੀਂ? ਉਥੇ ਪਤਾ ਨਹੀਂ ਕਿਹੋ ਜਿਹੇ ਲੋਕ ਹੋਣਗੇ? ਮੈਂ ਤਾਂ ਕਦੇ ਆਪਣੇ ਨਾਨਕੇ ਵੀ ਨਹੀਂ ਕੱਟੇ ਦੋ ਦਿਨ। ਤੇਰੇ ਬਿਨਾ ਤਾਂ ਮੇਰਾ ਜੀਅ ਨਹੀਂ ਲੱਗਦਾ ਕਿਤੇ ਵੀ... ਹੁਣ ਕੀ ਕਰੂੰਗੀ?" ਬੇਬੇ ਦੀ ਆਗਿਆਈ ਆਵਾਜ਼ ਸੁਣ ਕੇ ਮੈਂ ਬੇਬੇ ਵੱਲ ਝਾਕਦਾ ਹਾਂ। ਬੇਬੇ ਦੂਰ ਕਿਤੇ ਦੇਖ ਰਹੀ ਹੈ।

"ਲੈ ਬੇਬੇ ਤੂੰ ਤਾਂ ਰੋਈ ਜਾਨੀ ਐਂ!" ਮੈਂ ਹੈਰਾਨ ਹੋ ਕੇ ਪੁੱਛਦਾ ਹਾਂ।

ਬੇਬੇ ਹਉਕਾ ਲੈ ਕੇ ਉਦਾਸ ਜਿਹਾ ਹੱਸਣ ਦਾ ਯਤਨ ਕਰਦੀ ਹੈ। "ਰੋਣਾ ਈ ਐ ਭਾਈ, ਹੋਰ ਮੇਰੇ ਕੋਲ ਹੈ ਕੀ? ਪੰਜਾਹ ਵਰ੍ਹੇ ਹੋਗੇ। ਜਾਣੀ ਕੱਲ੍ਹ ਦੀਆਂ ਗੱਲਾਂ ਨੇ। ਜਾਣ ਲੱਗੀ ਆਹ ਚਰਖਾ ਦੇ'ਗੀ ਸੀ ਮੈਨੂੰ। ਆਂਹਦੀ ਸੀ, ਪੁੱਤਾਂ ਨਾਲੋਂ ਵੱਧ ਪਿਆਰਾ ਹੈ। ਜੇ ਤੈਨੂੰ ਸੁਰਤ ਹੁੰਦੀ ਤਾਂ ਉਦੋਂ ਵੇਖਦਾ ਚਰਖੇ ਨੂੰ। ਇਹ ਤਾਂ ਜਾਣੀ ਗੱਲਾਂ ਕਰਦਾ ਹੁੰਦਾ ਸੀ। ਗੀਤ ਨੀ ਗਾਉਂਦੇ ਹੁੰਦੇ, ਗੁੰਝ ਚਰਖੇ ਦੀ ਬੋਲੇ।" ਬੇਬੇ ਫੇਰ ਹਉਕਾ ਲੈਂਦੀ ਹੈ। ਅੱਖਾਂ ਪੂੰਝਦੀ ਹੈ ਪਰ ਅੱਖਾਂ ਭਰ ਆਉਂਦੀਆਂ ਹਨ। "ਜਾਣ ਲੱਗੀ ਇਹਨੂੰ ਪਲੋਸੀ ਜਾਵੇ। ਕਹਿੰਦੀ ਸੀ, ਕੀ ਪਤਾ ਮੁਲਕ ਫੇਰ ਇਕ ਹੋ ਜਾਣ। ਉਦੋਂ ਮੈਂ ਆਪਣਾ ਚਰਖਾ ਲੈ ਜੂੰ। ਕੀ ਲੈਣਾ ਸੀ ਜੀ 'ਜਾਦੀ ਤੋਂ? ਜੱਦੇ ਜਾਂਦੀਆਂ ਦੇ!"

ਬੇਬੇ ਹੌਲੀ-ਹੌਲੀ ਕੁਝ ਮੂੰਹ ਵਿਚ ਬੋਲ ਰਹੀ ਹੈ। ਪਤਾ ਨਹੀਂ ਚਰਖੇ ਨਾਲ ਜਾਂ ਫਾਤਮਾ ਨਾਲ ਗੱਲਾਂ ਕਰ ਰਹੀ ਹੈ। ਇਹੋ ਜਿਹੇ ਭਾਵੁਕ ਸਮੇਂ ਬੇਬੇ ਨੂੰ ਮੈਂ ਪਰੇਸ਼ਾਨ ਨਹੀਂ ਕਰਨਾ ਚਾਹੁੰਦਾ। ਬੱਚਿਆਂ ਨੂੰ ਘੂਰ ਕੇ ਚੁੱਪ ਕਰਾ ਦਿੱਤਾ ਹੈ। ਉਹ ਅੰਦਰੋਂ ਤਾਂ ਉਤੇਜਿਤ ਹਨ, ਚੀਜ਼ਾਂ ਨੂੰ ਉਲਟ ਪਲਟ ਕੇ ਪਰਖ ਰਹੇ ਹਨ ਪਰ ਜਦੋਂ ਵੀ ਖੜਾਕ ਹੁੰਦਾ ਹੈ ਤਾਂ ਮੇਰੇ ਅਤੇ ਬੇਬੇ ਵੱਲ ਵੇਖਦਿਆਂ ਆਪਸ ਵਿਚ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਲਈ ਆਖਦੇ ਹਨ।

ਫੇਰੀ ਵਾਲਾ ਆ ਗਿਆ ਹੈ। ਬੇਬੇ ਚਰਖੇ ਨੂੰ ਇਉਂ ਫੜ੍ਹੀ ਬੈਠੀ ਹੈ ਜਿਵੇਂ ਉਸ ਨੂੰ ਚਰਖਾ ਖੋਹੇ ਜਾਣ ਦਾ ਡਰ ਹੋਵੇ।

ਫੇਰੀ ਵਾਲੇ ਨੇ ਸਭ ਨਿੱਕੜ-ਸੁੱਕੜ ਹੂੰਝ ਲਿਆ ਹੈ। ਕਮਾਲ ਦੇ ਹਨ ਇਹ ਲੋਕ ਵੀ! ਜਿਨ੍ਹਾਂ ਵਸਤਾਂ ਨੂੰ ਅਸੀਂ ਬੇਕਾਰ ਸਮਝਦੇ ਹਾਂ, ਇਹ ਉਨ੍ਹਾਂ ਵਿਚੋਂ ਹੀ ਆਪਣਾ ਰੁਜ਼ਗਾਰ ਚਲਾਈ ਜਾਂਦੇ ਹਨ। ਹੁਣ ਫੇਰੀ ਵਾਲਾ ਇਕ ਪਾਸੇ ਖੜ੍ਹ ਕੇ ਹਿਸਾਬ ਲਾਉਣ ਲੱਗਾ। ਲੋਹਾ ਕਿੰਨਾ, ਬੋਤਲਾਂ ਕਿੰਨੀਆਂ, ਟੁੱਟਿਆ ਕੱਚ ਕਿੰਨਾ, ਪਲਾਸਟਿਕ ਕਿੰਨਾ ਤੇ ਰੱਦੀ ਦੇ ਕਾਗਜ਼...। ਸਭ ਦੇ ਅੱਡ ਅੱਡ ਭਾਅ ਹਨ।

ਬੇਬੇ ਅਜੇ ਵੀ ਚਰਖੇ ਨੂੰ ਝਾੜ ਪੂੰਝ ਰਹੀ ਹੈ। "ਉਦੋਂ ਤਾਂ ਪੁੱਤ ਏਨੀ ਵੱਢ-ਟੁੱਕ ਹੋਈ... ਹੇ ਮੇਰੇ ਮਾਲਕ! ਬੰਦੇ ਤਾਂ ਪਸ਼ੂਆਂ ਨਾਲੋਂ ਵੀ ਭੈੜੇ ਬਣ'ਗੇ। ਨਿਰੇ ਜੰਗਲੀ ਜਾਨਵਰ। ਮੁਸਲਮਾਨ ਅਜੇ ਘਰਾਂ 'ਚ ਈ ਸੀਗੇ। ਆਪਣੇ ਤਾਂ ਉਨ੍ਹਾਂ ਦੀਆਂ ਚੀਜ਼ਾਂ ਲੁੱਟਣ ਪੈਗੇ। ਘਰਾਂ ਨੂੰ ਅੱਗਾਂ ਲਾਉਣ ਲੱਗ ਪੇ। ਉਨ੍ਹਾਂ ਦਾ ਮਾਲ-ਡੰਗਰ ਹਿੱਕ ਲਿਆਏ।"

"ਅੱਗੋਂ ਮੁਸਲਮਾਨ ਲੜੇ ਨਈ ਬੇਬੇ?" ਮੈਂ ਪੁੱਛਦਾ ਹਾਂ।

"ਕਾਹਦਾ ਲੜਨਾ ਸੀ ਪੁੱਤ? ਜਿਨ੍ਹਾਂ 'ਤੇ ਮਾਣ ਸੀ, ਉਹੀ ਲੁੱਟਾਂ-ਖੋਹਾਂ 'ਚ ਮੋਹਰੀ ਬਣੇ। ਮੁਸਲਮਾਨ ਤਾਂ ਭੇਡਾਂ ਬੱਕਰੀਆਂ ਵਾਂਗੂੰ ਸਿਰ ਸੁੱਟ ਕੇ ਬਹਿਗੇ। ਪਿੰਡ ਆਪਣੇ ਘਰ ਦੇ ਸਾਹਮਣੇ ਖੁੱਲ੍ਹੀ ਥਾਂ ਸੀ, ਉਥੇ 'ਕੱਠੇ ਕੀਤੇ ਸੀ ਸਾਰੇ।"

"ਕਹਿੰਦੇ ਐ, ਉਧਰ ਮੁਸਲਮਾਨਾਂ ਨੇ ਵੀ ਬਹੁਤ ਮਾਰੇ ਆਪਣੇ ਲੋਕ।"

"ਮਾਰ'ਤੇ ਹੋਣਗੇ ਪੁੱਤ। ਜਿਵੇਂ ਆਪਣਿਆਂ ਨੇ ਇਨ੍ਹਾਂ ਨਾਲ ਕੀਤੀ, ਉਵੇਂ ਉਨ੍ਹਾਂ ਨੇ ਆਪਣਿਆਂ ਨਾਲ ਕਰ'ਤੀ ਹੋਊ। ਪਸ਼ੂ ਤਾਂ ਬੰਦੇ ਦੇ ਅੰਦਰ ਹੀ ਹੁੰਦੈ। ਸਿੰਗ ਈ ਨੀ ਦਿਸਦੇ।" ਬੇਬੇ ਦੇ ਚਿਹਰੇ ਤੋਂ ਇੰਜ ਜਾਪਦਾ ਹੈ ਜਿਵੇਂ ਉਹ ਸੰਤਾਲੀ ਦੀ ਵੰਡ ਵੇਲੇ ਘਰਾਂ 'ਚ ਲੱਗੀਆਂ ਅੱਗਾਂ ਦੇਖ ਰਹੀ ਹੈ ਤੇ ਉਸ ਦੇ ਸਾਹਮਣੇ ਰੋਂਦੇ, ਕੁਰਲਾਂਦੇ ਲੋਕਾਂ ਦਾ ਹਜੂਮ ਫਿਰ ਰਿਹਾ ਹੈ।

ਫੇਰੀ ਵਾਲੇ ਨੇ ਹਿਸਾਬ ਬਣਾ ਕੇ ਪੈਸੇ ਦੇ ਦਿੱਤੇ ਹਨ। ਮੈਂ ਇਹੀ ਪੈਸੇ ਬੇਬੇ ਦੇ ਅੱਗੇ ਰੱਖ ਦਿੰਦਾ ਹਾਂ। ਬੇਬੇ ਭਰੀਆਂ ਉਦਾਸ ਅੱਖਾਂ ਨਾਲ ਮੇਰੇ ਵੱਲ ਤੱਕਦੀ ਹੈ।



"ਨਾ ਪੁੱਤ, ਮੈਂ ਕੀ ਕਰਨੇ ਪੈਸੇ? ਪਰ ਮੇਰਾ ਆਹ ਚਰਖਾ ਨਾ ਸੁੱਟੀਂ ਪੁੱਤਰਾ। ਫਾਤਮਾ ਪਤਾ ਨੀਂ ਵਿਚਾਰੀ ਕਿਥੇ ਹੋਊ ਹੁਣ। ਮੈਨੂੰ ਤਾਂ ਉਹ ਆਪਣੀ ਭੈਣ ਨਾਲੋਂ ਵੀ ਜਾਂਦੇ ਚੰਗੀ ਲੱਗਦੀ ਸੀ। ਉਹ ਤਾਂ ਸੋਚਦੀ ਹੋਊਗੀ ਨਾ, ਮੇਰਾ ਚਰਖਾ ਉਥੇ ਪਿਐ। ਦੇਸ਼ ਭਾਵੇਂ ਅੱਡੋ-ਅੱਡ ਹੋਗੇ ਪਰ ਸਾਡਾ ਮੋਹ-ਪਿਆਰ ਤਾਂ ਨੀਂ ਅੱਡ ਹੋਇਆ। ਕੱਲ੍ਹ ਸੁਪਨੇ 'ਚ ਮੈਨੂੰ ਮਿਲੀ ਸੀ। ਇਹਨੂੰ ਤਾਂ ਨੀਂ ਰੋਕ ਸਕਦਾ ਕੋਈ?" ਅੱਧੀ ਰਾਤ ਮਿਲੀ ਇਸ ਆਜ਼ਾਦੀ ਬਾਰੇ ਪੜ੍ਹਿਆ ਤਾਂ ਮੈਂ ਵੀ ਬਹੁਤ ਕੁਝ ਹੈ ਪਰ ਬੇਬੇ ਵੱਖਰਾ ਹੀ ਦਰਦ ਹੰਢਾ ਰਹੀ ਹੈ।

"ਲਿਆ ਬੇਬੇ, ਅੰਦਰ ਰੱਖ ਆਵਾਂ ਇਹਨੂੰ। ਨਹੀਂ ਤਾਂ ਤੂੰ ਅੱਜ ਰੋਈ ਹੀ ਜਾਣੈ।" ਮੈਂ ਚਾਹੁੰਦਾ ਹਾਂ ਕਿ ਬੇਬੇ ਬੀਤੇ ਵਿਚੋਂ ਬਾਹਰ ਨਿਕਲੇ।

"ਪੁੱਤ ਜੇ ਤੈਨੂੰ ਭਰੇ-ਭਰਾਏ ਘਰ ਵਿਚੋਂ ਕੋਈ ਕੱਢ ਦੇਵੇ ਤੇ ਆਖੇ- ਜਾਹ ਜਿਥੇ ਜੀਅ ਕਰਦੈ, ਪਰ ਏਥੇ ਨਾ ਆਈਂ ਮੁੜ ਕੇ। ਅੱਜ ਦੇ ਜਵਾਨ ਤਾਂ ਕਹਿੰਦੇ ਹੋਣਗੇ, ਐ ਕਿਵੇਂ ਹੋਜੂ? ਮੈਂ ਇਹ ਵਾਪਰਦੀਆਂ ਦੇਖੀਆਂ।" ਬੇਬੇ ਹਉਕਾ ਲੈਂਦੀ ਹੈ। ਮੈਂ ਚਰਖਾ ਰੇੜ੍ਹ ਕੇ ਅੰਦਰ ਰੱਖ ਆਉਂਦਾ ਹਾਂ।

ਕੁਝ ਦਿਨਾਂ ਪਿਛੋਂ ਘਰ ਨੂੰ ਕਲੀ ਕਰਾਉਣ ਤੇ ਦਰਵਾਜ਼ਿਆਂ-ਖਿੜਕੀਆਂ ਨੂੰ ਰੰਗ ਕਰਾਉਣ ਦਾ ਵਿਚਾਰ ਬਣਾਇਆ ਹੈ। ਇਸ ਕੰਮ ਲਈ ਮੈਂ ਭਈਆ ਲੱਭ ਲਿਆਇਆ ਹਾਂ। ਸਾਰੇ ਕੰਮ ਦਿਖਾ ਕੇ ਉਸ ਨੂੰ ਠੇਕਾ ਹੀ ਦੇ ਦਿੱਤਾ ਹੈ। ਉਕੀ-ਪੁੱਕੀ ਮਜ਼ਦੂਰੀ ਤੇ ਸਮਾਨ ਆਪਣਾ। ਦਿਹਾੜੀ 'ਤੇ ਕੰਮ ਹੋਵੇ ਤਾਂ ਉਹ ਬੜੀ ਸੁਸਤੀ ਵਰਤਦੇ ਹਨ। ਕੰਮ ਨਿਬੇੜਦੇ ਹੀ ਨਹੀਂ। ਚਾਹ ਪੀਣ ਲੱਗੇ ਹੀ ਘੰਟਾ ਲਾ ਦਿੰਦੇ ਹਨ। ਜੇ ਠੇਕਾ ਕੀਤਾ ਹੋਵੇ, ਤਾਂ ਭੂਤ ਬਣ ਜਾਂਦੇ ਹਨ। ਹਨੇਰਾ ਹੋਣ ਤਕ ਵੀ ਨਹੀਂ ਹਟਦੇ। ਕਹਿ ਕੇ ਕੰਮ ਬੰਦ ਕਰਵਾਉਣਾ ਪੈਂਦਾ ਹੈ। ਪਰ ਠੇਕੇ ਵਿਚ ਉਨ੍ਹਾਂ 'ਤੇ ਨਿਗਾਹ ਰੱਖਣੀ ਪੈਂਦੀ ਹੈ, ਨਹੀਂ ਚਾਲੂ ਕੰਮ ਕਰ ਦਿੰਦੇ ਹਨ।

ਤਿੰਨ ਕੁ ਦਿਨਾਂ ਵਿਚ ਹੀ ਭਈਆਂ ਨੇ ਕਲੀ ਦਾ ਕੰਮ ਮੁਕਾ ਕੇ ਦਰਵਾਜ਼ੇ-ਖਿੜਕੀਆਂ ਰੰਗਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮੈਂ ਕੰਮ 'ਤੇ ਜਾਣ ਲੱਗਿਆਂ ਉਨ੍ਹਾਂ ਨੂੰ ਹਦਾਇਤਾਂ ਦੇ ਕੇ ਜਾਂਦਾ ਹਾਂ। "ਜਦੋਂ ਦੇ ਪਿੰਡੋਂ ਏਥੇ ਸ਼ਹਿਰ 'ਚ ਆਏ ਆਂ, ਇਸ ਘਰ ਪਹਿਲੀ ਵਾਰ ਰੰਗ ਹੋਣ ਲੱਗਿਐ। ਜ਼ਰਾ ਪ੍ਰੇਮ ਨਾਲ ਤੇ ਮਿਹਨਤ ਨਾਲ ਕਰਨੈ। ਜੰਗਾਲ ਉਤੇ ਹੀ ਰੰਗ ਨੀਂ ਫੇਰ ਦੇਣਾ।" ਉਹ 'ਹਾਂ ਜੀ, ਸਮਝ ਗਿਆ ਜੀ, ਠੀਕ ਹੈ ਜੀ' ਕਹਿ ਕੇ ਮੇਰੀ ਤਸੱਲੀ ਕਰਵਾਈ ਰੱਖਦੇ ਹਨ ਪਰ ਮੇਰੀ ਘਰਵਾਲੀ ਦੇ ਕਹਿਣ ਅਨੁਸਾਰ, ਕਰਦੇ ਆਪਣੀ ਮਰਜ਼ੀ ਹਨ। ਹਰ ਘੰਟੇ ਬਾਅਦ ਕਹਿਣਗੇ, "ਬੀਬੀ ਜੀ, ਚਾਹ ਦੇ ਦਿਉ। ਮੈਂ ਤਾਂ ਕਦੇ ਇਹ ਰੋਟੀ ਖਾਂਦੇ ਨੀਂ ਵੇਖੇ ਛੁੱਟੀ ਵੇਲੇ।" ਉਹ ਹੈਰਾਨ ਹੋ ਦੱਸਦੀ ਹੈ।

ਇਕ ਦਿਨ ਬਾਹਰੋਂ ਆਇਆ ਤਾਂ ਦੇਖਿਆ, ਬੇਬੇ ਭਈਏ ਕੋਲੋਂ ਆਪਣੇ ਚਰਖੇ ਨੂੰ ਰੰਗ ਕਰਵਾ ਰਹੀ ਹੈ। ਕੋਲ ਹੀ ਬੈਠੀ ਹੈ। ਭਈਆ ਵੀ ਖੁਸ਼ ਹੈ। ਹੁਣ ਇਨ੍ਹਾਂ ਨੂੰ ਕੁਝ-ਕੁਝ ਚਲਾਕੀਆਂ ਆ ਗਈਆਂ ਹਨ। ਮੈਨੂੰ ਘਰ ਆਏ ਨੂੰ ਵੇਖ ਕੇ ਬੇਬੇ ਨੂੰ ਚੰਗਾ ਨਹੀਂ ਲੱਗਾ, ਇਹ ਉਸ ਦੇ ਚਿਹਰੇ ਤੋਂ ਪਤਾ ਲੱਗਦਾ ਹੈ। ਚਰਖੇ ਨੂੰ ਰੰਗ ਹੁੰਦਾ ਵੇਖ ਚਿਹਰੇ 'ਤੇ ਆਈ ਰੌਣਕ ਗਾਇਬ ਹੋ ਗਈ ਹੈ। ਕੀ ਪਤਾ ਬੇਬੇ ਨੇ ਸੋਚਿਆ ਹੋਵੇ, ਮੈਂ ਨਾਰਾਜ਼ ਹੋਵਾਂਗਾ।

"ਵਾਧੂ ਰੰਗ ਪਿਆ ਸੀ। ਮੈਂ ਕਿਹਾ, ਖਰਾਬ ਹੋਜੂ, ਚੱਲ ਚਰਖੇ 'ਤੇ ਹੀ ਫਿਰਵਾ ਲੈਨੀ ਆਂ।" ਬੇਬੇ ਆਪਣੇ ਵਲੋਂ ਸਫਾਈ ਦੇਣਾ ਚਾਹੁੰਦੀ ਹੈ ਸ਼ਾਇਦ।

"ਬੇਬੇ ਇਹ ਕਿਤੇ ਚਲਾਇਆ ਤਾਂ ਹੈ ਨੀਂ ਤੂੰ, ਨਾ ਹੀ ਇਹਨੇ ਚੱਲਣੈ।" ਮੈਂ ਗੁੱਸੇ ਹੁੰਦਾ ਹਾਂ।

"ਚੱਲੂਗਾ ਪੁੱਤ, ਚੱਲੂਗਾ।" ਮਾਂ ਦੇ ਚਿਹਰੇ 'ਤੇ ਵਿਸ਼ਵਾਸ ਹੈ।

"ਐਵੇਂ ਇਨ੍ਹਾਂ ਦਾ ਟੈਮ ਖਰਾਬ ਕਰੀ ਜਾਨੀਂ ਐਂ।"

"ਕੁਸ਼ ਨੀ ਹੁੰਦਾ ਅੱਧੇ ਘੰਟੇ ਨਾਲ। ਦੇਖ ਕਿੰਨਾ ਸੋਹਣਾ ਬਣਦਾ ਜਾਂਦੈ। ਜਾਣੀ ਹੁਣੇ ਫਾਤਮਾ ਦੇ ਕੇ ਗਈ ਹੈ।" ਮਾਂ ਦੇ ਚਿਹਰੇ 'ਤੇ ਰੌਣਕ ਪਰਤ ਆਈ ਹੈ।

ਭਈਆ ਸਾਰੇ ਰੰਗ ਚੁੱਕ ਲਿਆਉਂਦਾ ਹੈ। ਉਸ ਨੂੰ ਵੀ ਚਾਅ ਹੈ। ਬੇਬੇ ਉਸ ਨੂੰ ਦੱਸਦੀ ਹੈ, "ਮੇਰੀ ਸਹੇਲੀ ਦਾ ਹੈ। ਹੁਣ ਪਾਕਿਸਤਾਨ ਵਿਚ ਹੈ। ਪਤਾ ਨਹੀਂ ਹੈ ਕਿ ਵੀ ਨਹੀਂ।"

"ਫੇਰ ਤਾਂ ਮੈਂ ਪੈਸਾ ਨਹੀਂ ਲਊਂਗਾ। ਇਕ ਬਾਰ ਚਾਹ ਹੋਰ ਪਿਲਾ ਦਿਉ।" ਭਈਆ ਬੇਬੇ ਨੂੰ ਉਦਾਸ ਵੇਖ ਕੇ ਕਹਿੰਦਾ ਹੈ। ਕਦੇ ਮੈਨੂੰ ਲੱਗਦਾ ਹੈ ਕਿ ਭਈਏ ਅੰਦਰ ਇਨਸਾਨੀਅਤ ਹੈ, ਕਦੇ ਲੱਗਦਾ ਹੈ ਉਹ ਪੂਰਾ ਚਾਲੂ ਹੈ। ਇਸ ਤਰ੍ਹਾਂ ਹੀ ਭੋਲਾ ਤੇ ਬੁੱਧੂ ਜਿਹਾ ਬਣ ਕੇ ਉਹ ਆਪਣੇ ਖਾਣ-ਪੀਣ ਦਾ ਜੁਗਾੜ ਕਰੀ ਜਾਂਦਾ ਰਹਿੰਦਾ ਹੈ। ਮੇਰੀ ਘਰਵਾਲੀ ਵੀ ਕਹਿੰਦੀ ਹੈ, "ਬਾਹਲਾ ਸਾਊ ਐ ਬਿਚਾਰਾ। ਆਪਣਾ ਦੇਸ ਛੱਡ ਕੇ ਆਇਐ। ਇਹਦਾ ਕੌਣ ਹੈ ਏਥੇ।" ਪਰ ਮੈਨੂੰ ਪਤਾ ਹੈ, ਜਦੋਂ ਇਹ ਭਈਏ ਇਕੱਠੇ ਹੁੰਦੇ ਹਨ ਤਾਂ ਕਿਵੇਂ ਇਕ ਦੂਜੇ ਨੂੰ ਚਟਕਾਰੇ ਲਾ ਲਾ ਗੱਲਾਂ ਸੁਣਾਉਂਦੇ ਹਨ, ਕਿਵੇਂ ਕਿਸ ਕਿਸ ਨੂੰ ਬੇਵਕੂਫ ਬਣਾਇਆ।

ਭਈਏ ਨੇ ਆਪਣੀ ਪੂਰੀ ਕਾਰੀਗਰੀ ਦਿਖਾ ਕੇ ਚਰਖਾ ਚਮਕਾ ਦਿੱਤਾ ਹੈ। ਹੁਣ ਉਸ ਨੂੰ ਧੁੱਪੇ ਖੜ੍ਹਾ ਕਰ ਆਇਆ ਹੈ। ਬੇਬੇ ਦੂਰ ਖੜ੍ਹੀ ਹੋ ਕੇ ਤੱਕ ਰਹੀ ਹੈ। ਭਾਵੇਂ ਜਰਜਰਾ ਹੋ ਗਿਆ ਹੈ ਪਰ ਦੇਖਣ ਨੂੰ ਨਵਾਂ ਲੱਗਦਾ ਹੈ।

ਬੇਬੇ ਦੀਆਂ ਨੂੰਹਾਂ, ਚਰਖੇ ਤੇ ਬੇਬੇ ਵੱਲ ਵੇਖ ਕੇ ਨੱਕ-ਬੁੱਲ੍ਹ ਚੜ੍ਹਾ ਰਹੀਆਂ ਹਨ। ਆਪਸ ਵਿਚ ਗੁੱਝੇ ਇਸ਼ਾਰੇ ਵੀ ਕਰਦੀਆਂ ਹਨ ਪਰ ਬੇਬੇ ਸਭ ਕੁਝ ਸਮਝਦੀ ਹੈ। ਕਹਿੰਦੀ ਕੁਝ ਨਹੀਂ।

"ਬੇਬੇ ਹੁਣ ਸੂਤ ਕੱਤਿਆ ਕਰੂਗੀ।" ਛੋਟੀ ਨੂੰਹ ਬੇਬੇ ਨੂੰ ਸੁਣਾ ਕੇ ਵੱਡੀ ਨੂੰ ਆਖਦੀ ਹੈ।

"ਆਪਾਂ ਤਾਂ ਕੁੜੀ ਦੇ ਵਿਆਹ ਵੇਲੇ, ਬੇਬੇ ਨੂੰ ਈ ਖੇਸਾਂ ਦਰੀਆਂ ਦਾ ਠੇਕਾ ਦੇ ਦੇਣੈ।" ਇਸ ਗੱਲ 'ਤੇ ਛੋਟੀ ਖਿੜ-ਖਿੜ ਹੱਸ ਪਈ ਹੈ।

"ਨੀ ਜਿਹੜੀਆਂ ਥੋਡੇ ਢਿੱਡ 'ਚ ਐ ਨਾ, ਮੇਰੇ ਨਹੁੰਆਂ 'ਚ ਐ। ਮੈਨੂੰ ਪਤੈ ਕਿਥੋਂ ਬੋਲਦੀਆਂ ਤੁਸੀਂ।" ਬੇਬੇ ਦੇ ਚਿਹਰੇ 'ਤੇ ਗੁੱਸਾ ਤੇ ਰੋਸ ਹੈ।

"ਬੇਬੇ ਅਸੀਂ ਤਾਂ ਤੇਰੇ ਆਜ਼ਾਦੀ ਵਾਲੇ ਚਰਖੇ ਦੀ ਗੱਲ ਕਰਦੀਆਂ, ਲੜਦੀ ਕਾਹਤੋਂ ਐਂ?" ਛੋਟੀ ਨੂੰਹ ਸੁਲ੍ਹਾ ਦੇ ਰੌਂਅ ਵਿਚ ਪਰ ਘੁਣਤਰੀ ਹੈ।

"ਨੀ ਜਾਉ ਨੀ, ਜਾਉ... ਥੋਨੂੰ ਕੀ ਪਤੈ ਕੀ ਹੁੰਦੀ ਐ 'ਜਾਦੀ? ਖਾ ਲਿਆ, ਹੰਗ ਲਿਆ, ਹਿੜ-ਹਿੜ ਕਰ ਲਿਆ।" ਬੇਬੇ ਹੋਰ ਖਿਝ ਗਈ ਹੈ। ਮੈਨੂੰ ਪਤਾ ਹੈ, ਜੇ ਉਸ ਦੀਆਂ ਨੂੰਹਾਂ ਅਗਿਉਂ ਚੁੱਪ ਨਾ ਕੀਤੀਆਂ ਤਾਂ ਬੇਬੇ ਨੂੰ ਗੁੱਸੇ ਦਾ ਦੌਰਾ ਵੀ ਪੈ ਸਕਦਾ ਹੈ। ਮੈਂ ਉਨ੍ਹਾਂ ਨੂੰ ਜਾ ਕੇ ਆਪਣਾ ਕੰਮ ਕਰਨ ਲਈ ਕਹਿੰਦਾ ਹਾਂ। ਉਹ ਚਲੀਆਂ ਤਾਂ ਗਈਆਂ ਪਰ ਛੋਟੀ ਜਾਂਦੀ-ਜਾਂਦੀ ਫੇਰ ਚਕੂੰਧਰ ਛੱਡ ਗਈ, "ਦੇਖਾਂਗੇ ਜਦੋਂ ਬੇਬੇ ਨੇ ਇਸ ਚਰਖੇ 'ਤੇ ਕੱਤਿਆ।"

"ਰੰਗ ਸੁੱਕ ਲੈਣ ਦੇ, ਫੇਰ ਤੈਨੂੰ ਕੱਤ ਕੇ ਵੀ ਵਖਾਊਂ। ਜੰਮ ਮੁੱਕੇ ਨੀਂ, ਗੱਲਾਂ ਕਰਦੀਆਂ ਵੇਖਾਂ।" ਬੇਬੇ ਦੇ ਚਿਹਰੇ 'ਤੇ ਵੰਗਾਰ ਝਲਕਦੀ ਹੈ।

ਰੰਗ-ਰੋਗਨ ਦਾ ਕੰਮ ਖਤਮ ਹੋ ਗਿਆ ਹੈ। ਸਾਰੇ ਘਰ 'ਚ ਅਜੀਬ ਜਿਹੀ ਆ ਰਹੀ ਗੰਧ ਸੁਖਾਵੀਂ ਲੱਗਦੀ ਹੈ। ਸਾਫ ਸੁਥਰਾ ਘਰ ਵੇਖ ਕੇ ਮਾਣ ਮਹਿਸੂਸ ਹੁੰਦਾ ਹੈ।

ਬੇਬੇ ਦੇ ਚਰਖੇ ਦਾ ਰੰਗ ਹੁਣ ਸੁੱਕ ਗਿਆ ਹੈ।

ਪਰ ਇਹ ਕੀ? ਅੰਦਰ ਸਾਂਭ ਕੇ ਰੱਖਿਆ ਤੇ ਪੁਰਾਣੇ ਖੇਸ ਨਾਲ ਢੱਕ ਕੇ ਰੱਖਿਆ ਚਰਖਾ ਫੇਰ ਬਾਹਰ ਕੱਢ ਲਿਆਈ ਹੈ ਬੇਬੇ। ਮੇਰੇ ਵੱਲ ਵੇਖ ਕੇ ਕਹਿੰਦੀ ਹੈ, "ਇਹ ਕਿਤੇ ਟਿਕਣ ਦਿੰਦੀਆਂ ਨੇ ਮੈਨੂੰ?" ਉਸ ਦਾ ਇਸ਼ਾਰਾ ਨੂੰਹਾਂ ਵੱਲ ਹੈ। ਨੂੰਹਾਂ ਮੁਸਕੜੀਏ ਹੱਸਦੀਆਂ ਹਨ। ਬਾਹਰ ਕੋਈ ਜੋਗੀ ਆ ਗਿਆ ਹੈ ਮੰਗਣ। ਆਂਹਦੀਆਂ, "ਤੇਰੇ ਚਰਖੇ ਦੀ ਘੂਕ ਸੁਣ ਕੇ ਆਇਆ ਹੋਊ।"

"ਅੱਜ ਇਨ੍ਹਾਂ ਨੂੰ ਕੱਤ ਕੇ ਈ ਵਖਾਊਂ ਮੈਂ।" ਨੂੰਹਾਂ ਫੇਰ ਹੱਸੀਆਂ ਹਨ।

"ਕਿਥੋਂ ਕੱਤ ਲੇਂਗੀ ਬੇਬੇ ਹੁਣ? ਤੇਰੇ ਵਰਗਾ ਹਾਲ ਹੀ ਚਰਖੇ ਦਾ ਹੋਇਆ ਪਿਐ।" ਨਿੱਕੀ ਨੂੰਹ ਸਦਾ ਉਸ ਨੂੰ ਛੇੜਦੀ ਰਹਿੰਦੀ ਹੈ।

"ਥੋਨੂੰ ਚੱਜ ਹੋਵੇ ਕੱਤਣ ਦਾ ਤਾਂ ਪਤਾ ਹੋਵੇ।" ਬੇਬੇ ਵੀ ਛੇਤੀ ਕੀਤੇ ਹਾਰ ਮੰਨਣ ਵਾਲੀ ਨਹੀਂ। ਉਸ ਦੇ ਚਿਹਰੇ 'ਤੇ ਦ੍ਰਿੜਤਾ ਹੈ, ਉਮਰ ਦਾ ਤਜਰਬਾ ਤੇ ਚਰਖੇ 'ਤੇ ਮਾਣ ਹੈ।

ਬੇਬੇ ਪੀੜ੍ਹੀ ਡਾਹ ਕੇ ਬੈਠ ਗਈ ਹੈ। ਚਰਮਖਾਂ ਨੂੰ ਤੇਲ ਦੇ ਰਹੀ ਹੈ। ਨਵੀਂ ਮਾਲ੍ਹ ਪਾਈ ਹੈ। ਗੁੱਝ ਨੂੰ ਤੇਲ ਦਿੱਤਾ ਹੈ ਤੇ ਫੇਰ ਗੇੜਾ ਦੇ ਕੇ ਤਕਲੇ ਦਾ ਵਿੰਗ ਪਰਖਦੀ ਹੈ। ਉਂਗਲਾਂ ਦੀ ਹਲਕੀ ਜਿਹੀ ਦਾਬ ਨਾਲ ਤੱਕਲਾ ਸਿੱਧਾ ਕਰਦੀ ਹੈ। ਫਿਰ ਪਤਾ ਨਹੀਂ ਕਦੋਂ ਦੀ ਅੰਦਰ ਸਾਂਭ ਕੇ ਰੱਖੀ ਰੂੰ ਚੁੱਕ ਲਿਆਈ ਹੈ। ਨੂੰਹਾਂ ਉਸ ਦੀਆਂ ਹਰਕਤਾਂ ਤਾੜ ਵੀ ਰਹੀਆਂ ਹਨ ਪਰ ਬੇਬੇ ਪੂਰੀ ਸੰਜੀਦਾ ਹੈ।

ਬੇਬੇ ਖਾਲੀ ਚਰਖੇ ਨੂੰ ਗੇੜਾ ਦੇ ਕੇ ਦੇਖਦੀ ਹੈ। ਸਭ ਕੁਝ ਠੀਕ-ਠਾਕ ਜਾਪਦਾ ਹੈ। ਫਿਰ ਬੇਬੇ ਥੋੜ੍ਹੀ ਜਿਹੀ ਰੂੰ ਲੈ ਕੇ ਪੂਣੀ ਵੱਟਦੀ ਹੈ। ਪੂਣੀ ਨੂੰ ਤਕਲੇ ਨਾਲ ਛੁਹਾਉਣ ਤੋਂ ਪਹਿਲਾਂ ਅੱਖਾਂ ਮੀਚ ਕੇ ਮਨ ਵਿਚ ਕੁਝ ਧਿਆਉਂਦੀ ਹੈ ਤੇ ਫਿਰ ਹੌਲੀ ਜਿਹੀ ਕਹਿੰਦੀ ਹੈ, "ਆ ਭੈਣ ਫਾਤਮਾ, ਕੱਤੀਏ ਆਪਾਂ।" ਚਰਖੇ ਨੂੰ ਗੇੜਾ ਦੇ ਕੇ ਬੇਬੇ ਤਕਲੇ ਦੇ ਸਿਰੇ ਨਾਲ ਪੂਣੀ ਛੂਹਾ ਕੇ ਜਦੋਂ ਖੱਬਾ ਹੱਥ ਲਹਿਰਾ ਕੇ ਉਪਰ ਵੱਲ ਚੁੱਕਦੀ ਹੈ ਤਾਂ ਲੰਮੀ ਬਾਰੀਕ ਤੰਦ ਸਭਨਾਂ ਨੂੰ ਦਿਸਦੀ ਹੈ।

ਨੂੰਹਾਂ ਦੇ ਮੂੰਹ ਟੱਡੇ ਗਏ ਹਨ। ਉਨ੍ਹਾਂ ਨੇ ਹੈਰਾਨੀ ਨਾਲ ਖੁੱਲ੍ਹੇ ਮੂੰਹਾਂ 'ਤੇ ਹੱਥ ਰੱਖ ਲਏ ਹਨ।

ਬੇਬੇ ਕੱਤੀ ਵੀ ਜਾ ਰਹੀ ਹੈ ਤੇ ਰੋਈ ਵੀ ਜਾ ਰਹੀ ਹੈ।

## ਤੁਰ ਗਿਆਂ ਨੂੰ ਚੇਤੇ ਕਰਦਿਆਂ

# ਧੂਫ ਦੀ ਬੱਤੀ: ਕੈਲਾਸ਼ ਪੁਰੀ

ਕਈ ਸਾਲ ਪਹਿਲਾਂ ਆਈ ਸਾਂ ਇਸ ਠੰਢੇ ਠਾਰ ਮੁਲਕ ਇੰਗਲੈਂਡ ਵਿਚ। ਬਾਹਰ ਦੀ ਠੰਢ ਤਾਂ ਕਾਬੂ ਕੀਤੀ ਜਾ ਸਕਦੀ ਹੈ, ਕੋਟ, ਸਵੈਟਰਾਂ ਪਾ ਲਉ, ਹੀਟਰ ਲਾ ਲਉ। ਪਰ ਜੇ ਨਾਲ ਰਿਸ਼ਤਿਆਂ ਦੀ ਠੰਢ ਵੀ ਹੰਢਾਉਣੀ ਪੈ ਜਾਵੇ? ਬੜਾ ਝੱਖੜ ਚੜ੍ਹਿਆ ਹੋਇਆ ਸੀ, ਕਾਲੀ ਹਨੇਰੀ, ਅੱਖਾਂ ਦੇ ਛੱਪਰ ਧੂੜ ਨਾਲ ਅੱਟੇ ਹੋਏ। ਅੰਧ, ਗੁਬਾਰ!

ਮੇਰੀ ਬੱਚੀ ਰੇਨੂੰ ਬਿਸਤਰੇ 'ਤੇ ਪਈ ਸੀ। ਹਿੰਦੁਸਤਾਨ ਦੇ ਡਾਕਟਰਾਂ ਨੇ ਸਿਰ ਫੇਰ ਦਿੱਤਾ ਸੀ। ਹਸਪਤਾਲ? ਇਸ ਮੁਲਕ ਵਿਚ ਸਚਮੁੱਚ ਜੀਵਨ ਦੇਣ ਵਾਲੇ ਨੇ। ਮੇਰੇ ਵੀਰ ਡਾ. ਅਮਰਜੀਤ ਨੇ ਪਹਿਲਾਂ ਹੀ ਸਾਰਾ ਕੁਝ ਤੈਅ ਕੀਤਾ ਹੋਇਆ ਸੀ। ਦੂਜੇ ਦਿਨ ਹੀ ਦਾਖਲ ਕਰਾ ਦਿੱਤਾ। ਐਨੀ ਠੰਢ ਵਿਚ ਨਿੱਘੀਆਂ ਮੁਸਕਰਾਹਟਾਂ ਬਿਖੇਰਦੀਆਂ ਨਰਸਾਂ ਤੇ ਡਾਕਟਰਾਂ ਹੱਡੀਆਂ ਦੀ ਮੁੱਠ, ਨਿੰਮੋਝੂਣ, ਕੁਮਲਾਈ ਕਲੀ ਜਿਹੀ ਮੇਰੀ ਬੱਚੀ ਦੀਆਂ ਪੀਲੀਆਂ

ਤਾਰਨ ਗੁਜਰਾਲ
ਫੋਨ: 91-98557-19660

ਗੱਲ੍ਹਾਂ ਚੁੰਮਦੀਆਂ ਅਤੇ ਨਵੀਂ ਜ਼ਿੰਦਗੀ ਦਾ ਸੰਚਾਰ ਕਰਦੀਆਂ।

ਬੜੀ ਚਿੰਤਾ ਤੇ ਰਿਸ਼ਤੇਦਾਰਾਂ ਦੇ ਭਰੇ ਮੇਲੇ ਵਿਚਲੀ ਇਕੱਲ। "ਕੀ ਕਰੀਏ ਜੀ ਵਕਤ ਹੀ ਨਹੀਂ ਮਿਲਦਾ...ਐਨੀ ਦੂਰ ਬੇਜ਼ਿੰਗਨਟੋਕ ਤਾਂ ਜਾ ਬੈਠੇ ਹੋ ਤੁਸੀਂ। ਵੀਕਐਂਡ ਤਾਂ ਪਿਛਲੇ ਸਾਲ ਤੋਂ ਬੁੱਕ ਹੋਏ ਪਏ ਨੇ। ਬਾਕੀ ਪੂਰਾ ਹਫਤਾ ਕੰਮ 'ਤੇ ਜਾਣਾ ਹੁੰਦੈ, ਸੋ, ਸੌਰੀ।"

ਕੁਝ ਘਰੇਲੂ ਉਲਝਣਾਂ ਤੇ ਬੱਚੀ ਦੀ ਬਿਮਾਰੀ...। ਰੂਹ ਜਿਵੇਂ ਬਰਫ ਦੀ ਸਿੱਲ੍ਹ 'ਤੇ ਮੂਧੇ ਮੂੰਹ ਡਿੱਗੀ ਸਿਸਕ ਰਹੀ ਹੋਵੇ। ਫਿਰ ਇਕ ਦਿਨ ਅਚਨਚੇਤ ਕੁਝ ਵਾਪਰਿਆ।

"ਤੁਹਾਡਾ ਫੋਨ ਹੈ ਮੰਮੀ, ਲਿਵਰਪੂਲ ਤੋਂ ਕੈਲਾਸ਼ ਆਂਟੀ ਦਾ।"

"ਹੈਲੋ, ਦੀਦੀ!" ਮੇਰੇ ਅੰਦਰਲੀ ਬਰਫ ਪਿਘਲ ਰਹੀ ਹੈ। ਕੁਝ ਕੁ ਬੂੰਦਾਂ ਅੱਖਾਂ ਵਿਚ ਤੈਰ ਰਹੀਆਂ ਨੇ ਤੇ ਕੁਝ ਗਲੇ ਵਿਚ ਅਟਕ ਰਹੀਆਂ ਨੇ। "ਪਤਾ ਲੱਗਾ ਐ ਰੇਨੂੰ ਠੀਕ ਹੋ ਕੇ ਘਰ ਆ ਗਈ ਐ। ਹੁਣ 'ਤੇ ਕੋਈ ਬਹਾਨਾ ਨਹੀਂ ਨਾ ਤੇਰੇ ਕੋਲ। ਛੇਤੀ ਆ ਜਾ ਮੇਰੇ ਕੋਲ ਲਿਵਰਪੂਲ। ਬਹੁਤ ਗੱਲਾਂ ਕਰਨੀਆਂ ਨੇ ਤੇਰੇ ਨਾਲ। ਤ੍ਰੈ-ਚਾਰ ਦਿਹਾੜਿਆਂ ਦਾ ਪ੍ਰੋਗਰਾਮ ਬਣਾ ਕੇ ਆਈਂ। ਕੋਈ ਮੁਸ਼ਕਿਲ ਨਹੀਂ, ਬ੍ਰਿਟਿਸ਼ ਟਰੇਨ ਸਿੱਧੀ ਆਂਦੀ ਐ। ਅਗੂੰ ਭਾਪਾ ਜੀ ਸਟੇਸ਼ਨ 'ਤੇ ਲੈਣ ਪਹੁੰਚ ਜਾਸਣ। ਹਾਂ...ਹੈਲੋ! ਛੇਤੀ ਪ੍ਰੋਗਰਾਮ ਬਣਾ। ਅਸੀਂ ਦੋਵੇਂ ਉਡੀਕ ਰਹੇ ਆਂ।" ਕੈਲਾਸ਼ ਕਿੰਨਾ ਕੁਝ ਕਹਿ ਗਈ।

ਕੋਸੀ ਕੋਸੀ ਹਵਾ ਆ ਰਹੀ ਹੈ, ਲਿਵਰਪੂਲ ਵਾਲੇ ਪਾਸਿਉਂ। ਦੰਦੋੜਿਕਾ ਹਲਕੀ ਮੁਸਕਰਾਹਟ ਵਿਚ ਤਬਦੀਲ ਹੋ ਰਿਹੈ। ਕਿੰਨੀ ਕੁ ਅੰਗਰੇਜ਼ੀ ਬੋਲੀ ਹੋਣੀ ਐ ਸਾਰੀ ਉਮਰ ਵਿਚ, ਭਾਵੇਂ ਪੜ੍ਹਦੀ ਰਹੀ ਹਾਂ। ਪੰਜਾਬੀ ਤਾਂ ਭਾਵੇਂ ਕਿੰਨੀ ਵੀ ਸਵਾਰ ਕੇ ਬੋਲਣ, ਅੰਗਰੇਜ਼ੀ ਵਿਚ ਪੰਜਾਬੀ ਦੀ ਥੋੜ੍ਹੀ-ਬਹੁਤੀ ਚਾਸ਼ਣੀ ਰਲ ਹੀ ਜਾਂਦੀ ਹੈ। ਉਥੋਂ ਦੇ ਰਹਿਣ ਵਾਲਿਆਂ ਦੀ ਗੱਲ ਹੋਰ ਹੈ, ਉਨ੍ਹਾਂ ਦੀ ਤਾਂ ਹੁਣ ਮਾਂ-ਬੋਲੀ ਅੰਗਰੇਜ਼ੀ ਹੀ ਹੋ ਗਈ ਹੈ। ਗੋਰਿਆਂ ਦਾ ਬੋਲਣ ਢੰਗ ਸਾਡੇ ਵਰਗੇ ਨਵੇਂ-ਨਵੇਂ ਗਏ ਲੋਕਾਂ ਦੇ ਕਿੱਥੇ ਪੱਲੇ ਪੈਂਦਾ ਹੈ? ਕੰਬਖਤ! ਹਰ ਲਫਜ਼ ਠਾਹ-ਠਾਹ ਮਾਰਦੇ ਨੇ। ਮੈਂ ਇਸੇ ਕਾਰਨ ਮਾਰ ਖਾ ਗਈ।

ਸਟੇਸ਼ਨ ਆਉਂਦਿਆਂ ਪੁਲ ਦੇ ਹੇਠਾਂ ਇੱਕ ਵੱਡਾ ਸਾਰਾ ਪੋਸਟਰ ਲਿਵਰਪੂਲ ਦਾ ਲੱਗਾ ਵੇਖ ਕੇ ਮੈਂ ਉਥੇ ਹੀ ਉਤਰ ਗਈ। ਇਹ ਤਾਂ ਕੋਈ ਹੋਰ ਹੀ ਸ਼ਹਿਰ ਸੀ। ਦੌੜ ਕੇ ਗੱਡੀ ਫੜ੍ਹਨ ਦੀ ਕੋਸ਼ਿਸ਼ ਕੀਤੀ, ਪਰ ਸਾਰੇ ਸ਼ਟਰ ਇੱਕੋ ਵਾਰੀ ਬੰਦ ਹੋ ਚੁਕੇ ਸਨ। ਚਿੱਟਾ ਚੜ੍ਹਿਆ ਦਿਨ ਤੇ ਸਟੇਸ਼ਨ 'ਤੇ ਨਾ ਬੰਦਾ, ਨਾ ਬੰਦੇ ਦੀ ਜ਼ਾਤ। ਕੋਈ ਰੇੜ੍ਹੀ, ਕੋਈ ਚਾਹ ਪਾਨ ਵਾਲਾ ਨਹੀਂ। ਹੁਣ? ਹੁਣ ਕੀ ਕਰਾਂ? ਤੁਰਨ ਤੋਂ ਪਹਿਲਾਂ ਲਿਵਰਪੂਲ ਫੋਨ ਕਰ ਦਿੱਤਾ ਸੀ ਕਿ ਫਲਾਣੀ ਗੱਡੀ ਤੋਂ ਰਿਸੀਵ ਕਰ ਲੈਣਾ। ਉਹ ਤਾਂ ਗੱਡੀ ਵੇਖ ਕੇ ਵਾਪਸ ਚਲੇ ਗਏ ਹੋਣਗੇ। ਮੈਨੂੰ ਨਾ ਰਾਹ ਪਤਾ ਨਾ ਪੈਂਡਾ। ਪਤਾ ਨਹੀਂ ਦੂਜੀ ਗੱਡੀ ਕਿੰਨੀ ਦੇਰ ਨੂੰ ਆਵੇਗੀ? ਮੇਰੀਆਂ ਤਰੇਲੀਆਂ ਛੁੱਟ ਰਹੀਆਂ ਸਨ। ਹੱਥ-ਪੈਰ ਠੰਢੇ ਹੋ ਰਹੇ ਸਨ ਕਿ ਦੂਜੇ ਪਲੈਟਫਾਰਮ ਤੋਂ ਸਟੇਸ਼ਨ ਮਾਸਟਰ ਆ ਕੇ ਕੋਲ ਖਲ੍ਹੋ ਗਿਆ, "ਐਨੀ ਹੈਲਪ?"

ਉਸ ਨੇ ਦੱਸਿਆ ਕਿ ਦਸ ਮਿੰਟ ਵਿਚ ਦੂਜੀ ਗੱਡੀ ਆਉਣ ਵਾਲੀ ਹੈ। ਪਰ ਵਕਤ ਦੇ ਐਨੇ ਪਾਬੰਦ ਮੁਲਕ ਵਿਚ ਵੀ ਸ਼ਾਇਦ ਮੇਰੇ ਕਰਕੇ ਗੱਡੀ ਪੰਦਰਾਂ ਮਿੰਟ ਲੇਟ ਹੋ ਗਈ। ਚੱਲ ਤਾਂ ਪਈ, ਪਰ ਸੋਤਰ ਸੁੱਕੇ ਹੋਏ। ਜੇ ਅੱਗੋਂ ਕੋਈ ਲੈਣ ਨਾ ਆਇਆ, ਜ਼ਰੂਰ ਵਾਪਸ ਚਲੇ ਗਏ ਹੋਣਗੇ, ਇਹ ਸਮਝ ਕੇ ਕਿ ਹੁਣ ਮੈਂ ਨਹੀਂ ਆਵਾਂਗੀ। ਟੈਕਸੀ ਕਰ ਲਵਾਂਗੀ...। ਘਰ ਦਾ ਪਤਾ ਤਾਂ ਹੈ ਮੇਰੇ ਕੋਲ...! ਟੈਲੀਫੋਨ ਨੰਬਰ ਵੀ ਘੁੱਟ ਕੇ ਹੱਥ ਵਿਚ ਫੜ੍ਹਿਆ ਹੋਇਐ।

ਇੱਕ ਬੁੱਢਾ ਜਿਹਾ ਅੰਗਰੇਜ਼ ਮੇਰੇ ਬੈਗ ਉਤਲੀ ਕਢਾਈ ਨੂੰ ਬੜੀ ਨੀਝ ਲਾ ਕੇ ਵੇਖ ਰਿਹਾ ਸੀ। ਮੇਰਾ ਧਿਆਨ ਆਪਣੇ ਵੱਲ ਵੇਖ ਕੇ



*ਕੈਲਾਸ਼ ਪੁਰੀ*

ਮੁਸਕਰਾਇਆ। ਸ਼ੁਕਰ ਕੀਤਾ ਠੰਢੇ ਪੱਥਰ ਵਿਚ ਇੱਕ ਚੰਗਿਆੜੀ ਫੁੱਟੀ।

ਲਿਵਰਪੂਲ ਬਾਰੇ ਉਸ ਤੋਂ ਪੁੱਛਿਆ। "ਬਸ ਦੋ ਸਟੇਸ਼ਨ ਬਾਅਦ ਹੀ ਹੈ," ਉਸ ਦੱਸਿਆ। "ਕਿੱਥੇ ਜਾਣਾ ਹੈ, ਕੀ ਪ੍ਰਾਬਲਮ ਹੈ?" ਕੋਈ ਪ੍ਰਾਬਲਮ ਨਹੀਂ। "ਸਟੇਸ਼ਨ 'ਤੇ ਟੈਲੀਫੋਨ ਬੂਥ ਹੈ। ਫੋਨ ਕਰ ਦੇਣਾ ਘਰ। ਕੈਬ ਨਾ ਲੈਣੀ, ਬਹੁਤ ਮਹਿੰਗਾ ਕੰਮ ਹੈ। ਪਹਿਲਾਂ ਬਾਹਰ ਵੇਖ ਲੈਣਾ, ਕੋਈ ਲੈਣ ਵਾਲਾ ਖੜ੍ਹਾ ਹੀ ਨਾ ਹੋਵੇ।"

ਸਟੇਸ਼ਨ ਦੇ ਪਲੈਟਫਾਰਮ 'ਤੇ ਹਿੰਦੁਸਤਾਨ ਵਾਂਗ ਕਿਸੇ ਨੂੰ ਲੈਣ ਲਈ ਕੋਈ ਖੜ੍ਹਾ ਨਹੀਂ ਹੋ ਸਕਦਾ। ਗੱਡੀ ਤੋਂ ਉਤਰਦਿਆਂ ਹੀ ਟੈਲੀਫੋਨ ਬੂਥ ਵੱਲ ਵਧੀ ਪਰ ਗੇਟ ਦੇ ਬਾਹਰ ਛੀਂਟਦਾਰ ਪੱਗ ਲਿਸ਼ਕਦੀ ਨਜ਼ਰ ਆਈ। ਅੱਖ ਝਪਕਣ ਜਿੰਨੇ ਸਮੇਂ ਵਿਚ ਭਾਪਾ ਜੀ ਦੀ ਜੱਫੀ ਵਿਚ ਘੁੱਟੀ ਗਈ। "ਸ਼ੁਕਰ ਐ ਪਹੁੰਚ ਗਈ ਏਂ। ਤੇਰੀ ਭੈਣ ਨੂੰ ਫੋਨ ਕੀਤਾ ਏ ਕਿ ਟਰੇਨ 'ਚੋਂ ਨਹੀਂ ਉਤਰੀ ਤਾਰਨ। ਪਤੈ ਕੀ ਆਖਦੀ ਐ? ਉਸ ਨੂੰ ਲੈ ਕੇ ਈ ਘਰ ਆਉਣਾ ਨਹੀਂ ਤਾਂ ਤੁਸੀਂ ਵੀ ਸਟੇਸ਼ਨ 'ਤੇ ਹੀ ਬੈਠੋ। ਗੱਡੀਆਂ ਦੀ ਹੜਤਾਲ ਦਾ ਵਿਸਾਹ ਨਹੀਂ। ਇਸ ਮੁਲਕ ਵਿਚ।"

"ਸ਼ੁਕਰ ਹੈ, ਹੁਣ ਮੈਂ ਵੀ ਘਰ ਜਾ ਸਕਨਾਂ।" ਤੇ ਉਹ ਮੇਰਾ ਮੋਢਾ ਥਾਪੜ ਕੇ ਹੱਸਦੇ ਰਹੇ। ਕੂਲੀ-ਕੂਲੀ ਫੁੱਲਾਂ ਦੀ ਕਿਆਰੀ ਵਿਚੋਂ ਟਹਿਲ ਕੇ ਆਉਂਦੀ ਹਵਾ ਵਰਗਾ ਹਾਸਾ। ਕੈਲਾਸ਼ ਦੀਦੀ ਧਾ ਕੇ ਮਿਲੀ। ਮੂੰਹ ਮੱਥਾ ਚੁੰਮਦੀ ਬਾਂਹ ਵਿਚ ਵਲੀ ਡਰਾਇੰਗ ਰੂਮ ਵਿਚ ਲਿਆ ਬਿਠਾਇਆ। ਗੋਭੀ ਦੇ ਗਰਮਾ-ਗਰਮ ਪਰੌਂਠੇ, ਆਚਾਰ, ਦਹੀਂ, ਮੱਖਣ। ਵਾਹ! ਇਹੋ ਜਿਹੇ ਤਾਂ ਪੂਰੀ ਜ਼ਿੰਦਗੀ ਨਹੀਂ ਖਾਧੇ। ਫਿਰ ਹੱਥ ਫੜ੍ਹੀ ਸਟੱਡੀ ਵਿਚ ਲੈ ਆਈ। ਵੱਡੇ ਸਾਰੇ ਹਾਲ ਦੀਆਂ ਦੀਵਾਰਾਂ ਕਿਤਾਬਾਂ ਨਾਲ ਚਿਣੀਆਂ ਸਜ ਰਹੀਆਂ ਸਨ। ਦੋ ਸਟੱਡੀ ਟੇਬਲ ਆਹਮੋ-ਸਾਹਮਣੇ ਪਏ ਸਨ। ਹੁਣ ਤੱਕ ਤਾਂ ਗੋਪਾਲ ਭਾਪਾ ਜੀ ਕੁੜਤਾ-ਪਜ਼ਾਮਾ ਪਾ ਕੇ ਆਪਣੀ ਲਿਖਣ ਮੇਜ਼ 'ਤੇ ਸਜ ਵੀ ਗਏ ਸਨ।

ਇਸੇ ਕਮਰੇ ਵਿਚ ਇਹ ਦੋਵੇਂ ਜੀਅ ਯੋਗਾ ਦੀਆਂ ਕਲਾਸਾਂ ਵੀ ਲਾਉਂਦੇ ਸਨ। ਹਫਤੇ ਵਿਚ ਦੋ ਦਿਨ ਤੇ ਬਥੇਰੇ ਗੋਰੇ-ਗੋਰੀਆਂ ਆ ਕੇ ਸ਼ਫਾ ਹਾਸਲ ਕਰਦੇ ਸਨ। ਉਂਜ ਵੀ 'ਐਗਨੀ ਆਂਟ' ਸੀ ਕੈਲਾਸ਼ਪੁਰੀ। ਹਰ ਦੁਖੀ ਸਤਾਏ ਹੋਏ ਮਰਦ, ਤੀਵੀਆਂ ਦੀਆਂ ਉਲਝੀਆਂ ਤੰਦਾਂ ਸੁਲਝਾਉਂਦੀ ਜ਼ਿੰਦਗੀ ਦੇ ਕੋਮਲ ਤੋਂ ਕੋਮਲਤਰੀਨ ਅਹਿਸਾਸਾਂ ਨੂੰ ਦੁਲਾਰਨ ਦੀਆਂ ਜਾਚਾਂ ਸਮਝਾਉਂਦੀ। ਕਈ ਟੁੱਟਦੇ ਘਰ ਇਹ ਜੋੜਦੀ ਆ ਰਹੀ ਹੈ।

ਪੌੜੀਆਂ ਚੜ੍ਹ ਰਹੀਆਂ ਸਾਂ ਅਸੀਂ। ਆਪਣਾ ਘਰ ਘਰੌਂਦਾ ਚਾਈਂ-ਚਾਈਂ ਵਿਖਾ ਰਹੀ ਸੀ ਦੀਦੀ। ਸੌਣ ਕਮਰੇ ਸਭ ਉਤਲੀ ਮੰਜ਼ਿਲ 'ਤੇ ਹੁੰਦੇ ਨੇ। ਤਿੰਨ ਮੰਜ਼ਿਲਾ ਮਹੱਲ ਸੀ, ਕੈਲਾਸ਼ ਦੀਦੀ ਦਾ ਤੇ ਹਰ ਮੰਜ਼ਿਲ 'ਤੇ ਪੰਜ ਸੌਣ ਵਾਲੇ ਕਮਰੇ। ਇਕ ਬਾਬਾ ਜੀ ਦਾ ਕਮਰਾ। ਰੋਜ਼ ਆਪ ਪ੍ਰਕਾਸ਼ ਕਰਦੀ ਹੈ ਤੇ ਨੇਮ ਨਾਲ ਦਰਸ਼ਨ ਦੀਦਾਰੇ ਕਰਦੀ ਹੈ।

"ਐਨੇ ਸਾਰੇ ਬੈਡਰੂਮ? ਸਜੇ ਸਜਾਏ ਤਿਆਰ। ਕੀ ਕਰਦੇ ਹੋ? ਝੁੱਗੇ 'ਚੋਂ ਦੋ ਤਾਂ ਤੁਸੀਂ ਜੀਅ ਹੋ?"

ਮੇਰੇ ਸਵਾਲ ਦਾ ਜਵਾਬ ਤਿਆਰ ਸੀ, "ਦੋ ਕਿਉਂ ਆਂ? ਮੇਰੀਆਂ ਬੇਟੀਆਂ, ਪੁੱਤਰ, ਨੂੰਹਾਂ, ਬੱਚੇ। ਕਦੀ ਵੀਕਐਂਡ 'ਤੇ ਆ ਜਾਂਦੇ ਨੇ। ਇੰਡੀਆ ਤੋਂ ਦੋਸਤ-ਮਿੱਤਰ ਆਏ ਹੀ ਰਹਿੰਦੇ ਹਨ।...ਕੌਣ ਨਹੀਂ ਆਇਆ ਇੱਥੇ ਮੇਰੇ ਕੋਲ। ਜਿੰਨੇ ਵੀ ਲੇਖਕ ਇੰਡੀਆ ਤੋਂ ਆਉਂਦੇ ਰਹੇ ਨੇ, ਸਭ ਰਹਿ ਗਏ ਨੇ ਮੇਰੇ ਕੋਲ। ਵੱਡੇ ਤੋਂ ਵੱਡੇ ਦਾ ਨਾਂ ਲੈ। ਗੁਰਬਖਸ਼ ਸਿੰਘ ਪ੍ਰਤੀਲੜੀ, ਨਵਤੇਜ, ਭਾਪਾ ਪ੍ਰੀਤਮ ਸਿੰਘ, ਬਲਵੰਤ ਗਾਰਗੀ, ਅਜੀਤ ਕੌਰ।"

ਉਹ ਲੰਮੀ ਲਿਸਟ ਗਿਣਾਈ ਜਾ ਰਹੇ ਨੇ। ਪਰ ਕਦੀ ਕਿਸੇ ਨੇ ਜਾ ਕੇ ਚੱਜ ਦਾ ਜ਼ਿਕਰ ਨਹੀਂ ਕੀਤਾ, ਤੇ ਜੇ ਕੀਤਾ ਵੀ ਤਾਂ ਨੈਗੇਟਿਵ। ਡਾ. ਥਿੰਦ ਬਹੁਤ ਵਧੀਆ ਇਨਸਾਨ ਨੇ। (ਬਸ ਕਮਾਲ ਨੇ। ਮੈਂ ਤਾਂ ਬਹੁਤਾ ਚਿਰ ਰਹਿ ਨਹੀਂ ਸਕਦੀ ਇੰਡੀਆ। ਮੇਰਾ ਬਹੁਤਾ ਲਿਟਰੇਚਰ ਉਨ੍ਹਾਂ ਦੀ ਦੇਖ-ਰੇਖ ਵਿਚ ਹੀ ਛਪਿਆ ਹੈ। ਪਬਲਿਸ਼ਰਾਂ ਦਾ ਤਾਂ ਮੈਨੂੰ ਪਤਾ ਹੀ ਐ।"

ਕੈਲਾਸ਼ ਦੀਦੀ ਸ਼ਿਕਾਇਤ ਕਰਦਿਆਂ ਕਿਸੇ ਦਾ ਲਿਹਾਜ਼ ਥੋੜ੍ਹਾ ਕਰਦੇ ਨੇ। ਉਹ ਤਾਂ ਜੇ ਆਪਣੀ ਆਈ 'ਤੇ ਆ ਜਾਣ ਤਾਂ ਸਟੇਜ 'ਤੇ ਬੋਲਦਿਆਂ ਵੀ ਸ਼ੁੱਧ ਪੋਠੋਹਾਰੀ ਵਿਚ ਸਭ ਦੀ ਜਹੀ-ਤਹੀ ਫੇਰ ਦਿੰਦੇ ਨੇ। ਭਾਵੇਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਟੇਜ ਹੀ ਕਿਉਂ ਨਾ ਹੋਵੇ।

"ਮੈਂ ਘੱਟ ਲਿਖਿਐ ਕਿਸੇ ਕੋਲੂੰ। ਸੈਕਸ 'ਤੇ ਹੀ ਕਿਤਨੇ ਗ੍ਰੰਥ ਲਿਖ ਚੁਕੀ ਆਂ। ਹੈ ਸੀ ਕਿਸੇ ਹੋਰ ਇੰਡੀਅਨ ਲੇਡੀ ਵਿਚੋਂ ਇੰਨੀ ਜੁਰੱਅਤ? ਜਿਸ ਜ਼ਮਾਨੇ ਤੋਂ ਮੈਂ ਇਸ ਵਿਸ਼ੇ 'ਤੇ ਲਿਖਦੀ ਆ ਰਹੀ ਆਂ? ਤੁਸਾਂ ਸਾਰਿਆਂ 'ਚੋਂ ਕਿਸੇ ਪੜ੍ਹਿਐ ਮੈਨੂੰ? ਕਿਸ ਕਦਰ ਪਾਈ ਐ ਮੇਰੀ? ਕਹਾਣੀਆਂ, ਨਾਵਲ, ਕਵਿਤਾਵਾਂ, ਸਫਰਨਾਮੇ, ਲੇਖ, ਪੇਪਰ, ਅੱਠਵੀਂ ਪੜ੍ਹੀ ਹੋਈ ਮੈਂ।...ਦੁਨੀਆਂ ਦਾ ਕਿਹੜਾ ਅਦਾਰਾ ਐ ਜਿਸ ਦੀ ਮੈਂ ਮੈਂਬਰ ਨਹੀਂ। ਕਿੰਨੀਆਂ ਨੀ ਤੈ ਚੇਅਰਪਰਸਨ ਆਂ। ਹਜ਼ਾਰਾਂ ਮੀਲ ਵਤਨ ਤੂੰ ਦੂਰ ਬੈਠੀ ਆਪਣੀ ਮਾਂ-ਬੋਲੀ ਨੀ ਝੋਲੀ ਲਗਾਤਾਰ ਅੱਖਰਾਂ ਨਾਲ ਭਰ ਰਹੀ ਹਾਂ। ਕੋਈ ਮਜਬੂਰੀ ਐ ਮੇਰੀ? ਗੋਰੇ ਸਿਰ ਅੱਖਾਂ 'ਤੇ ਚੁੱਕੀ ਫਿਰਨੇ ਨੇ.. ਟੀ. ਵੀ. ਤੇ ਰੇਡੀਓ ਪ੍ਰੋਗਰਾਮ ਸਾਹ ਨਹੀਂ ਲੈਣ ਦਿੰਦੇ। ਕਿਤਾਬ ਛਪਨੀ ਪਿੱਛੋਂ ਐ ਵਿਕ ਪਹਿਲਾਂ ਜਾਨੀ ਐਂ...।" ਤੇ ਫਿਰ ਉਹ ਠੇਠ ਅੰਗਰੇਜ਼ੀ ਵਿਚ ਬੋਲੀ ਜਾਂਦੇ ਨੇ, ਜੋਸ਼ ਵਿਚ।

ਕਹਿੰਦੇ ਨੇ ਮੈਂ ਪੰਜਾਬੀ ਵਿਚ ਅੰਗਰੇਜ਼ੀ ਲਫਜ਼ ਜ਼ਿਆਦਾ ਵਰਤਦੀ ਆਂ। ਭਲਾਂ ਇਹ ਵੀ ਕੋਈ ਇਲਜ਼ਾਮ ਐ ਲਾਣ ਵਾਲਾ? ਸੱਠ ਸਾਲ ਹੋ ਗਏ ਨੇ ਇਸ ਮੁਲਕ ਵਿਚ ਰਹਿੰਦਿਆਂ। ਕੁਝ ਤਾਂ ਕਿਆਸ ਕਰੋ ਮੈਂ ਤਾਂ ਫਿਰ ਵੀ ਜਿੰਨੇ ਅੱਖਰ ਪੱਲੇ ਵਿਚ ਬੰਨ੍ਹ ਕੇ ਲਿਆਈ ਸਾਂ, ਉਹ ਤਾਂ ਉਸੇ ਤਰ੍ਹਾਂ ਲਿਸ਼ਕਾ-ਪੁਸ਼ਕਾ ਕੇ ਵਰਤ ਰਹੀ ਆਂ, ਅੱਗੋਂ ਆਪਣੇ ਕੋਲੋਂ ਬੇਸ਼ੁਮਾਰ ਘੜ ਕੇ ਵਰਤੇ ਨੇ। ਇਹ ਤਾਂ ਕੁਦਰਤੀ ਵਰਤਾਰਾ ਹੈ। ਇੰਨੀ ਕੁਝ ਚੇਂਜ ਤਾਂ ਆ ਈ ਜਾਂਦੀ ਹੈ ਨਾ!"

---

ਪਤਾ ਨਹੀਂ ਕਿਹੜੇ ਵੇਲੇ ਦੀਦੀ ਨੇ ਐਨਾ ਵਧੀਆ ਡਿਨਰ ਵੀ ਤਿਆਰ ਕਰ ਲਿਆ। ਜਿਸ ਵੇਲੇ ਮੈਂ ਤੇ ਭਾਪਾ ਜੀ ਸਟੱਡੀ ਵਿਚੋਂ ਉਨ੍ਹਾਂ ਦੀਆਂ ਲਿਖਤਾਂ ਤੇ ਕੰਮਾਂ ਬਾਰੇ ਗੱਲ ਕਰ ਰਹੇ ਸਾਂ, ਉਸ ਵੇਲੇ ਉਹ ਉਠ ਕੇ ਗਏ ਤਾਂ ਸਨ। ਪਰ ਇਹੋ ਜਿਹੀ ਸੁੱਘੜ-ਸੁਚੱਜੀ ਗ੍ਰਹਿਣੀ ਵੀ ਹੈ ਦੀਦੀ, ਕੈਲਾਸ਼ ਦੀਦੀ। ਅੱਜ ਦੀ ਰਾਤ ਸੌਣ ਲਈ ਥੋੜ੍ਹਾ ਹੈ। ਐਨੀ ਲੰਮੀ ਸਿੱਕ ਪਿੱਛੋਂ ਤਾਂ ਮਿਲੀਆਂ ਹਾਂ, ਅਸੀਂ ਦੋਵੇਂ ਪੋਠੋਹਾਰਨਾਂ। ਅੰਮ੍ਰਿਤਸਰ ਯੂਨੀਵਰਸਿਟੀ ਵਿਚ ਇਕ ਸੁਪਨਾ ਲਿਆ ਸੀ ਕਿ ਇਕ ਕਿਤਾਬ ਸਾਂਝੀ ਕੱਢਾਂਗੀਆਂ ਮੈਂ, ਕਾਨਾ ਸਿੰਘ ਤੇ ਕੈਲਾਸ਼ਪੁਰੀ। ਨਾਂ ਰੱਖਾਂਦਗੀਆਂ-ਤ੍ਰੈਪੋਠੋਹਾਰਨਾਂ।" ਉਹ ਸੁਪਨਾ ਮਰ ਗਿਆ। ਦੂਰ ਕਿਤੇ ਦਫਨ ਹੋ ਗਿਆ ਹਵਾ ਹੀ ਕੁਝ ਐਸੀ ਵਗੀ।

---

ਰਾਤੀਂ ਕੈਲਾਸ਼ ਦੀਦੀ ਚਿੱਠੀਆਂ ਦੇ ਬੰਡਲ ਤੇ ਫਾਈਲਾਂ ਦੇ ਢੇਰ ਹੇਠਾਂ ਕਾਲੀਨ 'ਤੇ ਹੀ ਲਾ ਦਿੰਦੇ ਨੇ। ਪੜ੍ਹ ਜ਼ਰਾ ਜਿਹੋ ਜਿਹੀਆਂ ਚਿੱਠੀਆਂ ਮੈਨੂੰ ਆਉਂਦੀਆਂ ਨੇ। ਐਹ ਸਾਰੀਆਂ ਸ਼ੁਕਰਾਨੇ ਵਜੋਂ, ਜਿਨ੍ਹਾਂ ਦੀ ਸੈਕਸੁਅਲ ਜ਼ਿੰਦਗੀ ਖੁਸ਼ਹਾਲ ਤੇ ਭਰਪੂਰ ਹੋਈ, ਮੇਰੇ ਲੇਖ ਪੜ੍ਹ-ਪੜ੍ਹ ਕੇ, ਦੋਵੇਂ ਈ ਨੇ-ਔਰਤਾਂ ਵੀ ਤੇ ਮਰਦ ਵੀ। ਕਿੰਨਾ ਅਹਿਮ ਮਸਲਾ ਹੈ ਜ਼ਿੰਦਗੀ ਦਾ, ਤੇ ਅਸੀਂ ਇਸ ਬਾਰੇ ਗੱਲ ਕਰਨ ਤੋਂ ਤ੍ਰਹਿੰਦੇ ਹਾਂ-ਸ਼ਰਮ ਮੰਨਦੇ ਹਾਂ।

---

ਦੂਜੀ ਵਾਰੀ ਜਦ ਮੈਂ ਉਨ੍ਹਾਂ ਨੂੰ ਲੰਡਨ 'ਹੈਵਨ ਗਰੀਨ ਕੋਰਟ' ਉਨ੍ਹਾਂ ਦੇ ਫਲੈਟ ਵਿਚ ਮਿਲਣ ਗਈ ਤਾਂ ਸਭ ਕੁਝ ਬਦਲ ਚੁਕਾ ਸੀ। ਕਿਹੜਾ ਸਵਰਗ ਤੇ ਕਿਹੜੀ ਹਰਿਆਲੀ? ਵੇਖਣ ਨੂੰ ਆਪਣੇ ਨਾਂ ਵਰਗੀ ਹੀ ਥਾਂ ਸੀ, ਉਹ ਪਰ ਅਜਿਹੀ ਅੱਗ ਲੱਗੀ, ਜਿਸ ਸਭ ਕੁਝ ਝੁਲਸ ਕੇ ਰੱਖ ਦਿੱਤਾ। ਐਸੀ ਗੜ੍ਹੇਮਾਰ ਹੋਈ ਕਿ ਹਰਾ-ਭਰਾ ਦਰਖਤ ਰੁੰਡ-ਮੁੰਡ ਹੋ ਗਿਆ। ਬਾਹਰਲੇ ਦਰਵਾਜੇ ਦਾ ਨੰਬਰ ਡਾਇਲ ਕਰਦਿਆਂ ਦਰਵਾਜਾ ਖੁੱਲ੍ਹਿਆ, ਅੰਦਰ ਦੇ ਦਰਵਾਜੇ ਦਾ ਕੁੰਡਾ ਫੜੀ ਉਜੜੀ-ਪੁੱਜੜੀ ਦੀਦੀ ਅੱਖਾਂ ਵਿਚ ਅੱਥਰੂ ਭਰੀ ਧਾ ਕੇ ਮਿਲੀ ਤੇ ਰੋਕਦਿਆਂ ਰੋਕਦਿਆਂ ਵੀ ਉਸ ਦੀਆਂ ਚੀਕਾਂ ਨਿਕਲ ਗਈਆਂ, "ਵੇਖ, ਕਿੰਜ ਛੋੜ ਕੇ ਚਲੇ ਗਏ ਨੇ ਮੈਨੂੰ। ਹਿੱਕ ਵਾਰ ਨਹੀਂ ਜੇ ਸੋਚਿਆ ਕਿ ਕਿੰਜ ਸਾਹ ਲੈਸੀ ਮੇਰੇ ਬਿਨਾ। ਹਿੱਕ ਪਲ ਵਿਸਾਹ ਨਹੀਂ ਸਨ ਖਾਨੇ ਮੇਰਾ। ਪਹਿਲਾਂ ਮੈਨੂੰ ਅਸਮਾਨ 'ਤੇ ਚਾੜ੍ਹਿਆ ਨੇ ਤੈ ਫਿਰ ਥੱਲੇ ਸੁੱਟ ਕੇ ਆਪ ਪਤਾ ਨਹੀਂ ਕਿਹੜੇ ਚੰਨਾਂ ਸੂਰਜਾਂ ਕੀ ਜਾ ਮਲਿਆ ਨੇ। ਐਡੇ ਦਾਈਏ ਬੰਨ੍ਹਣੇ ਸਨ। ਜਾਣ ਵੇਲੇ ਪਿੱਛੇ ਮੁੜ ਕੇ ਨਹੀਂ ਨੇ ਵੇਖਿਆ। ਚੁੱਪ-ਚਾਪ ਚਲੇ ਗਏ। ਕੁਝ ਬੋਲੇ ਈ ਨਈਂ। ਕੁਝ ਦੱਸਿਆ ਈ ਨਹੀਂ ਕਿ ਮੈਂ ਕੇਅ ਕਰਸਾਂ!"

ਉਨ੍ਹਾਂ ਦੀਆਂ ਅੱਖਾਂ 'ਚੋਂ ਸਾਵਣ ਵੱਸ ਰਿਹੈ। ਅੱਖਰ ਵੈਣਾਂ ਦਾ ਵੇਸ ਬਦਲ ਬਦਲ ਮੈਨੂੰ ਭਿਉਂ ਰਹੇ ਨੇ। ਮੈਂ ਉਨ੍ਹਾਂ ਨੂੰ ਆਪਣੇ ਨਾਲ ਘੁੱਟ ਕੇ ਅੱਥਰੂ ਪੂੰਝ ਰਹੀ ਹਾਂ। ਮੂੰਹ ਚੁੰਮ ਰਹੀ ਆਂ...ਹੱਥ ਚੁੰਮ ਰਹੀ ਹਾਂ। ਸਾਰੇ ਲਫਜ਼ ਪੱਥਰ ਹੋ ਗਏ ਨੇ। ਕੀ ਬੋਲਾਂ...?



*ਕੈਲਾਸ਼ ਪੁਰੀ ਆਪਣੇ ਪਤਨੀ ਗੋਪਾਲ ਸਿੰਘ ਪੁਰੀ ਨਾਲ*

ਬਹੁਤ ਖੂਬਸੂਰਤ ਫਲੈਟ ਹੈ। ਤਿੰਨ ਬੈਡਰੂਮ ਨੇ। ਸਟੱਡੀ ਹੈ, ਲੌਬੀ ਹੈ, ਛੋਟਾ ਜਿਹਾ ਡਰਾਇੰਗ ਰੂਮ ਹੈ, ਕਿਚਨ ਹੈ, ਨਿੱਕਾ ਜਿਹਾ ਸਾਫ ਸੁਥਰਾ। ਪਰ ਕਿੱਥੇ ਇਹ ਤੇ ਕਿੱਥੇ ਉਹ? ਸਾਰਾ ਸਾਮਾਨ ਉਘੜ-ਦੁੱਘੜਿਆ ਪਿਐ। ਕਿਤਾਬਾਂ ਦੇ ਬੰਡਲ ਮੇਜ਼ਾਂ ਤੇ ਕੁਰਸੀਆਂ 'ਤੇ। ਹੇਠਾਂ ਕਾਲੀਨ 'ਤੇ ਪਏ ਨੇ। ਬੈਡਰੂਮ ਵਿਚ ਵੀ ਇਹ ਹੀ ਹਾਲ ਹੈ। ਕੱਪੜੇ, ਕੰਬਲ, ਨਿੱਕ-ਸੁੱਕ ਤੇ ਕਿਤਾਬਾਂ। ਇਤਬਾਰ ਨਹੀਂ ਆ ਰਿਹਾ ਕਿ ਇਹ ਉਹੀ ਗ੍ਰਹਿਣੀ ਹੈ। ਕਿਹਾ ਗ੍ਰਹਿਣ ਲੱਗ ਗਿਐ ਇਸ ਨੂੰ? ਕੀ ਇਹ ਉਹੀ ਹੈ ਜਿਹੜੀ ਕੁਝ ਸਾਲ ਪਹਿਲਾਂ ਮੈਨੂੰ ਮਿਲੀ ਸੀ?

"ਚਾਰ-ਪੰਜ ਮਹੀਨੇ ਹੋ ਗਏ ਨੇ ਸ਼ਿਫਟ ਕੀਤਿਆਂ...ਮੇਰੇ ਬੱਚਿਆਂ ਵਾਸਤੇ ਮੁਸ਼ਕਿਲ ਹੋ ਗਈ ਸੀ। ਬਹੁਤ ਦੂਰ ਪੈ ਜਾਂਦੈ ਲਿਵਰਪੁਲ ਤੇ ਉਸ ਘਰ ਵਿਚ ਇਕੱਲਿਆਂ ਰਹਿਣਾ ਉਨ੍ਹਾਂ ਬਿਨਾ? ਘਰ ਪੱਟਣਾ ਸੌਖਾ ਤੇ ਨਹੀਂ ਸੀ, ਬੇਸ਼ੁਮਾਰ ਸਮਾਨ ਲੋਕਾਂ ਵਿਚ ਵੰਡ ਕੇ ਆਈ ਆਂ। ਕਿਤਨਾ ਤੇ ਦਾਨ ਦੁਕਾਨਾਂ 'ਤੇ ਭੇਜਿਐ। ਇਕ ਤਰ੍ਹਾਂ ਦੇ ਕਈ ਕਈ ਵਲੇਵੇ ਤਾਂ ਸਨ ਮੇਰੇ ਕੋਲ। ਇਥੇ ਕਿਹੜਾ ਥਾਂ ਹੈ ਰੱਖਣ ਲਈ। ਤੇ ਮੈਂ ਹੁਣ ਕਰਨੇ ਵੀ ਕੇਅ ਨੇ? ਮੈਂ ਤਾਂ ਤਿੰਨ-ਤਿੰਨ ਦਿਨ ਰੋਟੀ ਨਹੀਂ ਬਣਾਉਂਦੀ, ਜਿਵੇਂ ਕਿਵੇਂ ਸਾਰ ਲੈਂਦੀ ਆਂ। ਕਿਸ ਜੋਗੀ ਬਣਾਵਾਂ। ਖਾਣ ਦੇ ਸ਼ੌਕੀ ਤਾਂ ਗਏ।" ਤੇ ਉਸ ਦੀਆਂ ਅੱਖਾਂ ਫਿਰ ਡੁੱਲ੍ਹੂੰ-ਡੁੱਲ੍ਹੂੰ ਕਰ ਰਹੀਆਂ ਹਨ।

ਸ਼ਾਮ ਤੱਕ ਉਨ੍ਹਾਂ ਦੀਆਂ ਦੋ-ਤਿੰਨ ਸਹੇਲੀਆਂ ਮੈਨੂੰ ਮਿਲਣ ਆ ਜਾਂਦੀਆਂ ਨੇ, ਜਿਨ੍ਹਾਂ ਨੂੰ ਉਨ੍ਹਾਂ ਮੇਰੇ ਆਉਣ ਬਾਰੇ ਇਤਲਾਹ ਦਿੱਤੀ ਹੋਈ ਹੈ। ਰਾਤੀਂ 7-8 ਅਦੀਬ ਜੁੜ ਜਾਂਦੇ ਨੇ। ਸਭ ਲਈ ਖਾਣਾ ਉਨ੍ਹਾਂ ਪਹਿਲਾਂ ਹੀ ਬਣਾ ਕੇ ਰੱਖਿਆ ਹੋਇਐ। ਚਾਹ, ਕੌਫੀ, ਡ੍ਰਿੰਕਸ ਨਾਲ ਕਵਿਤਾਵਾਂ ਦਾ ਦੌਰ ਚਲਦਾ ਹੈ। ਇਕ ਕਹਾਣੀ ਮੈਂ ਵੀ ਪੜ੍ਹਦੀ ਹਾਂ।

ਵੰਨ-ਸੁਵੰਨੇ ਖਾਣਿਆਂ ਨਾਲ ਰਸੋਈ ਦਾ ਨਿੱਕਾ ਜਿਹਾ ਖਾਣ-ਮੇਜ਼ ਸਜਿਆ ਪਿਐ। ਉਥੋਂ ਹੀ ਪਲੇਟਾਂ ਵਿਚ ਪਾ ਕੇ ਕੁਝ ਕੁਰਸੀਆਂ 'ਤੇ ਬਹਿ ਗਏ ਨੇ ਤੇ ਕੁਝ ਖਲ੍ਹੋ ਕੇ ਖਾ ਰਹੇ ਨੇ। ਇਕ ਸਾਈਡ ਸਲੈਬ 'ਤੇ ਫੋਟੋਸਟੈਟ ਤੇ ਟਾਈਪਿੰਗ ਮਸ਼ੀਨ ਪਈ ਸੀ। ਇਥੇ ਬਹਿ ਕੇ ਹੀ ਲਿਖਦੇ ਤੇ ਡਿਸਪੈਚ ਕਰਦੇ ਨੇ ਫਿਲਹਾਲ।

"ਹੁਣ ਤੂੰ ਰਹਿਣੈਂ ਮੇਰੇ ਕੋਲ। ਘੱਟੋ-ਘੱਟ ਇਕ ਹਫਤਾ ਮੈਂ ਤੈਨੂੰ ਜਾਣ ਨਹੀਂ ਦੇਣਾ। ਮੇਰੇ ਕੋਲ ਬਹਿ ਕੇ ਲਿਖ। ਵੇਖ, ਮੇਰੀਆਂ ਨਵੀਆਂ ਕਿਤਾਬਾਂ ਆ ਗਈਆਂ ਨੇ। ਇਨ੍ਹਾਂ ਬਾਰੇ ਲੇਖ। ਹਾਲੀ ਦੋ ਹੋਰ ਪਈਆਂ ਨੇ ਪ੍ਰੈਸ ਵਿਚ।"

ਜਦੋਂ ਵੀ ਭਾਰਤ ਆਉਂਦੇ ਨੇ, ਮੁਹਾਲੀ ਤਾਂ ਆਉਂਦੇ ਹੀ ਨੇ। ਜਿਹੋ ਜਿਹੀ ਕੈਲਾਸ਼ ਪੁਰੀ ਪੰਜਾਹ ਸਾਲ ਪਹਿਲਾਂ ਕਾਨਪੁਰ ਵੇਖੀ ਸੀ, ਉਹੋ ਜਿਹੀ ਗੋਰੀ ਚਿੱਟੀ। ਨੀਲੀਆਂ ਅੱਖਾਂ, ਸੁਤਵੇਂ ਨਕਸ਼, ਮਿੱਠ ਬੋਲੜੀ, ਨਿੱਘੀ ਤੇ ਸਿਆਣਪਾਂ ਭਰੀ ਅੱਜ ਵੀ ਉਨ੍ਹਾਂ ਦੇ ਮਹਿਬੂਬ ਪਤੀ ਉਵੇਂ ਦੇ ਉਵੇਂ ਉਨ੍ਹਾਂ ਵਿਚੋਂ ਜਿਉਂਦੇ ਦਿਸ ਰਹੇ ਨੇ।

---

7 ਜੂਨ 2017: ਕੱਲ੍ਹ ਦੁਪਹਿਰ ਫੋਨ 'ਤੇ ਗੱਲ ਹੋਈ। ਮੇਰੇ ਵੱਲੋਂ ਹੀ ਘੌਲ ਹੋ ਗਈ ਤੇ ਕੁਝ ਉਹ ਵੀ ਹੁਣ ਬਹੁਤੇ ਬਜ਼ੁਰਗ ਹੋ ਗਏ ਨੇ, ਭਾਵੇਂ ਕਲਮ ਹਾਲੀ ਵੀ ਚਲ ਰਹੀ ਹੈ। ਪਹਿਲਾਂ ਦੋ-ਤਿੰਨ ਵਾਰੀ ਫੋਨ 'ਤੇ ਸੰਪਰਕ ਨਹੀਂ ਸੀ ਹੋ ਸਕਿਆ। ਕੱਲ੍ਹ ਉਨ੍ਹਾਂ ਗਿਲਾ ਕੀਤਾ ਤਾਂ ਮੈਂ ਬੇਕਸੂਰ ਹੁੰਦਿਆਂ ਵੀ ਮੁਆਫੀ ਮੰਗੀ। ਏਨਾ ਤਾਂ ਪਿਆਰ ਕਰਦੇ ਨੇ। ਇਹੀ ਕਹਿੰਦੇ ਰਹੇ, "ਤੂੰ ਆ ਜਾ ਮੇਰੇ ਕੋਲ। ਤੈਨੂੰ ਕੋਈ ਔਖ ਨਹੀਂ ਹੋਣ ਲੱਗੀ। ਆਰਾਮ ਨਾਲ ਬਹਿ ਕੇ ਲਿਖੀਂ ਤੇ ਦੋਵੇਂ ਬਹੁਤ-ਬਹੁਤ ਗੱਲਾਂ ਕਰਸਾਂ।"

ਤੇ ਮੈਂ ਉਸ ਖੰਭੇ ਦੇ ਕਿਆਸ ਕਰ ਰਹੀ ਹਾਂ, ਜਿਸ ਦੇ ਉਤਲੇ ਸਿਰੇ 'ਤੇ ਹਾਲੀ ਵੀ ਭਰਪੂਰ ਰੋਸ਼ਨੀ ਜਗ ਰਹੀ ਏ, ਪਰ ਟੋਏ 'ਚੋਂ ਹੇਠਲਾ ਹਿੱਸਾ ਹਿੱਲ ਰਿਹੈ। ਡਗਮਗਾ ਰਿਹੈ। ਹੁਣ ਆਵਾਜ਼ ਵੀ ਥਿੜਕ ਰਹੀ ਹੈ, ਪਰ ਮੈਨੂੰ ਪਤੈ ਬੇਕਦਰਾਂ ਨੂੰ ਹਾਲੀ ਵੀ ਉਹ ਇਕੋ ਪੋਠੋਹਾਰੀ ਲਲਕਾਰ ਨਾਲ ਠੰਢਾ ਕਰ ਸਕਦੇ ਨੇ। ਉਮਰ ਦੇ ਆਖਰੀ ਵਰ੍ਹਿਆਂ ਨੇ ਗਲਬਾ ਪਾਇਆ ਹੋਇਐ। ਉਨ੍ਹਾਂ ਦੀ ਸਿਹਤ ਲਈ ਅਰਦਾਸ ਕਰਦੀ ਹਾਂ।

13 ਜੂਨ ਨੂੰ ਫੋਨ ਆਇਆ ਕਿ ਕੈਲਾਸ਼ ਪੁਰੀ ਨਹੀਂ ਰਹੇ। ਵਕਤ ਸੀ ਜਾਣ ਦਾ। ਬੜੀ ਸੋਹਣੀ ਉਮਰ ਪੁਗਾ ਕੇ ਗਏ ਨੇ। ਪਰ ਮੈਨੂੰ ਹੌਲ ਕਿਉਂ ਪੈ ਰਹੇ ਸਨ। ਤੇਰਾਂ ਤਾਰੀਖ ਮੈਂ ਉਨ੍ਹਾਂ ਨੂੰ ਫੋਨ ਮਿਲਾ-ਮਿਲਾ ਕੇ ਹਫ ਗਈ ਤੇ ਅਖੀਰ ਮੈਸਿਜ ਭੇਜਿਆ ਕਿ ਪਲੀਜ਼ ਦੀਦੀ ਮੇਰੇ ਨਾਲ ਗੱਲ ਕਰੋ। ਘੱਟੋ-ਘੱਟ ਫੋਨ 'ਤੇ ਆਪਣਾ ਹਾਲ ਤਾਂ ਦੱਸੋ। ਪਰ ਦੀਦੀ ਤਾਂ ਉਸ ਵੇਲੇ ਇਸ ਜਹਾਨ 'ਤੇ ਨਹੀਂ ਸੀ। ਬਹੁਤ ਸਾਰਾ ਸਾਹਿਤ ਉਨ੍ਹਾਂ ਦਾ ਪੜ੍ਹਿਆ ਹੈ ਤੇ ਕੁਝ ਮੇਰੇ ਕੋਲ ਸਾਂਭਿਆ ਪਿਐ। ਕੁਝ ਬੇਈਮਾਨ ਚੁਰਾ ਕੇ ਵੀ ਲੈ ਗਏ, ਪਰ ਉਨ੍ਹਾਂ ਦਾ ਲਿਖਿਆ ਨਾਵਲ 'ਕਾਲਾ ਮਣਕਾ' ਕਲਾਸਿਕ ਹੈ। ਪਤਾ ਨਹੀਂ ਉਸ ਦਾ ਜ਼ਿਕਰ ਕਿਉਂ ਨਹੀਂ ਹੋਇਆ ਸਾਡੇ ਸਾਹਿਤ ਜਗਤ 'ਚ।

**ਸਾਡਾ ਵਿਰਸਾ ਸਾਡਾ ਮਾਣ**

# ਸ਼ੇਰੇ-ਪੰਜਾਬ ਦੀ ਪੋਤੀ

***ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਇਸ ਵਿਚ ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚੋਂ ਨਿਕਲੇ ਦੋ ਪਰਚਿਆਂ 'ਸੁਦੇਸ਼ ਸੇਵਕ' ਅਤੇ 'ਸੰਸਾਰ' ਦਾ ਜ਼ਿਕਰ ਮਿਲਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ 'ਸੁਦੇਸ਼ ਸੇਵਕ' (1909 ਤੋਂ 1911 ਤੱਕ ਛਪਿਆ) ਅਤੇ 'ਸੰਸਾਰ' (ਸਤੰਬਰ 1912 ਤੋਂ ਜੁਲਾਈ 1914 ਤੱਕ ਛਪਿਆ) ਵਿਚ ਛਪੀਆਂ ਲਿਖਤਾਂ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ। ਇਨ੍ਹਾਂ ਲਿਖਤਾਂ ਵਿਚ ਉਸ ਵਕਤ ਪਰਦੇਸ ਪੁੱਜੇ ਜਿਉੜਿਆਂ ਵੱਲੋਂ ਹੰਢਾਈਆਂ ਮੁਸੀਬਤਾਂ ਦਾ ਪਤਾ ਲਗਦਾ ਹੈ। ਇਨ੍ਹਾਂ ਲਿਖਤਾਂ ਦੇ ਸ਼ਬਦ-ਜੋੜ ਤੇ ਵਾਕ ਬਣਤਰ ਜਿਉਂ ਦੇ ਤਿਉਂ ਰੱਖੇ ਗਏ ਹਨ ਤਾਂ ਕਿ ਉਸ ਵਕਤ ਦੀ ਪੰਜਾਬੀ ਦੇ ਦਰਸ਼ਨ-ਦੀਦਾਰ ਹੋ ਸਕਣ। -ਸੰਪਾਦਕ***

ਸਾਡੀ ਕੌਮ ਵਿਚ ਰਾਜ ਭਾਗ ਦੀ ਤਾਕਤ ਲਿਆਉਣ ਵਾਲੇ ਖਾਲਸਾ ਰਾਜ ਦੇ ਬਾਨੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਉਮਰ ਕੈਦ ਰਹੇ, ਮਰ ਮਿਟੇ, ਸਾਡੇ ਮਹਾਰਾਜਾ ਦਲੀਪ ਸਿੰਘ ਜੀ ਦੀ ਧੀ ਪ੍ਰਿੰਸਸ ਸੋਫੀਆ ਦਲੀਪ ਸਿੰਘ ਨੇ 30 ਦਸੰਬਰ ਨੂੰ ਲੰਡਨ ਵਿਚ ਟੈਕਸ ਜਾਂ ਹਾਲਾ ਭਰਨ ਤੋਂ ਨਾਂਹ ਕਰ ਦਿੱਤੀ ਹੈ। ਇਹ ਬੀਬੀ ਵੀ ਵੋਟ ਦਾ ਹੱਕ ਮੰਗਣ ਵਾਲੀਆਂ ਔਰਤਾਂ ਦੀ ਸਾਥਨ ਹੈ ਤੇ ਹਾਲਾ ਨਾ ਤਾਰਨ ਵਾਲੀਆਂ ਤੀਵੀਆਂ ਦੇ ਜੱਥੇ ਦੀ ਮੈਂਬਰ ਹੈ। ਕਚਹਿਰੀ ਵਿਚ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਨੇ ਗੱਜ ਕੇ ਕਿਹਾ ਕਿ ਜਦ ਸਰਕਾਰ ਮੈਨੂੰ ਸਿਟੀਜ਼ਨ ਮੰਨੇਗੀ (ਅਰਥਾਤ ਵੋਟ ਦੇਣ ਦਾ ਹੱਕ ਦੇਵੇ) ਤਾਂ ਮੈਂ ਉਨ੍ਹਾਂ ਖਰਚਾਂ ਦਾ ਹਿੱਸਾ ਭੀ ਦਿਆਂਗੀ ਜਿਸ ਨਾਲ ਰਾਜ ਦਾ ਕੰਮ ਚਲਦਾ ਹੈ, ਪਰ ਜੇ ਵੋਟ ਦੀ ਵਾਰੀ ਮੈਨੂੰ ਕੁਝ ਨਹੀਂ ਸਮਝਿਆ ਜਾਂਦਾ ਤਾਂ ਹਾਲਾ ਭਰਨ ਦੀ ਵਾਰੀ ਭੀ ਮੈਂ ਉਹ ਹੀ ਸ਼ੈ ਹਾਂ! ਭਾਵੇਂ ਮਹਾਰਾਜਾ ਦਲੀਪ ਸਿੰਘ ਨਿਆਣੀ ਉਮਰ ਤੋਂ ਹੀ ਇੰਗਲੈਂਡ ਵਿਚ ਰਹਿਣ ਕਰਕੇ ਤੇ ਮਾੜੇ ਭਾਗਾਂ ਨੂੰ ਗਲ ਪਈ ਕੁਸੰਗਤ ਕਰਕੇ ਈਸਾਈ ਹੋ ਗਿਆ ਸੀ, ਪਰ ਖਾਲਸਾ ਜੀ ਦਾ ਲਹੂ ਤਾਂ ਮਹਾਰਾਜਾ ਰਣਜੀਤ ਸਿੰਘ ਬਲੂਰ ਪੁੱਤਰ ਦੀ ਧੀ ਵਿਚ ਕਾਇਮ ਸੀ। ਭਾਵੇਂ ਜਾਇਦਾਦ ਜਬਰੀ ਜਾਏ, ਪਰ ਹੱਕ ਲੈਣ ਲਈ ਸਿਦਕ ਨਾਲ ਖਲੋਂਦੀ ਹੈ।

ਕਿਥੇ ਕੈਨੇਡਾ ਨਿਵਾਸੀ ਖਾਲਸਾ ਜੀ ਜਿਹੜੇ ਗਵਰਨਮੈਂਟ ਨੂੰ ਹਜ਼ਾਰਾਂ ਡਾਲੇ ਟੈਕਸ ਭਰਦੇ ਹਨ, ਪਰ ਇਹ ਪੁੱਛਣ ਲਈ ਕਿ ਉਹ ਕਿਥੇ ਖਰਚ ਹੁੰਦਾ ਹੈ, ਇਨ੍ਹਾਂ 'ਤੇ ਕੁਝ ਨਹੀਂ ਸਰਦਾ। ਇਹੋ ਜਿਹੇ ਸੱਚੇ ਮਨਸੂਬੇ ਧਾਰਨੇ ਸਚਮੁੱਚ ਡਾਢੇ ਔਖੇ ਹਨ ਤੇ ਫੇਰ ਇੰਡੀਆ ਦੇ ਗੁਲਾਮਾਂ ਤੇ ਆਰਾਮ ਵਿਚ ਪਿਆਂ ਲਈ ਤਾਂ ਬੇਅੰਤ ਕਣ ਜਾਪਦੇ ਹਨ।

ਖਾਲਸਾ ਜੀ! ਹੁਣ ਤਾਂ ਤੁਹਾਡੀ ਪ੍ਰਦੇਸਣ ਪੁੱਤਰੀ ਸ਼ਰਮ ਦਿੰਦੀ ਹੈ। ਹੁਣ ਤਾਂ ਕੈਨੇਡਾ ਵਿਚ ਵੋਟ ਦਾ ਹੱਕ ਲੈਣ ਲਈ ਕੁਝ ਉਦਮ ਕਰੋ।

### ਇਕ ਹੋਰ ਫੰਦਾ

ਕਿਸੇ ਨੂੰ ਧੋਖਾ ਦੇਣਾ ਜਾਂ ਇਕਰਾਰ ਕਰਕੇ ਮੁਕਰ ਜਾਣਾ, ਇਹ ਕਾਨੂੰਨੀ ਜੁਰਮ ਹਨ, ਪਰ ਜਦ ਕੋਈ ਗਵਰਨਮੈਂਟ ਖੁਦ ਇਸ ਤਰ੍ਹਾਂ ਕਰੇ ਤਾਂ ਇਹਨੂੰ ਜੁਰਮ ਨਹੀਂ ਕਹਿੰਦੇ ਸਗੋਂ ਰਾਜਨੀਤੀ ਕਹਿੰਦੇ ਹਨ। ਚਾਰ ਸਾਲ ਹਿੰਦੁਸਤਾਨੀਆਂ ਦੀਆਂ ਅੱਖਾਂ ਵਿਚ ਘਟਾ ਪਾ ਕੇ ਕੈਨੇਡਾ ਦੀ ਸਰਕਾਰ ਨੇ ਝੂਠੇ ਕਾਨੂੰਨ ਜੋ ਅੰਤ ਕਚਹਿਰੀ ਵਿਚ ਝੂਠਾ (ਸਾਬਤ) ਹੋਇਆ ਹੈ ਤੇ ਜਿਸ ਨੂੰ ਆਪ ਗਵਰਨਮੈਂਟ ਨੇ ਮੰਨ ਲਿਆ ਹੈ, ਨਾਲ ਚੰਗੀ ਤਰ੍ਹਾਂ ਰਗੜਿਆ। ਜਿਸ ਦਿਨ ਦਾ ਜੱਜ ਨੇ ਹਿੰਦੂਆਂ 'ਤੇ ਵਰਤੇ ਜਾ ਰਹੇ ਇਮੀਗਰੇਸ਼ਨ ਦੇ ਕਾਨੂੰਨ ਨੂੰ ਨਕੰਮਾ ਦੱਸਿਆ, ਉਸੀ ਦਿਨ ਤੋਂ ਕੈਨੇਡਾ ਵਿਚ ਹਰ ਥਾਂ 'ਤੇ ਰੌਲੇ ਪੈ ਰਹੇ ਸਨ। ਪਾਰਲੀਮੈਂਟ ਦੇ ਮੈਂਬਰਾਂ, ਅਖਬਾਰਾਂ ਵਾਲਿਆਂ ਤੇ ਹੋਰ ਗਵਰਨਮੈਂਟ ਦੇ ਆਗੂਆਂ ਲਈ ਤਾਂ ਇਕ ਬੜਾ ਉਪਮਾ ਖੱਟਣ ਦਾ ਮੌਕਾ ਸੀ। ਹਰ ਪਾਸੇ ਰੱਜ ਕੇ ਹਿੰਦੂਆਂ ਨੂੰ ਗਾਲੀਆਂ ਦਿੱਤੀਆਂ ਗਈਆਂ ਤੇ ਹਿੰਦੂਆਂ ਦੇ ਆ ਵੜਨ ਨਾਲ ਇਸ ਦੇਸ਼ ਦੇ ਰੁੜ੍ਹ ਜਾਣ ਦੇ ਅਲੰਕਾਰ ਬਣ ਕੇ ਦੱਸੇ ਗਏ। ਇਕ ਇਕ ਜਹਾਜ਼ ਵਿਚ ਚੀਨੇ ਅੱਠ ਅੱਠ ਸੌ ਆ ਰਹੇ ਹਨ। ਕਿਸੇ ਮੈਂਬਰ ਜਾਂ ਵਜ਼ੀਰ ਦੇ ਕੰਨ 'ਤੇ ਜੂੰ ਤਕ ਨਹੀਂ ਖਿਸਕਦੀ, ਪਰ ਜੇ ਇਕ ਭੀ ਹਿੰਦੀ ਬ੍ਰਿਟਿਸ਼ ਕੋਲੰਬੀਆ ਦੀ ਹੱਦ 'ਤੇ ਪੁੱਜਾ ਤਾਂ ਸਾਰਿਆਂ ਨੇ ਰੌਲਾ ਪਾਇਆ ਕਿ ਇੰਡੀਆ ਦੇ ਤੇਤੀ ਕਰੋੜ ਵਸਨੀਕ ਘਰ ਬਾਰ ਛੱਡ ਕੇ ਹਾਂਗਕਾਂਗ ਆ ਗਏ ਹਨ। ਝੂਠ ਤੂਫਾਨ ਤੋਲਣੇ ਆਪਣੇ ਆਦਮੀ ਲਈ ਸ਼ਰਮ ਹੈ, ਪਰ ਕੌਣ ਪੁੱਛਦਾ ਹੈ। ਇਥੋਂ ਤਾਂਈਂ ਕਿ ਇਸ ਮੌਕੇ ਵਿਕਟੋਰੀਏ ਵੱਲੋਂ ਪਾਰਲੀਮੈਂਟ ਦੇ ਮੈਂਬਰ ਮਿਸਟਰ ਬਰਨਰਡ ਸਾਹਿਬ ਨੇ ਭੀ ਜੋ ਸਦਾ ਮੌਨ ਰੂਪ ਰਹੇ ਹਨ, ਉਪਮਾ ਖੱਟਣ ਦਾ ਮੌਕਾ ਤਾੜਿਆ ਤੇ ਆਪ ਨੇ ਭੀ ਚੁਕੰਨਾ ਕੀਤਾ ਤੇ ਆਖਿਆ ਕਿ ਮੈਂ ਭੀ ਹਿੰਦੂਆਂ ਦੇ ਇਸ ਦੇਸ਼ ਵਿਚ ਵੜਨ ਦੇ ਸਖਤ ਵਿਰੁਧ ਹਾਂ। ਮਿਸਟਰ ਸਟੀਵਨਜ਼ ਤੇ ਕਈ ਹਮਜੋਲੀਆਂ ਨੂੰ ਤਾਂ ਹਿੰਦੂਆਂ ਨੂੰ ਗਾਲਾਂ ਦੇਣ ਦੇ ਮਾਅਰਕੇ ਵਿਚ ਚੰਗੀ ਵਡਿਆਈ ਮਿਲੀ। ਆਮ ਕਰਕੇ ਪਿਛਲੇ ਚਾਰ ਸਾਲ ਪਰ ਹੁਣ ਦੋ ਹਫਤੇ ਤਾਂ ਖਾਸਾ ਧੁਮਚੱੜ ਪਿਆ ਤੇ ਅੰਤ ਮੇਰੀ ਜਾਨ ਗਈ। ਆਪ ਦੀ ਅਦਾਲਤ ਦੇ ਆਖਣ ਅਨੁਸਾਰ ਹਿੰਦੂਆਂ ਨੂੰ ਇਕ ਨਵੇਂ ਆਰਡਰ, ਇਕ ਕੌਂਸਲ ਕਾਨੂੰਨ ਨਾਲ 31 ਮਾਰਚ 1914 ਤਕ ਬ੍ਰਿਟਿਸ਼ ਕੋਲੰਬੀਆ ਵਿਚ ਵੜਨ ਤੋਂ ਰੋਕਿਆ ਗਿਆ ਹੈ। ਪਹਿਲਾਂ ਕਾਨੂੰਨ ਝੂਠਾ ਸੀ। ਫੰਦਾ ਸੀ। ਹੁਣ ਉਸ 'ਤੇ ਇਕ ਇਕ ਹੋਰ ਫੰਦਾ ਸਿੱਟਿਆ ਗਿਆ ਹੈ ਤੇ ਇਥੇ 15 ਦਸੰਬਰ ਤੋਂ ਜਾਰੀ ਹੋ ਗਿਆ ਹੈ।

### ਟੱਬਰ ਮੰਗਵਾਉਣ ਦਾ ਮੁਕੱਦਮਾ

ਇਹ ਤਾਂ ਹੁਣ ਪ੍ਰਤੱਖ ਹੈ ਕਿ ਗਵਰਨਮੈਂਟ ਸਾਡੀ ਕੌਮ ਨੂੰ ਕਮਜ਼ੋਰ ਸਮਝ ਕੇ ਸਾਡੇ ਉਤੇ ਧੱਕੇਬਾਜ਼ੀ ਕਰਨ 'ਤੇ ਤੁਲੀ ਬੈਠੀ ਹੈ। ਉਸ ਨੇ ਸਾਨੂੰ ਚਾਰ ਸਾਲ ਔਰਤਾਂ, ਬੱਚਿਆਂ ਤਕ ਨੂੰ ਨਾ ਮੰਗਵਾ ਸਕਣ ਵਾਲੇ ਝੂਠੇ ਤੇ ਅਵੈੜੇ ਕਾਨੂੰਨ ਨਾਲ ਦੁਖੀ ਕੀਤਾ ਤੇ ਸਾਡੀ ਪੁੱਜ ਕੇ ਨਿਰਾਦਰੀ ਕੀਤੀ। ਹੁਣ ਰੱਬ-ਰੱਬ ਕਰਕੇ ਉਹ ਪਾਪੀ ਕਾਨੂੰਨ ਰੱਦ ਹੋਇਆ ਤਾਂ ਹੁਣ ਸਾਡੇ ਲਈ ਇਕ ਹੋਰ ਅੜਿੱਕਾ ਖੜ੍ਹਾ ਕਰ ਦਿੱਤਾ ਹੈ ਜੋ ਸਰਾਸਰ ਬੋਦਾ ਹੈ, ਜਿਸ ਤਰ੍ਹਾਂ ਅਗਲਾ ਚਾਰ ਸਾਲ ਦਾ ਝੂਠ ਹੁਣ ਪ੍ਰਗਟ ਹੋਇਆ ਹੈ। ਇਹ ਹੁਣ ਦਾ ਅੜਿੱਕਾ ਭੀ ਉੱਡ ਜਾਵੇਗਾ ਤੇ ਅੰਤ ਗਵਰਨਮੈਂਟ ਨੂੰ ਸਾਫ ਲਫਜ਼ਾਂ ਵਿਚ ਦੱਸਣਾ ਪਵੇਗਾ ਕਿ ਹਿੰਦੁਸਤਾਨੀਆਂ ਤੇ ਇਸ ਕਰਕੇ ਖਾਸ ਧੱਕੇਸ਼ਾਹੀ ਕੀਤੀ ਜਾਂਦੀ ਹੈ। ਸਾਡਾ ਧਰਮ ਹੈ ਕਿ ਇਸ ਗੋਲਮੋਲ ਧੱਕੇਬਾਜ਼ੀ ਨੂੰ ਹਰ ਸੂਰਤ ਪ੍ਰਗਟ ਕਰੀਏ। ਨਵੇਂ ਆਰਡਰ ਪਾਸ ਹੁੰਦੇ ਸਾਰ ਯੂਨਾਈਟਿਡ ਇੰਡੀਆ ਐਸੋਸੀਏਸ਼ਨ ਵਿਕਟੋਰੀਆ ਦੇ ਮੈਂਬਰ ਇਕੱਠੇ ਹੋ ਕੇ ਜਹਾਜ਼ੀ ਕੰਪਨੀਆਂ ਤੋਂ ਆਪਣੀਆਂ ਔਰਤਾਂ ਤੇ ਬੱਚਿਆਂ ਲਈ ਟਿਕਟ ਖਰੀਦਣ ਗਏ, ਅੱਗੇ ਕੰਪਨੀਆਂ ਵਾਲਿਆਂ ਨੇ ਗਵਰਨਮੈਂਟ ਦੀਆਂ ਹਿੰਦੂਆਂ ਨੂੰ ਟਿਕਟ ਨਾ ਵੇਚਣ ਦੀਆਂ ਗੁਪਤ ਘੂਰੀਆਂ ਤੋਂ ਡਰ ਕੇ ਟਿਕਟ ਦੇਣ ਤੋਂ ਨਾਂਹ ਕੀਤੀ। ਸਭ ਭਰਾਵਾਂ ਨੇ ਇਕੱਠ ਕਰਕੇ ਕੰਪਨੀਆਂ ਤੇ ਵਿਕਟੋਰੀਏ ਦੀ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਹੈ ਕਿ ਅਸੀਂ ਆਪਣੀਆਂ ਸਿੰਘਣੀਆਂ ਤੇ ਬੱਚਿਆਂ ਨੂੰ ਇਥੇ ਲਿਆਉਣ ਲਈ ਟਿਕਟ ਮੰਗਦੇ ਹਾਂ ਤਾਂ ਇਹ ਕੰਪਨੀਆਂ ਨਾਂਹ ਕਰਦੀਆਂ ਹਨ। ਅਸੀਂ ਡਾਲਰ ਦਿੰਦੇ ਹਾਂ। ਇਨ੍ਹਾਂ ਕੰਪਨੀਆਂ ਨੂੰ ਕਾਨੂੰਨੀ ਤੌਰ ਪੁਰ ਟਿਕਟ ਦੇਣ ਲਈ ਮਜਬੂਰ ਕੀਤਾ ਜਾਵੇ। ਪਹਿਲੀ ਪੇਸ਼ੀ ਦਸੰਬਰ ਨੂੰ ਹੈ। ਐਸੋਸੀਏਸ਼ਨ ਦੇ ਮੈਂਬਰ ਸਭ ਭਰਾਵਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਨ ਕਿ ਉਹ ਸਾਡੇ ਨਾਲ ਰਲ ਕੇ ਇਸ ਮੁਕੱਦਮੇ ਨੂੰ ਜਿੱਤਣ ਵਿਚ ਮਦਦੀ ਬਣਨ।




***ਮਹਾਰਾਜਾ ਰਣਜੀਤ ਸਿੰਘ ਦੀ ਪੋਤੀ ਸੋਫੀਆ ਲੰਡਨ ਵਿਚ ਹੈਂਪਟਨ ਕੋਰਟ ਦੇ ਬਾਹਰ ਅਖਬਾਰਾਂ ਵੇਚਦੀ ਹੋਈ। ਇਹ ਤਸਵੀਰ ਅਪਰੈਲ 1913 ਦੀ ਹੈ।***

### ਸਾਡੀ ਗਫਲਤ ਦੇ ਭੈੜੇ ਸਿੱਟੇ

ਉਹ ਭੀ ਦਿਨ ਸਨ ਜਦ ਅਸੀਂ ਇਸ ਦੇਸ਼ ਵਿਚ ਕਈ ਹਜ਼ਾਰਾਂ ਦੀ ਗਿਣਤੀ ਵਿਚ ਸਾਂ। ਵੱਡੇ-ਵੱਡੇ ਪਹਾੜ ਕੰਮਾਂ ਨੂੰ ਕਰਨ ਲਈ ਐਵੇਂ ਸਾਡਾ ਪਾਸਾ ਫੇਰਨਾ ਹੀ ਪੂਰਾ ਕਰ ਜਾਂਦਾ ਸੀ। ਅਸੀਂ ਉਸ ਗਿਣਤੀ ਤੋਂ ਕਈ ਹਜ਼ਾਰਾਂ ਹੋ ਸਕਦੇ ਸਾਂ, ਪਰ ਹਾਏ ਅਸੀਂ ਗਾਫਲ ਸਾਂ। ਤਲਵਾਰ ਬੜੀ ਤੇਜ਼ ਹੈ ਤੇ ਆਦਮੀ ਦੇ ਸਿਰ ਨੂੰ ਇਕ ਫੋਰ ਵਿਚ ਕੱਟ ਕੇ ਰੱਖ ਦਿੰਦੀ ਹੈ, ਪਰ ਅਨਜਾਣਪੁਣਾ ਤੇ ਗਫਲਤ ਹਜ਼ਾਰਾਂ ਤੇ ਲੱਖਾਂ ਆਦਮੀਆਂ ਦੇ ਸਿਰਾਂ ਨੂੰ ਕੱਟਣ ਲੱਗਿਆਂ ਇਕ ਫੋਰ ਭੀ ਨਹੀਂ ਲਾਉਂਦੇ। ਕੀ ਤੁਸੀਂ ਦੇਖ ਨਹੀਂ ਰਹੇ ਕਿ ਤੀਹ ਕਰੋੜ ਬੰਦੇ ਜਿਨ੍ਹਾਂ ਦੀ ਤਾਕਤ ਬੇਅੰਤ ਹੈ, ਸਿਰਫ ਅਨਜਾਣ ਤੇ ਗਾਫਲ ਹੋਣ ਕਰਕੇ ਸਿਰ ਕੱਟਿਆਂ ਨਾਲੋਂ ਭੀ ਭੈੜੀ ਹਾਲਤ ਵਿਚ ਪਏ ਹਨ। ਹਾਂ, ਇਸ ਪਾਪਣ ਗਫਲਤ ਨੇ ਹੀ ਕੈਨੇਡਾ ਵਿਚ ਸਾਡੇ ਟੋਟੇ ਕੀਤੇ ਹਨ ਤੇ ਇਹ ਡੈਣ ਅੱਜ ਸਾਡੇ ਟੁਕੜੇ ਕਰ ਰਹੀ ਹੈ। ਚਾਰ ਸਾਲ ਇਕ ਝੂਠਾ ਕਾਨੂੰਨ ਸਾਡੇ 'ਤੇ ਵਰਤ ਹੁੰਦਾ ਰਿਹਾ। ਕੀ ਅਜੇ ਭੀ ਤੁਹਾਨੂੰ ਸ਼ੱਕ ਹੈ ਕਿ ਚਾਰ ਸਾਲ ਤਾਂਈਂ ਸਾਡੀਆਂ ਅੱਖਾਂ ਵਿਚ ਘਟਾ ਨਹੀਂ ਪੈਂਦਾ ਰਿਹਾ ਤੇ ਉਹ ਹੀ ਕਾਨੂੰਨ ਜੋ ਸਰਾਸਰ ਗਲਤ ਸੀ, ਅਸਾਂ ਭੌਂਦੂਆਂ 'ਤੇ ਚਲਦਾ ਨਹੀਂ ਰਿਹਾ ਜਿਸ ਨਾਲ ਇਕ ਭੀ ਹਿੰਦੀ ਦਾ ਕੈਨੇਡਾ ਵਿਚ ਆ ਕੇ ਸਾਡਾ ਪ੍ਰਦੇਸੀ ਭਰਾ ਬਣਨਾ ਕਠਿਨ ਹੋ ਗਿਆ। ਬੱਚੇ, ਇਸਤਰੀਆਂ ਤੱਕ ਨੂੰ ਜੋ ਸਾਡੇ ਲਹੂ ਦਾ ਲਹੂ ਤੇ ਸਾਡੇ ਸਰੀਰ ਸਨ, ਧੱਕੇ ਪਏ। ਹਾਂ, ਪਾਪਣ ਗਫਲਤ! ਇਹ ਸਭ ਕੁਝ ਸਾਡੇ ਤੋਂ ਤੂੰ ਹੀ ਕਰਾਇਆ। ਇਹ ਕਾਨੂੰਨ ਜੋ ਹੁਣ ਆ ਕੇ ਟੁੱਟਾ ਹੈ ਜਿਸ ਦਿਨ ਪਾਸ ਹੋਇਆ ਹੈ, ਉਸ ਦਿਨ ਭੀ ਟੁੱਟ ਸਕਦਾ ਸੀ, ਪਰ ਸੁਤਿਓ ਹੋਇਓ ਵੀਰੋ, ਆਪਣੀ ਗਫਲਤ ਮੰਨੋ।

ਅੱਜ ਸਾਡੀ ਗਿਣਤੀ ਪਹਿਲੇ ਜੋਬਨ 'ਤੇ ਨਹੀਂ ਹੈ। ਜੋ ਕੰਮ ਅੱਗੇ ਅਸੀਂ ਚੁਟਕੀ ਵਜਾਇਆਂ ਕਰ ਸਕਦੇ ਸਾਂ, ਅੱਜ ਸਾਨੂੰ ਉਸ ਲਈ ਤੌੜੀਆਂ ਵਜਾਉਣ ਦੀ ਲੋੜ ਹੈ।

ਅਸੀਂ ਕਰਮਹੀਣ ਗਾਫਲ ਆਪ ਦੀਆਂ ਲੜਾਈਆਂ ਲੜ ਕੇ ਤੇ ਫਸਾਦਾਂ 'ਤੇ ਹੀ ਲਲਕਾਰੇ ਮਾਰ ਕੇ ਮਰਦਊ ਦੱਸਦੇ ਰਹੇ, ਪਰ ਤਾਂ ਹੀ ਪਤਾ ਲੱਗਾ, ਜਦ ਵੈਰੀਆਂ ਦੀ ਦਾਤੀ ਸਾਡੇ ਹਿੰਦ ਦੇ ਜਾਇਆਂ ਦੇ ਸੀਨੇ ਚਾਕ ਕਰ ਚੁੱਕੀ ਸੀ ਤੇ ਸਾਡੇ ਕੌਮੀ ਹੱਕਾਂ ਦਾ ਦੀਵਾ ਬੁਝਣ ਦੇ ਨੇੜੇ ਆ ਪੁੱਜਾ ਸੀ। ਇਕ-ਇਕ ਗਫਲਤ ਗਿਣੀਏ ਤਾਂ ਦਫਤਰ ਬਣ ਜਾਂਦੇ ਹਨ, ਪਰ ਰੋਣਾ ਤਾਂ ਇਸ ਗੱਲ ਦਾ ਹੈ ਕਿ ਅਜੇ ਭੀ ਅਸੀਂ ਉਹੋ ਜਿਹੇ ਹੀ ਕੋਰੇ ਤੇ ਗਾਫਲ ਹਾਂ ਜਿਹੋ ਜਿਹੇ ਪਹਿਲਾਂ ਸੀ। ਉਟਾਵੇ ਵਿਚ ਤੇ ਲੰਡਨ ਵਿਚ ਸਾਡੇ ਲਈ ਹੋਰ ਕਾਨੂੰਨ ਬਣਾਉਣ ਲਈ ਜਿਸ ਦਾ ਨਮੂਨਾ ਹੁਣੇ ਹੀ ਪਾਸ ਹੋਏ ਆਰਡਰ ਇਨ ਕੌਂਸਲ ਨੂੰ ਦੇਖ ਲਵੋ, ਤਾਰਾਂ ਪੁਰ ਤਾਰਾਂ ਖੜਕ ਰਹੀਆਂ ਹਨ। ਸਾਡੇ ਬੰਦ ਕਰਨ ਵਾਲੇ ਤੇ ਰੋਕਣ ਵਾਲਿਆਂ ਨੂੰ ਪੱਟਣ ਦਾ ਵਿਹਲ ਨਹੀਂ ਤੇ ਵੀਹ-ਵੀਹ ਘੰਟੇ ਤਕ ਬੈਠੇ ਜੁਗਤਾਂ ਸੋਚ ਰਹੇ ਹਨ, ਪਰ ਸਾਡੇ ਗਾਫਲਾਂ ਦੇ ਦੁਆਲੇ ਉਸ ਹੀ ਹਾਲਤ ਵਿਚ ਹਨ ਜਿਸ ਨੇ ਸਾਡਾ ਅੱਗਾ ਨਾਸ ਕੀਤਾ ਹੈ।

ਪਿਆਰੇ ਵੀਰੋ! ਯਾਦ ਰੱਖੋ, ਹੁਣ ਸਮਾਂ ਬਹੁਤ ਨਹੀਂ। ਹੁਣ ਤਾਂ ਬੇੜੀ ਡੱਕੇ ਡੋਲੇ ਖਾ ਰਹੀ ਹੈ। ਜੇ ਅਜੇ ਭੀ ਕੁਝ ਨਹੀਂ ਕਰਨਾ ਤੇ ਝਗੜੇ ਝਾਂਜਿਆਂ ਤੇ ਰੌਲਿਆਂ ਵਿਚ ਹੀ ਦਿਨ ਟਪਾਉਣੇ ਹਨ ਤਾਂ ਅੱਜ ਨਾ ਕਲ੍ਹ, ਔਹ ਲਓ ਹੋ ਗਈ ਸਮਝੋ। ਅਜੇ ਭੀ ਗਫਲਤ ਦਾ ਕੁਝ ਅੰਤ ਹੈ, ਭਾਈ ਭਗਵਾਨ ਸਿੰਘ ਨੂੰ ਬੇਦਸਤੂਰਾ ਪਕੜਿਆ ਜਾਵੇ ਤਾਂ ਦਸ ਲੱਖ ਫੌਜ ਤੱਕਦੀ ਰਹੇ। ਉਸ ਦੀਆਂ ਕੜੀਆਂ ਵਿਚ ਲਹੂ ਚਲੇ ਤਾਂ ਭੀ ਖਾਲਸਾ ਬਹਾਦਰਾਂ ਦੀਆਂ ਆਸਾਂ ਵਕੀਲ 'ਤੇ ਹੋਣ। ਉਸ ਨੂੰ ਜਹਾਜ਼ 'ਚ ਸੁਟਿਆ ਜਾਵੇ ਤਾਂ ਅਜੇ ਭੀ ਬਾਹਰ ਖੜ੍ਹੇ ਦਰਦੀ ਧੁਮਚੱੜ ਪਾਉਣ ਤੇ ਆਪਣੀ ਕਿਸਮਤ ਦੀ ਡੋਰੀ ਵਕੀਲ ਦੇ ਕਾਗਜ਼ 'ਤੇ ਸੁੱਟ ਕੇ ਬੰਦੇ ਮਾਤਰਮ ਗਜਾਉਣ ਲਈ ਹਿੜ-ਹਿੜ ਕਰ ਰਹੇ ਹੋਣ।

ਓਏ ਗਾਫਲੋ! ਗੁਲਾਮਾਂ ਦੇ ਲਈ ਕਾਨੂੰਨ ਕਾਹਦਾ? ਅਜੇ ਪਤਾ ਨਹੀਂ ਲਗਾ ਕਿ ਸਾਡੇ ਲਈ ਕੀ ਕਾਨੂੰਨ ਬਣਦੇ ਹਨ। ਅਜੇ ਸਮਝ ਨਹੀਂ ਆਈ ਕਿ ਸਾਧੂ ਰੂਪ ਤੇ ਧਰਮੀ ਗਾਂਧੀ ਕਿਸੇ ਲਈ ਪੰਜ ਹਜ਼ਾਰ ਦੁਖਆਰਿਆਂ ਨੂੰ ਅਫਰੀਕਾ ਵਿਚ ਟਰਾਨਸਵਾਲ ਦੀ ਹੱਦ 'ਤੇ ਲੈ ਗਿਆ ਸੀ।

ਪਿਆਰੇ ਭਰਾਵੋ! ਉਠੋ ਜਾਗੋ, ਗਫਲਤ ਨੂੰ ਹੁਣ ਛੱਡ ਦਿਓ, ਨਹੀਂ ਤਾਂ ਉਹ ਪਾਪਣ ਲੈ ਡੁੱਬੇਗੀ। 15 ਜਨਵਰੀ ਨੂੰ ਉਟਾਵੇ ਵਿਚ ਗਵਰਨਮੈਂਟ ਜੁੜਨੀ ਹੈ ਜਿਥੇ ਸਟੀਵਨ ਵਰਗੇ ਮੈਂਬਰਾਂ ਜਿਨ੍ਹਾਂ ਨੇ ਤੁਹਾਡੇ ਬੂਹੇ 'ਤੇ ਤੁਹਾਨੂੰ ਵੱਡੇ-ਵੱਡੇ ਇਕੱਠ ਕਰਕੇ ਧੀਆਂ ਭੈਣਾਂ ਦੀਆਂ ਗਾਲਾਂ ਦਿੱਤੀਆਂ ਹਨ, ਨੇ ਆਪਣੀ ਭੈੜੀ ਸੁਰ ਕਈ ਕੰਨਾਂ ਵਿਚ ਪਾਉਣੀ ਹੈ ਤੇ ਸਾਡੇ ਲਈ ਉਸ ਦੇ ਅਸਰ 'ਤੇ ਕਰੜਾ ਕਾਨੂੰਨ ਪਾਸ ਹੋਣਾ ਹੈ। ਜੇ ਮਗਰੋਂ ਹੱਥ ਨਹੀਂ ਮਲਣੇ, ਜੇ ਪਛਤਾਉਣ ਨਾਲੋਂ ਵੇਲੇ ਸਿਰ ਕੰਮ ਕਰਨ ਨੂੰ ਚੰਗਾ ਸਮਝਦੇ ਹੋ ਤਾਂ ਇਕ ਲਾਇਕ ਸੱਜਣ ਨੂੰ ਕਲ੍ਹ ਕੈਨੇਡਾ ਵਿਚ ਫਿਰ ਕੇ ਪਾਰਲੀਮੈਂਟ ਵਿਚ ਜਾ ਕੇ ਕੁਲ ਹਿੰਦੀਆਂ ਦੇ ਦਬ ਹੋਣ ਵਾਲੇ ਹੱਕਾਂ ਲਈ ਦੁਹਾਈ ਪਾਉਣ ਲਈ ਘਲ ਦਿਓ।

'ਫਿਰ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ'। ਯੂਨਾਈਟਿਡ ਇੰਡੀਆ ਐਸੋਸੀਏਸ਼ਨ ਦੇ ਪਾਸ ਫੰਡ ਦੀ ਕਮੀ ਹੈ, ਜੇ ਆਪ ਪੈਸੇ ਦੀ ਮਦਦ ਬਖਸ਼ੋ ਤਾਂ ਅਸੀਂ ਇਸ ਜ਼ਰੂਰੀ ਵਕਤ ਨੂੰ ਸੰਭਾਲ ਕੇ ਜੋ ਕੁਝ ਹੋ ਸਕੇ, ਕਰ ਸਕਦੇ ਹਾਂ।

### ਅੰਤ ਦਾ ਸਮਾਂ

ਚਿਰਾਂ ਤੋਂ ਹੱਡ ਗੋਡੇ ਰਗੜ ਰਹੇ ਰੋਗੀਆਂ ਲਈ ਪਾਪਣ ਮੌਤ ਆਪਣਾ ਆਖਰੀ ਸੁਨੇਹਾ ਲੈ ਕੇ ਆਉਣ ਵਾਲੀ ਹੈ। ਦੁਖੀਆਂ ਦੀਆਂ ਚੀਸਾਂ ਤੇ ਦੁਹਾਈਆਂ ਸੁਣਨ ਵਾਲੇ ਕੰਨ ਬੋਲੇ ਹੋ ਗਏ ਹਨ। ਹਾਏ ਕਹਿੰਦਿਆਂ ਜਿਗਰ ਪਾਟਦਾ ਹੈ ਤੇ ਲਿਖਦਿਆਂ ਕਲਮ ਟੁੱਟਦੀ ਹੈ। ਇਸ ਅਨਜਾਣਤਾ ਤੇ ਗਫਲਤ ਵਿਚ ਬੇਸਮਝੀ ਤੇ ਅਗਿਆਨ ਵਿਚ ਇੱਜ਼ਤ ਵਾਲੇ ਮਾਣ ਵਾਲੇ ਬਲ ਵਾਲੇ ਨਿਸ਼ਾਨੇ ਵਾਲੇ ਚਿਰੋਕੇ ਰੋਗੀ ਮਿੱਟੀ ਹੋ ਜਾਣਗੇ। ਉਨ੍ਹਾਂ ਦੇ ਸ਼ਾਨਦਾਰ ਅਸਥਾਨਾਂ 'ਤੇ ਉੱਲੂ ਬੋਲਣਗੇ। ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਪਰਾਏ ਹੱਥ ਹੋਣਗੀਆਂ। ਉਨ੍ਹਾਂ ਦੇ ਲਾਡਲੇ ਪੁੱਤਰ ਬਾਪੂ ਕਹਿ ਕੇ ਵਿਲਕਣਗੇ। ਉਨ੍ਹਾਂ ਦੀਆਂ ਲੜ ਲਾਈਆਂ ਸੁਪਤਨੀਆਂ ਫੁਲਣਗੀਆਂ। ਉਨ੍ਹਾਂ ਰੋਗੀਆਂ ਦੀ ਕੌਮ ਉਨ੍ਹਾਂ ਨੂੰ ਫਿਟਕਾਰੇਗੀ, ਦੂਰ ਦੂਰ ਕਰੇਗੀ।

ਦੁਹਾਈ ਹੈ, ਅੰਤਲੀ ਦੁਹਾਈ ਹੈ, ਐ ਪੜ੍ਹਨ ਵਾਲਿਓ, ਸੁਣਨ ਵਾਲਿਓ, ਇਨ੍ਹਾਂ ਚਿਰੋਕੇ ਰੋਗੀਆਂ ਦੇ ਦਰਦੀਓ, ਥੋੜ੍ਹੀ ਸਤਿਆ ਵਾਲੇ ਰੋਗੀਓ! ਕੋਈ ਹਕੀਮ ਬੁਲਾ ਲਵੋ, ਕੋਈ ਮਲ੍ਹਮ ਲਾ ਲਵੋ, ਕੋਈ ਅਕਲ ਦੁੜਾ ਲਵੋ, ਸਮਾਂ ਥੋੜ੍ਹਾ ਹੈ ਤੇ ਅੰਤ ਨੇੜੇ ਹੈ, ਨਬਜ਼ ਮੱਧਮ ਹੈ। ਮੌਤ ਹਰ ਘੜੀ ਨੇੜੇ ਆ ਰਹੀ ਹੈ ਤੇ ਉਸ ਦੇ ਫਰਜ਼ ਤੇ ਆਪਣੇ ਮੋਰਚੇ ਪੈਰ-ਪੈਰ 'ਤੇ ਪੱਕੇ ਕਰ ਰਹੇ ਹਨ। ਇਹ ਨਭਾਗੇ ਚਿਰਾਂ ਦੇ ਰੋਗੀ ਕੌਣ ਹਨ। ਇਹ ਕੈਨੇਡਾ ਨਿਵਾਸੀ ਹਿੰਦੁਸਤਾਨੀ ਹਨ, ਸਿੱਖ ਹਲ, ਭਾਰਤ ਵਰਸ਼ ਦੇ ਜਾਏ ਹਨ ਜੋ ਅੱਠ ਸਾਲ ਤੋਂ ਕੈਨੇਡਾ ਵਿਚ ਹੱਡ ਗੋਡੇ ਰਗੜ ਰਹੇ ਹਨ ਤੇ ਖੁਆਰ ਹੋ ਰਹੇ ਹਨ। ਅੱਠ ਸਾਲ ਤੋਂ ਰੋਗੀ ਹੈ, ਪਰ ਹੁਣ ਰੋਗ ਅੰਤ 'ਤੇ ਪਹੁੰਚ ਗਿਆ ਹੈ ਤੇ ਪੱਕੀ ਤਰ੍ਹਾਂ ਇਨ੍ਹਾਂ ਦਾ ਨਾਮ ਨਿਸ਼ਾਨ ਮਿਟਣ ਵਿਚ ਗਿਣਤੀ ਦੇ ਹੀ ਦਿਨ ਰਹਿ ਗਏ ਹਨ। ਇਸ ਗੱਲ ਨੂੰ ਇਹ ਨਹੀਂ ਜਾਣਦੇ, ਪਰ ਇਨ੍ਹਾਂ ਦੇ ਵੈਰੀ ਚੰਗੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਸੁੱਤੇ ਹੋਏ ਸ਼ੇਰਾਂ ਲਈ ਮਰਦਾਂ ਵਾਸਤੇ ਪਿੰਜਰੇ ਤਿਆਰ ਹੋ ਰਹੇ ਹਨ। ਜਿਨ੍ਹਾਂ ਦੀਆਂ ਬੰਦ ਹੋਈਆਂ ਕੁੰਡੀਆਂ ਖੁਲ੍ਹਣੀਆਂ ਕਠਿਨ ਹੋਣਗੀਆਂ। ਇਹ ਮੌਤ ਦੀ ਨਦੀ 'ਤੇ ਬੈਠੇ ਕਲੋਲਾਂ ਕਰ ਰਹੇ ਹਨ, ਪਰ ਇਨ੍ਹਾਂ ਨੂੰ ਮਰੋੜਨ ਵਾਲੇ ਬਾਜ਼ ਭੀ ਨੇੜੇ ਹੀ ਖੇਲ ਰਹੇ ਹਨ।

ਪਿਆਰੇ ਕੈਨੇਡਾ ਨਿਵਾਸੀ ਵੀਰੋ! ਇਹ ਉਪਰ ਲਿਖੀਆਂ ਦੁੱਖ ਭਰੀਆਂ ਗੱਲਾਂ ਤੁਹਾਡੇ ਲਈ ਹਨ ਜੋ ਥੋੜ੍ਹੇ ਚਿਰ 'ਚ ਹੀ ਤੁਹਾਡੇ 'ਤੇ ਬੀਤਣ ਵਾਲੀਆਂ ਹਨ। ਤੁਹਾਡੇ ਲਈ ਤਕੜੇ ਰੱਸੇ ਗਲਾਮੇ ਵੱਟੇ ਗਏ ਹਨ, ਪਰ ਤੁਸੀਂ ਅਜੇ ਮਸਤ ਹੋ ਤੇ ਲੰਮੀਆਂ ਪਸਾਰ ਕੇ ਗਫਲਤ ਦੀ ਨੀਂਦ ਸੌਂ ਰਹੇ ਹੋ।

ਅਸੀਂ ਤੁਹਾਡੇ ਲਈ ਅਨੇਕ ਵਾਰ ਦੁਹਾਈ ਦਿੱਤੀ ਹੈ ਕਿ ਖਬਰਦਾਰ ਹੋਵੋ। ਇਸ ਵਾਰੀ ਕੈਨੇਡਾ ਦੀ ਪਾਰਲੀਮੈਂਟ ਵਿਚ ਬਹੁਤ ਕਰੜਾ ਕਾਨੂੰਨ ਪਾਸ ਹੋਣ ਵਾਲਾ ਹੈ, ਪਰ ਤੁਸੀਂ ਆਪਣੀ ਆਈ ਵਿਚ ਆਇਆਂ ਨੇ ਇਕ ਨਾ ਮੰਨੀ ਤੇ ਸਗੋਂ ਇਕ ਜਾਨ ਹੋ ਕੇ ਆਉਣ ਵਾਲੇ ਭੇਜਲਾਂ ਦਾ ਟਾਕਰਾ ਕਰਨ ਦੀ ਥਾਂ ਘਰ ਵਿਚ ਹੀ ਜਗ੍ਹਾ ਯੁੱਧ ਮਚਾਉਣ ਲੱਗ ਪਏ, ਕਚਹਿਰੀਆਂ ਮੁਕੱਦਮਿਆਂ ਨਾਲ ਭਰ ਦਿੱਤੀਆਂ। ਤੁਹਾਡੇ ਵੈਰੀਆਂ ਨੂੰ ਮੌਕਾ ਮਿਲ ਗਿਆ। ਤੁਹਾਡੀ ਕਮਜ਼ੋਰੀ ਤੇ ਪਾਟੋਧਾੜ ਨੂੰ ਦੇਖ ਕੇ ਤੁਹਾਡੇ 'ਤੇ ਜੀ ਆਈਆਂ ਸਖਤੀਆਂ ਹੋਈਆਂ, ਪਰ ਧਰਮ ਸ਼ਰਮ ਨੂੰ ਤਿਆਗ ਕੇ ਤੁਸੀਂ ਆਪਣੀ ਹਾਲਤ ਨੂੰ ਡਾਵਾਂ ਡੋਲ ਕੀਤਾ ਤੇ ਕਰ ਰਹੇ ਹੋ। ਹੁਣ ਯਾਦ ਰੱਖੋ, ਸਭ ਮੌਕੇ ਖੁੰਝ ਚੁੱਕੇ ਹਨ। ਥੋੜ੍ਹੇ ਦਿਨਾਂ ਵਿਚ ਹੀ ਤੁਹਾਡਾ ਸਦਾ ਲਈ ਨਬੇੜਾ ਹੋਣ ਵਾਲਾ ਹੈ। ਉਸ ਤੋਂ ਪਿੱਛੋਂ ਗੁਰਦੁਆਰਿਆਂ, ਜ਼ਮੀਨਾਂ ਤੇ ਅਖਬਾਰਾਂ ਨੂੰ ਸਿਰ 'ਤੇ ਲਈ ਫਿਰੋ, ਕੋਈ ਨਹੀਂ ਪੁਛੇਗਾ ਤੇ ਤੁਹਾਡੀ ਹਾਲਤ ਦਿਨ ਪਰ ਦਿਨ ਕਮਜ਼ੋਰ ਹੋਵੇਗੀ। ਅੱਗੇ ਜਿਥੇ ਤੁਹਾਡਾ ਕੰਮ ਪਾਣੀ ਡੋਲ੍ਹਿਆਂ ਹੋ ਸਕਦਾ ਸੀ, ਹੁਣ ਲਹੂ ਡੋਲਿਆਂ ਭੀ ਪੂਰਾ ਹੋਣਾ ਔਖਾ ਹੋਵੇਗਾ। ਅਜੇ ਭੀ ਥੋੜ੍ਹਾ ਬਹੁਤ ਮੌਕਾ ਹੈ, ਸੰਭਲੋ, ਅਸੀਂ ਵੀਹ ਵਾਰ ਦੁਹਾਈ ਦਿੱਤੀ ਹੈ ਕਿ 15 ਜਨਵਰੀ ਨੂੰ ਉਟਾਵੇ ਵਿਚ ਪਾਰਲੀਮੈਂਟ ਖੁੱਲ੍ਹਣੀ ਹੈ, ਉਸ ਵਿਚ ਤੁਹਾਨੂੰ ਰੋਕਣ ਲਈ ਇਕ ਬਹੁਤ ਕਰੜਾ ਕਾਨੂੰਨ ਪਾਸ ਕਰਨ ਲਈ ਤੁਹਾਡੇ ਵੈਰੀ ਸਿਰੋ ਪਰੇ ਯਤਨ ਕਰ ਰਹੇ ਹਨ। ਤੁਸੀਂ ਭੀ ਆਪਣੀ ਹਾਲਤ ਦੀ ਹਾਲ ਦੁਹਾਈ ਪਾਉਣ ਲਈ ਕੁਝ ਉਦਮ ਕਰੋ, ਪਰ ਤੁਸੀਂ ਸਾਡੀ ਇਹ ਗੱਲ ਖੱਟੇ ਪਾ ਛੱਡੀ ਤੇ ਇਸ ਨੂੰ ਆਪਣੇ ਗਿਝੇ ਹੋਏ ਸੁਭਾ ਅਨੁਸਾਰ ਨਿੱਕੀ ਜਿਹੀ ਸਮਝਿਆ, ਪਰ ਹੁਣ ਕੰਨ ਖੋਲ੍ਹ ਕੇ ਸੁਣੋ, ਪਾਰਲੀਮੈਂਟ ਦੇ ਦਿਨ ਆ ਪੁੱਜੇ ਹਨ ਤੇ ਤੁਹਾਡਾ ਮਸ਼ਹੂਰ ਵੈਰੀ ਵੈਨਕੂਵਰ ਵੱਲੋਂ ਪਾਰਲੀਮੈਂਟ ਦਾ ਮੈਂਬਰ ਐਚ. ਐਚ. ਸਟੀਵਨਜ਼ ਉਟਾਵੇ ਨੂੰ ਤੁਰਨ ਲੱਗਾ ਲਲਕਾਰ ਕੇ ਕਹਿ ਗਿਆ ਹੈ ਕਿ ਇਸ ਵਾਰੀ ਪਾਰਲੀਮੈਂਟ ਵਿਚ ਹਿੰਦੂਆਂ ਨੂੰ ਇਸ ਦੇਸ਼ ਵਿਚ ਬਿਲਕੁਲ ਨਾ ਵੜਨ ਦੇਣ ਵਾਲਾ ਕਾਨੂੰਨ ਪਾਸ ਹੋਵੇਗਾ। ਪਾਰਲੀਮੈਂਟ ਸ਼ੁਰੂ ਹੋ ਗਈ ਹੈ ਤੇ ਉਹ ਦਿਨ ਦੂਰ ਨਹੀਂ, ਜਦ ਤੁਸੀਂ ਸੁਣ ਲਵੋਗੇ, ਦੇਖ ਕੇ, ਵਰਤ ਕੇ ਪਰਤਾ ਲਵੋਗੇ ਕਿ ਤੁਹਾਡਾ ਕੀ ਹਾਲ ਹੁੰਦਾ ਹੈ।

ਸਟੀਵਨ ਕੀ-ਕੀ ਜੁਗਤਾਂ ਵਰਤੇਗਾ, ਕਿਸ ਤਰ੍ਹਾਂ ਤੁਹਾਨੂੰ ਬਦਨਾਮ ਕਰੇਗਾ, ਕਿਸ ਤਰ੍ਹਾਂ ਹੋਰ ਪਾਰਲੀਮੈਂਟ ਦੇ ਮੈਂਬਰਾਂ ਨੂੰ ਪ੍ਰੇਰੇਗਾ, ਕਿਸ ਤਰ੍ਹਾਂ ਤੁਹਾਡੇ ਇਸ ਦੇਸ਼ ਵਿਚੋਂ ਨਿਕਲ ਜਾਣ ਤੇ ਮੁੱਕ ਜਾਣ ਵਾਲਾ ਕਾਨੂੰਨ ਬਣਾਉਣ ਲਈ ਦੁਹਾਈ ਦੇਵੇਗਾ? ਇਸ ਦਾ ਅੰਦਾਜ਼ਾ ਇਨ੍ਹਾਂ ਗੱਲਾਂ ਤੋਂ ਹੀ ਲਾ ਲਵੋ ਜੋ ਤੁਰਨ ਤੋਂ ਪਹਿਲਾਂ ਉਸ ਨੇ ਇਸ ਮੁਲਕ ਦੇ ਗੋਰਿਆਂ ਨੂੰ ਦੱਸੀਆਂ ਹਨ। ਉਸ ਨੇ ਕਿਹਾ ਕਿ ਮੈਂ ਕਦਾਚਿਤ ਭੀ ਹਿੰਦੂਆਂ ਨੂੰ ਕੈਨੇਡਾ ਵਿਚੋਂ ਕੱਢ ਦੇਣ ਦਾ ਵਤੀਰਾ ਨਹੀਂ ਬਦਲਾਂਗਾ। ਐਤਕੀਂ ਦੀ ਪਾਰਲੀਮੈਂਟ ਵਿਚ ਜੋ ਸਾਰਿਆਂ ਨਾਲੋਂ ਜ਼ਰੂਰੀ ਗੱਲ ਹੋਵੇਗੀ, ਉਹ ਹਿੰਦੂਆਂ ਨੂੰ ਉਹੀ ਬੰਦ ਕਰਨ, ਤੇ ਜੋ ਹੁਣ ਇਥੇ ਹਨ, ਇਨ੍ਹਾਂ ਦੇ ਬੰਦੋਬਸਤ ਲਈ ਇਕ ਕਰੜਾ ਕਾਨੂੰਨ ਪਾਸ ਹੋਵੇਗਾ ਜਿਸ ਨੂੰ ਗਵਰਨਮੈਂਟ ਪੂਰੀ ਤਰ੍ਹਾਂ ਸੋਚ ਰਹੀ ਹੈ ਤੇ ਜ਼ਰੂਰ ਪਾਸ ਹੋ ਜਾਵੇਗਾ। ਸਟੀਵਨ ਨੇ ਇਹ ਭੀ ਕਿਹਾ ਹੈ ਕਿ ਮੈਂ ਦੋਹਾਂ ਦੇ ਬਾਗੀ ਲੈਕਚਰ ਇਕੱਠੇ ਕੀਤੇ ਹਨ। ਉਨ੍ਹਾਂ ਨੇ ਇਸ ਮੁਲਕ ਵਿਚ ਤੇ ਹਿੰਦੁਸਤਾਨ ਵਿਚ ਦਿੱਤੇ ਹਨ। ਇਹੋ ਜਿਹੇ ਤੂਫਾਨ ਘੜ ਕੇ ਸਟੀਵਨ ਲੋਕਾਂ ਨੂੰ ਤੁਹਾਡੇ ਦੁਸ਼ਮਣ ਕਰੇਗਾ।

***ਕਚਹਿਰੀ ਵਿਚ ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਨੇ ਗੱਜ ਕੇ ਕਿਹਾ ਕਿ ਜਦ ਸਰਕਾਰ ਮੈਨੂੰ ਸਿਟੀਜ਼ਨ ਮੰਨੇਗੀ (ਅਰਥਾਤ ਵੋਟ ਦੇਣ ਦਾ ਹੱਕ ਦੇਵੇ) ਤਾਂ ਮੈਂ ਉਨ੍ਹਾਂ ਖਰਚਾਂ ਦਾ ਹਿੱਸਾ ਭੀ ਦਿਆਂਗੀ ਜਿਸ ਨਾਲ ਰਾਜ ਦਾ ਕੰਮ ਚਲਦਾ ਹੈ, ਪਰ ਜੇ ਵੋਟ ਦੀ ਵਾਰੀ ਮੈਨੂੰ ਕੁਝ ਨਹੀਂ ਸਮਝਿਆ ਜਾਂਦਾ ਤਾਂ ਹਾਲਾ ਭਰਨ ਦੀ ਵਾਰੀ ਭੀ ਮੈਂ ਉਹ ਹੀ ਸ਼ੈ ਹਾਂ!***

# ਮਾਟੀ ਕੁਦਮ ਕਰੇਂਦੀ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਜਨਮ ਤੋਂ ਮਰਨ ਤੱਕ ਮਨੁੱਖ ਮਿੱਟੀ ਵਿਚ ਹੀ ਵਿਚਰਦਾ ਹੈ। ਮਨੁੱਖ ਮਿੱਟੀ ਨਾਲ ਮਿੱਟੀ ਹੁੰਦਾ ਹੈ ਤਾਂ ਮਿੱਟੀ ਤੋਂ ਹੀ ਸਾਰੀ ਬਨਸਪਤੀ ਪੈਦਾ ਹੁੰਦੀ ਹੈ। ਕਿੰਨੀਆਂ ਹੀ ਭਾਵੁਕ ਸਥਿਤੀਆਂ ਦੇ ਵਰਣਨ ਲਈ ਮਿੱਟੀ ਸ਼ਬਦ ਦੀ ਡਾਢੀ ਵਰਤੋਂ ਹੁੰਦੀ ਹੈ। ਦੇਸ਼ ਦੀ ਧਰਤੀ ਲਈ 'ਵਤਨ ਦੀ ਮਿੱਟੀ' ਜਿਹਾ ਵਾਕਾਂਸ਼ ਵਰਤਿਆ ਜਾਂਦਾ ਹੈ, ਚਿਰ ਬਾਅਦ ਦੇਸ਼ ਪਰਤਦਾ ਮਨੁੱਖ ਇਸ ਦੀ ਮਿੱਟੀ ਨੂੰ ਮੱਥੇ ਲਾਉਂਦਾ ਹੈ। ਇਹ ਗੱਲ ਸਿਰਫ ਬਾਈਬਲ ਵਿਚ ਹੀ ਨਹੀਂ ਕਹੀ ਗਈ ਕਿ ਮਿੱਟੀ ਤੋਂ ਹੀ ਮਨੁੱਖ ਪੈਦਾ ਹੋਇਆ ਅਤੇ ਮਿੱਟੀ ਵਿਚ ਹੀ ਇਸ ਨੇ ਮੁੜ ਮਿਲ ਜਾਣਾ ਹੈ ਸਗੋਂ ਹਰ ਸਭਿਆਚਾਰ ਵਿਚ ਅਜਿਹਾ ਵਿਸ਼ਵਾਸ ਹੈ।

ਮਨੁੱਖ ਦੀ ਨਾਸ਼ਮਾਨਤਾ ਦਰਸਾਉਣ ਲਈ 'ਮਨੁੱਖ ਮਿੱਟੀ ਦਾ ਪੁਤਲਾ ਹੈ' ਕਹਿਣਾ ਇਕ ਅਲੰਕਾਰ ਹੀ ਨਹੀਂ ਸਗੋਂ ਇਸ ਗੱਲ ਵਿਚ ਵਿਸ਼ਵਾਸ ਵੀ ਹੈ। ਮੌਤ ਪਿਛੋਂ ਮਨੁੱਖ ਮਿੱਟੀ ਵਿਚ ਹੀ ਤਾਂ ਮਿਲ ਜਾਂਦਾ ਹੈ। ਇਹ ਕਾਇਨਾਤ ਦੀ ਸੱਚਾਈ ਹੈ ਕਿ ਵੱਖ ਵੱਖ ਰੂਪ ਧਾਰਦੀਆਂ ਸ਼ੈਆਂ ਮੁੜ ਮੁੜ ਸਭ ਮਿੱਟੀ 'ਚ ਮਿੱਟੀ ਹੁੰਦੀਆਂ ਹਨ ਤੇ ਫਿਰ ਹੋਰ ਰੂਪ ਧਾਰਦੀਆਂ ਹਨ। ਇਥੋਂ ਤੱਕ ਕਿ ਮਿੱਟੀ ਸ਼ਬਦ ਕਿਸੇ ਮਨੁੱਖ ਦੀ ਖਾਸੀਅਤ, ਆਦਤ, ਸੁਭਾਅ ਦੇ ਅਰਥ ਵੀ ਦੇਣ ਲੱਗ ਪਿਆ ਹੈ।

ਸਟਾਲਿਨ ਨੇ ਕਿਹਾ ਸੀ ਕਿ ਅਸੀਂ ਕਮਿਉਨਿਸਟ ਹੋਰ ਹੀ ਮਿੱਟੀ ਦੇ ਬਣੇ ਹੋਏ ਹਾਂ। 'ਮਿੱਟੀ ਪਲੀਤ ਹੋਣਾ', 'ਮਿੱਟੀ ਖਰਾਬ ਹੋਣਾ', 'ਮਰਨ ਮਿੱਟੀ ਚੜ੍ਹਨਾ', ਮਿੱਟੀ ਬਾਲਣਾ' ਆਦਿ ਮੁਹਾਵਰਿਆਂ ਵਿਚ ਮਿੱਟੀ ਸ਼ਬਦ ਦਾ ਰੁਖ ਇਸ ਅਰਥ ਵੱਲ ਹੀ ਹੈ। ਇਸ ਤੋਂ ਹੋਰ ਸ਼ਬਦ ਬਣੇ ਹਨ-ਅਮਿੱਟ ਅਤੇ ਮਟਿਆਲਾ। 'ਮਿੱਟੀ ਦਾ ਮਾਧੋ' ਵਿਚ ਮਾਧੋ ਸ਼ਬਦ ਮਾਧਵ ਦਾ ਵਿਗੜਿਆ ਰੂਪ ਹੈ ਜੋ ਕ੍ਰਿਸ਼ਨ ਦਾ ਨਾਂਮਾਤਰ ਹੈ। ਕਹਿੰਦੇ ਹਨ, ਇਕ ਵਿਆਹੇ ਜੋੜੇ ਨੇ ਕ੍ਰਿਸ਼ਨ ਤੋਂ ਪੁੱਤਰ ਦੀ ਦਾਤ ਮੰਗੀ ਤਾਂ ਉਸ ਨੇ ਮਿੱਟੀ ਦਾ ਬੱਚਾ ਬਣਾ ਕੇ ਦੇ ਦਿੱਤਾ। ਇਹ ਬੱਚਾ ਮਾਂ-ਬਾਪ ਜੋ ਕਹਿੰਦੇ, ਉਹੀ ਕਰਦਾ, ਆਪਣੇ ਕੋਲੋਂ ਕੁਝ ਨਹੀਂ। ਇਕ ਵਾਰੀ ਉਸ ਨੂੰ ਦੁਕਾਨ ਤੋਂ ਖੰਡ ਖਰੀਦਣ ਲਈ ਕਿਹਾ ਗਿਆ। ਉਸ ਨੇ ਖੰਡ ਤਾਂ ਖਰੀਦ ਲਈ ਪਰ ਘਰ ਨਹੀਂ ਲਿਆਇਆ ਕਿਉਂਕਿ ਖੰਡ ਘਰ ਲਿਆਉਣ ਲਈ ਨਹੀਂ ਸੀ ਕਿਹਾ ਗਿਆ!

'ਮਿੱਟੀ ਦੇ ਮੁੱਲ' ਅਤੇ 'ਮਿੱਟੀ ਸੋਨਾ ਹੋ ਜਾਣਾ' ਕੁਝ ਹੋਰ ਮੁਹਾਵਰੇ ਹਨ। ਮਿੱਟੀ ਦਾ ਸਾਰ ਦੱਸ ਕੇ ਬੁੱਲ੍ਹੇ ਸ਼ਾਹ ਦੀ ਇਕ ਪ੍ਰਸਿੱਧ ਕਾਫੀ ਨੇ ਮੇਰਾ ਕੰਮ ਸੁਖਾਲਾ ਕਰ ਦਿੱਤਾ ਹੈ। ਇਸ ਵਿਚ ਜ਼ਿੰਦਗੀ ਦੀਆਂ ਸਾਰੀਆਂ ਅਵਸਥਾਵਾਂ ਨੂੰ ਮਿੱਟੀ ਦੀ ਖੇਡ (ਕੁਦਮ=ਕੁੱਦਣ ਨਾਲ ਸਬੰਧਤ) ਕਿਹਾ ਗਿਆ ਹੈ:

ਮਾਟੀ ਕੁਦਮ ਕਰੇਂਦੀ ਯਾਰ
ਮਾਟੀ ਜੋੜਾ ਮਾਟੀ ਘੋੜਾ
ਮਾਟੀ ਦਾ ਅਸਵਾਰ।
ਮਾਟੀ ਮਾਟੀ ਨੂੰ ਦੌੜਾਏ
ਮਾਟੀ ਦਾ ਖੜਕਾਰ।
ਮਾਟੀ ਮਾਟੀ ਨੂੰ ਮਾਰਨ ਲਾਗੀ
ਮਾਟੀ ਦੇ ਹਥਿਆਰ।
ਜਿਸ ਮਾਟੀ ਪਰ ਬਹੁਤੀ ਮਾਟੀ
ਤਿਸ ਮਾਟੀ ਹੰਕਾਰ।
ਮਾਟੀ ਬਾਗ ਬਗੀਚਾ ਮਾਟੀ
ਮਾਟੀ ਦੀ ਗੁਲਜ਼ਾਰ।
ਮਾਟੀ ਮਾਟੀ ਨੂੰ ਵੇਖਣ ਆਈ
ਮਾਟੀ ਦੀ ਏ ਬਹਾਰ।
ਹੱਸ ਖੇਡ ਮੁੜ ਮਾਟੀ ਹੋਈ
ਮਾਟੀ ਪਾਉਂ ਪਸਾਰ।
ਬੁੱਲ੍ਹਾ ਸ਼ਾਹ ਬੁਝਾਰਤ ਬੁਝੇਂ
ਲਾਹ ਸਿਰੋਂ ਭੋਏਂ ਮਾਰ।

ਮਾਟੀ ਸ਼ਬਦ ਦੇ ਕਈ ਰੁਪਾਂਤਰ ਹਨ, ਜਿਨ੍ਹਾਂ ਵਿਚੋਂ ਸਭ ਤੋਂ ਕਾਵਿਕ ਉਪਰੋਕਤ ਮਾਟੀ ਹੀ ਹੈ।

ਸਭਿਆਚਾਰ ਦੇ ਮੁਢਲੇ ਪੜਾਅ ਵਿਚ ਮਨੁੱਖ ਲਈ ਮਿੱਟੀ ਦੀ ਮਹੱਤਤਾ ਬਹੁਤ ਸੀ। ਇਸ ਤੋਂ ਖੇਤੀ ਹੁੰਦੀ ਸੀ, ਇਸ ਤੋਂ ਘਰ ਬਣਦਾ ਸੀ ਤੇ ਇਸੇ ਤੋਂ ਭਾਂਡੇ ਟੀਂਡੇ ਬਣਦੇ ਸਨ। ਇਸ ਤਰ੍ਹਾਂ ਮਿੱਟੀ ਇੱਕ ਤਰ੍ਹਾਂ ਸਿਰਜਣਾ ਦੀ ਪ੍ਰਤੀਕ ਬਣ ਗਈ, ਇਥੋਂ ਤੱਕ ਕਿ ਮਨੁੱਖ ਨੂੰ ਵੀ ਮਿੱਟੀ ਦਾ ਪੁਤਲਾ ਕਲਪਿਆ ਗਿਆ। ਮਿੱਟੀ ਬਣਨ-ਬਿਨਸਣ ਦੇ ਉਸ ਚੱਕਰ ਦੀ ਪ੍ਰਤੀਕ ਹੈ ਜਿਸ ਵਿਚੋਂ ਸਾਰੀ ਕਾਇਨਾਤ ਗੁਜ਼ਰਦੀ ਹੈ। ਫਿਰ ਵੀ ਮਨੁੱਖ ਦੇ ਪੈਰਾਂ ਵਿਚ ਮਿੱਟੀ ਰੁਲਦੀ ਹੈ। ਮਿੱਟੀ ਨਿਰਮਾਣਤਾ ਦੀ ਪ੍ਰਤੀਕ ਵੀ ਬਣਦੀ ਹੈ, 'ਫਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨ ਕੋਇ।' ਭਗਤ ਕਬੀਰ ਨੇ ਇਹ ਸ਼ਬਦ ਵਰਤਿਆ ਹੈ, 'ਮਾਟੀ ਕੇ ਕਰਿ ਦੇਵੀ ਦੇਵਾ'; 'ਮਾਟੀ ਅੰਧੀ ਸੁਰਤ ਸਮਾਈ॥' (ਗੁਰੂ ਅਰਜਨ ਦੇਵ) ਇਥੇ ਮਾਟੀ ਤੋਂ ਭਾਵ ਸਰੀਰ, ਦੇਹ ਹੈ। ਮਿੱਟੀ ਦਾ ਇਕ ਹੋਰ ਕਾਵਿਕ ਰੂਪ ਮਿਟੀਆ ਵੀ ਹੈ ਜਿਸ ਦੀ ਵਰਤੋਂ ਗੁਰੂ ਨਾਨਕ ਦੇਵ ਨੇ ਕੀਤੀ ਹੈ, 'ਇਕਿ ਮਿਟੀਆ ਮਹਿ ਮਿਟੀਆ ਖਾਹਿ॥' ਬਹੁਤ ਸਾਰੀ ਮਿੱਟੀ ਨੂੰ ਮਿੱਟ ਕਹਿ ਦਿੱਤਾ ਜਾਂਦਾ ਹੈ ਜਿਵੇਂ 'ਕਿੰਨੀ ਮਿੱਟ ਚੜ੍ਹੀ ਹੋਈ ਹੈ।' ਮਿੱਟੀ ਤੋਂ ਹੀ ਮਿਟਣਾ ਸ਼ਬਦ ਬਣਿਆ, ਕਿਸੇ ਝਗੜੇ ਵਾਲੀ ਗੱਲ ਨੂੰ ਨਾ ਛੇੜਨ ਜਾਂ ਢਕਣ ਦੇ ਅਰਥਾਂ ਵਿਚ ਅਸੀਂ ਕਹਿੰਦੇ ਹਾਂ, 'ਮਿੱਟੀ ਪਾ।'

ਗੁਰੂ ਅਰਜਨ ਦੇਵ ਫੁਰਮਾਉਂਦੇ ਹਨ, 'ਮਿਟੀ ਬਿਆਧਿ ਸਰਬ ਸੁਖ ਹੋਏ॥' ਜਦ ਅਸੀਂ ਕਿਸੇ ਲਿਖੇ ਆਦਿ ਨੂੰ ਮੇਟਦੇ ਹਾਂ ਤਾਂ ਵਾਸਤਵ ਵਿਚ ਹੱਥ ਫੇਰਨ ਦੀ ਕ੍ਰਿਆ ਨਾਲ ਉਸ ਉਤੇ ਮਿੱਟੀ ਪਾ ਦਿੰਦੇ ਹਾਂ। ਉਂਜ ਵੀ ਮਿੱਟੀ ਕਰਨਾ ਦਾ ਭਾਵ ਕਾਸੇ



ਦੀ ਦ੍ਰਿਸ਼ਟਮਾਨ ਹਸਤੀ ਨੂੰ ਖਤਮ ਕਰਨਾ ਹੈ। ਮਲੀਆਮੇਟ ਵਿਚ ਵੀ ਮਿੱਟੀ ਬੋਲਦੀ ਹੈ। ਇਹ ਮਟੀਆਮੇਟ ਦਾ ਵਿਗੜਿਆ ਰੂਪ ਹੈ, ਇਥੇ ਮਿਟ ਸ਼ਬਦ ਦੀ ਦੁਹਰਾਈ ਹੈ। ਜੇ ਮਟ ਜਾਂ ਮਟਕਾ ਮਿੱਟੀ ਤੋਂ ਬਣਦਾ ਹੈ ਤਾਂ ਇਹ ਸ਼ਬਦ ਵੀ ਮਿੱਟੀ ਤੋਂ ਹੀ ਬਣੇ ਹਨ ਤੇ ਲਾਖਣਿਕ ਅਰਥ ਵੀ ਮਨੁੱਖ ਦੀ ਦੇਹ ਬਣਦੇ ਹਨ। ਗੁਰਬਾਣੀ ਵਿਚ ਇਸ ਦਾ ਮਾਟ ਰੂਪ ਆਇਆ ਹੈ ਤੇ ਮਾਟਲੀ ਵੀ, 'ਬਹੁਰਿ ਨ ਜੋਨੀ ਮਾਟ'; 'ਅਤਿ ਜਜਰੀ ਤੇਰੀ ਰੇ! ਮਾਟਲੀ'।

ਇਸ ਸ਼ਬਦ ਦਾ ਸੰਸਕ੍ਰਿਤ ਰੂਪ 'ਮ੍ਰਤਿਕਾ' ਜਿਹਾ ਹੈ ਜਿਸ ਤੋਂ ਪ੍ਰਾਕ੍ਰਿਤ ਰੂਪ ਮੱਟੀ, ਮੱਟਿਆ, ਮੱਟਿਯਾ, ਮਿਟਿਆ ਆਦਿ ਬਣੇ ਹਨ। ਇਨ੍ਹਾਂ ਤੋਂ ਅੱਗੇ ਆਧੁਨਿਕ ਭਾਰਤੀ ਭਾਸ਼ਾਵਾਂ ਵਿਚ ਕਈ ਰੂਪ ਅਤੇ ਅਰਥਾਂ ਵਾਲੇ ਸ਼ਬਦ ਵਿਕਸਿਤ ਹੋਏ। ਇਨ੍ਹਾਂ ਦੇ ਕੁਝ ਅਰਥ ਗਿਣਾ ਦਿੰਦੇ ਹਾਂ: ਮਿੱਟੀ, ਧੂੜਾ, ਗਾਰਾ, ਇੱਟ, ਪੀਲੇ ਰੰਗ ਦੀ ਮਹੀਨ ਮਿੱਟੀ, ਚਿੱਟੀ ਮਿੱਟੀ ਅਰਥਾਤ ਚਾਕ, ਮਿੱਟੀ ਦੇ ਭਾਂਡੇ ਆਦਿ। ਸੰਸਕ੍ਰਿਤ ਕ੍ਰਿਆ 'ਮ੍ਰਿਦ' ਵਿਚ ਦੱਬਣ, ਦਲਣ, ਰਗੜਨ, ਪੀਸਣ, ਘਸਣ, ਮਲਣ ਆਦਿ ਦੇ ਭਾਵ ਹਨ। ਮ੍ਰਤਿਕਾ ਜਿਹੇ ਸ਼ਬਦ ਇਸੇ ਤੋਂ ਬਣਦੇ ਹਨ। ਸਪਸ਼ਟ ਹੈ, ਮਿੱਟੀ ਇਕ ਤਰ੍ਹਾਂ ਮਹੀਨ ਪੀਸੀ ਚੀਜ਼ ਹੈ।

ਧਰਤੀ ਦੀ ਉਤਲੀ ਪਰਤ ਵਾਤਾਵਰਣ ਅਤੇ ਹੋਰ ਕੁਦਰਤੀ ਵਰਤਾਰੇ ਕਾਰਨ ਭੁਰਭਰੀ ਹੋ ਗਈ ਹੈ। ਇਹੀ ਮਿੱਟੀ ਹੈ। ਮ੍ਰਿਦ ਤੋਂ ਮ੍ਰਿਦਤਾ, ਮ੍ਰਿਦਲਾ ਜਿਹੇ ਸ਼ਬਦ ਬਣਦੇ ਹਨ, ਜਿਨ੍ਹਾਂ ਵਿਚ ਕੋਮਲਤਾ, ਮੁਲਾਇਮੀ ਆਦਿ ਦੇ ਭਾਵ ਹਨ। ਮਿਧਣਾ, ਮਧੋਲਣਾ ਸ਼ਬਦ ਇਸੇ ਮ੍ਰਿਦ ਦੀ ਪੈਦਾਵਾਰ ਹਨ। ਪੰਜਾਬੀ ਦਾ ਇਕ ਹੋਰ ਸ਼ਬਦ ਮਾਂਡਣਾ ਵੀ ਏਥੇ ਥਾਂ ਸਿਰ ਹੈ। 'ਮਹਾਨ ਕੋਸ਼' ਅਨੁਸਾਰ ਇਸ ਦਾ ਅਰਥ ਹੈ, ਮੁਠੀ ਚਾਪੀ ਕਰਨਾ, ਆਟਾ ਗੁੰਨ੍ਹਣਾ। ਮਿੱਡਾ (ਜਿਵੇਂ ਨੱਕ) ਜਿਸ ਦਾ ਅਰਥ ਬੈਠਿਆ ਹੋਇਆ, ਮਿਧਿਆ ਹੋਇਆ ਹੈ, ਵੀ ਇਸੇ ਭਾਵ ਨਾਲ ਜੁੜਦਾ ਲਗਦਾ ਹੈ। ਧਿਆਨ ਦਿਓ, ਮੁਰਦਾ ਜਾਂ ਮ੍ਰਿਤਕ ਯਾਨਿ ਲਾਸ਼ ਵੀ ਇੱਕ ਤਰ੍ਹਾਂ ਮਿੱਟੀ ਹੀ ਹੈ। ਇਸ ਤਰ੍ਹਾਂ ਇਹ ਸ਼ਬਦ ਵੀ ਮ੍ਰਿਦ ਨਾਲ ਜਾ ਜੁੜਦੇ ਹਨ।

ਮੁਰਦਾ ਫਾਰਸੀ ਵਲੋਂ ਹੈ ਤੇ ਇਸੇ ਦਾ ਭਾਈ ਹੈ ਮਰਦ। ਫਿਰ ਅੱਗੇ ਮ੍ਰਿਤੂ ਖੜ੍ਹੀ ਹੈ। ਜ਼ਿੰਦਗੀ ਤੋਂ ਮੌਤ ਤੱਕ ਮਿੱਟੀ ਸਾਡਾ ਸਾਥ ਦਿੰਦੀ ਹੈ। ਮ੍ਰਿਤ ਦਾ ਪੰਜਾਬੀ ਰੂਪ ਮੋਇਆ ਵੀ ਹੈ। ਇਸੇ ਤੋਂ ਲਾਤੀਨੀ ਦੇ ਮੁਢ ਤੋਂ ਫਰਾਂਸੀਸੀ ਵਿਚ ਦੀ ਹੁੰਦਾ ਅੰਗਰੇਜ਼ੀ ਸ਼ਬਦ Mortal ਬਣਦਾ ਹੈ, ਜਿਸ ਦਾ ਅਰਥ ਮਰਨਹਾਰ ਹੈ। ਇਹ ਸ਼ਬਦ ਵਿਅਕਤੀ ਲਈ ਵੀ ਵਰਤਿਆ ਜਾਂਦਾ ਹੈ ਕਿਉਂਕਿ ਵਿਅਕਤੀ ਸਦੀਵੀ ਹਸਤੀ ਨਹੀਂ ਹੈ।

ਦਿਲਚਸਪ ਗੱਲ ਹੈ, ਮੌਤ ਸ਼ਬਦ ਅਰਬੀ ਭਾਸ਼ਾ ਵਲੋਂ ਆਇਆ ਹੈ ਹਾਲਾਂ ਕਿ ਇਸ ਦਾ ਮੁਢ ਹਿੰਦ-ਇਰਾਨੀ ਵਿਚ ਹੈ। ਸੰਸਕ੍ਰਿਤ ਵਿਚ ਮ੍ਰਿਤੂ ਸ਼ਬਦ ਹੈ। ਖਿਆਲ ਹੈ, ਇਹ ਸ਼ਬਦ ਕਿਸੇ ਤਰ੍ਹਾਂ ਅਰਬੀ ਵਿਚ ਗਿਆ ਤੇ ਇਸ ਦਾ ਰੂਪ ਮੌਤ ਹੋ ਗਿਆ। ਦਰਅਸਲ ਮਾਤ ਸ਼ਬਦ ਅਰਬੀ ਮੌਤ ਦਾ ਹੀ ਬਦਲਿਆ ਰੂਪ ਹੈ। ਮਾਤ ਦਾ ਅਰਥ ਹੈ, ਹਾਰ ਗਿਆ। ਸ਼ਤਰੰਜ ਦੀ ਖੇਡ ਵਿਚ ਸ਼ਾਹਮਾਤ ਅਜਿਹੀ ਚਾਲ ਹੁੰਦੀ ਹੈ, ਜਿਸ ਤੋਂ ਰਾਜੇ ਦੀ ਮੌਤ ਦਾ ਖਤਰਾ ਹੁੰਦਾ ਹੈ। ਅੰਗਰੇਜ਼ੀ ਵਿਚ ਇਹ Checkmate ਦੇ ਰੂਪ ਵਿਚ ਗਿਆ। ਮਾਤ ਤੋਂ ਹੀ ਮਾਤਮ ਬਣਿਆ ਜੋ ਮੌਤ ਦਾ ਵਿਰਲਾਪ ਜਾਂ ਸ਼ੋਕ ਹੈ। ਹੋਰ ਸਾਮੀ ਭਾਸ਼ਾਵਾਂ ਵਿਚ ਵੀ ਇਸ ਦੇ ਰੁਪਾਂਤਰ ਮਿਲਦੇ ਹਨ।

ਵਿਦਵਾਨਾਂ ਨੇ ਇਨ੍ਹਾਂ ਸ਼ਬਦਾਂ ਦਾ ਭਾਰੋਪੀ ਮੂਲ Mer ਕਲਪਿਆ ਹੈ, ਜਿਸ ਵਿਚ ਰਗੜਨ, ਮਲਣ, ਚੂਰਾ ਕਰਨ, ਨੁਕਸਾਨ ਪਹੁੰਚਾਉਣ ਦੇ ਭਾਵ ਹਨ। ਇਸੇ ਤੋਂ ਅੱਗੇ ਮਰਨ ਦੇ ਭਾਵ ਵਿਕਸਿਤ ਹੁੰਦੇ ਹਨ। ਅੰਗਰੇਜ਼ੀ ਦੇ ਕੁਝ ਹੋਰ ਸ਼ਬਦ ਗਿਣ ਲਈਏ: Ambrosia (ਦੇਵਤਿਆਂ ਦਾ ਭੋਜਨ, ਟਾਕਰੇ ਵਿਚ ਦੇਖੋ ਅੰਮ੍ਰਿਤ। ਦੋਹਾਂ ਵਿਚ ਨਾ ਮਰਨ ਦਾ ਭਾਵ ਹੈ); Immortal (ਅਮਰ); Mare (Nightmare ਵਿਚ ਵੀ ਇਹ ਸ਼ਬਦ ਬੋਲਦਾ ਹੈ, ਹਊਆ); Morbid (ਬੀਮਾਰ ਜਿਹਾ, ਮਰਨ ਕਿਨਾਰੇ); Moribund (ਮਰਨਸ਼ੀਲ), Morsel (ਤੋੜਨ ਦੇ ਭਾਵ ਤੋਂ, ਬੁਰਕੀ); Murder (ਮਾਰਨ, ਹੱਤਿਆ); Post-mortem; Mortuary (ਮੁਰਦਘਾਟ); Remorse (ਕੱਟਣ ਤੋੜਨ ਦੇ ਭਾਵ ਤੋਂ, ਪਛਤਾਵੇ ਵਿਚ ਅਸੀਂ ਦੰਦ ਕਰੀਚਦੇ ਹਾਂ); Mortgage (ਰਾਸ਼ੀ ਭੁਗਤਾਉਣ ਜਾਂ ਨਾ ਦੇ ਸਕਣ ਕਾਰਨ ਗਿਰਵੀ ਦਾ ਸਮਝੌਤਾ ਮਰ ਜਾਂਦਾ ਹੈ); Amaranth (ਅਮਲਾਨ, ਇਕ ਪੌਦਾ, ਸ਼ਾਬਦਿਕ ਅਰਥ ਜੋ ਨਹੀਂ ਮੁਰਝਾਉਂਦਾ ਜਾਂ ਮਰਦਾ)।

ਨਿਰੁਕਤ ਸ਼ਾਸਤਰੀ ਅਜਿਤ ਵਡਨੇਰਕਰ ਨੇ ਇਸ ਸ਼ਬਦ ਦੇ ਰੂਪਾਂ ਦੀ ਸਾਮੀ ਭਾਸ਼ਾਵਾਂ ਵਿਚ ਥਾਹ ਪਾਈ ਹੈ। ਪ੍ਰਾਚੀਨਤਮ ਸਾਮੀ ਭਾਸ਼ਾ ਅੱਕਾਦੀ ਵਿਚ ਮਿਦ੍ਰ, ਮਿਦ੍ਰਿਤ ਜਿਹੇ ਸ਼ਬਦ ਹਨ, ਜਿਨ੍ਹਾਂ ਵਿਚ ਭੂਮੀ ਦਾ ਭਾਵ ਹੈ। ਮਿਦ੍ਰ ਦਾ ਅਰਥ ਜਮੀਨ, ਇਲਾਕਾ, ਖੇਤਰ ਅਤੇ ਮਿਦ੍ਰਿਤ ਦਾ ਅਰਥ ਬਗੀਚਾ ਹੈ। ਹਿਬਰੂ ਦੇ ਮੇਦੇਰ ਵਿਚ ਚਿੱਕੜ, ਧਰਤੀ ਦਾ ਭਾਵ ਹੈ ਅਤੇ ਸੀਰੀਅਕ ਦੇ ਮੇਦਾ ਵਿਚ ਮਿੱਟੀ, ਲਾਸ਼ ਜਿਹੇ ਅਰਥ ਹਨ। ਅਰਬੀ ਦੇ ਇੱਕ ਸ਼ਬਦ ਮਦਾਰ ਦਾ ਅਰਥ ਹੈ, ਧਰਤੀ। ਅਜਿਹੇ ਦਾਅਵੇ ਗੂੜ੍ਹੀ ਖੋਜ ਮੰਗਦੇ ਹਨ।

# ਅੱਠ ਜੁਲਾਈ ਦਾ ਦਿਨ

## ਯਾਦ ਪਟਾਰੀ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

8 ਜੁਲਾਈ 1940 ਦਾ ਮੇਰਾ ਜਨਮ ਹੈ। ਸਮੁੰਦਰੀ ਮਲਾਹ ਵਾਸਕੋ ਡੀ ਗਾਮਾ 8 ਜੁਲਾਈ 1497 ਨੂੰ ਪੁਰਤਗਾਲ ਤੋਂ ਜਹਾਜਾਂ ਦਾ ਬੇੜਾ ਲੈ ਕੇ ਇੰਡੀਆ ਨੂੰ ਚੱਲਿਆ ਸੀ ਤੇ ਇੰਡੀਆ ਪੁੱਜਣ ਵਾਲਾ ਪਹਿਲਾ ਯੂਰਪੀਨ ਯਾਤਰੀ ਬਣਿਆ ਸੀ। ਗੁਰੂ ਨਾਨਕ ਦੇਵ ਜੀ ਉਦੋਂ ਦੁਨੀਆਂ ਤਾਰਨ ਲਈ ਉਦਾਸੀਆਂ 'ਤੇ ਨਿਕਲੇ ਹੋਏ ਸਨ। ਗੁਰੂ ਨਾਨਕ ਤੇ ਵਾਸਕੋ ਡੀ ਗਾਮਾ ਦਾ ਜਨਮ 1469 ਦਾ ਸੀ।

8 ਜੁਲਾਈ ਦੇ ਦਿਨ ਨਾਲ ਜੁੜੀਆਂ ਅਨੇਕਾਂ ਅਜਬ ਘਟਨਾਵਾਂ ਵਾਂਗ ਮੇਰੇ ਨਾਲ ਵੀ ਇਕ ਅਜਬ ਘਟਨਾ ਵਾਪਰੀ ਸੀ। ਐਮ. ਏ. ਦੀ ਪੜ੍ਹਾਈ ਕਰਨ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਚੱਲਿਆ ਸਾਂ ਪਰ ਜਾ ਪੁੱਜਾ ਖਾਲਸਾ ਕਾਲਜ, ਦਿੱਲੀ। ਉੱਦਣ 8 ਜੁਲਾਈ 1962 ਦਾ ਦਿਨ ਸੀ। ਉਦੋਂ ਸਾਡੇ ਵੱਲ ਜਨਮ ਦਿਨ ਮਨਾਉਣ ਦਾ ਤੋਰਾ ਨਹੀਂ ਸੀ ਤੁਰਿਆ। ਜਨਮ ਦਿਨ ਮਨਾਉਣਾ ਤਾਂ ਇਕ ਪਾਸੇ, ਜਨਮ ਦਿਨ ਦਾ ਪਤਾ ਹੀ ਨਹੀਂ ਸੀ ਹੁੰਦਾ। ਮੇਰਾ ਵੀ ਕਿਹੜਾ ਪੱਕਾ ਪਤੈ ਕਿ 8 ਜੁਲਾਈ ਹੀ ਹੈ। ਪਿੰਡ ਦੇ ਚੌਕੀਦਾਰ ਨੇ ਜਿਹੜੀ ਤਰੀਕ ਲਿਖਾ ਦਿੱਤੀ, ਉਹੀ ਮੇਰਾ ਜਨਮ ਦਿਨ ਬਣ ਗਿਆ!

ਮੈਂ ਮੋਗੇ ਤੋਂ ਅੰਮ੍ਰਿਤਸਰ ਜਾਣ ਵਾਲੀ ਬੱਸ ਫੜ੍ਹਨੀ ਸੀ। ਮੇਰਾ ਭਰਾ ਮੈਨੂੰ ਸਾਈਕਲ 'ਤੇ ਬੱਧਨੀ ਤੋਂ ਬੱਸ ਚੜ੍ਹਾਉਣ ਚੱਲਿਆ। ਰਾਹ ਵਿਚ ਸਾਈਕਲ ਪੈਂਚਰ ਹੋ ਗਿਆ। ਮੈਂ ਤੁਰ ਕੇ ਬੱਧਨੀ ਤੋਂ ਬੱਸ ਫੜ੍ਹੀ। ਬਾਰਸ਼ਾਂ ਦੇ ਦਿਨ ਸਨ। ਬੱਸ ਖੁੱਭਦੀ ਕਰਦੀ ਮੋਗੇ ਪੁੱਜੀ ਤਾਂ ਅੰਮ੍ਰਿਤਸਰ ਜਾਣ ਵਾਲੀ ਆਖਰੀ ਬੱਸ ਜਾ ਚੁਕੀ ਸੀ। ਅੱਡੇ 'ਤੇ ਖੜ੍ਹਾ ਮੈਂ ਸੋਚਣ ਲੱਗਾ, ਖਾਲਸਾ ਕਾਲਜ ਦਿੱਲੀ ਨਾ ਚੱਲਾਂ? ਦਿੱਲੀ ਜਾਣ ਲਈ ਗੱਡੀ ਲੁਧਿਆਣੇ ਤੋਂ ਵੀ ਫੜ੍ਹੀ ਜਾ ਸਕਦੀ ਸੀ ਤੇ ਕੋਟਕਪੂਰੇ ਤੋਂ ਵੀ। ਮੈਂ ਉਂਜ ਈ ਇਕ ਸੱਜਣ ਤੋਂ ਪੁੱਛ ਲਿਆ, "ਬਾਈ ਜੀ, ਦਿੱਲੀ ਜਾਣ ਨੂੰ ਕੋਟਕਪੂਰੇ ਤੋਂ ਗੱਡੀ ਫੜ੍ਹਨੀ ਠੀਕ ਰਹੂ ਜਾਂ ਲੁਧਿਆਣੇ ਤੋਂ?" ਉਹ ਪੁੱਛਣ ਲੱਗਾ, "ਕਿੰਨੇ ਜਣੇ ਓਂ?" ਮੈ ਆਖਿਆ, "ਮੈਂ 'ਕੱਲਾ ਈ ਆਂ।" ਉਹ ਕਹਿਣ ਲੱਗਾ, "ਜੇ 'ਕੱਲਾ ਈ ਐਂ ਤਾਂ ਸਾਡੇ ਟਰੱਕ 'ਤੇ ਈ ਚੜ੍ਹਿਆ ਚੱਲ।"

ਉਹਦੇ ਟਰੱਕ ਦਾ ਨੰਬਰ ਪੀ. ਐਨ. ਐਫ. 5555 ਸੀ ਜੋ ਮੈਨੂੰ ਅੱਜ ਵੀ ਯਾਦ ਹੈ। ਸਾਈਕਲ ਦਾ ਪੈਂਚਰ ਹੋਣਾ, ਬੱਸ ਦਾ ਖੁੰਭਣਾ ਤੇ ਟਰੱਕ ਡਰਾਈਵਰ ਦਾ ਮਿਲਣਾ-ਕੁਦਰਤੀ ਢੋਅ ਸਨ। ਅੰਮ੍ਰਿਤਸਰ ਜਾਣ ਵਾਲੀ ਬੱਸ ਮਿਲ ਜਾਂਦੀ ਤਾਂ ਮੈਂ ਖਾਲਸਾ ਕਾਲਜ, ਅੰਮ੍ਰਿਤਸਰ ਦਾ ਖਿਡਾਰੀ ਹੋਣਾ ਸੀ ਅਤੇ ਹੋਰਨਾਂ ਖਿਡਾਰੀਆਂ ਵਾਂਗ ਪੁਲਿਸ ਵਿਚ ਠਾਣੇਦਾਰ ਲੱਗ ਜਾਣਾ ਸੀ। ਹੁਣ ਮੈਂ ਕਾਲਜ ਦਾ ਪ੍ਰਿੰਸੀਪਲ ਬਣ ਕੇ ਰਿਟਾਇਰ ਹੋਇਆਂ, ਫਿਰ ਹੋ ਸਕਦੈ ਐਸ. ਪੀ. ਬਣ ਕੇ ਰਿਟਾਇਰ ਹੁੰਦਾ!

ਡਰਾਈਵਰ ਮੈਨੂੰ ਰੇਲਵੇ ਸਟੇਸ਼ਨ ਦਿੱਲੀ ਮੂਹਰੇ ਉਤਾਰ ਕੇ ਅਗਾਂਹ ਨਿਕਲ ਗਿਆ ਅਤੇ ਦਿੱਲੀ ਦੇ ਜੇਬ ਕਤਰਿਆਂ ਤੋਂ ਸਾਵਧਾਨ ਕਰ ਗਿਆ। ਮੈਂ ਗੁਰਦੁਆਰਾ ਸੀਸ ਗੰਜ ਜਾ ਕੇ ਮੱਥਾ ਟੇਕਿਆ ਤੇ ਬਾਹਰ ਆ ਕੇ ਨੀਲਾ ਦਸਤਾਰਾ ਸਜਾਈ ਖੜ੍ਹੇ ਇਕ ਸਿੰਘ ਤੋਂ ਖਾਲਸਾ ਕਾਲਜ ਬਾਰੇ ਪੁੱਛਿਆ। ਉਹ ਰਾਹ ਦੱਸਣ ਦੀ ਥਾਂ ਉਲਟਾ ਮੈਥੋਂ ਪੁੱਛਣ ਲੱਗ ਪਿਆ, "ਤੂੰ ਖਾਲਸਾ ਕਾਲਜ ਕੀ ਕਰਨ ਜਾਣੈ?" ਮੈਂ ਆਖਿਆ, "ਮੈਂ ਦਾਖਲ ਹੋਣੈ।" ਉਹ ਕਹਿਣ ਲੱਗਾ, "ਕੜਾ ਤਾਂ ਤੇਰੇ ਪਾਇਆ ਨ੍ਹੀਂ, ਤੈਨੂੰ ਦਾਖਲ ਕਿਹੜਾ ਕਰ-ਲੂ?"

ਮੈਂ ਮਨ 'ਚ ਕਿਹਾ, "ਇਹ ਪਤੰਦਰ ਰਾਹ 'ਚ ਈ ਪ੍ਰਿੰਸੀਪਲ ਬਣਿਆ ਖੜ੍ਹੈ!"

ਮੈਂ ਉਸੇ ਵੇਲੇ ਗੁਰਦੁਆਰੇ ਮੂਹਰੇ ਬੈਠੇ ਕੜਿਆਂ ਵਾਲੇ ਤੋਂ ਚੁਆਨੀ ਦਾ ਕੜਾ ਲਿਆ। ਜਦੋਂ ਨੀਲੇ ਦਸਤਾਰੇ ਵਾਲੇ ਤੋਂ ਕਾਲਜ ਦਾ ਪਤਾ ਪੁੱਛਣ ਮੁੜਿਆ ਤਾਂ ਉਹ ਮੈਨੂੰ ਸਿੰਘ ਸਜਾਉਣ ਦਾ ਪਰਉਪਕਾਰ ਕਰ ਕੇ ਅਲੋਪ ਹੋ ਚੁਕਾ ਸੀ। ਇਕ ਹੋਰ ਸੱਜਣ ਨੇ ਦੱਸਿਆ, "ਪੱਚੀ ਨੰਬਰ ਬੱਸ ਚੜ੍ਹ ਜਾਹ, ਸਿੱਧੀ ਖਾਲਸਾ ਕਾਲਜ ਦੇਵ ਨਗਰ ਜਾਊ।"

ਖਾਲਸਾ ਕਾਲਜ 'ਚ ਮੈਨੂੰ ਮੇਰੇ ਵਰਗਾ ਹੀ ਇਕ ਮੁੰਡਾ ਮਿਲ ਪਿਆ। ਉਸ ਨੇ ਆਪਣਾ ਨਾਂ ਅਮਰਜੀਤ ਤੇ ਪਿੰਡ ਪੰਨੀਵਾਲਾ ਦੱਸਿਆ। ਉਹ ਅਥਲੀਟ ਸੀ। ਉਹ ਮੈਨੂੰ ਖੇਡਾਂ ਦੇ ਇੰਚਾਰਜ ਪ੍ਰੀਤਮ ਸਿੰਘ ਬੈਂਸ ਦੇ ਦਫਤਰ ਵਿਚ ਲੈ ਗਿਆ। ਮੇਰੇ ਸਰਟੀਫਿਕੇਟ ਵੇਖ ਕੇ ਉਸ ਨੇ ਕਿਹਾ, "ਤੂੰ ਏਥੇ ਈ ਦਾਖਲ ਹੋ ਜਾ। ਏਥੇ ਪੰਜਾਬੀ ਦਾ ਚੰਗਾ ਸਟਾਫ ਐ।"

ਮੈਂ ਕਿਹਾ, "ਸਰ, ਮੈਂ ਤਾਂ ਖਾਲਸਾ ਕਾਲਜ ਅੰਬਰਸਰ ਦਾਖਲ ਹੋਣ ਚੱਲਿਆ ਸਾਂ। ਉਥੋਂ ਦੇ ਡੀ. ਪੀ. ਈ. ਨੇ ਕਿਹਾ ਸੀ, ਮੇਰੀ ਪੜ੍ਹਾਈ ਫਰੀ ਹੋਵੇਗੀ।" ਬੈਂਸ ਨੇ ਕਿਹਾ, "ਏਥੇ ਵੀ ਤੇਰਾ ਬਾਹਲਾ ਖਰਚਾ ਨੀ ਹੋਣ ਦਿੰਦੇ।" ਨਾਲ ਈ ਅਮਰਜੀਤ ਨੇ ਕਹਿ ਦਿੱਤਾ, "ਸਾਡੇ ਘਰ ਕੋਲ ਕਲੱਬ ਦਾ ਕਮਰਾ ਹੈਗਾ। ਓਥੇ ਰਹੀ ਜਾਈਂ। ਅਸੀਂ ਓਥੇ ਈ ਵੇਟ ਟ੍ਰੇਨਿੰਗ ਕਰਦੇ ਆਂ।"

ਬੈਂਸ ਸਾਹਿਬ ਨੇ ਨਸੀਹਤ ਦਿੱਤੀ, "ਅੰਬਰਸਰ ਦੇ ਭਾਊਆਂ ਨਾਲ ਰਲ ਕੇ ਮੁੰਡੇ ਵਿਗੜ ਜਾਂਦੇ ਆ। ਏਥੇ ਪੜ੍ਹੇਂਗਾ ਤਾਂ ਬਚਿਆ ਰਹੇਂਗਾ। ਭਾਪਿਆਂ ਦੇ ਮੁੰਡੇ ਤਾਂ ਕੁੜੀਆਂ ਵਰਗੇ ਹੁੰਦੇ ਆ। ਨਾਲੇ ਪੰਜਾਬ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਨਾਲੋਂ ਦਿੱਲੀ ਯੂਨੀਵਰਸਿਟੀ ਦਾ ਚੈਂਪੀਅਨ ਬਣਨਾ ਸੌਖਾ। ਏਥੇ ਤੇਰਾ ਕੈਰੀਅਰ ਬੈਟਰ ਬਣੇਗਾ।"

ਅਮਰਜੀਤ ਦਾਖਲਾ ਫਾਰਮ ਫੜ੍ਹ ਲਿਆਇਆ। ਪ੍ਰੀਤਮ ਸਿੰਘ ਬੈਂਸ ਨੇ ਪੰਜਾਬੀ ਦੇ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਨੂੰ ਸੱਦ ਲਿਆ। ਸੋਢੀ ਸਾਹਿਬ ਪ੍ਰਸਿੱਧ ਗਾਇਕਾ ਸੁਰਿੰਦਰ ਕੌਰ ਦੇ ਪਤੀ ਸਨ। ਉਨ੍ਹਾਂ ਨੇ ਮੇਰੇ ਪੰਜਾਬੀ ਦੇ ਨੰਬਰ ਵੇਖ ਕੇ ਕਿਹਾ, "ਏਥੇ ਤੂੰ ਫਸਟ ਡਿਵੀਜ਼ਨ ਲੈ ਸਕਦੈਂ। ਅੰਬਰਸਰ ਤੂੰ ਪੜ੍ਹਾਈ 'ਚ ਪਛੜੇਂਗਾ। ਏਥੇ ਚੰਗਾ ਰਹੇਂਗਾ।"

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਅਜੇ ਦੁਬਿਧਾ ਵਿਚ ਸਾਂ ਕਿ ਸੋਢੀ ਸਾਹਿਬ ਮੇਰਾ ਫਾਰਮ ਖੁਦ ਭਰਨ ਲੱਗ ਪਏ। ਮੈਨੂੰ ਪ੍ਰਿੰਸੀਪਲ ਗੁਰਬਚਨ ਸਿੰਘ ਬੱਲ ਪਾਸ ਵੀ ਉਹੀ ਲੈ ਕੇ ਗਏ। ਮੇਰਾ ਖਿਡਾਰੀ ਹੋਣਾ ਤੇ ਪੰਜਾਬੀ 'ਚ ਹੁਸ਼ਿਆਰ ਹੋਣਾ ਦੱਸਿਆ। ਪ੍ਰਿੰਸੀਪਲ ਨੇ ਫਾਰਮ 'ਤੇ ਦਸਤਖਤ ਕਰ ਦਿੱਤੇ। ਫਿਰ ਦਾਖਲਾ ਫੀਸ ਭਰਨੀ ਸੀ। ਮੈਨੂੰ ਸੋਚਾਂ 'ਚ ਪਿਆ ਵੇਖ ਬੈਂਸ ਸਾਹਿਬ ਨੇ ਕਲਰਕ ਨੂੰ ਸੱਦ ਕੇ ਕੁਝ ਕਿਹਾ। ਉਹ ਮੇਰਾ ਫਾਰਮ ਲੈ ਕੇ ਥੋੜ੍ਹੀ ਦੇਰ ਬਾਅਦ ਰੋਲ ਨੰਬਰ ਸਲਿਪ ਦੇ ਗਿਆ। ਮੈਨੂੰ ਮੁਫਤ ਵਿਚ ਦਾਖਲਾ ਮਿਲ ਗਿਆ।

ਮੈਂ ਅਮਰਜੀਤ ਦੇ ਘਰ ਰੋਟੀ ਖਾਧੀ। ਅਮਰਜੀਤ ਦਾ ਘਰ ਮੈਨੂੰ ਆਪਣੀ ਭੂਆ ਦੇ ਘਰ ਵਰਗਾ ਲੱਗਾ, ਜਿਥੇ ਮੈਂ ਪਹਿਲਾਂ ਪੜ੍ਹਿਆ ਸਾਂ। ਅਮਰਜੀਤ ਨੇ ਕਲੱਬ ਦਾ ਕਮਰਾ ਵਿਖਾਇਆ, ਜਿਥੇ ਮੈਂ ਬਿਨਾ ਕਿਰਾਏ ਦੇ ਰਹਿਣਾ ਸੀ। ਉਥੇ ਨਲਕਾ ਲੱਗਾ ਹੋਇਆ ਸੀ। ਪਿੱਪਲ ਤੇ ਤੂਤ ਦੀ ਛਾਂ ਸੀ ਅਤੇ ਬੈਡਮਿੰਟਨ ਦਾ ਪੱਕਾ ਕੋਰਟ ਸੀ। ਵੇਟ ਟ੍ਰੇਨਿੰਗ ਲਈ ਵੇਟ ਸੈਟ ਪਿਆ ਸੀ। ਨੇੜੇ ਈ ਚਾਹ ਦੀ ਦੁਕਾਨ ਤੇ ਕੋਲ ਹੀ ਤੰਦੂਰ ਸੀ। ਇਹ ਤਾਂ ਪੰਜੇ ਘਿਉ ਵਿਚ ਸਨ। ਰਾਤ ਦੀ ਗੱਡੀ ਮੁੜਦਿਆਂ ਮੈਂ ਸੋਚਦਾ ਆਇਆ ਕਿ ਚੰਗਾ ਹੀ ਹੋਇਆ ਮੋਗੇ ਤੋਂ ਅੰਮ੍ਰਿਤਸਰ ਜਾਣ ਵਾਲੀ ਆਖਰੀ ਬੱਸ ਨਿਕਲ ਚੁਕੀ ਸੀ।

ਉਦਣ ਵੀ 8 ਜੁਲਾਈ ਦਾ ਦਿਨ ਸੀ, ਜਿੱਦਣ ਲਾਲਾ ਲਾਜਪਤ ਰਾਏ ਕਾਲਜ ਢੁੱਡੀਕੇ ਖੁੱਲ੍ਹਾ ਸੀ। ਮੈਂ 8 ਜੁਲਾਈ 1967 ਤੋਂ 1996 ਤਕ ਉਥੇ ਪੜ੍ਹਾਇਆ ਜਿਸ ਕਰਕੇ ਮੇਰੇ ਨਾਂ ਨਾਲ ਢੁੱਡੀਕੇ ਜੁੜ ਗਿਆ। 15 ਜੁਲਾਈ 1996 ਨੂੰ ਮੈਂ ਅਮਰਦੀਪ ਮੈਮੋਰੀਅਲ ਕਾਲਜ, ਮੁਕੰਦਪੁਰ ਦਾ ਪ੍ਰਿੰਸੀਪਲ ਬਣਿਆ ਸਾਂ। 8 ਜੁਲਾਈ ਤੋਂ ਹਫਤਾ ਪਛੜ ਜਾਣ ਦੀ ਕਸਰ ਫਿਰ ਮੇਰੇ ਪੁੱਤਰ ਜਗਵਿੰਦਰ ਸਿੰਘ ਨੇ ਕੱਢੀ ਜੋ 8 ਜੁਲਾਈ 1997 ਨੂੰ ਉਸੇ ਕਾਲਜ ਵਿਚ ਪੜ੍ਹਾਉਣ ਲੱਗ ਪਿਆ। ਇਹ ਸਤਰਾਂ ਲਿਖਦਿਆਂ ਹੀ ਸ਼ਿਕਾਗੋ ਤੋਂ ਫੋਨ ਆ ਗਿਆ ਕਿ 8 ਜੁਲਾਈ ਨੂੰ ਸ਼ਿਕਾਗੋ ਦੇ ਕਬੱਡੀ ਮੇਲੇ ਵਿਚ ਪੁੱਜਾਂ। ਅੱਗੇ ਪਤਾ ਨਹੀਂ 8 ਜੁਲਾਈ ਦਾ ਦਿਨ ਮੇਰੇ ਨਾਲ ਕੀ ਕੀ ਕੌਤਕ ਵਰਤਾਵੇ?

## ਮਿੰਨੀ ਕਹਾਣੀ

### ਸਰਦਾਰ

ਪਿੰਡ ਵਿਚ ਸਾਰੇ ਉਨ੍ਹਾਂ ਨੂੰ 'ਸਰਦਾਰਾਂ ਦੇ' ਹੀ ਕਹਿ ਕੇ ਬੁਲਾਉਂਦੇ ਸਨ। ਦਾਦੇ, ਪੜਦਾਦੇ ਦੀਆਂ ਬਣਾਈਆਂ ਜਮੀਨਾਂ ਦੇ ਮਾਲਕ। ਕੰਮ ਦੀ ਸਰਦਾਰੀ ਭੁੱਲ ਗਏ।

ਨਾਲ ਵਾਲੇ ਸ਼ਹਿਰ ਵਿਚ ਵੀ ਦੁਕਾਨਾਂ, ਮਕਾਨ ਵਗੈਰਾ ਸਨ। ਇੱਕ ਇੱਕ ਕਰਕੇ ਵੇਚਣ ਲੱਗ ਪਏ। ਇੱਕ ਵਾਰ ਪਰਿਵਾਰ ਨੇ ਇੱਕ ਦੁਕਾਨ ਵੇਚਣ ਦਾ ਫੈਸਲਾ ਕੀਤਾ ਤੇ ਦੋ ਮੁੰਡੇ ਸਮਾਨ 'ਚੋਂ ਨਿੱਕ-ਸੁੱਕ ਚੁੱਕ ਕੇ ਵਿਹਲੀ ਕਰਨ ਚਲੇ ਗਏ।

ਘਰ ਆ ਕੇ ਸਮਾਨ ਰੱਖਿਆ। ਇੱਕ ਬੰਦ ਟਰੰਕ ਖੋਲ੍ਹਿਆ ਜੋ ਚੂਹਿਆਂ ਦਾ ਭਰਿਆ ਪਿਆ ਸੀ। ਚੂਹੇ ਟਪੂਸੀਆਂ ਮਾਰਦੇ ਸਰਦਾਰਾਂ ਦੀ ਹਵੇਲੀ ਦੀਆਂ ਖੁੱਡਾਂ 'ਚ ਜਾ ਵੜੇ।

-ਦਵਿੰਦਰ ਕੌਰ


# ਅੱਧੀ ਦੁਨੀਆਂ ਨਾਲ ਜੁੜਿਆ ਭਾਰਤੀ ਸਿਨੇਮਾ

ਮੇਘਨਾ ਗੁਲਜ਼ਾਰ ਦੇ ਚਿਹਰੇ 'ਤੇ ਅੱਜ ਕੱਲ੍ਹ ਜੇਤੂ ਮੁਸਕਾਨ ਹੈ। ਇਹ ਮੁਸਕਾਨ 'ਬਰੇਲੀ ਕੀ ਬਰਫੀ' ਦੀ ਅਸ਼ਵਨੀ ਅਈਅਰ ਤਿਵਾੜੀ ਦੇ ਚਿਹਰੇ 'ਤੇ ਵੀ ਦੇਖ ਸਕਦੇ ਹਾਂ। ਦੇਖਿਆ ਜਾਏ ਤਾਂ ਸਿਰਫ ਮੇਘਨਾ ਗੁਲਜ਼ਾਰ ਅਤੇ ਅਸ਼ਵਨੀ ਹੀ ਨਹੀਂ; ਸੀਮਾ ਕਾਗਤੀ, ਜ਼ੋਇਆ ਅਖ਼ਤਰ ਅਤੇ ਗੌਰੀ ਸ਼ਿੰਦੇ ਸਮੇਤ ਕੁਝ ਹੋਰ ਔਰਤ ਨਿਰਦੇਸ਼ਕਾਂ ਜਿਵੇਂ ਕਿਰਨ ਰਾਓ, ਫਰਹਾ ਖ਼ਾਨ, ਦੀਪਾ ਮਹਿਤਾ, ਅਪਰਨਾ ਸੇਨ, ਮੀਰਾ ਨਾਇਰ, ਅਨੁਸ਼ਾ ਰਿਜਵੀ, ਲੀਨਾ ਯਾਦਵ ਵਰਗੇ ਕਈ ਨਾਂ ਆ ਜਾਂਦੇ ਹਨ ਪਰ ਪਿਛਲੇ ਕੁਝ ਸਾਲਾਂ ਵਿਚ ਕੁਝ ਮਹਿਲਾ ਨਿਰਦੇਸ਼ਕਾਂ ਨੇ ਹਿੱਟ ਫਿਲਮ ਦੀ ਪਰਿਭਾਸ਼ਾ ਨੂੰ ਸਮਝਿਆ ਹੈ ਅਤੇ ਇਸ ਨਾਲ ਉਨ੍ਹਾਂ ਨੇ ਦਰਸ਼ਕਾਂ ਵਿਚ ਉਮੀਦ ਜਗਾਈ ਹੈ।

ਉਘੇ ਲੇਖਕ ਗੁਲਜ਼ਾਰ ਦੀ ਬੇਟੀ ਮੇਘਨਾ ਗੁਲਜ਼ਾਰ ਨੇ ਉਸ ਸਮੇਂ ਫਿਲਮਾਂ ਵਿਚ ਦਸਤਕ ਦਿੱਤੀ ਜਦੋਂ ਗੁਲਜ਼ਾਰ ਪੂਰੀ ਤਰ੍ਹਾਂ ਨਾਲ ਆਰਾਮ ਕਰਨ ਦਾ ਮੂਡ ਬਣਾ ਚੁੱਕੇ ਸਨ। ਗੁਲਜ਼ਾਰ ਨੇ ਖ਼ੁਦ ਨੂੰ ਗੀਤ ਲਿਖਣ ਤਕ ਸੀਮਤ ਕੀਤਾ ਜੋ ਉਸ ਦੀ ਹਰਮਨਪਿਆਰਤਾ ਦਾ ਆਧਾਰ ਬਣਿਆ, ਪਰ ਮੇਘਨਾ ਨੇ ਕਦੇ ਵੀ ਪਿਤਾ ਦੀ ਜੁੱਤੀ ਵਿਚ ਪੈਰ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਕਹਿੰਦੀ ਹੈ, "ਪਾਪਾ ਨਾਲ ਕਿਸੇ ਤਰ੍ਹਾਂ ਦੀ ਤੁਲਨਾ ਦੀ ਗੱਲ ਮੈਂ ਦੂਰ ਦੂਰ ਤਕ ਨਹੀਂ ਸੋਚ ਸਕਦੀ, ਪਰ ਉਨ੍ਹਾਂ ਦੀ ਕਾਬਲੀਅਤ ਦਾ ਉਪਯੋਗ ਕਰਨਾ ਮੈਂ ਕਦੇ ਨਹੀਂ ਛੱਡਿਆ। ਹਰ ਮੁਸ਼ਕਿਲ ਮੁੱਦੇ 'ਤੇ ਵਿਚਾਰ ਚਰਚਾ ਕਰਨਾ ਮੈਨੂੰ ਬਹੁਤ ਪਸੰਦ ਹੈ। ਮੈਂ ਆਜ਼ਾਦ ਤੌਰ 'ਤੇ ਸੋਚਦੀ ਹਾਂ, ਫਿਰ ਉਨ੍ਹਾਂ ਦੀ ਰਾਇ ਲੈਣਾ ਮੈਨੂੰ ਪਸੰਦ ਹੈ। ਉਹ ਵੀ ਰਾਇ ਦਿੰਦੇ ਸਮੇਂ ਹਮੇਸ਼ਾਂ ਇਹੀ ਕਹਿੰਦੇ ਹਨ- 'ਜੇ ਤੂੰ ਠੀਕ ਸਮਝੇਂ ਤਾਂ ਅਮਲ ਕਰਨਾ।' ਅੱਜ 'ਰਾਜ਼ੀ' ਤੋਂ ਬਾਅਦ ਮੈਨੂੰ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਨਾ ਮੇਰੇ ਲਈ ਬਹੁਤ ਫਾਇਦੇਮੰਦ ਰਿਹਾ ਹੈ।" ਵੈਸੇ 'ਰਾਜ਼ੀ' ਤੋਂ ਬਾਅਦ ਮੇਘਨਾ ਦੀ ਦੁਨੀਆਂ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਹਰ ਵੱਡਾ ਬੈਨਰ ਚਾਹੁੰਦਾ ਹੈ ਕਿ ਉਹ ਉਨ੍ਹਾਂ ਦੇ ਬੈਨਰ ਲਈ ਫਿਲਮ ਬਣਾਏ। 'ਰਾਜ਼ੀ' ਉਸ ਦੀ ਪਹਿਲੀ ਹਿੱਟ ਫਿਲਮ ਹੈ। ਇਸ ਤੋਂ ਪਹਿਲੀਆਂ ਸਾਰੀਆਂ ਫਿਲਮਾਂ ਨੇ ਉਸ ਨੂੰ ਸਫਲਤਾ ਦੇ ਮਾਮਲੇ ਵਿਚ ਅੰਗੂਠਾ ਦਿਖਾਇਆ ਸੀ, ਪਰ 'ਤਲਵਾਰ' ਨੇ ਉਸ ਦੀ ਕਾਫੀ ਚਰਚਾ ਕਰਵਾਈ ਸੀ ਜੋ ਔਸਤ ਹਿੱਟ ਫਿਲਮ ਸੀ।

ਅਸ਼ਵਨੀ ਅਈਅਰ ਤਿਵਾੜੀ ਨੇ ਆਪਣੀ ਤੀਜੀ ਫਿਲਮ 'ਬਰੇਲੀ ਕੀ ਬਰਫੀ' ਵਿਚ ਸਫਲਤਾ ਦਾ ਭਰਪੂਰ ਮਜ਼ਾ ਲੈ ਲਿਆ। ਉਹ ਨਿਰਦੇਸ਼ਕ ਨਿਤੇਸ਼ ਤਿਵਾੜੀ ਦੀ ਪਤਨੀ ਹੈ, ਪਰ ਅਸ਼ਵਨੀ ਨੇ ਪਤੀ ਨੂੰ ਸਹਿਯੋਗ ਕਰਦੇ ਹੋਏ ਆਪਣਾ ਅਲੱਗ ਵਜੂਦ ਬਣਾ ਲਿਆ। ਉਸ ਦੀ ਪਹਿਲੀ ਨਿਰਦੇਸ਼ਤ ਫਿਲਮ 'ਨਿਲ ਬਟੇ ਸੰਨਾਟਾ' ਨੂੰ ਤਾਰੀਫ ਤਾਂ ਬਹੁਤ ਮਿਲੀ, ਪਰ ਦਰਸ਼ਕ ਨਹੀਂ। ਉਂਜ, ਤਮਿਲ ਵਿਚ ਬਣੀ ਇਸ ਫਿਲਮ ਨੇ ਉਸ ਨੂੰ ਹਿੱਟ ਅਤੇ ਤਾਰੀਫ ਦੋਵੇਂ ਦਿੱਤੀਆਂ। ਉਸ ਲਈ ਇੰਨਾ ਹੀ ਕਾਫੀ ਸੀ। ਅਗਲੀ ਫਿਲਮ 'ਬਰੇਲੀ ਕੀ ਬਰਫੀ' ਨੇ ਉਸ ਨੂੰ ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦਿੱਤਾ। ਅੱਜ ਕੱਲ੍ਹ ਉਹ ਬਾਲਾਜੀ ਲਈ ਦੋ ਫਿਲਮਾਂ ਬਣਾ ਰਹੀ ਹੈ। ਉਹ ਦੱਸਦੀ ਹੈ, "ਮੈਂ ਇਸ਼ਤਿਹਾਰਾਂ ਦੀ ਦੁਨੀਆਂ ਤੋਂ ਆਪਣੀ ਸ਼ੁਰੂਆਤ ਕੀਤੀ ਹੈ। ਇਸ ਖੇਤਰ ਵਿਚ ਕੰਮ ਕਰਨ ਨਾਲ ਮੈਨੂੰ ਕਈ ਐਵਾਰਡ ਵੀ ਮਿਲ ਚੁੱਕੇ ਹਨ। 'ਬਰੇਲੀ ਕੀ ਬਰਫੀ' ਤੋਂ ਬਾਅਦ ਮੈਂ ਫਿਰ ਆਮ ਲੋਕਾਂ ਨਾਲ ਜੁੜੀ ਹੋਈ ਹਲਕੀ-ਫੁਲਕੀ ਕਹਾਣੀ ਦੀ ਚੋਣ ਕੀਤੀ ਹੈ। ਮੇਰੀਆਂ ਪਿਛਲੀਆਂ ਦੋ ਫਿਲਮਾਂ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਸਾਧਾਰਨ ਤੇ ਆਮ ਲੋਕਾਂ ਨਾਲ ਜੁੜੀ ਕਹਾਣੀ ਦਰਸ਼ਕਾਂ ਨੂੰ ਜ਼ਿਆਦਾ ਪਸੰਦ ਆਉਂਦੀ ਹੈ।"

ਰੀਮਾ ਕਾਗਤੀ ਨੂੰ ਆਮਿਰ ਖ਼ਾਨ ਨਾਲ 'ਤਲਾਸ਼' ਬਣਾਉਣ ਤੋਂ ਬਾਅਦ ਹੀ ਸਟਾਰ ਨਿਰਦੇਸ਼ਕ ਕਿਹਾ ਜਾਣ ਲੱਗਿਆ ਹੈ। 'ਤਲਾਸ਼' ਵੱਡੀ ਹਿੱਟ ਸੀ ਅਤੇ ਇਸ ਨਾਲ ਉਸ ਦਾ ਆਤਮ ਵਿਸ਼ਵਾਸ ਵੀ ਕਾਫੀ ਵਧਿਆ। ਉਂਜ ਕੱਲ੍ਹ ਉਹ ਅਕਸ਼ੈ ਕੁਮਾਰ ਨਾਲ ਫਿਲਮ 'ਗੋਲਡ' ਨੂੰ ਅੰਤਿਮ ਛੋਹਾਂ ਦੇ ਰਹੀ ਹੈ। ਇਸ ਫਿਲਮ ਦਾ ਵਿਸ਼ਾ ਉਸ ਦੀਆਂ ਪਿਛਲੀਆਂ ਫਿਲਮਾਂ ਤੋਂ ਅਲੱਗ ਹੈ। ਇਹ ਫਿਲਮ ਓਲੰਪਿਕ ਖੇਡਾਂ ਵਿਚ ਭਾਰਤ ਨੂੰ ਪਹਿਲਾ ਗੋਲਡ ਮੈਡਲ ਦਿਵਾਉਣ ਵਾਲੇ ਪ੍ਰਸਿਧ ਹਾਕੀ ਖਿਡਾਰੀ ਬਲਬੀਰ ਸਿੰਘ 'ਤੇ ਬਣਾਈ ਗਈ ਹੈ। ਰੀਮਾ ਕਹਿੰਦੀ ਹੈ, "ਅਸਲ ਵਿਚ ਅੱਜ ਵੀ ਪੁਰਸ਼ ਕਰਮੀ ਮਹਿਲਾ ਦੀ ਪ੍ਰਤਿਭਾ ਨੂੰ ਅਣਦੇਖਿਆ ਕਰਦੇ ਹਨ। ਉਹ ਜਲਦੀ ਕਿਸੇ ਔਰਤ ਦੀ ਪ੍ਰਤਿਭਾ ਨੂੰ ਸਵੀਕਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਜਦੋਂ 'ਤਲਾਸ਼' ਦਾ ਆਮਿਰ ਦੀ ਫਿਲਮ ਦੇ ਤੌਰ 'ਤੇ ਪ੍ਰਚਾਰ ਕੀਤਾ ਗਿਆ ਤਾਂ ਮੈਨੂੰ ਜ਼ਰਾ ਵੀ ਬੁਰਾ ਨਹੀਂ ਲੱਗਿਆ ਕਿਉਂਕਿ ਜ਼ਾਹਿਰ ਹੈ ਕਿ ਆਮਿਰ ਫਿਲਮ ਵਿਚ ਮੁੱਖ ਆਕਰਸ਼ਣ ਸੀ। ਜਦੋਂ ਫਿਲਮ ਸੁਪਰਹਿੱਟ ਹੋ ਗਈ ਤਾਂ ਕਿਸੇ ਆਲੋਚਕ ਨੇ ਲਿਖਿਆ ਕਿ ਫਿਲਮ ਆਮਿਰ ਕਾਰਨ ਚੱਲੀ, ਪਰ ਮੇਰਾ ਇਤਰਾਜ਼ ਇਹ ਸੀ ਕਿ ਇਹ ਫਿਲਮ ਇਸ ਦੀ ਸਟਾਰ ਕਾਸਟ ਦੇ ਨਾਲ ਨਾਲ ਪੂਰੀ ਯੂਨਿਟ ਦੀ ਮਿਹਨਤ ਦੀ ਵਜ੍ਹਾ ਨਾਲ ਚੱਲੀ। ਮੈਨੂੰ ਖ਼ੁਸ਼ੀ ਹੈ ਕਿ ਆਮਿਰ ਨੇ ਵੀ ਅਜਿਹਾ ਹੀ ਕਿਹਾ।"



ਫਿਲਮਸਾਜ਼ ਅਸ਼ਵਨੀ ਅਈਅਰ ਤਿਵਾੜੀ ਦੀ ਫਿਲਮ 'ਨਿਲ ਬਟੇ ਸੰਨਾਟਾ' ਦੀ ਝਲਕ।

ਨਿਰਦੇਸ਼ਕ ਜ਼ੋਇਆ ਅਖ਼ਤਰ ਨੂੰ ਇਹ ਕਹਿ ਕੇ ਕਿ ਉਹ ਵੱਡੇ ਬਾਪ ਦੀ ਧੀ ਹੈ, ਉਸ ਨੂੰ ਖਾਰਜ ਕਰਨਾ ਠੀਕ ਨਹੀਂ ਹੋਏਗਾ। ਵੱਡੇ ਪਿਤਾ ਦਾ ਨਾਂ ਉਸ ਲਈ ਸਿਰਫ ਇੰਨਾ ਹੀ ਕੰਮ ਆਇਆ ਕਿ ਉਸ ਨੂੰ ਕਿਸੇ ਨਾਲ ਆਪਣੀ ਵਿਸਥਾਰ ਨਾਲ ਜਾਣ ਪਛਾਣ ਨਹੀਂ ਕਰਾਉਣੀ ਪੈਂਦੀ। ਸ਼ੁਰੂਆਤ ਵਿਚ ਜਦੋਂ ਉਸ ਨੂੰ ਮੌਕੇ ਮਿਲਣ ਲੱਗੇ ਤਾਂ ਉਸ ਨੂੰ ਪਿੱਛੇ ਮੁੜ ਕੇ ਦੇਖਣ ਦੀ ਜ਼ਰੂਰਤ ਨਹੀਂ ਪਈ। 2009 ਦੀ 'ਲਕ ਬਾਈ ਚਾਂਸ' ਵਿਚ ਉਸ ਨੂੰ ਜਿੱਤ ਮਿਲੀ ਪਰ ਇਸ ਦੇ ਬਾਅਦ ਵੀ ਦੂਜੀ ਫਿਲਮ 'ਜ਼ਿੰਦਗੀ ਨਾ ਮਿਲੇਗੀ ਦੋਬਾਰਾ' ਵਿਚ ਉਹ ਖਿੜ ਕੇ ਸਾਹਮਣੇ ਆ ਗਈ। ਆਪਣੀ ਤੀਜੀ ਫਿਲਮ 'ਦਿਲ ਧੜਕਨੇ ਦੋ' ਵਿਚ ਉਸ ਨੇ ਸਾਬਤ ਕਰ ਦਿੱਤਾ ਕਿ ਵੱਡੇ ਬਜਟ ਅਤੇ ਵੱਡੇ ਸਿਤਾਰਿਆਂ ਦੀ ਫਿਲਮ ਉਸ ਨੂੰ ਬਾਖ਼ੂਬੀ ਕਰਨੀ ਆਉਂਦੀ ਹੈ। ਹੁਣ ਉਹ ਆਪਣੀ ਅਗਲੀ ਫਿਲਮ 'ਗਲੀ ਬੌਇਜ਼' ਵਿਚ ਇਸੀ ਸੋਚ ਨਾਲ ਅੱਗੇ ਵਧ ਰਹੀ ਹੈ। ਉਹ ਕਹਿੰਦੀ ਹੈ, "ਸਿਤਾਰਿਆਂ ਨਾਲ ਸ਼ੁਰੂ ਤੋਂ ਮੇਰੇ ਚੰਗੇ ਸੰਪਰਕ ਰਹੇ ਹਨ। ਇਸ ਲਈ ਉਨ੍ਹਾਂ ਨਾਲ ਕੰਮ ਕਰਨ ਵਿਚ ਮੈਨੂੰ ਪ੍ਰੇਸ਼ਾਨੀ ਨਹੀਂ ਹੁੰਦੀ। ਤੁਸੀਂ ਦੇਖੋ ਕਿ 'ਗਲੀ ਬੌਇਜ਼' ਨੂੰ ਮੈਂ ਰਣਵੀਰ ਸਿੰਘ ਅਤੇ ਆਲੀਆ ਭੱਟ ਵਰਗੇ ਵੱਡੇ ਸਿਤਾਰਿਆਂ ਨਾਲ ਸਿਰਫ ਦੋ ਮਹੀਨਿਆਂ ਵਿਚ ਪੂਰਾ ਕਰ ਲਿਆ ਹੈ। ਮੈਂ ਕਦੇ ਵੀ ਆਪਣੇ ਦਰਸ਼ਕਾਂ ਦੀ ਸਿਰਜਣਸ਼ੀਲਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਅਤੇ ਉਨ੍ਹਾਂ ਨੇ ਵੀ ਮੈਨੂੰ ਕਦੇ ਅਣਦੇਖਿਆ ਨਹੀਂ ਕੀਤਾ।"

ਗੌਰੀ ਸ਼ਿੰਦੇ ਦੀ 'ਇੰਗਲਿਸ਼ ਵਿੰਗਲਿਸ਼' ਫਿਲਮ ਚੰਗੀ ਸੀ, ਪਰ ਟਿਕਟ ਖਿੜਕੀ 'ਤੇ ਔਸਤ ਸਾਬਤ ਹੋਈ। ਫਿਰ ਉਸ ਨੂੰ ਵੱਡੀ ਫਿਲਮ ਦਾ ਮਤਲਬ ਸਮਝ ਆਇਆ, ਪਰ ਆਪਣੀ ਅਗਲੀ ਫਿਲਮ ਸ਼ਾਹਰੁਖ਼ ਖ਼ਾਨ ਤੇ ਆਲੀਆ ਭੱਟ ਦੀ 'ਡੀਅਰ ਜ਼ਿੰਦਗੀ' ਵਿਚ ਵੀ ਉਹ ਦਰਸ਼ਕਾਂ ਦੀ ਨਬਜ਼ ਸਮਝ ਨਹੀਂ ਸਕੀ। ਇਹ ਵੀ ਔਸਤ ਫਿਲਮ ਸਾਬਤ ਹੋਈ। ਉਹ ਦੱਸਦੀ ਹੈ, "ਸ਼ੁਰੂਆਤ ਵਿਚ ਮੇਰੀ ਕੰਮ ਕਰਨ ਦੀ ਸ਼ੈਲੀ ਬਾਰੇ ਕਈ ਲੋਕਾਂ ਦਾ ਕਹਿਣਾ ਸੀ ਕਿ ਇਹ ਲੜਕੀ ਕੀ ਕਰ ਸਕੇਗੀ। ਸਾਰੇ ਇਹੀ ਸੋਚਦੇ ਸਨ ਕਿ ਮੈਂ ਇਸ਼ਤਿਹਾਰ ਫਿਲਮ ਨਿਰਦੇਸ਼ਕ ਹਾਂ, ਮੇਰੀ ਉਮਰ ਬਹੁਤ ਛੋਟੀ ਹੈ। ਅਜਿਹੇ ਕਈ ਸਵਾਲਾਂ ਦਾ ਮੈਨੂੰ ਸਾਹਮਣਾ ਕਰਨਾ ਪਿਆ ਪਰ ਸਿੱਧੀ ਜਿਹੀ ਗੱਲ ਹੈ ਕਿ ਜੇਕਰ ਤੁਹਾਨੂੰ ਆਪਣੇ ਕੰਮ ਬਾਰੇ ਪੂਰੀ ਤਰ੍ਹਾਂ ਪਤਾ ਹੈ ਤਾਂ ਤੁਹਾਨੂੰ ਕੋਈ ਵੀ ਰੋਕ ਨਹੀਂ ਸਕਦਾ।"

ਫਰਹਾ ਖ਼ਾਨ ਨੇ ਅਜੇ ਤਕ ਚਾਰ ਫਿਲਮਾਂ ਹੀ ਬਣਾਈਆਂ ਹਨ। ਇਨ੍ਹਾਂ ਵਿਚੋਂ ਸਿਰਫ 'ਤੀਸ ਮਾਰ ਖ਼ਾਂ' ਨੂੰ ਹੀ ਟਿਕਟ ਖਿੜਕੀ 'ਤੇ ਮਾਰ ਪਈ। ਉਸ ਦੀਆਂ ਬਾਕੀ ਤਿੰਨੋਂ ਫਿਲਮਾਂ ਵੱਡੀਆਂ ਹਿੱਟ ਸਨ। ਉਸ ਦੀਆਂ ਤਿੰਨੋਂ ਫਿਲਮਾਂ ਵਿਚ ਹੀਰੋ ਸ਼ਾਹਰੁਖ਼ ਖ਼ਾਨ ਸੀ। ਉਸ ਦੀ ਸਫਲਤਾ ਵਿਚ ਸ਼ਾਹਰੁਖ਼ ਖ਼ਾਨ ਦਾ ਵੱਡਾ ਹੱਥ ਹੈ। ਉਹ ਖ਼ੁਦ ਵੀ ਅਜਿਹਾ ਮੰਨਦੀ ਹੈ। ਫਰਹਾ ਦੀ ਚੰਗੀ ਗੱਲ ਹੈ ਕਿ ਉਹ ਕਿਸੇ ਫਿਲਮੀ ਚੱਕਰ ਵਿਚ ਨਾ ਪੈ ਕੇ ਸਿਰਫ ਕਮਰਸ਼ਲ ਫਿਲਮ ਹੀ ਬਣਾਉਣਾ ਚਾਹੁੰਦੀ ਹੈ। ਇਸ ਦ੍ਰਿਸ਼ਟੀ ਨਾਲ ਉਹ ਸਾਰੀਆਂ ਮਹਿਲਾ ਨਿਰਦੇਸ਼ਕਾਂ ਤੋਂ ਅਲੱਗ ਹੈ। ਉਹ ਕਹਿੰਦੀ ਹੈ, "ਮੈਂ ਆਪਣੀਆਂ ਫਿਲਮਾਂ 'ਚ ਖ਼ਰਚ ਦਾ ਬਹੁਤ ਧਿਆਨ ਰੱਖਦੀ ਹਾਂ। ਫਿਰ ਚਾਹੇ ਉਹ ਕੋਰਿਓਗ੍ਰਾਫਰ ਦੇ ਤੌਰ 'ਤੇ ਹੋਵੇ ਜਾਂ ਨਿਰਦੇਸ਼ਕ ਦੇ ਤੌਰ 'ਤੇ। ਰੈੱਡ ਚਿੱਲੀਜ਼, ਧਰਮਾ ਪ੍ਰੋਡਕਸ਼ਨ ਅਤੇ ਰਮੇਸ਼ ਤੌਰਾਨੀ ਨਾਲ ਕੰਮ ਕਰਦੇ ਸਮੇਂ ਵੀ ਮੈਂ ਇਹੀ ਕੀਤਾ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਵੀ ਮੈਨੂੰ ਇਨ੍ਹਾਂ ਤੋਂ ਪੇਸ਼ਕਸ਼ਾਂ ਮਿਲ ਰਹੀਆਂ ਹਨ। ਹਾਂ, ਇਹ ਗੱਲ ਸਹੀ ਹੈ ਕਿ ਮੈਨੂੰ ਕੋਰਿਓਗ੍ਰਾਫੀ ਜ਼ਿਆਦਾ ਪਸੰਦ ਹੈ।"

**-ਅਸੀਮ ਚਕਰਵਰਤੀ**

# ਰੇਖਾ ਦੀ ਪਸੰਦ ਕੁਝ ਹੋਰ ਸੀ...

ਫਿਲਮੀ ਪਰਦੇ 'ਤੇ 1966 ਤੋਂ ਭਾਰਤ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਆਪਣੀ ਅਦਾਕਾਰੀ ਦਾ ਜਾਦੂ ਚਲਾਉਣ ਵਾਲੀ ਭਾਨੂ ਰੇਖਾ ਗਣੇਸ਼ਨ ਉਰਫ ਰੇਖਾ ਬਾਰੇ ਕਿਹਾ ਜਾਂਦਾ ਹੈ ਕਿ ਉਹ ਜੋ ਬਣਨਾ ਚਾਹੁੰਦੀ ਸੀ, ਉਹ ਨਹੀਂ ਬਣ ਸਕੀ। ਉਹ ਸ਼ੁਰੂ ਤੋਂ ਹੀ ਦੁਨੀਆਂ ਘੁੰਮਣਾ ਚਾਹੁੰਦੀ ਸੀ। ਇਸ ਲਈ ਉਹ ਏਅਰ ਹੋਸਟੈਸ ਬਣਨ ਦਾ ਸੁਪਨਾ ਦੇਖਦੀ ਸੀ। ਕਾਨਵੈਂਟ ਸਕੂਲ ਵਿਚ ਆਇਰਿਸ਼ ਨਨਾਂ ਤੋਂ ਸਿਖਿਆ ਹਾਸਲ ਕਰਨ ਦੌਰਾਨ ਰੇਖਾ ਨਨ ਵੀ ਬਣਨਾ ਚਾਹੁੰਦੀ ਸੀ। ਰੇਖਾ ਦੀ ਅਭਿਨੈ ਵਿਚ ਕੋਈ ਰੁਚੀ ਨਹੀਂ ਸੀ, ਪਰ ਘਰ ਦੇ ਵਿਗੜੇ ਹਾਲਾਤ ਕਾਰਨ ਸਕੂਲ ਛੱਡ ਕੇ ਉਸ ਨੂੰ ਐਕਟਿੰਗ ਕਰਨੀ ਪਈ।



ਰੇਖਾ ਨੇ 12 ਸਾਲ ਦੀ ਉਮਰ ਵਿਚ ਤੈਲਗੂ ਫਿਲਮ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਜਿਸ ਤੋਂ ਤਿੰਨ ਸਾਲ ਬਾਅਦ ਉਹ ਕੰਨੜ ਫਿਲਮ ਵਿਚ ਹੀਰੋਇਨ ਬਣੀ। ਰੇਖਾ ਦੀ ਪਹਿਲੀ ਹਿੰਦੀ ਫਿਲਮ 'ਅਨਜਾਨਾ ਸਫਰ' ਸੀ। ਇਸ ਵਿਚ ਉਸ ਨਾਲ ਵਿਸ਼ਵਜੀਤ ਹੀਰੋ ਸੀ। ਰੇਖਾ ਦੀ ਇਸ ਫਿਲਮ ਵਿਚ ਚੁੰਮਣ ਦਾ ਦ੍ਰਿਸ਼ ਸੀ ਜਿਸ ਨੇ ਉਸ ਨੂੰ ਸੁਰਖ਼ੀਆਂ ਵਿਚ ਲਿਆ ਦਿੱਤਾ। ਇਹ ਫਿਲਮ ਸੈਂਸਰਸ਼ਿਪ ਦੀਆਂ ਸਮੱਸਿਆਵਾਂ ਵਿਚ ਫਸ ਕੇ ਤਕਰੀਬਨ ਦਸ ਸਾਲ ਬਾਅਦ 'ਦੋ ਸ਼ਿਕਾਰੀ' ਦੇ ਨਾਂ ਨਾਲ ਰਿਲੀਜ਼ ਹੋਈ ਸੀ। ਆਪਣੇ 49 ਸਾਲ ਦੇ ਫਿਲਮੀ ਸਫਰ ਵਿਚ ਰੇਖਾ ਨੇ ਹਿੰਦੀ ਦੇ ਨਾਲ ਤਾਮਿਲ, ਤੈਲਗੂ ਅਤੇ ਕੰਨੜ ਦੀਆਂ 175 ਨਾਲੋਂ ਵੱਧ ਫਿਲਮਾਂ ਵਿਚ ਅਦਾਕਾਰੀ ਕੀਤੀ ਹੈ। ਰੇਖਾ ਦਾ ਜਨਮ 10 ਅਕਤੂਬਰ 1954 ਨੂੰ ਚੇਨੱਈ (ਮਦਰਾਸ) ਵਿਚ ਤਾਮਿਲ ਅਭਿਨੇਤਾ ਜੈਮਿਨੀ ਗਣੇਸ਼ਨ ਅਤੇ ਤਾਮਿਲ ਅਭਿਨੇਤਰੀ ਪੁਸ਼ਪਾਵਲੀ ਦੇ ਘਰ ਹੋਇਆ ਸੀ। ਰੇਖਾ ਨੂੰ ਹਿੰਦੀ ਫਿਲਮਾਂ ਦੀਆਂ ਸਭ ਤੋਂ ਚੰਗੀਆਂ ਅਭਿਨੇਤਰੀਆਂ 'ਚੋਂ ਇਕ ਮੰਨਿਆ ਜਾਂਦਾ ਹੈ। ਹਿੰਦੀ ਸਿਨੇਮਾ ਵਿਚ ਉਸ ਦੀ ਪਛਾਣ 1970 ਵਿਚ ਆਈ ਫਿਲਮ 'ਸਾਵਨ ਭਾਦੋਂ' ਤੋਂ ਬਣੀ। ਉਸ ਦੀਆਂ ਕੁਝ ਯਾਦਗਾਰ ਫਿਲਮਾਂ 'ਖ਼ੂਬਸੂਰਤ', 'ਖ਼ੂਨ ਭਰੀ ਮਾਂਗ', ਮੁਕੱਦਰ ਕਾ ਸਿਕੰਦਰ' ਆਦਿ ਹਨ।

ਫਿਲਮੀ ਪਰਦੇ 'ਤੇ ਭਾਵੇਂ ਰੇਖਾ ਕਈ ਅਦਾਕਾਰਾਂ ਨਾਲ ਜੋੜੀ ਬਣਾ ਚੁੱਕੀ ਹੋਵੇ, ਪਰ ਜਦ ਗੱਲ ਉਸ ਦੀ ਅਸਲੀ ਜ਼ਿੰਦਗੀ ਦੀ ਹੁੰਦੀ ਹੈ ਤਾਂ ਉਸ ਦੀ ਜੋੜੀ ਹਮੇਸ਼ਾਂ ਹੀ ਟੁੱਟਦੀ ਰਹੀ। ਰੇਖਾ ਦੀ ਸ਼ਾਦੀ ਉਂਜ ਤਾਂ ਉਦਯੋਗਪਤੀ ਮੁਕੇਸ਼ ਅਗਰਵਾਲ ਨਾਲ ਹੋਈ ਸੀ, ਪਰ ਉਸ ਦਾ ਨਾਂ ਕਈ ਅਦਾਕਾਰਾਂ ਨਾਲ ਜੁੜਿਆ। ਅਮਿਤਾਭ ਬਚਨ ਤੋਂ ਇਲਾਵਾ ਨਵੀਨ ਨਿਸ਼ਚਲ, ਵਿਸ਼ਵਜੀਤ, ਜਿਤੇਂਦਰ, ਸ਼ਤਰੂਘਨ ਸਿਨਹਾ, ਵਿਨੋਦ ਮਹਿਰਾ ਜਿਹੇ ਅਦਕਾਰਾਂ ਦੇ ਨਾਂ ਵੀ ਉਸ ਨਾਲ ਜੁੜਦੇ ਰਹੇ। ਇਸ ਸਭ ਦੇ ਬਾਵਜੂਦ ਉਸ ਦੇ ਜੀਵਨ ਵਿਚ ਕੋਈ ਇਹੋ ਜਿਹਾ ਵਿਅਕਤੀ ਨਹੀਂ ਆ ਸਕਿਆ ਜੋ ਉਸ ਦਾ ਹਮਸਫਰ ਬਣ ਸਕਦਾ। ਰੇਖਾ ਦੀਆਂ ਕਈ ਸ਼ਾਦੀਆਂ ਹੋਈਆਂ, ਪਰ ਸਾਰੀਆਂ ਅਸਫਲ ਰਹੀਆਂ।

ਰੇਖਾ ਨੂੰ ਨ੍ਰਿਤ ਦਾ ਸ਼ੌਕ ਹੈ। ਉਸ ਨੇ ਨੀਤੂ ਸਿੰਘ ਦੀ ਫਿਲਮ 'ਯਾਰਾਨਾ' ਅਤੇ ਸਮਿਤਾ ਪਾਟਿਲ ਦੀ 'ਆਵਾਜ਼' ਵਿਚ ਫਿਲਮ 'ਵਾਰਿਸ' ਵਿਚ ਡਬਿੰਗ ਵੀ ਕੀਤੀ। ਰੇਖਾ ਨੇ ਫਿਲਮ 'ਖ਼ੂਬਸੂਰਤ' ਵਿਚ ਦੋ ਗਾਣੇ ਵੀ ਗਾਏ। ਉਹ ਸਮੇਂ ਦੀ ਪਾਬੰਦ ਹੈ ਤੇ ਹਰ ਥਾਂ ਸਮੇਂ 'ਤੇ ਪਹੁੰਚਦੀ ਹੈ। ਰੇਖਾ ਇਹੋ ਜਿਹੀ ਪਹਿਲੀ ਹੀਰੋਇਨ ਹੈ ਜਿਸ ਨੇ ਜਿੰਮ ਜਾਣਾ ਸ਼ੁਰੂ ਕੀਤਾ ਸੀ। ਉਸ ਨੇ ਬੇਸਿਕ ਐਕਸਰਸਾਈਜ਼ ਤੋਂ ਸ਼ੁਰੂਆਤ ਕੀਤੀ ਸੀ। ਉਹ ਯੋਗ ਵੀ ਕਰਦੀ ਹੈ।

**-ਨਿਰਮਲ ਪ੍ਰੇਮੀ**

# 'ਸ਼ਮਸ਼ੇਰਾ' ਦੀ ਵਾਣੀ ਕਪੂਰ

ਆਪਣੀ ਪਹਿਲੀ ਫਿਲਮ 'ਸ਼ੁੱਧ ਦੇਸੀ ਰੁਮਾਂਸ' ਤੋਂ ਬਾਅਦ ਵਾਣੀ ਕਪੂਰ ਨੇ ਜੋ ਵੀ ਕੰਮ ਕੀਤਾ, ਉਸ ਦੇ ਜ਼ਰੀਏ ਕਾਫੀ ਪ੍ਰਸ਼ੰਸਾ ਹਾਸਲ ਕੀਤੀ ਪਰ ਨਵੀਂ ਅਭਿਨੇਤਰੀ ਹੋਣ ਦੇ ਬਾਵਜੂਦ ਉਸ ਨੇ 'ਬੇਫਿਕਰੇ' ਦੇ ਟਿਕਟ ਖਿੜਕੀ 'ਤੇ ਨਾਕਾਮ ਹੋਣ ਦੀ ਜ਼ਿੰਮੇਵਾਰੀ ਆਪਣੇ ਸਿਰ ਉਤੇ ਲੈਣ ਤੋਂ ਵੀ ਪਰਹੇਜ਼ ਨਹੀਂ ਕੀਤਾ। ਉਸ ਦਾ ਮੰਨਣਾ ਹੈ ਕਿ ਸ਼ਾਇਦ ਉਸ ਦੀ ਵਜ੍ਹਾ ਨਾਲ ਫਿਲਮ ਨਹੀਂ ਚੱਲੀ। ਖ਼ੈਰ, ਹੁਣ ਉਸ ਦਾ ਧਿਆਨ ਯਸ਼ਰਾਜ ਫਿਲਮਜ਼ ਦੀ ਤੀਜੀ ਫਿਲਮ 'ਸ਼ਮਸ਼ੇਰਾ' 'ਤੇ ਹੈ ਜਿਸ ਨੂੰ ਕਰਨ ਮਲਹੋਤਰਾ ਨਿਰਦੇਸ਼ਤ ਕਰ ਰਿਹਾ ਹੈ। ਇਸ ਵਿਚ ਉਹ ਰਣਬੀਰ ਕਪੂਰ ਨਾਲ ਨਜ਼ਰ ਆਏਗੀ। ਉਸ ਨੂੰ ਭਰੋਸਾ ਹੈ ਕਿ 'ਬੇਫਿਕਰੇ' ਵਿਚ ਜੋ ਮਕਸਦ ਉਸ ਨੇ ਰਣਵੀਰ ਸਿੰਘ ਜ਼ਰੀਏ ਹਾਸਲ ਨਹੀਂ ਕੀਤਾ, ਸ਼ਾਇਦ ਇਸ ਵਾਰ 'ਸ਼ਮਸ਼ੇਰਾ' ਵਿਚ ਰਣਬੀਰ ਕਪੂਰ ਜ਼ਰੀਏ ਹਾਸਲ ਕਰ ਲਵੇ, ਪਰ ਹੈਰਾਨੀ ਵਾਲੀ ਗੱਲ ਹੈ ਕਿ 'ਸ਼ੁੱਧ ਦੇਸੀ ਰੁਮਾਂਸ' ਵਿਚ ਦਿਹਾਤੀ ਕੁੜੀ ਦੇ ਕਿਰਦਾਰ ਵਿਚ ਪੇਸ਼ ਕਰਨ ਤੋਂ ਬਾਅਦ ਯਸ਼ਰਾਜ ਫਿਲਮਜ਼ ਵੱਲੋਂ ਵਾਣੀ ਨੂੰ 'ਬੇਫਿਕਰੇ' ਤੋਂ ਬਾਅਦ ਇਕ ਵਾਰ ਫਿਰ ਉਸੇ ਅੰਦਾਜ਼ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਜਦੋਂਕਿ 'ਸ਼ਮਸ਼ੇਰਾ' ਵਿਚ ਰਣਬੀਰ ਕਪੂਰ ਡਕੈਤ ਦਾ ਕਿਰਦਾਰ ਨਿਭਾਏਗਾ। ਵਾਣੀ ਨੂੰ ਉਮੀਦ ਹੈ ਕਿ ਰਣਬੀਰ ਕਪੂਰ ਨਾਲ ਇਹ ਫਿਲਮ ਬਾਲੀਵੁਡ ਵਿਚ ਉਸ ਦੀਆਂ ਜੜ੍ਹਾਂ ਮਜ਼ਬੂਤ ਕਰੇਗੀ। ਰਣਬੀਰ ਨਾਲ ਕੰਮ ਕਰਨ ਲਈ ਉਹ ਕਾਫੀ ਉਤਸ਼ਾਹਤ ਹੈ ਅਤੇ ਕਹਿੰਦੀ ਹੈ ਕਿ ਉਹ ਰਣਬੀਰ ਦੀ ਪ੍ਰਸ਼ੰਸਕ ਹੈ ਅਤੇ ਜਿਸ ਦੀਆਂ ਫਿਲਮਾਂ ਦੇਖਣਾ ਉਸ ਨੂੰ ਹਮੇਸ਼ਾਂ ਪਸੰਦ ਹਨ। ਹੁਣ ਉਸ ਨਾਲ ਕੰਮ ਕਰਨ ਦਾ ਅਨੁਭਵ ਸ਼ਾਨਦਾਰ ਹੋਵੇਗਾ।



**-ਸੰਜੀਵ ਝਾਅ**

# ਗੁਰੂ-ਗਨੀਮਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਦੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਫੁੱਲਾਂ ਦੀਆਂ ਸਿਫਤਾਂ ਬਿਆਨੀਆਂ ਸਨ, "ਫੁੱਲ ਦਾ ਧਰਮ ਹੈ ਖਿੜਨਾ। ਉਸ ਲਈ ਕੋਈ ਖਾਸ ਮਿੱਟੀ, ਸਥਾਨ ਜਾਂ ਮੌਸਮ ਨਹੀਂ। ਉਹ ਤਾਂ ਹਰ ਥਾਂ, ਹਰ ਮੌਸਮੀ ਮਜ਼ਾਜ਼ 'ਚ ਖਿੜਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਗੁਰੂ ਦੀ ਪਰਿਭਾਸ਼ਾ ਦਿੰਦਿਆਂ ਕਿਹਾ ਹੈ, "ਗੁਰੂ, ਅਧਿਆਪਕ ਦਾ ਸੁਚੱਜਾ ਬੋਲ, ਬਜ਼ੁਰਗ ਦੀ ਨੇਕ ਸਲਾਹ, ਸਾਥੀ ਦਾ ਸਾਰਥਕ ਸੰਦੇਸ਼ ਜਾਂ ਮਾਪਿਆਂ ਦੀ ਮੱਤ, ਜੋ ਤੁਹਾਡੇ ਰਾਹਾਂ ਵਿਚ ਚਾਨਣ ਦਾ ਛਿੱਟਾ ਦੇ ਤੁਹਾਡਾ ਮਾਰਗ ਦਰਸ਼ਨ ਕਰਦੀ।" ਉਹ ਗੁਰੂ ਦੀ ਮਹਿਮਾ ਕਰਦਿਆਂ ਕਹਿੰਦੇ ਹਨ, "ਗੁਰੂ, ਸਰੀਰਕ ਮੁਥਾਜੀ ਤੋਂ ਦੂਰ, ਸੀਮਤ ਦਾਇਰਿਆਂ ਤੋਂ ਬਾਹਰ ਨਿਕਲਦੀ ਵਿਸ਼ਾਲਤਾ ਤੇ ਨਿੱਜ ਵਿਚਲੇ ਵਿਚਾਰ-ਮੰਥਨ ਦੀ ਸੰਕੀਰਨਤਾ ਨੂੰ ਨਿਰਲੇਪ ਕਰਨ ਅਤੇ ਸਰੀਰਕ ਸੁਖ-ਸਹੂਲਤਾਂ ਵਿਚਲੀਆਂ ਉਲਝਣਾਂ ਤੋਂ ਬੇਲਾਗਤਾ।" -ਸੰਪਾਦਕ*

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

ਗੁਰੂ, ਚੇਤਨਾ ਨੂੰ ਲੱਗੀ ਜਾਗ ਜੋ ਬਣਦੀ ਹਸਤ-ਰੇਖਾਵਾਂ 'ਚ ਉਘੜਦਾ ਭਾਗ, ਪੌਣਾਂ 'ਚ ਗੂੰਜਦਾ ਜੀਵਨ ਨਾਦ ਅਤੇ ਇਸ ਦੀ ਸੋਝੀ 'ਚੋਂ ਪਨਪਦਾ ਸੂਹਾ-ਸੰਵਾਦ।

ਗੁਰੂ, ਸ਼ਬਦ-ਸੁਰ ਜਿਸ ਦੀ ਸੰਵੇਦਨਾ 'ਚੋਂ ਹੁੰਦੀ ਜੀਵਨ ਦੇ ਦਿਸਹੱਦਿਆਂ ਦੀ ਨਿਸ਼ਾਨਦੇਹੀ ਅਤੇ ਕਰਦੀ ਹੈ ਜੋ ਜੀਵਨ ਨੂੰ ਪਰਿਭਾਸ਼ਤ।

ਗੁਰੂ, ਜਿਉਂਦਾ ਜਾਗਦਾ ਅਹਿਸਾਸ ਜਿਸ ਦੀ ਅਰਾਧਨਾ ਵਿਚੋਂ ਸੁਹਜ-ਸਾਰਥਕਤਾ ਨੂੰ ਨਵੀਆਂ ਸੰਭਾਵਨਾਵਾਂ ਤੇ ਬੁਲੰਦੀਆਂ ਦੀ ਟੋਹ ਮਿਲਦੀ। ਗੁਰੂ, ਸੋਚ-ਸਮੁੰਦਰ 'ਚ ਉਠਦੀ ਛੱਲ, ਜੋ ਦੱਸਦੀ ਜਿਉਣ ਦਾ ਵੱਲ ਕਿਉਂਕਿ ਹਰ ਵਾਰ ਨਵੀਆਂ ਤਰਜ਼ੀਹਾਂ ਤੇ ਤਦਬੀਰਾਂ ਨਾਲ ਸੁਝਾਉਂਦੀ ਨਵੀਨਤਮ ਹੱਲ।

ਗੁਰੂ, ਚੇਤਨਾ-ਚੰਗਿਆੜੀ, ਚੰਗਿਆਈ ਦੀ ਚੰਗੇਰ ਅਤੇ ਰਾਤ ਦੇ ਵਿਹੜੇ ਨੂੰ ਭਾਗ ਲਾਉਂਦੀ ਸਵੇਰ ਜਿਸ ਨੇ ਤੁਹਾਡੀ ਜੀਵਨ-ਸ਼ੈਲੀ ਦਾ ਹੂੰਝਣਾ ਹੁੰਦਾ ਹਨੇਰ।

ਗੁਰੂ, ਸਰੀਰਕ ਮੁਥਾਜੀ ਤੋਂ ਦੂਰ, ਸੀਮਤ ਦਾਇਰਿਆਂ ਤੋਂ ਬਾਹਰ ਨਿਕਲਦੀ ਵਿਸ਼ਾਲਤਾ ਤੇ ਨਿੱਜ ਵਿਚਲੇ ਵਿਚਾਰ-ਮੰਥਨ ਦੀ ਸੰਕੀਰਨਤਾ ਨੂੰ ਨਿਰਲੇਪ ਕਰਨ ਅਤੇ ਸਰੀਰਕ ਸੁਖ-ਸਹੂਲਤਾਂ ਵਿਚਲੀਆਂ ਉਲਝਣਾਂ ਤੋਂ ਬੇਲਾਗਤਾ।

ਗੁਰੂ, ਹਨੇਰਿਆਂ ਨਾਲ ਆਢਾ ਲਾਉਂਦੇ ਜੁਗਨੂ ਦਾ ਸਿਰੜ, ਝੱਖੜਾਂ ਵਿਚ ਜਗਣ ਦਾ ਆਹਰ ਕਰਦੀ ਮੋਮਬੱਤੀ ਦੀ ਸਾਧਨਾ, ਪੋਹ 'ਚ ਨਿੱਘ ਮਾਣਦੇ ਬਿਜੜੇ ਦਾ ਆਲ੍ਹਣਾ, ਪਾਣੀ 'ਤੇ ਤਰਦੀ ਚਿੜੀ ਲਈ ਲੱਕੜ ਦਾ ਟੋਟਾ ਜਾਂ ਕਿਸੇ ਬੋਟ ਲਈ ਮੂੰਹ 'ਚ ਚੋਗ ਪਾਉਂਦੀ ਮਮਤਾ।

ਗੁਰੂ, ਚੀਥੜਿਆਂ 'ਚ ਲਿਪਟੀ ਹਯਾ ਲਈ ਸਾਬਤ ਲਿਬਾਸ, ਭੁੱਖੇ ਪੇਟ ਲਈ ਦੋ ਡੰਗ ਦਾ ਰੱਜ ਅਤੇ ਹਰਫ ਲੋਅ ਤੋਂ ਕੋਰੀ ਫੱਟੀ ਲਈ ਪੂਰਨੇ ਅਤੇ ਸੁਪਨਹੀਣ ਦੀਦਿਆਂ ਵਿਚ ਸੁਪਨਿਆਂ ਦੀ ਸਤਰੰਗੀ ਪੀਂਘ। ਗੁਰੂ, ਇਕ ਸੁੱਚਮ ਜੋ ਧਾਰਮਿਕ ਅਸਥਾਨਾਂ ਦੀ ਅਧੀਨਗੀ ਨਹੀਂ ਕਬੂਲਦਾ, ਵਹਿਮਾਂ-ਭਰਮਾਂ ਵਿਚ ਨਹੀਂ ਉਲਝਦਾ, ਮਰਿਆਦਾਵਾਂ ਅਤੇ ਪਖੰਡਾਂ ਨਾਲ ਓਤਪੋਤ ਨਹੀਂ ਅਤੇ ਨਾ ਹੀ ਕਿਸੇ ਓਹਲੇ 'ਚ ਪਲਰਦਾ।

ਗੁਰੂ ਨੂੰ ਦੰਭੀ ਦਖਸ਼ਣਾ ਨਾਲ ਅਸੀਂ ਕੁਤਾਹੀਆਂ, ਕੁਰੀਤੀਆਂ, ਕੁਕਰਮ, ਕਮੀਨਗੀ ਅਤੇ ਕੰਮਚੋਰੀ ਨੂੰ ਅਰਪਿਤ ਹੁੰਦੇ। ਚੰਗਿਆਈ ਤੋਂ ਦੂਰ ਅਤੇ ਨਿੱਜ-ਕਾਮਨਾ ਵਿਚ ਖਚਿਤ ਹੋ ਬੈਠਦੇ। ਅਜਿਹੀ ਗੁਰ-ਦਖਸ਼ਣਾ ਨਾਲ ਨੇਕ-ਨੀਅਤ ਦਾ ਮਖੌਟਾ, ਮਨੁੱਖ ਨੂੰ ਲੀਰਾਂ ਕਰ ਕਿੱਕਰ 'ਤੇ ਟੰਗੀ ਲੀਰ ਬਣਾ ਦਿੰਦਾ।

ਗੁਰੂ, ਸੰਪੂਰਨ ਸਮਰਪਣ ਜੋ ਤੁਹਾਡੀਆਂ ਪ੍ਰਾਪਤੀਆਂ ਦਾ ਸਿਖਰ ਸਿਰਜਦੀ ਅਤੇ ਤੁਹਾਡੇ ਨਾਂਵੇਂ ਨਵੇਂ ਸਿਰਲੇਖਾਂ ਨੂੰ ਸਾਕਾਰ ਕਰਦੀ।

ਗੁਰੂ, ਅਧਿਆਪਕ ਦਾ ਸੁਚੱਜਾ ਬੋਲ, ਬਜ਼ੁਰਗ ਦੀ ਨੇਕ ਸਲਾਹ, ਸਾਥੀ ਦਾ ਸਾਰਥਕ ਸੰਦੇਸ਼ ਜਾਂ ਮਾਪਿਆਂ ਦੀ ਮੱਤ, ਜੋ ਤੁਹਾਡੇ ਰਾਹਾਂ 'ਚ ਚਾਨਣ ਦਾ ਛਿੱਟਾ ਤੇ ਮਾਰਗ ਦਰਸ਼ਨ ਕਰਦੀ।

ਗੁਰੂ, ਉਜਾੜ ਵਿਚ ਜਗਦਾ ਚਿਰਾਗ ਜੋ ਤੁਹਾਡੇ ਰਾਹਾਂ ਨੂੰ ਰੌਸ਼ਨ ਕਰ, ਤੁਹਾਡੀ ਮੰਜ਼ਲ ਵੰਨੀਂ ਇਸ਼ਾਰਾ ਕਰਦਾ ਜਿਸ ਦੀ ਸੇਧ ਵਿਚ ਤੁਹਾਡੇ ਪੈਰਾਂ ਨੂੰ ਤੁਰਨ ਦਾ ਨਵਾਂ ਬਲ, ਬੰਦਗੀ ਅਤੇ ਬਖਸ਼ਿੰਦਗੀ ਪ੍ਰਾਪਤ ਹੁੰਦੀ।

ਗੁਰੂ, ਜੀਵਨ ਦੇ ਹਰ ਮੋੜ, ਹਰ ਪਲ ਤੇ ਹਰ ਕਰਮ ਵਿਚੋਂ ਝਲਕਦਾ ਬਸ਼ਰਤੇ ਤੁਹਾਡੇ ਵਿਚ ਗੁਰੂ ਦੀ ਸੁੱਚਮਤਾ ਤੇ ਸੂਖਮਤਾ ਨੂੰ ਸਮਝਣ ਅਤੇ ਸਮਰਪਿਤ ਹੋਣ ਦਾ ਹੁਨਰ ਹੋਵੇ।

ਗੁਰੂ, ਖੁਦ ਨਹੀਂ ਮਿਲਦਾ, ਤੁਹਾਨੂੰ ਤਲਾਸ਼ਣਾ ਪੈਂਦਾ ਚੌਗਿਰਦੇ ਵਿਚੋਂ, ਜੀਵਨ ਦੀਆਂ ਧਾਰਨਾਵਾਂ ਵਿਚੋਂ, ਸੰਵਾਦ-ਸੰਵੇਦਨਾ 'ਚੋਂ ਅਤੇ ਸੰਚਾਰ 'ਚੋਂ। ਤੁਸੀਂ ਕਿਹੜੀ ਸੋਚ, ਕਰਮ, ਕੀਰਤੀ ਜਾਂ ਕ੍ਰਿਸ਼ਮੇ 'ਚੋਂ ਗੁਰੂ ਨੂੰ ਦ੍ਰਿਸ਼ਮਾਨ ਕਰਦੇ, ਚੰਗੇਰੇ ਮਾਰਗ 'ਤੇ ਤੁਰਨ ਦੀ ਤਮੰਨਾ ਪੈਦਾ ਕਰਦੇ ਹੋ, ਤੁਹਾਡੇ ਨਿੱਜ 'ਤੇ ਨਿਰਭਰ।

ਗੁਰੂ ਪਰੰਪਰਾ ਵਿਚ ਪੈਦਾ ਹੋਣ ਵਾਲੀਆਂ ਸੰਭਾਵਤ ਕੁਰੀਤੀਆਂ, ਕਮੀਆਂ ਅਤੇ ਕਲੇਸ਼ਾਂ ਨੂੰ ਸਦੀਵ ਕਾਲ ਲਈ ਖਤਮ ਕਰਨ ਵਾਸਤੇ ਹੀ ਦਸਵੇਂ ਗੁਰੂ ਜੀ ਨੇ ਸ਼ਬਦ ਗੁਰੂ ਦਾ ਸੰਕਲਪ ਸਿੱਖ ਕੌਮ ਨੂੰ ਵਰਸੋਇਆ, ਜਿਸ ਨੇ ਭਵਿੱਖ 'ਚ ਪੈਦਾ ਹੋਣ ਵਾਲੇ ਗੁਰੂਡੰਮ ਨੂੰ ਸਦਾ ਲਈ ਖਤਮ ਕਰ ਦਿਤਾ। ਡੇਰਿਆਂ, ਬਾਬਿਆਂ ਤੇ ਸੰਤਾਂ ਦੇ ਰੂਪ 'ਚ ਖੁਦ ਨੂੰ ਗੁਰੂ ਅਖਵਾਉਣ ਵਾਲੇ ਸ਼ਬਦ-ਗੁਰੂ ਵਿਚ ਸਮੋਈ ਉਸ ਸੋਚ ਤੋਂ ਵਿਰਵੇ ਜਿਸ ਦੀ ਸਭ ਤੋਂ ਵੱਧ ਲੋੜ। ਅਸੀਂ ਉਸ ਸੋਚ ਨੂੰ ਪੜ੍ਹਨ, ਸੋਚਣ, ਸਮਝਣ ਦੀ ਥਾਂ ਸੰਤੋਖਣ ਤੀਕ ਹੀ ਸੀਮਤ ਹੋ ਗਏ ਹਾਂ।

ਗੁਰੂ, ਸ਼ਬਦਾਂ ਵਿਚੋਂ ਉਦੈ ਹੁੰਦਾ, ਅਰਥਾਂ ਵਿਚੋਂ ਲਿਸ਼ਕੋਰਦਾ। ਇਸ ਦੀਆਂ ਚਾਨਣ ਕਾਤਰਾਂ ਵਕਤ-ਵਰਕੇ ਨੂੰ ਰੁਸ਼ਨਾਉਂਦੀਆਂ, ਸਮੇਂ ਦੀ ਬੀਹੀ ਵਿਚ ਜੀਵਨ-ਜਾਚ ਦਾ ਹੋਕਰਾ ਲਾਉਂਦੀਆਂ। ਪਰ ਕੰਨਾਂ ਦੇ ਬੂਹੇ ਬੰਦ ਕਰੀ ਬੈਠੇ ਲੋਕਾਂ ਨੂੰ ਕਿੰਜ ਸੁਣੇਗਾ ਸ਼ਬਦ-ਨਾਦ।

ਗੁਰੂ, ਮਾਰਗ-ਦਰਸ਼ਨ, ਜਿਸ ਪ੍ਰਤੀ ਸਮਰਪਣ ਵਿਚੋਂ ਹੀ ਅਸੀਂ ਔਗੁਣਾਂ ਨੂੰ ਨਕਾਰ, ਗੁਣਾਂ ਦੀ ਗੋਦ ਦਾ ਨਿੱਘ ਮਾਣ, ਜੀਵਨ-ਸੁਗੰਧੀਆਂ ਨੂੰ ਮਹਿਸੂਸਦੇ, ਲੱਜਤਾਂ ਮਾਣ ਸਕਦੇ ਹਾਂ।

ਗੁਰੂ ਨੂੰ ਧਾਰਨ ਲਈ ਆਪਣੇ ਟੀਚਿਆਂ 'ਚ ਸਾਫਗੋਈ ਅਤੇ ਪਾਕੀਜ਼ਗੀ ਜਰੂਰੀ। ਕਹਿਣੀ ਤੇ ਕਥਨੀ ਵਿਚ ਪਾਕੀਜ਼ਗੀ। ਪ੍ਰੇਰਨਾ ਨੂੰ ਪਹਿਲ, ਕਰਮ ਤੇ ਧਰਮ ਵਿਚ ਇਕਸਾਰਤਾ ਤੇ ਇਕਸੁਰਤਾ ਅਤੇ ਸਵੈ ਤੋਂ ਪਰ ਵੰਨੀਂ ਜਾਣ ਦਾ ਨਿਸ਼ਚਾ।

ਗੁਰੂ, ਸੁਪਨਿਆਂ ਨੂੰ ਸੰਪੂਰਨ ਕਰਨ ਦੀ ਨਿਸ਼ਠਾ, ਮੰਜ਼ਿਲ ਪ੍ਰਾਪਤੀ ਦਾ ਅਹਿਦ ਅਤੇ ਸੁਪਨਿਆਂ ਨਾਲ ਸਦੀਵੀ ਜੁੜਨ ਤੇ ਇਸ ਦੀ ਪ੍ਰਾਪਤੀ ਤੀਕ ਹੀਲਿਆਂ ਨੂੰ ਜਾਰੀ ਰੱਖਣ ਦਾ ਹੱਠ।

ਗੁਰੂ, ਕੁਦਰਤੀ ਵਿਸ਼ਾਲਤਾ ਦਾ ਨਾਮ, ਜੀਵਾਂ ਵਿਚਲੀ ਵਿਭਿੰਨਤਾ ਦੀ ਵਿਸ਼ਾਲਤਾ, ਕੁਦਰਤੀ ਨਿਆਮਤਾਂ ਵਿਚਲੀ ਅਸੀਮਤਾ ਤੇ ਅਨੰਨਤਾ, ਬਰਕਤਾਂ ਵਿਚੋਂ ਉਗਮਦੀ ਜੀਵਨ-ਜੋਤ ਦਾ ਆਧਾਰ ਅਤੇ ਧੜਕਦੇ ਜੀਵਨ ਦਾ ਸਰਬ-ਦਿਸ਼ਾਵੀ ਪਸਾਰ।

ਗੁਰੂ, ਸੋਚ-ਸਰਦਲ ਜਿਸ 'ਤੇ ਨਤਮਸਤਕ ਹੋਣ ਵਿਚੋਂ ਮਨੁੱਖੀ ਸਰੋਕਾਰਾਂ ਨੂੰ ਸੁੱਚੀ ਸੰਵੇਦਨਾ ਮਿਲਦੀ, ਜਿਸ ਨਾਲ ਵਿਹੜੇ ਵਿਚ ਨਵੀਆਂ ਤਦਬੀਰਾਂ ਤੇ ਤਰਕੀਬਾਂ ਦਾ ਆਗਮਨ ਹੁੰਦਾ, ਜਿਸ ਦੀ ਰੂਹ-ਰੰਗਤਾ ਵਿਚੋਂ ਨਵੀਆਂ ਖੋਜਾਂ ਅਤੇ ਨਵੀਨਤਮ ਸਾਧਨਾ ਜਨਮਦੀ ਅਤੇ ਇਸ ਦੀ ਸੰਗਤ ਸਮਾਜ ਨੂੰ ਨਵੀਆਂ ਸੁਖਨਤਾਵਾਂ ਨਾਲ ਜੋੜਦੀ।

ਗੁਰੂ, ਸੁਹਜ ਤੇ ਸਹਿਜ ਵਿਚਲਾ ਸੰਗੀਤ, ਅਹਿਸਾਸ ਤੇ ਅਹਿਸਾਨ ਵਿਚਲੀ ਅਰਪਨਾ, ਅਦਬ ਤੇ ਅਰਾਧਨਾ ਦਰਮਿਆਨ ਪਾਰਦਰਸ਼ੀ ਓਹਲਾ, ਕਲਮ ਤੇ ਕਰਮ ਵਿਚਲੀ ਸੂਖਮਤਾ ਅਤੇ ਕਿਰਦਾਰ ਤੇ ਅਚਾਰ ਦਰਮਿਆਨ ਸਮੋਇਆ ਵਿਹਾਰ।

ਗੁਰੂ, ਹਰੇਕ ਨੂੰ ਵੱਖ ਵੱਖ ਸਰੂਪ, ਸਰੋਤ, ਸਾਧਨ, ਸੰਗਤ ਤੇ ਸੰਵੇਦਨਾ ਰਾਹੀਂ ਪ੍ਰਾਪਤ ਹੁੰਦਾ। ਕਿਸ ਸ਼ਖਸ ਲਈ ਕਿਹੜੀ ਧਾਰਨਾ, ਬੰਦਿਆਈ, ਭਲਿਆਈ, ਚੰਗਿਆਈ, ਕਮਾਈ ਜਾਂ ਹਰਫੀ-ਇਬਾਦਤ ਨੇ ਗੁਰੂ ਬਣ, ਜੀਵਨ-ਜਾਚ ਨੂੰ ਨਵੀਆਂ ਪਗਡੰਡੀਆਂ ਅਤੇ ਪਹਿਲਾਂ ਨਾਲ ਸਰਸ਼ਾਰ ਕਰਨਾ, ਇਹ ਨਿੱਜ ਤੇ ਵਿਅਕਤੀ ਵਿਸ਼ੇਸ਼ 'ਤੇ ਨਿਰਭਰ।

ਗੁਰੂ, ਇਕ ਸਾਰ ਨਹੀਂ ਹੁੰਦਾ। ਇਕ ਸੋਚ, ਕਿਸੇ ਲਈ ਚੰਗਿਆਈ ਤੇ ਕਿਸੇ ਲਈ ਬੁਰਾਈ ਹੋ ਸਕਦੀ। ਕਿਸੇ ਲਈ ਅੱਧਾ ਗਲਾਸ ਖਾਲੀ ਹੁੰਦਾ ਤੇ ਕਿਸੇ ਲਈ ਅੱਧਾ ਭਰਿਆ ਹੋਇਆ ਹੁੰਦਾ।

ਗੁਰੂ, ਸਥਾਨ, ਸਰੋਕਾਰ, ਸੰਭਾਵਨਾ, ਸਾਰਥਕਤਾ ਅਤੇ ਸੁਪਨਿਆਂ ਦੀ ਰੰਗਰੇਜ਼ਤਾ 'ਤੇ ਨਿਰਭਰ। ਇਸੇ ਲਈ ਸਮੇਂ, ਸਥਾਨ ਅਤੇ ਉਮਰ ਦੇ ਵੱਖ-ਵੱਖ ਪੜਾਵਾਂ 'ਤੇ ਨਿਰਧਾਰਤ ਗੁਰੂਆਂ ਦੀ ਪਰਿਭਾਸ਼ਾ ਅਤੇ ਪਰਿਪੇਖਤਾ ਬਦਲਦੀ ਰਹਿੰਦੀ।

ਗੁਰੂ, ਕਿਸ ਰੂਪ ਵਿਚ, ਕਿਸ ਮੋੜ 'ਤੇ, ਕਿਸ ਸੰਵੇਦਨਾ ਜਾਂ ਚਿੰਨ, ਕਿਹੜੇ ਕਰਮ, ਕਿਹੜੀ ਕ੍ਰਿਆ ਜਾਂ ਕਿਹੜੇ ਦ੍ਰਿਸ਼ ਵਿਚੋਂ ਦ੍ਰਿਸ਼ਟਮਾਨ ਹੁੰਦਾ, ਇਹ ਸਮੇਂ ਦੀ ਕੁੱਖ ਵਿਚ ਅਭੇਦ ਹੁੰਦਾ।

ਗੁਰੂ ਮੰਨਣ ਅਤੇ ਇਸ ਦੇ ਅਭਾਵ ਵਿਚੋਂ ਖੁਦ ਨੂੰ ਵਿਸ਼ਾਲਣ ਦਾ ਨਾਮ। ਗੁਰ-ਸੋਚ ਨੂੰ ਸਮਰਪਣ ਹੋਣ ਨਾਲ ਮਾਨਸਿਕਤਾ ਅਤੇ ਸਰੀਰਕ ਸ਼ਕਤੀਆਂ ਟੀਚੇ ਵੰਨੀਂ ਕੇਂਦ੍ਰਿਤ ਹੁੰਦੀਆਂ।

ਗੁਰੂ, ਮੋਰਪੰਖੀ ਨਹੀਂ ਹੁੰਦਾ। ਗੁਰੂ ਚੱਪੂ ਹੁੰਦਾ ਜੋ ਜੀਵਨੀ ਸੰਘਰਸ਼ ਵਿਚ ਤੁਹਾਡੀਆਂ ਦੁਸ਼ਵਾਰੀਆਂ ਨਾਲ ਮੱਥਾ ਲਾਉਂਦਾ, ਜੋ ਤੰਗੀਆਂ, ਤੁਰਸ਼ੀਆਂ ਤੇ ਤੰਗਦਸਤੀਆਂ ਨੂੰ ਸਹਿਣ ਅਤੇ ਇਨ੍ਹਾਂ ਵਿਚੋਂ ਉਭਰਨ ਲਈ ਮਾਨਸਿਕ ਤੌਰ 'ਤੇ ਤੰਦਰੁਸਤ ਕਰਦਾ। ਤੁਹਾਡੀ ਹੀਣ ਭਾਵਨਾ ਦਾ ਵਿਨਾਸ਼ ਕਰਦਾ ਅਤੇ ਤੁਹਾਡੀ ਮਾਨਸਿਕ ਉਡਾਣ ਲਈ ਉਚੇ ਅੰਬਰਾਂ ਦੀ ਸੀਮਾ ਨਿਰਧਾਰਤ ਕਰਦਾ।

ਗੁਰੂ, ਅਧਿਆਪਕ ਦੇ ਰੂਪ ਵਿਚ ਤੁਹਾਡਾ ਸੁਪਨ-ਬੀਜ, ਮਾਪਿਆਂ ਦੇ ਰੂਪ ਵਿਚ ਤੁਹਾਡੀ ਹੋਂਦ ਦਾ ਜਾਮਨ, ਸੰਗੀਆਂ ਦਾ ਸਾਥ, ਔਝੜ ਰਾਹਾਂ ਵਿਚ ਬਾਂਹ ਪਕੜਦੇ ਹਾਣੀ ਅਤੇ ਤੁਹਾਡੀ ਜ਼ਿੰਦਗੀ 'ਤੇ ਉਕਰੀ ਸੁਪਨ-ਬਾਣੀ ਦੇ ਸੁੱਚੇ ਹਰਫ ਜਿਨ੍ਹਾਂ ਦੇ ਅਰਥਾਂ ਦੀ ਤਸ਼ਬੀਹ ਵਿਚੋਂ ਜੀਵਨ ਦੀ ਵਿਉਂਤਬੰਦੀ ਹੁੰਦੀ।

ਗੁਰੂ, ਸੂਰਜ ਧਾਰਾ ਜੋ ਖੁਦ ਬਲ ਕੇ ਨਿੱਘ ਦੀ ਕਾਤਰ ਵਰਤਾਉਂਦਾ ਅਤੇ ਚਾਨਣ ਦੀ ਸੱਦ ਲਾ ਹਨੇਰੀਆਂ ਜੂਹਾਂ ਨੂੰ ਚਾਨਣ ਨਾਲ ਭਿਉਂਦਾ। ਖੁਦ ਦਾ ਅੰਤਰੀਵ ਬਾਲ ਕੇ ਹੀ ਚਾਨਣ ਤੇ ਨਿੱਘ ਦਾ ਵਣਜ ਕੀਤਾ ਜਾ ਸਕਦਾ। ਬੱਤੀ ਸੜਦਿਆਂ ਸੜਦਿਆਂ ਚਾਨਣ ਦਿੰਦੀ।

ਗੁਰੂ ਤਾਂ ਬਿਜੜਾ ਵੀ ਹੋ ਸਕਦਾ ਜੋ ਤੀਲਾ ਤੀਲਾ ਜੋੜ ਕੇ ਅਜਿਹਾ ਘਰ ਬਣਾਉਂਦਾ ਕਿ ਦੇਖਣ ਵਾਲੇ ਦੀ ਰੂਹ ਨਸ਼ਿਆਉਂਦੀ ਅਤੇ ਉਸ ਦੀ ਕਿਰਤ-ਸਾਧਨਾ ਨੂੰ ਅਪਨਾਉਣ ਲਈ ਅਹੁਲਦੀ।

'ਗੁਰੂ ਬਿਨਾ ਗਤ ਨਹੀਂ ਤੇ ਸ਼ਾਹ ਬਿਨਾ ਪੱਤ ਨਹੀਂ' ਨੂੰ ਸੱਚੇ-ਸੁੱਚੇ ਸੰਦਰਭ ਵਿਚ ਵਿਚਾਰ ਕੇ ਸਮਾਜਕ ਅਤੇ ਵਿਅਕਤੀਤਵ ਪੱਧਰ 'ਤੇ ਜੀਵਨ ਵਿਚ ਅਪਨਾਇਆ ਜਾਵੇ ਤਾਂ ਜੀਵਨ 'ਤੇ ਸੰਧੂਰੀ ਰੁੱਤ ਦਸਤਕ ਦਿੰਦੀ।

'ਗੁਰੂ ਹੋ ਜਾ ਸ਼ੂਰੂ' ਦੀ ਵਿਸੰਗਤੀ ਜਦ ਹਵਾ ਵਿਚ ਗੂੰਜਦੀ ਤਾਂ ਗੁਰੂ ਦਾ ਰੁਤਬਾ ਮਸੋਸਿਆ ਜਾਂਦਾ ਅਤੇ ਨਾਲ ਹੀ ਅਜਿਹਾ ਵਿਅਕਤੀਤਵ ਵੀ ਧੁੰਦਲਾ ਜਾਂਦਾ।

ਗੁਰੂ, ਗੁਰੂਡਮ ਤੋਂ ਨਿਰਲੇਪ। ਗੁਰੂ-ਡੇਰਿਆਂ ਤੋਂ ਬੇਮੁੱਖ ਅਤੇ ਗੁਰਿਆਈ ਰੰਗਤ ਤੋਂ ਅਭਿੱਜ। ਗੁਰੂ ਖੁਦ ਵਿਚੋਂ ਖੁਦ ਦੀ ਜਾਮਾ ਤਲਾਸ਼ੀ। ਖੁਦ ਵਿਚੋਂ ਖੁਦ ਨੂੰ ਵਿਉਂਤ ਕੇ ਖੁਦ ਵਿਚੋਂ ਨਵੇਂ ਦਿਸਹੱਦਿਆਂ ਤੇ ਦਿਸ਼ਾਵਾਂ ਨੂੰ ਸਲਾਮ ਕਰਨਾ।

ਗੁਰੂ ਨੂੰ ਦੁਨਿਆਵੀ, ਆਤਮਕ ਜਾਂ ਰੂਹਾਨੀ ਸੰਦਰਭ ਤੋਂ ਉਪਰ ਉਠ ਕੇ, ਜੀਵਨ-ਸਾਧਨਾ ਦੀ ਵਿਉਂਤਕਾਰੀ ਕਰਨ ਅਤੇ ਇਸ ਦੇ ਦਿਸ਼ਾ-ਨਿਰਦੇਸ਼ਾਂ ਨੂੰ ਨਿਰਧਾਰਤ ਕਰਨ ਵਾਲਾ ਰਾਹ-ਦਸੇਰਾ ਸਮਝ ਕੇ ਹੀ ਜੀਵਨੀ ਸੰਗਤੀ ਅਤੇ ਵਿਸੰਗਤੀਆਂ ਨੂੰ ਇਕਸੁਰਤਾ ਨਾਲ ਸਮਝਿਆ ਜਾ ਸਕਦਾ।

ਗੁਰੂ, ਪਹਿਲ ਲਈ ਪੈਗਾਮ, ਸੋਚ-ਸਮਾਧਾਨ, ਨਵੀਆਂ ਸੰਭਾਵਨਾਵਾਂ ਨੂੰ ਸਿਰਜਣ ਦਾ ਸਮਾਨ ਅਤੇ ਇਨ੍ਹਾਂ ਰਾਹੀਂ ਨਵੀਨਤਮ ਧਰਾਤਲ 'ਚੋਂ ਉਭਰਦਾ ਸਨਮਾਨ।

ਗੁਰੂ, ਤਾਰਿਆਂ ਦਾ ਕਾਫਲਾ, ਸੂਰਜ-ਨਗਰੀ, ਦੀਵਿਆਂ ਦੀ ਡਾਰ ਅਤੇ ਮੋਮਬੱਤੀਆਂ ਦੀ ਪਾਲ ਜਿਨ੍ਹਾਂ ਨੂੰ ਹੁੰਦੀ ਮਸਤਕਾਂ ਦੀ ਭਾਲ ਜੋ ਉਪਜਾਉਂਦੇ ਖੂਬਸੂਰਤ ਖਿਆਲ ਅਤੇ ਜਿਨ੍ਹਾਂ ਨਾਲ ਜਗਮਗਾਉਂਦਾ ਸਮਿਆਂ ਦੇ ਮੱਥੇ ਦਾ ਜਲਾਲ।

ਗੁਰੂ, ਇਕ ਯਾਤਰਾ ਜੋ ਬਾਹਰਮੁਖੀ ਤੋਂ ਸ਼ੁਰੂ ਹੋ ਤੁਹਾਡੇ ਅੰਦਰ ਨੂੰ ਜਾਂਦੀ। ਤੁਹਾਡੀ ਹਿੰਮਤ, ਦਲੇਰੀ, ਸਿਰੜ-ਸਾਧਨਾ ਤੇ ਸਮਰਪਣ ਨੂੰ ਜਗਾਉਂਦੀ ਅਤੇ ਤੁਹਾਡੀ ਝੋਲੀ ਵਿਚ ਸੰਦਲੀ ਸੁਪਨਿਆਂ ਦੀ ਸੰਪੂਰਨਤਾ ਦੀ ਦਾਤ ਪਾਉਂਦੀ।

ਗੁਰੂ, ਪੀੜਾਂ ਦਾ ਪੀਹੜਾ, ਦਰਦ ਦੀ ਤੰਦੀ, ਦੁੱਖ ਦਾ ਦਰਿਆ, ਨੰਗੇ ਪਿੰਡਿਆਂ ਦੀ ਵੇਦਨਾ, ਲੀਰਾਂ ਵਿਚ ਸਿੰਮਦੀ ਹਯਾ ਅਤੇ ਦੀਦਿਆਂ ਵਿਚੋਂ ਸੁਪਨਿਆਂ ਦੀ ਕਿਰਦੀ ਰਾਖ, ਜੋ ਕੁਕਨੂਸ ਬਣ ਕੇ ਜੀਵਨ ਖੇੜੇ ਦਾ ਸਬੱਬ ਬਣਦੀ।

ਗੁਰੂ, ਰੋਟੀ ਦਾ ਸਹਿੰਸਾ, ਸਿਰ ਦੀ ਛੱਤ ਦੀ ਲੋਚਾ, ਪਿਆਸ ਬਣਿਆ ਪਿਆਰ, ਦਰਾਂ ਤੋਂ ਦੁਰਕਾਰਿਆ ਦੀਦਾਰ ਅਤੇ ਖੁਦ ਵਿਚੋਂ ਸਿਮਟਦਾ ਵਿਸਥਾਰ। ਗੁਰੂ, ਸੋਚ-ਸਬੱਬ ਜੋ ਸਮਾਂ, ਸਥਾਨ ਤੇ ਸੰਭਾਵਨਾਵਾਂ 'ਤੇ ਨਿਰਭਰ। ਜੋਤ-ਚੰਗਿਆੜੀ ਦਾ ਮਸਤਕ ਜੂਹੇ ਧਰੇ ਜਾਣਾ ਅਤੇ ਨਵੀਆਂ ਪਿਰਤਾਂ ਪਾਉਣ ਦੀ ਰੀਤ ਨਾਲ ਵਰੇ ਜਾਣਾ।

ਗੁਰੂ, ਚਾਨਣ ਰੁੱਤ ਦੀ ਆਮਦ, ਉਜੜੇ ਬਾਗ 'ਤੇ ਸਰਘੀ ਦਾ ਤਰੌਂਕਾ, ਸੂਰਜ ਦੀਆਂ ਕਿਰਨਾਂ ਦਾ ਬੂਟਿਆਂ ਨੂੰ ਕਲਾਵੇ ਵਿਚ ਲੈ ਕੇ ਸਮਝਾਉਣਾ ਕਿ ਉਨ੍ਹਾਂ ਲਈ ਬਹਾਰਾਂ ਦਾ ਨਿਉਂਦਾ ਹੁਣ ਦੂਰ ਨਾ ਰਹਿਣਾ।

ਗੁਰੂ, ਸਾਡੀ ਤਲੀ 'ਤੇ ਉਕਰਿਆ ਜੀਵਨ-ਦਾਨ ਜੋ ਬਣਦਾ ਪਰਖ ਦੀ ਪਛਾਣ ਕਿ ਅਸੀਂ ਕਿਹੋ ਜਿਹੀ ਸਿਰਜਣੀ ਹੈ ਪਛਾਣ।

ਗੁਰੂ, ਚੁੱਪ ਦੀ ਅਰਾਧਨਾ, ਅਬੋਲ ਬੋਲਾਂ ਵਲੋਂ ਖੁਦ ਦੀ ਜਾਮਾ-ਤਲਾਸ਼ੀ, ਰਾਹਾਂ ਨਿਹਾਰਦੇ ਨੈਣਾਂ ਵਿਚ ਪਸਰਿਆਂ ਪੈੜਾਂ ਦਾ ਕਾਫਲਾ, ਚੇਤਿਆਂ ਵਿਚ ਵੱਸੀ ਬਜ਼ੁਰਗੀ-ਬਹਿਸ਼ਤ ਦੀ ਨਸੀਹਤ ਅਤੇ ਬਚਪਨੀ ਪਲਾਂ ਵਿਚਲੀ ਬਾਦਸ਼ਾਹਤ ਨੂੰ ਮੋੜ ਕੇ ਲਿਆਉਣ ਦੀ ਤਰਜ਼ੀਹ।

ਗੁਰੂ, ਸ਼ਾਂਤੀ-ਸਰੂਪ, ਪ੍ਰਕਿਰਤੀ ਦਾ ਪੈਗਾਮ, ਬੇਲੋੜੇ ਯੁੱਧਾਂ ਨੂੰ ਅਲਵਿਦਾ, ਅਜਾਈਂ ਜਾਂਦੀਆਂ ਜਾਨਾਂ ਲਈ ਖੈਰਾਤ ਅਤੇ ਜਾਗਦੀ ਰਾਤ 'ਚੋਂ ਉਦੈ ਹੁੰਦੀ ਪ੍ਰਭਾਤ, ਜੋ ਲਾਉਂਦੀ ਸੰਵੇਦਨਾ 'ਚ ਜਾਗ ਜਿਹੜੀ ਬਣਦੀ ਮਨੁੱਖੀ ਕਰਮਾਤ।

ਗੁਰੂ, ਸੋਚ-ਸਮਝ, ਸਿਆਣਪਾਂ, ਸੁਹਜਮਈ ਬਿਰਤੀਆਂ ਅਤੇ ਸੁਚੱਜੇ ਸਰੋਕਾਰਾਂ ਅਤੇ ਸੁਹੰਢਣੀ ਸਫਲਤਾ ਦੀ ਆਧਾਰਸ਼ਿਲਾ। ਬਾਰੀਕਬੀਨੀ ਨਾਲ ਕਿਸੇ ਨੂੰ ਗੁਰੂ ਦਾ ਰੁਤਬਾ ਦੇਣਾ, ਤੁਹਾਡੀਆਂ ਜੀਵਨ ਰਾਹਾਂ ਵਿਚ ਜੁਗਨੂੰਆਂ ਦੀ ਫਸਲ ਮੌਲੇਗੀ।



***ਗੁਰੂ ਪਰੰਪਰਾ ਵਿਚ ਪੈਦਾ ਹੋਣ ਵਾਲੀਆਂ ਸੰਭਾਵਤ ਕੁਰੀਤੀਆਂ, ਕਮੀਆਂ ਅਤੇ ਕਲੇਸ਼ਾਂ ਨੂੰ ਸਦੀਵ ਕਾਲ ਲਈ ਖਤਮ ਕਰਨ ਵਾਸਤੇ ਹੀ ਦਸਵੇਂ ਗੁਰੂ ਜੀ ਨੇ ਸ਼ਬਦ ਗੁਰੂ ਦਾ ਸੰਕਲਪ ਸਮੁੱਚੀ ਸਿੱਖ ਕੌਮ ਨੂੰ ਵਰਸੋਇਆ, ਜਿਸ ਨੇ ਭਵਿੱਖ 'ਚ ਪੈਦਾ ਹੋਣ ਵਾਲੇ ਗੁਰੂਡੰਮ ਨੂੰ ਸਦਾ ਲਈ ਖਤਮ ਕਰ ਦਿਤਾ। ਡੇਰਿਆਂ, ਬਾਬਿਆਂ ਅਤੇ ਸੰਤਾਂ ਦੇ ਰੂਪ ਵਿਚ ਖੁਦ ਨੂੰ ਗੁਰੂ ਅਖਵਾਉਣ ਵਾਲੇ ਸ਼ਬਦ-ਗੁਰੂ ਵਿਚ ਸਮੋਈ ਉਸ ਸੋਚ ਤੋਂ ਵਿਰਵੇ ਜਿਸ ਦੀ ਸਭ ਤੋਂ ਵੱਧ ਲੋੜ। ਅਸੀਂ ਉਸ ਸੋਚ ਨੂੰ ਪੜ੍ਹਨ, ਸੋਚਣ, ਸਮਝਣ ਦੀ ਥਾਂ ਸੰਤੋਖਣ ਤੀਕ ਹੀ ਸੀਮਤ ਹੋ ਗਏ ਹਾਂ।***

### ਗ਼ਜ਼ਲ

ਬਾਂਹ ਫੜ੍ਹ ਕੇ ਮੇਰੀ, ਮਸ਼ਹੂਰ ਕਰ ਗਿਆ।
ਚਰਚਾ ਸਾਰੇ ਸ਼ਹਿਰ 'ਚ ਜ਼ਰੂਰ ਕਰ ਗਿਆ।
ਜ਼ਰਾ ਨਜ਼ਰ ਫੇਰੀ, ਗੱਲਾਂ ਹਜ਼ਾਰ ਹੋਈਆਂ,
ਦੇਖੋ ਇਹ ਨਾਚੀਜ਼ ਵੀ ਗਰੂਰ ਕਰ ਗਿਆ।
ਦੋ ਘੜੀ ਕੋਲ ਬੈਠ, ਗਜ਼ਬ ਕਰ ਗਿਆ,
ਮੈਨੂੰ ਹੀ ਮੇਰੇ ਕੋਲੋਂ, ਬੜਾ ਦੂਰ ਕਰ ਗਿਆ।
ਜ਼ਿੰਦਗੀ ਦੇ ਹਾਦਸੇ ਲਿਖ ਕੇ ਦਿਖਾਏ ਉਹਨੂੰ,
ਕਿਉਂ ਦਾਸਤਾਨ ਇੰਜ ਦੀ, ਮਨਜ਼ੂਰ ਕਰ ਗਿਆ।
ਉਹ ਗਿਆ ਤੇ ਘਰ ਮੇਰਾ ਖਾਲੀ ਹੋ ਗਿਆ,
ਸਾਰਾ ਵਜੂਦ ਮੇਰਾ ਚੂਰ ਚੂਰ ਕਰ ਗਿਆ।
ਇੱਕ ਰਾਤ ਚੁੱਪ ਚਾਪ ਮੇਰੇ ਘਰ ਆ ਗਿਆ,
ਅੰਦਰ ਬਾਹਰ ਮੇਰਾ ਨੂਰੋ-ਨੂਰ ਕਰ ਗਿਆ।

*-ਦਿਲਜੋਧ ਸਿੰਘ ਵਿਸਕਾਨਸਿਨ*
*diljodh@yahoo.com*

### ਕਿਉਂ?

ਕਿਸ ਨੂੰ ਪੁੱਛਾਂ ਕਿ ਇੰਜ ਹੋਇਆ ਕਿਉਂ?
ਜ਼ਿੰਦਗੀ ਬਣ ਗਈ ਹੈ ਤਮਾਸ਼ਾ ਕਿਉਂ?
ਸ਼ਹਿਰ ਵਿਚ ਪੱਥਰਾਂ ਦੇ ਆ ਕੇ ਉਹ
ਭਾਲਦਾ ਫਿਰ ਰਿਹਾ ਹੈ ਸ਼ੀਸਾ ਕਿਉਂ?

ਝੂਠ ਦਾ ਦੌਰ ਹੈ ਮਗਰ ਫਿਰ ਵੀ
ਹਰ ਕੋਈ ਜਾਪਦਾ ਹੈ ਸੱਚਾ ਕਿਉਂ?
ਮੇਰੇ ਸ਼ਬਦਾਂ 'ਤੇ ਕਿਉਂ ਹੈ ਪਾਬੰਦੀ
ਮੇਰੀ ਆਵਾਜ਼ 'ਤੇ ਹੈ ਪਹਿਰਾ ਕਿਉਂ?
ਕੌਣ ਸਮਝੇਗਾ ਇਸ ਤਅੱਲਕ ਨੂੰ
ਮੈਂ ਹਾਂ ਗੂੰਗਾ, ਉਹ ਹੈ ਬਹਿਰਾ ਕਿਉਂ?
ਦੌਰ ਤਾਂ ਹੈ ਸਿਆਣਪਾਂ ਦਾ 'ਸ਼ਸ਼ੀ'
ਆਦਮੀ ਲੱਗ ਰਿਹਾ ਹੈ ਬੱਚਾ ਕਿਉਂ?

*-ਡਾ. ਸ਼ਸ਼ੀ ਕਾਂਤ ਉਪਲ*


PTC PUNJABI
LIVE GURBANI FROM
SRI HARMANDIR SAHIB
PUNJABI MEGA PACK
$14.99 PER MONTH
FOR 24 MONTHS
Save $240 over 2 years
PTC PUNJABI
jus punjabi
WILLOW HD
PTC NEWS
JUS one
+5 CHANNELS
CALL OR VISIT YOUR LOCAL RETAILER - WE SPEAK PUNJABI!
GO SATELLITE CITY
530-777-4602
1528 COLUSA HWY STE B, YUBA CITY, CA 95993
SUN WIRELESS
888-350-8005
114-11 101 AVE, SOUTH RICHMOND HILL, NY 11419
dish
AUTHORIZED RETAILER
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/24/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 8 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2018 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.